**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker



Twenty-Second Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 39, September 25th, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਮਿਸ਼ਨ 2022 ਲਈ ਕੈਪਟਨ ਦੀ ਬਲੀ

## ਕਾਂਗਰਸ ਨਾਕਾਮੀਆਂ ਦੇ ਦਾਗ ਧੋਣ ਵਾਲੇ ਰਾਹ

**ਚੰਡੀਗੜ੍ਹ:** ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਕਾਂਗਰਸ ਵਿਚ ਚੱਲ ਰਹੀ ਖਿੱਚ-ਧੂਹ ਤੋਂ ਬਾਅਦ ਆਖਰਕਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਚਾਹੇ ਫੌਰੀ ਤੌਰ 'ਤੇ ਇਸ ਦਾ ਮੁੱਖ ਕਾਰਨ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਵਿਚ ਚੱਲ ਰਹੀ ਤਿੱਖੀ ਕਸ਼ਮਕਸ਼ ਨੂੰ ਹੀ ਕਿਹਾ ਜਾ ਸਕਦਾ ਹੈ ਪਰ ਪਿਛਲੇ ਲੰਮੇ ਸਮੇਂ ਤੋਂ ਸੂਬੇ ਦੀ ਸਰਕਾਰ ਅਤੇ ਪਾਰਟੀ ਵਿਚ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਬੜੀ ਬੇਚੈਨੀ ਦਿਖਾਈ ਦੇ ਰਹੀ ਸੀ।

ਮੌਜੂਦਾ ਹਾਲਾਤ ਤੋਂ ਜਾਪ ਰਿਹਾ ਹੈ ਕਿ ਕਾਂਗਰਸ ਹਾਈ ਕਮਾਨ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ 4-5 ਮਹੀਨੇ ਪਹਿਲਾਂ ਸੂਬੇ ਦਾ ਮੁੱਖ ਮੰਤਰੀ ਬਦਲ ਪਿਛਲੇ ਸਾਢੇ ਚਾਰ ਸਾਲ ਦੀਆਂ ਨਕਾਮੀਆਂ ਕਿਸੇ ਇਕ ਸ਼ਖਸ ਸਿਰ ਸੁੱਟ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਖੋਹ ਕੇ ਦਲਿਤ ਆਗੂ ਚਰਨਜੀਤ ਸਿੰਘ ਚੰਨੀ ਨੂੰ ਸੌਂਪਣ ਪਿੱਛੋਂ ਪਾਰਟੀ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਹ ਤਕਰੀਬਨ 100 ਦਿਨ ਦੀ ਸੱਤਾ ਵਿਚ ਪਿਛਲੀਆਂ ਵਿਧਾਨ ਸਭਾ ਵਿਚ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਸਿਰੇ ਚਾੜ੍ਹ ਦਿੱਤੇ ਜਾਣਗੇ।

ਚੰਨੀ ਵੱਲੋਂ ਮੁੱਖ ਮੰਤਰੀ ਦੀ ਸਹੁੰ ਚੁੱਕਣ ਪਿੱਛੋਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ 'ਚ ਕਿਸਾਨਾਂ ਨਾਲ ਖੜ੍ਹਨ ਦਾ ਵਚਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਸੰਘਰਸ਼ ਦੇ ਰਾਹ ਪਏ ਮੁਲਾਜ਼ਮਾਂ ਨੂੰ ਹੜਤਾਲ ਖਤਮ ਕਰਨ ਦੀ ਅਪੀਲ, ਪੰਜਾਬ ਦੇ ਲੋਕਾਂ ਦੇ ਘਰੇਲੂ ਪਾਣੀ ਤੇ ਸੀਵਰੇਜ ਦੇ ਬਿੱਲ ਮੁਆਫ, ਸਸਤੀ ਬਿਜਲੀ ਤੇ ਰੇਤ ਮਾਫੀਆ ਨੂੰ ਦਿੱਤੀ ਚਿਤਾਵਨੀ ਵਰਗੇ ਦਾਅਵੇ ਲੋਕਾਂ ਨੂੰ ਮੁੜ ਭਰਮਾਉਣ ਵਾਲੇ ਜਾਪ ਰਹੇ ਹਨ।

ਕਾਂਗਰਸ ਦੇ ਇਸ ਦਾਅਵੇ ਪਿੱਛੋਂ ਸਵਾਲ ਉਠਣ ਲੱਗੇ ਹਨ ਕਿ ਜੇਕਰ ਉਹ ਆਪਣੇ ਵਾਇਦਿਆਂ ਪ੍ਰਤੀ ਨੇਕ ਨੀਅਤ ਸੀ ਤੇ ਉਸ ਕੋਲ ਇੰਨੇ ਕਾਬਲ ਆਗੂ ਸਨ ਤਾਂ ਪਿਛਲੇ ਸਾਢੇ ਚਾਰ ਸਾਲਾਂ ਵਿਚ ਅਜਿਹੀਆਂ ਕੋਸ਼ਿਸ਼ਾਂ ਕਿਉਂ ਨਹੀਂ ਹੋਈਆਂ? ਦਰਅਸਲ, ਪੂਰੇ ਮੁਲਕ ਵਿਚ ਪੰਜਾਬ ਹੀ ਅਜਿਹਾ ਸੂਬਾ ਹੈ ਜਿਥੇ ਕਾਂਗਰਸ ਹੁਣ ਵੀ ਪੱਕੇ ਪੈਰੀਂ ਹੈ। ਪੰਜਾਬੀਆਂ ਨੇ ਭਾਜਪਾ ਦੀਆਂ

*(ਬਾਕੀ ਸਫਾ 6 ਉਤੇ)*

## ਭਾਜਪਾ ਨੂੰ ਕੈਪਟਨ ਦਾ ਫਿਕਰ !

ਭਾਜਪਾ ਵੱਲੋਂ ਕੈਪਟਨ ਨੂੰ ਜਲੀਲ ਕਰਕੇ ਕੁਰਸੀਓਂ ਲਾਉਣ ਦਾ ਪਾਇਆ ਜਾ ਰਿਹਾ ਰੌਲਾ ਵੱਡੇ ਸਿਆਸੀ ਸੰਕੇਤ ਦੇ ਰਿਹਾ ਹੈ। ਭਾਜਪਾ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕੈਪਟਨ ਦੀ ਰਾਸ਼ਟਰਵਾਦੀ ਸੋਚ ਭਾਜਪਾ ਨਾਲ ਕਾਫੀ ਮੇਲ ਖਾਂਦੀ ਹੈ। ਉਧਰ, ਕੈਪਟਨ ਦੀ ਪਿਛਲੇ ਕੁਝ ਸਮੇਂ ਵਿਚ ਭਾਜਪਾ ਤੇ ਨਰਿੰਦਰ ਮੋਦੀ ਸਰਕਾਰ ਪ੍ਰਤੀ ਨਰਮ ਨੀਤੀ ਵੀ ਕੁਝ ਅਜਿਹਾ ਹੀ ਇਸ਼ਾਰਾ ਕਰ ਰਹੀ ਹੈ।

ਭਾਜਪਾ ਵੱਲੋਂ ਕੈਪਟਨ ਨੂੰ ਪੰਜਾਬ ਵਿਚ ਪਾਰਟੀ ਦੀ ਕਮਾਨ ਸੰਭਾਲਣ ਦਾ ਦਿੱਤਾ ਸੱਦਾ ਅਗਲੇ ਦਿਨਾਂ ਵਿਚ ਸੂਬੇ ਦੀ ਸਿਆਸਤ ਵਿਚ ਹਲਚਲ ਪੈਦਾ ਕਰ ਸਕਦਾ ਹੈ। ਭਾਜਪਾ ਦੀ ਕੈਪਟਨ ਦੇ ਨਾਲ-ਨਾਲ ਉਨ੍ਹਾਂ ਦੇ ਹਮਾਇਤੀਆਂ ਉਤੇ ਵੀ ਅੱਖ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਵਿਚ ਜਲੀਲ ਕੀਤਾ ਗਿਆ, ਉਹ ਪਾਰਟੀ ਦੇ ਹੋਰਨਾਂ ਵੱਡੇ ਨੇਤਾਵਾਂ ਲਈ ਨਸੀਹਤ ਹੈ।



# ਟਰੂਡੋ ਦੀ ਲਿਬਰਲ ਪਾਰਟੀ ਪੂਰਨ ਬਹੁਮਤ ਤੋਂ ਫਿਰ ਖੁੰਝੀ

**ਬਰੈਂਪਟਨ:** ਕੈਨੇਡਾ ਦੀ ਫੈਡਰਲ ਸਰਕਾਰ ਲਈ ਸੰਸਦ ਮੈਂਬਰਾਂ ਦੀਆਂ ਮੱਧਕਾਲੀ ਚੋਣਾਂ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਮੁੜ ਵੱਡੀ ਪਾਰਟੀ ਵਜੋਂ ਜੇਤੂ ਬਣ ਕੇ ਉੱਭਰੀ ਹੈ ਪਰ ਉਹ 338 ਸੀਟਾਂ ਵਾਲੇ ਸਦਨ ਵਿਚ ਲੋੜੀਂਦੀਆਂ 170 ਸੀਟਾਂ ਦੀ ਬਹੁਸੰਮਤੀ ਹਾਸਲ ਕਰਨ ਵਿਚ ਸਫਲ ਨਹੀਂ ਹੋ ਸਕੇ।

ਦੇਰ ਰਾਤ ਤੱਕ ਵੋਟਾਂ ਦੀ ਚੱਲੀ ਗਿਣਤੀ ਵਿਚ ਲਿਬਰਲ ਪਾਰਟੀ 158, ਕੰਜ਼ਰਵੇਟਿਵ 119, ਬਲੌਕ ਕਿਊਬਕਾ 34 ਅਤੇ ਐਨ.ਡੀ.ਪੀ. ਨੂੰ 25 ਸੀਟਾਂ ਉਤੇ ਜੇਤੂ ਦਿਖਾਇਆ ਜਾ ਰਿਹਾ ਹੈ। ਡਾਕ ਰਾਹੀਂ ਪਾਈਆਂ ਗਈਆਂ ਲੱਖਾਂ ਵੋਟਾਂ ਦੀ ਗਿਣਤੀ ਜਾਰੀ ਹੈ। ਦੱਸਣਯੋਗ ਹੈ ਕਿ 2019 ਵਿਚ ਹੋਈਆਂ ਆਮ ਚੋਣਾਂ ਵਿਚ ਲਿਬਰਲ ਪਾਰਟੀ ਨੂੰ 157, ਕੰਜ਼ਰਵੇਟਿਵ ਨੂੰ 121, ਬਲੌਕ ਕਿਊਬਕਾ ਨੂੰ 32, ਐਨ.ਡੀ.ਪੀ. ਨੂੰ 24 ਜਦਕਿ ਗ੍ਰੀਨ ਪਾਰਟੀ ਨੂੰ 3 ਸੀਟਾਂ ਮਿਲੀਆਂ ਸਨ। ਨਿਊ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ ਚਰਚਿਤ ਸਿੱਖ ਆਗੂ ਜਗਮੀਤ ਸਿੰਘ ਆਪਣੀ ਬਰਨਬੀ ਸਾਊਥ ਸੀਟ ਤੋਂ ਮੁੜ ਜੇਤੂ ਰਹੇ ਹਨ। ਕੈਲਗਰੀ ਸਕਾਈ ਵਿਊ ਵਿਚ ਬਹੁਤ ਹੀ ਸਖਤ ਮੁਕਾਬਲਾ ਦਿਖਾਈ ਦਿੱਤਾ ਜਿੱਥੇ ਲਿਬਰਲ ਪਾਰਟੀ ਦੇ ਜਾਰਜ ਚਾਹਲ ਸਿਰਫ 600 ਵੋਟਾਂ ਦੇ ਫਰਕ ਨਾਲ ਕੰਜਰਵੇਟਿਵ ਪਾਰਟੀ ਦੇ ਜੈਗ ਸਹੋਤਾ ਤੋਂ ਜਿੱਤ ਗਏ ਹਨ।

ਹਾਊਸ ਆਫ ਕਾਮਨਜ ਵਿਚ ਬਹੁਮਤ ਲਈ 170 ਸੀਟਾਂ ਦੀ ਲੋੜ ਹੈ। ਟਰੂਡੋ ਬਹੁਮਤ ਤੋਂ 14 ਸੀਟਾਂ ਪਛੜ ਗਏ। ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਮੁੜ ਕਿੰਗ ਮੇਕਰ ਬਣੇਗੀ। ਇਸ ਪਾਰਟੀ ਨੇ ਇਸ ਵਾਰ ਆਪਣੀਆਂ ਸੀਟਾਂ 24 ਤੋਂ ਵਧਾ ਕੇ 27 ਕਰ ਲਈਆਂ ਹਨ। ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਨੂੰ 121 ਸੀਟਾਂ



ਮਿਲੀਆਂ ਤੇ ਪਿਛਲੀ ਵਾਰ ਵੀ ਐਨੀਆਂ ਹੀ ਸੀਟਾਂ ਜਿੱਤੀਆਂ ਸਨ।

ਕੈਨੇਡਾ ਦੀ ਇਸ 44ਵੀਂ ਪਾਰਲੀਮੈਂਟ ਚੋਣ ਵਿਚ ਡੇਢ ਦਰਜਨ ਦੇ ਕਰੀਬ ਪਰਵਾਸੀ ਪੰਜਾਬੀ ਮੈਂਬਰ ਚੁਣੇ ਗਏ ਹਨ। ਕੈਨੇਡਾ ਦੀ ਰਾਜਨੀਤੀ ਵਿਚ ਬੇਹੱਦ ਅਹਿਮ ਮੰਨੇ ਜਾਂਦੇ ਓਂਟਾਰੀਓ ਸੂਬੇ ਵਿਚ ਪਿਛਲੀਆਂ ਚੋਣਾਂ ਦਾ ਆਪਣਾ ਰਿਕਾਰਡ ਬਰਕਰਾਰ ਰੱਖਦਿਆਂ ਐਤਕੀਂ ਵੀ ਲਿਬਰਲ ਪਾਰਟੀ ਬਹੁਗਿਣਤੀ ਪਾਰਲੀਮੈਂਟ ਹਲਕਿਆਂ ਵਿਚ ਜੇਤੂ ਰਹੀ ਹੈ।

ਪੰਜਾਬੀਆਂ ਦੇ ਗੜ੍ਹ ਵਾਲੇ ਬਰੈਂਪਟਨ ਇਲਾਕੇ ਵਿਚ ਲਿਬਰਲ ਉਮੀਦਵਾਰਾਂ ਨੇ ਹੂੰਝਾਫੇਰ ਜਿੱਤ ਹਾਸਲ ਕੀਤੀ ਹੈ। ਬਰੈਂਪਟਨ ਦੀਆਂ ਲਗਭਗ ਸਾਰੀਆਂ ਸੀਟਾਂ ਉਤੇ ਹੀ ਪ੍ਰਮੁੱਖ ਰਾਜਸੀ ਪਾਰਟੀਆਂ ਵੱਲੋਂ ਪੰਜਾਬੀ ਆਗੂ ਹੀ

*(ਬਾਕੀ ਸਫਾ 6 ਉਤੇ)*


**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**Best Buy Motors**
1805 Elmwood, Lafayette, IN 47904
Ph: 765-449-0490
Www.bestbuymotorsin.com
**University Motors**
3312 Klondike Rd, West Lafayette, IN 47906
Ph: 765-497-1100
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**BIG BAZAAR**
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

ੴ Now Open 7 Days a Week
**Regal Jewels**
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਬ੍ਰਿਟੇਨ, ਅਮਰੀਕਾ ਅਤੇ ਆਸਟਰੇਲੀਆ ਵੱਲੋਂ ਨਵੇਂ ਗੱਠਜੋੜ ਦਾ ਐਲਾਨ

**ਲੰਡਨ:** ਬ੍ਰਿਟੇਨ, ਅਮਰੀਕਾ ਅਤੇ ਆਸਟਰੇਲੀਆ ਨੇ ਹਿੰਦ ਪ੍ਰਸ਼ਾਂਤ ਖੇਤਰ 'ਚ ਚੀਨ ਦੇ ਵਧਦੇ ਅਸਰ ਨੂੰ ਦੇਖਦਿਆਂ ਨਵੇਂ ਤਿਕੋਣੇ ਸੁਰੱਖਿਆ ਗੱਠਜੋੜ ਏ.ਯੂ.ਕੇ.ਯੂ.ਐਸ. ਦਾ ਐਲਾਨ ਕੀਤਾ ਹੈ ਤਾਂ ਜੋ ਉਹ ਆਪਣੇ ਸਾਂਝੇ ਹਿੱਤਾਂ ਦੀ ਰੱਖਿਆ ਕਰ ਸਕਣ। ਇਸ ਦੇ ਨਾਲ ਪਰਮਾਣੂ ਊਰਜਾ ਵਾਲੀਆਂ ਪਣਡੁੱਬੀਆਂ ਹਾਸਲ ਕਰਨ 'ਚ ਆਸਟਰੇਲੀਆ ਦੀ ਸਹਾਇਤਾ ਕਰਨ ਸਮੇਤ ਰੱਖਿਆ ਸਮਰੱਥਾਵਾਂ ਨੂੰ ਬਿਹਤਰ ਢੰਗ ਨਾਲ ਸਾਂਝਾ ਕਰਨ ਦੀ ਵੀ ਪਹਿਲ ਹੋਵੇਗੀ। ਡਿਜੀਟਲੀ ਹੋਏ ਸਮਾਗਮ ਦੌਰਾਨ ਨਵੇਂ ਗੱਠਜੋੜ ਨੂੰ ਇਤਿਹਾਸਕ ਕਰਾਰ ਦਿੱਤਾ ਗਿਆ। ਗੱਠਜੋੜ ਤਹਿਤ ਤਿੰਨੋਂ ਮੁਲਕਾਂ ਦੀਆਂ ਸਾਂਝੀਆਂ ਸਮਰੱਥਾਵਾਂ ਦੇ ਵਿਕਾਸ ਕਰਨ, ਤਕਨਾਲੋਜੀ ਨੂੰ ਸਾਂਝਾ ਕਰਨ, ਸੁਰੱਖਿਆ ਨੂੰ ਉਤਸ਼ਾਹਿਤ ਕਰਨ ਸਮੇਤ ਹੋਰ ਸਪਲਾਈ ਨੂੰ ਮਜ਼ਬੂਤ ਬਣਾਉਣ 'ਤੇ ਸਹਿਮਤੀ ਜਤਾਈ ਗਈ। ਸਾਂਝੇ ਬਿਆਨ ਤੋਂ ਪਹਿਲਾਂ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ, ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰਿਸ ਨੇ ਆਪਸ 'ਚ ਗੱਲਬਾਤ ਕੀਤੀ।

ਜੌਹਨਸਨ ਨੇ ਕਿਹਾ ਕਿ ਤਿੰਨਾਂ ਮੁਲਕਾਂ ਦੀ ਦੋਸਤੀ ਨਵਾਂ ਅਧਿਆਏ ਲਿਖੇਗੀ। ਅਮਰੀਕਾ ਅਤੇ ਬ੍ਰਿਟੇਨ ਦੀ ਸਹਾਇਤਾ ਨਾਲ ਆਸਟਰੇਲੀਆ ਪਰਮਾਣੂ ਊਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਦਾ ਇਕ ਬੇੜਾ ਬਣਾਏਗਾ ਜਿਸ ਦਾ ਮਕਸਦ ਹਿੰਦ-ਪ੍ਰਸ਼ਾਂਤ ਖੇਤਰ 'ਚ ਸਥਿਰਤਾ ਨੂੰ ਉਤਸ਼ਾਹਿਤ ਕਰਨਾ ਹੈ। ਸਾਂਝੇ ਬਿਆਨ 'ਚ ਕਿਹਾ ਗਿਆ ਕਿ ਗੱਠਜੋੜ ਇਕ ਨਵੀਂ ਰੱਖਿਆ ਭਾਈਵਾਲੀ ਬਣਾਏਗਾ, ਨੌਕਰੀਆਂ ਪੈਦਾ ਹੋਣਗੀਆਂ ਅਤੇ ਖੁਸ਼ਹਾਲੀ ਵਧੇਗੀ। ਉਨ੍ਹਾਂ ਕਿਹਾ ਕਿ ਪਣਡੁੱਬੀਆਂ 'ਚ ਪਰਮਾਣੂ ਹਥਿਆਰ ਨਹੀਂ ਹੋਣਗੇ ਸਗੋਂ ਉਹ ਪਰਮਾਣੂ ਰਿਐਕਟਰ ਤੋਂ ਸੰਚਾਲਿਤ ਹੋਣਗੀਆਂ। ਮੌਰੀਸਨ ਨੇ ਕਿਹਾ ਕਿ ਤਿੰਨਾਂ ਮੁਲਕਾਂ ਦਾ ਗੱਠਜੋੜ ਹਿੰਦ ਪ੍ਰਸ਼ਾਂਤ ਪਰਿਵਾਰ ਨਾਲ ਭਾਈਵਾਲੀ ਦੇ ਵਧਦੇ ਨੈੱਟਵਰਕ ਵਿਚ ਯੋਗਦਾਨ ਪਾਏਗਾ।

# ਅਮੀਰ ਸਿੰਘ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ

**ਲਾਹੌਰ:** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਦਿਵਸ ਸਬੰਧੀ ਕਰਵਾਏ ਜਾ ਰਹੇ ਸਮਾਗਮਾਂ ਤੋਂ ਪਹਿਲਾਂ ਅਮੀਰ ਸਿੰਘ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਪ੍ਰਧਾਨ ਅਤੇ ਵਿਕਾਸ਼ ਸਿੰਘ ਨੂੰ ਜਨਰਲ ਸਕੱਤਰ ਨਾਮਜ਼ਦ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਪੁਰਾਣੇ ਪ੍ਰਧਾਨ ਸਤਵੰਤ ਸਿੰਘ ਨੇ ਕੀਤੀ ਹੈ। ਪੀ.ਐਸ.ਜੀ.ਪੀ.ਸੀ. ਦੀ ਵੈੱਬਸਾਈਟ 'ਤੇ ਵੀ ਇਸ ਬਾਰੇ ਖੁਲਾਸਾ ਕੀਤਾ ਗਿਆ ਹੈ।



ਇਸ ਸਬੰਧੀ ਲਾਹੌਰ ਵਿਚ ਈ.ਟੀ.ਪੀ.ਬੀ. ਅਤੇ ਪੀ.ਐਸ.ਜੀ.ਪੀ.ਸੀ. ਦੇ ਅਹੁਦੇਦਾਰਾਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿਚ ਇਹ ਫੈਸਲਾ ਗਿਆ। ਮੀਟਿੰਗ ਮਗਰੋਂ ਦੱਸਿਆ ਗਿਆ ਕਿ ਪੀ.ਐਸ.ਜੀ.ਪੀ.ਸੀ. ਦੀ ਇਹ ਚੋਣ ਅਗਲੇ ਕਾਰਜਕਾਲ ਲਈ ਸਰਬਸੰਮਤੀ ਨਾਲ ਕੀਤੀ ਗਈ ਹੈ। ਇਸ ਮੌਕੇ ਨਵੇਂ ਚੁਣੇ ਗਏ ਦੋਵੇਂ ਅਹੁਦੇਦਾਰਾਂ ਨੇ ਸਾਬਕਾ ਪ੍ਰਧਾਨ ਸਤਵੰਤ ਸਿੰਘ ਵੱਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿਚ ਇਹ ਕਾਰਜ ਇਸੇ ਤਰ੍ਹਾਂ ਜਾਰੀ ਰੱਖਣ ਦਾ ਫੈਸਲਾ ਕੀਤਾ। ਸਾਬਕਾ ਪ੍ਰਧਾਨ ਨੇ ਦੱਸਿਆ ਕਿ ਇਹ ਬਦਲਾਅ ਆਪਸੀ ਸਹਿਮਤੀ ਨਾਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਰਜਕਾਲ ਦੇ ਬਾਕੀ ਰਹਿੰਦੇ ਸਮੇਂ ਲਈ ਅਮੀਰ ਸਿੰਘ ਸੰਸਥਾ ਦੇ ਪ੍ਰਧਾਨ ਹੋਣਗੇ। ਉਨ੍ਹਾਂ ਅਨੁਸਾਰ ਇਸ ਕਾਰਜਕਾਲ ਦਾ ਸਮਾਂ ਅਗਲੇ ਵਰ੍ਹੇ ਜੂਨ ਮਹੀਨੇ ਤੱਕ ਹੈ।









# ਕੈਪਟਨ ਦੀ ਛੁੱਟੀ, ਚਰਨਜੀਤ ਚੰਨੀ ਹੱਥ ਆਈ ਪੰਜਾਬ ਦੀ ਕਮਾਨ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਸਰਕਾਰ ਦੀ ਸਾਢੇ ਚਾਰ ਸਾਲ ਦੀ ਸੱਤਾ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਦੀ ਮੁੱਖ ਮੰਤਰੀ ਵਜੋਂ ਛੁੱਟੀ ਕਰ ਦਿੱਤੀ ਗਈ। ਉਨ੍ਹਾਂ ਦੀ ਥਾਂ ਦਲਿਤ ਆਗੂ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉਨ੍ਹਾਂ ਦੇ ਨਾਲ ਓਪੀ ਸੋਨੀ ਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਉਪ ਮੁੱਖ ਮੰਤਰੀ ਲਾਇਆ ਗਿਆ ਹੈ।

ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਕਾਂਗਰਸ ਵਲੋਂ ਇਕ ਦਲਿਤ ਚਿਹਰੇ ਦੀ ਮੁੱਖ ਮੰਤਰੀ ਵਜੋਂ ਚੋਣ ਕਰਕੇ ਵਿਰੋਧੀ ਧਿਰਾਂ ਨੂੰ ਹੈਰਾਨ ਕਰਨ ਵਾਲੀ ਕਾਰਵਾਈ ਕੀਤੀ ਹੈ। ਕਾਂਗਰਸ ਹਾਈਕਮਾਨ ਵਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਮੁੱਖ ਮੰਤਰੀ ਦੀ ਚੋਣ ਨੂੰ ਲੈ ਕੇ ਕਾਂਗਰਸ 'ਚ ਚੱਲੇ 24 ਘੰਟਿਆਂ ਦੇ ਘਮਾਸਾਨ ਤੋਂ ਬਾਅਦ ਚੰਨੀ ਦੇ ਨਾਂ ਦਾ ਐਲਾਨ ਕੀਤਾ।



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਅਹੁਦੇ ਤੋਂ ਦਿੱਤੇ ਗਏ ਅਸਤੀਫੇ ਤੋਂ ਬਾਅਦ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਦੌਰਾਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਨਵੇਂ ਮੁੱਖ ਮੰਤਰੀ ਦੀ ਚੋਣ ਲਈ ਅਧਿਕਾਰ ਦਿੱਤੇ ਗਏ ਸਨ। ਪਾਰਟੀ ਹਾਈਕਮਾਨ ਵੱਲੋਂ ਪਹਿਲਾਂ ਸਾਬਕਾ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਨਾਂ ਨਵੇਂ ਮੁੱਖ ਮੰਤਰੀ ਵਜੋਂ ਪੇਸ਼ ਕਰਨਾ ਚਾਹਿਆ ਪਰ ਇਸ ਦਾ ਕੁਝ ਮੰਤਰੀਆਂ ਤੇ ਵਿਧਾਇਕਾਂ ਵੱਲੋਂ ਇਹ ਕਹਿ ਕੇ ਵਿਰੋਧ ਕੀਤਾ ਗਿਆ ਕਿ ਦੇਸ਼ ਦਾ ਇਕੋ ਸੂਬਾ ਪੰਜਾਬ ਹੈ, ਜਿਥੇ ਪਗੜੀ ਧਾਰੀ ਮੁੱਖ ਮੰਤਰੀ ਬਣ ਸਕਦਾ ਹੈ ਤੇ ਇਸ ਰਵਾਇਤ ਨੂੰ ਖਤਮ ਨਾ ਕੀਤਾ ਜਾਵੇ। ਇਸ ਤੋਂ ਬਾਅਦ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਮੁੱਖ ਮੰਤਰੀ ਦੀ ਦੌੜ ਵਿਚ ਕੁੱਦ ਪਏ ਪਰ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਨੇ ਵੀ ਆਪਣਾ ਦਾਅਵਾ ਪੇਸ਼ ਕਰ ਦਿੱਤਾ। ਪਾਰਟੀ ਹਾਈਕਮਾਨ ਵੱਲੋਂ ਆਖਰ ਇਕ ਦਲਿਤ ਮੁੱਖ ਮੰਤਰੀ ਦੇਣ ਦਾ ਫੈਸਲਾ ਲੈਂਦਿਆਂ ਚੰਨੀ ਦੇ ਨਾਂ 'ਤੇ ਮੋਹਰ ਲਗਾ ਦਿੱਤੀ, ਜਦੋਂਕਿ ਨਵਜੋਤ ਸਿੰਘ ਸਿੱਧੂ ਵੀ ਉਨ੍ਹਾਂ ਦੀ ਚੋਣ ਨਾਲ ਸਹਿਮਤ ਦੱਸੇ ਜਾ ਰਹੇ ਹਨ।

ਚੰਨੀ, ਜੋ ਕੈਪਟਨ ਸਰਕਾਰ ਵਿਚ ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਦੇ ਮੰਤਰੀ ਸਨ, ਸਾਲ 2015-2016 ਦੌਰਾਨ ਵਿਧਾਨ ਸਭਾ 'ਚ ਕਾਂਗਰਸ ਵਲੋਂ ਵਿਰੋਧੀ ਧਿਰ ਦੇ ਆਗੂ ਵੀ ਰਹਿ ਚੁੱਕੇ ਹਨ। ਦਲਿਤਾਂ ਦੇ ਹੱਕਾਂ ਨੂੰ ਲੈ ਕੇ ਉਹ ਲਗਾਤਾਰ ਸੰਘਰਸ਼ ਕਰਦੇ ਰਹੇ ਤੇ ਸਰਕਾਰ ਵਿਚ ਹੁੰਦਿਆਂ ਵੀ ਦਲਿਤਾਂ ਨਾਲ ਸਬੰਧਤ ਕਈ ਅਹਿਮ ਫੈਸਲੇ ਉਨ੍ਹਾਂ ਕਾਰਨ ਹੋਏ।

## ਮੋਦੀ ਨੇ ਮੁੱਖ ਮੰਤਰੀ ਬਣਨ 'ਤੇ ਚੰਨੀ ਨੂੰ ਵਧਾਈ ਦਿੱਤੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦਾ ਮੁੱਖ ਮੰਤਰੀ ਬਣਨ 'ਤੇ ਚਰਨਜੀਤ ਸਿੰਘ ਚੰਨੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਸੂਬਾ ਸਰਕਾਰ ਦੇ ਨਾਲ ਮਿਲ ਕੇ ਪੰਜਾਬ ਦੀ ਬਿਹਤਰੀ ਲਈ ਕੰਮ ਜਾਰੀ ਰੱਖਣਗੇ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਵਿਚ ਇਕ ਸਾਦੇ ਸਮਾਰੋਹ ਦੌਰਾਨ ਸ੍ਰੀ ਚੰਨੀ ਨੂੰ ਅਹੁਦੇ ਦੀ ਸਹੁੰ ਚੁਕਵਾਈ। ਪ੍ਰਧਾਨ ਮੰਤਰੀ ਨੇ ਇਕ ਟਵੀਟ ਕਰ ਕੇ ਕਿਹਾ, "ਪੰਜਾਬ ਦੇ ਮੁੱਖ ਮੰਤਰੀ ਦੇ ਤੌਰ 'ਤੇ ਸਹੁੰ ਚੁੱਕਣ 'ਤੇ ਚਰਨਜੀਤ ਸਿੰਘ ਚੰਨੀ ਨੂੰ ਵਧਾਈ। ਪੰਜਾਬ ਸਰਕਾਰ ਦੇ ਨਾਲ ਮਿਲ ਕੇ ਅਸੀਂ ਸੂਬੇ ਤੇ ਸੂਬੇ ਦੇ ਲੋਕਾਂ ਦੀ ਬਿਹਤਰੀ ਲਈ ਕੰਮ ਜਾਰੀ ਰੱਖਾਂਗੇ।"

## ਨਵੇਂ ਮੁੱਖ ਮੰਤਰੀ ਦਾ ਸਿਆਸੀ ਸਫਰ...

**ਚੰਡੀਗੜ੍ਹ:** ਸਾਰਾ ਦਿਨ ਚੱਲੇ ਸਿਆਸੀ ਡਰਾਮੇ ਦੌਰਾਨ ਆਖਰੀ ਪਲਾਂ 'ਚ ਮੁੱਖ ਮੰਤਰੀ ਦੀ ਕੁਰਸੀ 'ਤੇ ਪੁੱਜੇ ਤੇਜ ਤਰਾਰ ਵਿਧਾਇਕ ਵਜੋਂ ਜਾਣੇ ਜਾਂਦੇ ਚਰਨਜੀਤ ਸਿੰਘ ਚੰਨੀ ਦਾ ਜਨਮ 2 ਅਪ੍ਰੈਲ 1973 ਨੂੰ ਬੇਹੱਦ ਗਰੀਬ ਪਰਿਵਾਰ 'ਚ ਪਿਤਾ ਹਰਸਾ ਸਿੰਘ ਤੇ ਮਾਤਾ ਅਜਮੇਰ ਕੌਰ ਦੇ ਗ੍ਰਹਿ ਪਿੰਡ ਭਜੌਲੀ (ਖਰੜ) ਵਿਖੇ ਹੋਇਆ। ਚੰਨੀ ਨੇ ਆਪਣਾ ਸਿਆਸੀ ਜੀਵਨ ਕਾਲਜ ਵਿਚ ਪੜ੍ਹਦਿਆਂ ਸ਼ੁਰੂ ਕੀਤਾ, ਉਸ ਤੋਂ ਬਾਅਦ ਖਰੜ ਦੇ ਐਮ.ਸੀ. ਫਿਰ ਪ੍ਰਧਾਨ ਵੀ ਬਣੇ। ਸੰਨ 2007 ਵਿਚ ਪਹਿਲੀ ਵਾਰ ਕਾਂਗਰਸ ਤੋਂ ਬਾਗੀ ਹੋ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਾਬਕਾ ਵਜ਼ੀਰ ਬੀਬੀ ਸਤਵੰਤ ਕੌਰ ਸੰਧੂ ਨੂੰ 1552 ਵੋਟਾਂ ਨਾਲ ਹਰਾਇਆ ਤੇ ਚੋਣ ਜਿੱਤਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਹਮਾਇਤ ਦਿੱਤੀ ਪਰ ਕੁਝ ਸਮੇਂ ਬਾਅਦ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ। ਦੂਜੀ ਵਾਰ ਸੰਨ 2012 ਦੀਆਂ ਚੋਣਾਂ 'ਚ ਕਾਂਗਰਸ ਦੀ ਟਿਕਟ ਤੋਂ ਚੋਣ ਲੜੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਜਗਮੀਤ ਕੌਰ ਸੰਧੂ ਨੂੰ 3650 ਵੋਟਾਂ ਨਾਲ ਹਰਾਇਆ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਦਸੰਬਰ 2015 ਵਿਚ ਵਿਰੋਧੀ ਧਿਰ ਦੇ ਨੇਤਾ ਚੁਣੇ ਗਏ। ਸੰਨ 2017 ਦੀਆਂ ਚੋਣਾਂ 'ਚ ਤੀਜੀ ਵਾਰ ਸ੍ਰੀ ਚਮਕੌਰ ਸਾਹਿਬ ਦੀ ਸੀਟ ਤੋਂ ਆਮ ਆਦਮੀ ਪਾਰਟੀ ਦੇ ਡਾ: ਚਰਨਜੀਤ ਸਿੰਘ ਨੂੰ ਕਰੀਬ 12500 ਦੇ ਕਰੀਬ ਵੋਟਾਂ ਦੇ ਫਰਕ ਨਾਲ ਹਰਾ ਕੇ ਲਗਾਤਾਰ ਤੀਜੀ ਵਾਰ ਵਿਧਾਨ ਸਭਾ ਵਿਚ ਪੁੱਜੇ ਤੇ ਕੈਬਨਿਟ ਮੰਤਰੀ ਅਹੁਦੇ ਤੇ ਰਹੇ।

# ਮੁੱਖ ਮੰਤਰੀ ਵਜੋਂ ਚੰਨੀ ਸਾਹਮਣੇ ਚੁਣੌਤੀਆਂ ਦਾ ਢੇਰ

ਚੰਡੀਗੜ੍ਹ: ਪੰਜਾਬ ਦੇ ਅਗਲੇ ਮੁੱਖ ਮੰਤਰੀ ਵਜੋਂ ਨਾਮਜ਼ਦ ਚਰਨਜੀਤ ਸਿੰਘ ਚੰਨੀ ਕੋਲ ਹੁਣ ਸਮਾਂ ਘੱਟ ਅਤੇ ਪੈਂਡਾ ਲੰਮੇਰਾ ਹੈ। ਪੰਜਾਬ ਚੋਣਾਂ 'ਚ ਹੁਣ ਬਹੁਤਾ ਵਕਤ ਨਹੀਂ ਰਿਹਾ ਤੇ ਚੁਣੌਤੀਆਂ ਦਾ ਵੱਡਾ ਢੇਰ ਸਾਹਮਣੇ ਹੈ। ਨਵੇਂ ਮੁੱਖ ਮੰਤਰੀ ਵਜੋਂ ਚੰਨੀ ਲਈ ਇਹ ਪਰਖ ਦੀ ਘੜੀ ਹੋਵੇਗੀ। ਨਵੇਂ ਮੁੱਖ ਮੰਤਰੀ ਨੂੰ ਜਿੱਥੇ ਹਾਈ ਕਮਾਨ ਦੀਆਂ ਆਸਾਂ ਉਮੀਦਾਂ 'ਤੇ ਫੁੱਲ ਚੜ੍ਹਾਉਣੇ ਹੋਣਗੇ, ਉਥੇ ਪੰਜਾਬ ਦੇ ਲੋਕਾਂ ਦਾ ਭਰੋਸਾ ਜਿੱਤਣਾ ਵੱਡੀ ਚੁਣੌਤੀ ਹੋਵੇਗੀ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਵਾਅਦਿਆਂ ਤੋਂ ਪਲਟਣ ਕਰਕੇ ਲੋਕਾਂ ਦਾ ਵਿਸ਼ਵਾਸ ਟੁੱਟਿਆ ਹੈ। ਕਾਂਗਰਸ ਹਾਈ ਕਮਾਨ ਨੇ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਉਣ ਦਾ ਫੈਸਲਾ ਕਰਕੇ ਅਗਾਮੀ ਚੋਣਾਂ ਲਈ ਵੱਡਾ ਦਾਅ ਖੇਡਿਆ ਹੈ। ਚੰਨੀ ਲਈ ਮੁੱਖ ਮੰਤਰੀ ਦਾ ਅਹੁਦਾ ਫੁੱਲਾਂ ਦੀ ਨਹੀਂ ਕੰਡਿਆਂ ਦੀ ਸੇਜ ਹੋਵੇਗੀ ਕਿਉਂਕਿ ਉਨ੍ਹਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਰਪੇਸ਼ ਰਹਿਣਗੀਆਂ। ਇਥੇ ਵੱਡਾ ਮਸਲਾ ਇਹ ਹੈ ਕਿ ਅਗਾਮੀ ਚੋਣਾਂ ਤੋਂ ਪਹਿਲਾਂ ਨਵੇਂ ਮੁੱਖ ਮੰਤਰੀ ਨੂੰ ਕੰਮ ਕਰਨ ਲਈ ਲਗਭਗ 100 ਦਿਨ ਹੀ ਮਿਲਣਗੇ। ਉਨ੍ਹਾਂ ਲਈ 18 ਨੁਕਾਤੀ ਏਜੰਡਾ ਪਰਖ ਬਣੇਗਾ। ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਕਾਂਗਰਸ 'ਤੇ ਮਾਫੀਆ ਰਾਜ ਦੇ ਲੱਗੇ ਦਾਗ ਨੂੰ ਧੋਣ ਵਿਚ ਵੀ ਉਨ੍ਹਾਂ ਨੂੰ ਲੰਮੇਰਾ ਵਕਤ ਲੱਗੇਗਾ। ਨਵੇਂ ਮੁੱਖ ਮੰਤਰੀ ਨੂੰ ਖਾਸ ਕਰਕੇ ਬਹਿਬਲ ਤੇ ਬਰਗਾੜੀ ਮਾਮਲੇ 'ਤੇ ਨਤੀਜੇ ਦੇਣੇ ਹੋਣਗੇ।

ਉਸ ਤੋਂ ਵੱਧ ਨਸ਼ਾ ਤਸਕਰੀ ਦੇ ਮਾਮਲੇ 'ਚ ਵੱਡੇ ਮਗਰਮੱਛਾਂ ਨੂੰ ਹੱਥ ਪਾਉਣ ਦੀ ਦਲੇਰੀ ਦਿਖਾਉਣੀ ਹੋਵੇਗੀ। ਇਸੇ ਤਰ੍ਹਾਂ ਮਹਿੰਗੇ ਬਿਜਲੀ ਸਮਝੌਤੇ ਵੀ ਉਨ੍ਹਾਂ ਦਾ ਇਮਤਿਹਾਨ ਲੈਣਗੇ। ਪੰਜਾਬ ਵਿਚ ਰੁਜ਼ਗਾਰ ਦਾ ਵੱਡਾ ਮਸਲਾ ਹੈ ਅਤੇ ਪੰਜਾਬ ਭਰ ਵਿਚ ਬੇਰੁਜ਼ਗਾਰਾਂ ਵੱਲੋਂ ਧਰਨੇ ਮੁਜ਼ਾਹਰੇ ਕੀਤੇ ਜਾ ਰਹੇ ਹਨ। ਉਹ ਪੰਜਾਬ ਦੀ ਜਵਾਨੀ ਨੂੰ ਕਿਵੇਂ ਮੋੜਾ ਦੇਣਗੇ, ਇਹ ਵੀ ਪਰਖ ਬਣੇਗਾ। ਸਭ ਤੋਂ ਵੱਡਾ ਮਸਲਾ ਕਿਸਾਨੀ ਦਾ ਹੋਵੇਗਾ। ਅਮਰਿੰਦਰ ਸਿੰਘ ਵੱਲੋਂ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨ ਧਿਰਾਂ ਪ੍ਰਤੀ ਨਰਮੀ ਵਰਤੀ ਜਾਂਦੀ ਸੀ। ਚੰਨੀ ਕਿਸਾਨ ਅੰਦੋਲਨ ਨੂੰ ਲੈ ਕੇ ਕਿਸ ਤਰ੍ਹਾਂ ਦਾ ਰੁਖ ਅਖਤਿਆਰ ਕਰਦੇ ਹਨ ਅਤੇ ਕਿਸਾਨਾਂ ਦੇ ਦਿਲ ਕਿਵੇਂ ਜਿੱਤਣਗੇ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

## ਪਾਵਰਕੌਮ ਦੇ ਦਿਨ ਫਿਰੇ; 1446 ਕਰੋੜ ਮੁਨਾਫਾ

**ਪਟਿਆਲਾ:** ਪਾਵਰਕੌਮ ਨੂੰ ਭਾਵੇਂ 2019-20 ਵਿਚ 1158 ਕਰੋੜ ਦਾ ਘਾਟਾ ਸਹਿਣਾ ਪਿਆ ਸੀ, ਪਰ 2020-21 ਦੌਰਾਨ ਵਿਭਾਗ ਵੱਲੋਂ 1446 ਕਰੋੜ ਦਾ ਰਿਕਾਰਡ ਮੁਨਾਫਾ ਦਰਜ ਕੀਤਾ ਗਿਆ ਹੈ। ਇਹ ਖੁਲਾਸਾ ਸੀ.ਐਮ.ਡੀ. ਏ.ਵੇਨੂ ਪ੍ਰਸ਼ਾਦ ਨੇ ਕੀਤਾ। 2020-21 ਦੇ ਸਾਲਾਨਾ ਖਾਤਿਆਂ ਨੂੰ ਪਾਵਰਕੌਮ ਦੇ ਡਾਇਰੈਕਟਰਾਂ ਦੀ ਮੀਟਿੰਗ 'ਚ ਪ੍ਰਵਾਨ ਕੀਤਾ ਗਿਆ। ਇਸ ਦੌਰਾਨ ਵਧੀਕ ਮੁੱਖ ਸਕੱਤਰ (ਪਾਵਰ) ਅਨੁਰਾਗ ਅਗਰਵਾਲ ਅਤੇ ਪ੍ਰਮੁੱਖ ਸਕੱਤਰ (ਵਿੱਤ) ਕੇ.ਏ.ਪੀ. ਸਿਨਹਾ ਵੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸ ਮੁਨਾਫੇ ਦਾ ਮੁੱਖ ਕਾਰਨ ਉਸ ਦੇ ਸਕੀਮ ਵਿਆਜ ਵਿਚ 1306 ਕਰੋੜ ਵਿਚ ਦੀ ਅਦਾਇਗੀ 'ਚ ਦੇਰੀ, ਸਬਸਿਡੀ ਦੀ ਅਦਾਇਗੀ ਵਿਚ ਦੇਰੀ ਕਾਰਨ 577 ਕਰੋੜ ਦਾ ਵਿਆਜ, 570 ਕਰੋੜ ਦੀ ਗਾਰੰਟੀ ਤੇ ਖਪਤਕਾਰਾਂ ਵੱਲੋਂ 156 ਕਰੋੜ ਦੀ ਅਦਾਇਗੀ ਵਿਚ ਦੇਰੀ ਕਾਰਨ ਬਣਿਆ ਵਿਆਜ ਹੈ।

## ਅਮਰੀਕਾ ਵਿਚ ਮਜ਼ਬੂਤ ਹੋ ਰਹੀਆਂ ਹਨ ਖਾਲਿਸਤਾਨੀ ਜਥੇਬੰਦੀਆਂ: ਰਿਪੋਰਟ

**ਵਾਸ਼ਿੰਗਟਨ:** ਅਮਰੀਕਾ ਦੇ ਥਿੰਕ ਟੈਂਕ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਸਮਰਥਨ ਪ੍ਰਾਪਤ ਵੱਖਵਾਦੀ ਖਾਲਿਸਤਾਨੀ ਸਮੂਹ ਹੌਲੀ ਹੌਲੀ ਅਮਰੀਕਾ 'ਚ ਆਪਣੀ ਪਕੜ ਮਜ਼ਬੂਤ ਕਰ ਰਹੇ ਹਨ। ਇਸ ਨੇ ਇਹ ਵੀ ਕਿਹਾ ਕਿ ਅਮਰੀਕੀ ਸਰਕਾਰ ਇਨ੍ਹਾਂ ਸੰਗਠਨਾਂ ਦੀਆਂ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਨਵੀਂ ਦਿੱਲੀ ਵੱਲੋਂ ਕੀਤੀਆਂ ਅਪੀਲਾਂ ਪ੍ਰਤੀ ਉਦਾਸੀਨ ਰਹੀ ਹੈ।

'ਹਡਸਨ ਇੰਸਟੀਚਿਊਟ' ਨੇ ਪ੍ਰਕਾਸ਼ਤ ਆਪਣੀ ਰਿਪੋਰਟ 'ਪਾਕਿਸਤਾਨ ਦੀ ਅਸਥਿਰ ਕਰਨ ਦੀ ਸਾਜ਼ਿਸ਼: ਅਮਰੀਕਾ 'ਚ ਖਾਲਿਸਤਾਨੀ ਸਰਗਰਮੀਆਂ' ਪਾਕਿਸਤਾਨ ਵੱਲੋਂ ਇਨ੍ਹਾਂ ਸੰਗਠਨਾਂ ਨੂੰ ਦਿੱਤੇ ਜਾ ਰਹੇ ਸਮਰਥਨ ਬਾਰੇ ਸਮੀਖਿਆ ਕੀਤੀ ਹੈ। ਰਿਪੋਰਟ 'ਚ ਇਨ੍ਹਾਂ ਸਮੂਹਾਂ ਦੇ ਭਾਰਤ 'ਚ ਕੱਟੜਪੰਥੀ ਅਤੇ ਅਤਿਵਾਦੀ ਸੰਗਠਨਾਂ ਨਾਲ ਸਬੰਧਾਂ ਅਤੇ ਦੱਖਣੀ ਏਸ਼ੀਆ 'ਚ ਅਮਰੀਕੀ ਵਿਦੇਸ਼ ਨੀਤੀ ਉਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੇ ਸੰਭਾਵਿਤ ਤੌਰ 'ਤੇ ਮਾੜੇ ਪ੍ਰਭਾਵ ਬਾਰੇ ਵਿਚਾਰ ਕੀਤਾ ਗਿਆ।

ਰਿਪੋਰਟ ਸੰਕੇਤ ਕਰਦੀ ਹੈ ਕਿ ਪਾਕਿਸਤਾਨ ਸਥਿਤ ਇਸਲਾਮਿਕ ਅਤਿਵਾਦੀ ਸੰਗਠਨਾਂ ਵਾਂਗ ਖਾਲਿਸਤਾਨੀ ਜਥੇਬੰਦੀਆਂ ਵੀ ਨਵੇਂ ਨਾਵਾਂ ਨਾਲ ਉਭਰ ਸਕਦੀਆਂ ਹਨ। ਇਸ 'ਚ ਕਿਹਾ ਗਿਆ ਹੈ ਕਿ ਬਦਕਿਸਮਤੀ ਨਾਲ ਅਮਰੀਕੀ ਸਰਕਾਰ ਨੇ ਖਾਲਿਸਤਾਨੀਆਂ ਦੁਆਰਾ ਕੀਤੀ ਹਿੰਸਾ 'ਚ ਕੋਈ ਦਿਲਚਸਪੀ ਨਹੀਂ ਦਿਖਾਈ, ਜਦੋਂ ਕਿ ਖਾਲਿਸਤਾਨ ਮੁਹਿੰਮ ਦੇ ਪੱਕੇ ਸਮਰਥਕ ਬ੍ਰਿਟੇਨ, ਕੈਨੇਡਾ ਅਤੇ ਅਮਰੀਕਾ ਵਰਗੇ ਪੱਛਮੀ ਦੇਸ਼ਾਂ 'ਚ ਹਨ। ਰਿਪੋਰਟ 'ਚ ਕਿਹਾ ਗਿਆ ਕਿ ਜਦੋਂ ਤੱਕ ਅਮਰੀਕੀ ਸਰਕਾਰ ਖਾਲਿਸਤਾਨ ਨਾਲ ਜੁੜੇ ਅਤਿਵਾਦ ਦੀ ਨਿਗਰਾਨੀ ਨੂੰ ਤਰਜੀਹ ਨਹੀਂ ਦਿੰਦੀ, ਉਦੋਂ ਤੱਕ ਉਨ੍ਹਾਂ ਸਮੂਹਾਂ ਦੀ ਪਛਾਣ ਕਰਨ ਦੀ ਸੰਭਾਵਨਾ ਨਹੀਂ ਹੈ, ਜੋ ਇਸ ਵੇਲੇ ਭਾਰਤ-ਪੰਜਾਬ 'ਚ ਹਿੰਸਾ 'ਚ ਸ਼ਾਮਲ ਹਨ ਜਾਂ ਅਜਿਹਾ ਕਰਨ ਦੀ ਤਿਆਰੀ ਕਰ ਰਹੇ ਹਨ।


# Matrimonials

### ਲੜਕੇ ਦੀ ਲੋੜ ਹੈ

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com 39-42

### ਲੜਕੀ ਦੀ ਲੋੜ ਹੈ

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34

# ਕੱਰੀ ਸ਼ੈਫ ਤੇ ਤੰਦੂਰੀਏ ਦੀ ਲੋੜ ਹੈ

ਵਿਸਕਾਨਸਿਨ ਵਿਚ 'ਮਹਾਰਾਜਾ ਰੈਸਟੋਰੈਂਟ' ਲਈ ਕੱਰੀ ਸ਼ੈਫ ਅਤੇ ਤੰਦੂਰੀਏ ਲੋੜ ਹੈ

ਰਿਹਾਇਸ਼ ਅਤੇ ਖਾਣਾ ਫਰੀ

ਸੰਪਰਕ ਕਰੋ: ਬਲਬੀਰ ਸਿੰਘ

ਫੋਨ: 414-581-3784

39-40

# ਦੇਖ-ਭਾਲ ਕਰਨ ਵਾਲੇ ਦੀ ਲੋੜ ਹੈ

ਪੈਲਾਟਾਈਨ, ਇਲੀਨਾਏ ਵਿਚ ਰਹਿੰਦੇ ਬਜ਼ੁਰਗ ਮਾਤਾ ਦੀ ਦੇਖ-ਭਾਲ ਕਰਨ ਵਾਲੇ ਦੀ ਲੋੜ ਹੈ।

ਸੰਪਰਕ ਕਰੋ: ਪ੍ਰੀਤ

ਫੋਨ: 847-877-4341

Looking For Caregiver for my mother who lives in Palatine, IL.
Please contact, Preet 847-877-4341

# ਕੈਪਟਨ ਦੇ ਸਿਆਸੀ ਅਕਸ ਨੂੰ ਢਾਹ ਲਾ ਗਈ ਮੁੱਖ ਮੰਤਰੀ ਵਜੋਂ ਦੂਜੀ ਪਾਰੀ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਮੁੱਖ ਮੰਤਰੀ ਵਜੋਂ ਦੂਜੀ ਪਾਰੀ ਉਨ੍ਹਾਂ ਦੇ ਸਿਆਸੀ ਅਕਸ ਨੂੰ ਢਾਹ ਲਾ ਗਈ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਆਪਣਾ ਪੰਜ ਵਰ੍ਹਿਆਂ ਦਾ ਕਾਰਜਕਾਲ ਪੂਰਾ ਕਰਨਾ ਨਸੀਬ ਨਾ ਹੋਇਆ। ਦੂਸਰੀ ਪਾਰੀ ਵਿਚ ਉਨ੍ਹਾਂ ਦੀ ਭਰੋਸੇਯੋਗਤਾ ਨੂੰ ਵੱਡੀ ਢਾਹ ਲੱਗੀ ਅਤੇ ਕੈਪਟਨ ਅਮਰਿੰਦਰ ਸਿੰਘ ਆਪਣੇ ਪੁਰਾਣੇ ਅਕਸ ਨੂੰ ਕਾਇਮ ਰੱਖਣ ਵਿਚ ਫੇਲ੍ਹ ਰਹੇ। ਜਦੋਂ ਵਰ੍ਹਾ 2017 ਦੀਆਂ ਚੋਣਾਂ ਸਨ ਤਾਂ ਉਦੋਂ ਅਮਰਿੰਦਰ ਸਿੰਘ ਮਜ਼ਬੂਤ ਆਗੂ ਵਜੋਂ ਉਭਰੇ ਸਨ ਪਰ ਛੇਤੀ ਹੀ ਉਹ ਲੋਕ ਮਨਾਂ 'ਚੋਂ ਆਪਣੀ ਪੈਂਠ ਗੁਆ ਬੈਠੇ। ਅਮਰਿੰਦਰ ਸਿੰਘ ਵੱਲੋਂ ਸ੍ਰੀ ਗੁਟਕਾ ਸਾਹਿਬ ਦੀ ਸਹੁੰ ਖਾਣੀ ਅਤੇ ਉਸ 'ਤੇ ਪਹਿਰਾ ਨਾ ਦੇਣਾ ਵੀ ਸਿਆਸੀ ਚਰਚਾ ਵਿਚ ਰਿਹਾ।

ਪਹਿਲੀ ਪਾਰੀ ਦੌਰਾਨ ਅਮਰਿੰਦਰ ਸਿੰਘ ਦਲੇਰਾਨਾ ਫੈਸਲੇ ਲੈਣ ਵਜੋਂ ਜਾਣੇ ਜਾਂਦੇ ਸਨ। ਸਭ ਤੋਂ ਮਹਿੰਗਾ ਉਨ੍ਹਾਂ ਨੂੰ ਐਤਕੀਂ ਬਾਦਲਾਂ ਪ੍ਰਤੀ ਦੋਸਤਾਨਾ ਰਵੱਈਆ ਪਿਆ ਹੈ। ਚੋਣਾਂ ਵਿਚ ਥੋੜ੍ਹਾ ਸਮਾਂ ਰਹਿਣ ਦੇ ਬਾਵਜੂਦ ਅਮਰਿੰਦਰ ਸਿੰਘ ਨੇ ਸਿਆਸੀ ਰੁਖ ਵਿਚ ਕੋਈ ਬਦਲਾਅ ਨਾ ਲਿਆਂਦਾ। ਜਦੋਂ ਕਾਂਗਰਸੀ ਵਿਧਾਇਕਾਂ ਤੇ ਵਜ਼ੀਰਾਂ ਨੂੰ ਜਾਪਿਆ ਕਿ ਉਨ੍ਹਾਂ ਨੂੰ ਅਗਲੀਆਂ ਚੋਣਾਂ 'ਚ ਲੋਕ ਕਚਹਿਰੀ 'ਚ ਮੂੰਹ ਦਿਖਾਉਣਾ ਮੁਸ਼ਕਲ ਹੋ ਜਾਵੇਗਾ ਤਾਂ ਉਨ੍ਹਾਂ ਕੈਪਟਨ ਖਿਲਾਫ ਝੰਡਾ ਚੁੱਕ ਲਿਆ।

ਸਿਆਸੀ ਮਾਹਿਰ ਆਖਦੇ ਹਨ ਕਿ ਅਮਰਿੰਦਰ ਸਿੰਘ ਨੇ ਦੂਸਰੀ ਪਾਰੀ ਦੌਰਾਨ ਜਿਥੇ ਆਮ ਲੋਕਾਂ ਤੋਂ ਦੂਰੀ ਬਣਾਈ ਰੱਖੀ, ਉਥੇ ਪਾਰਟੀ ਦੇ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਵੀ ਮਿਲਣ ਲਈ ਸਮਾਂ ਨਹੀਂ ਦਿੰਦੇ ਸਨ। ਸਿਸਵਾਂ ਫਾਰਮ ਹਾਊਸ ਵਿਚੋਂ ਨਾ ਨਿਕਲਣਾ ਵੀ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਲੋਕਾਂ ਤੋਂ ਦੂਰ ਲੈ ਗਿਆ। ਇਸੇ ਤਰ੍ਹਾਂ ਅਮਰਿੰਦਰ ਸਿੰਘ ਦੀ ਨੌਕਰਸ਼ਾਹੀ 'ਤੇ ਲੋੜੋਂ ਵੱਧ ਨਿਰਭਰਤਾ ਅਤੇ ਅਫ਼ਸਰਸ਼ਾਹੀ ਨੂੰ ਤਰਜੀਹ ਦੇਣ ਨਾਲ ਵੀ ਕੈਪਟਨ ਦੀ ਭੱਲ ਨੂੰ ਢਾਹ ਲੱਗੀ ਹੈ।

ਅਮਰਿੰਦਰ ਸਿੰਘ ਵੱਲੋਂ ਆਪਣੇ ਚੀਫ ਪ੍ਰਮੁੱਖ ਸਕੱਤਰ ਨੂੰ ਪੂਰੀ ਕਮਾਨ ਦਿੱਤੇ ਜਾਣ ਤੋਂ ਚੁਣੇ ਹੋਏ ਨੁਮਾਇੰਦੇ ਹੇਠੀ ਮਹਿਸੂਸ ਕਰਦੇ ਸਨ। ਹਾਈਕਮਾਨ ਦਾ ਮਨ ਉਦੋਂ ਖੱਟਾ ਪੈਣਾ ਸ਼ੁਰੂ ਹੋ ਗਿਆ ਸੀ, ਜਦੋਂ 18 ਨੁਕਾਤੀ ਏਜੰਡੇ 'ਤੇ ਵੀ ਅਮਰਿੰਦਰ ਸਿੰਘ ਨੇ ਕੋਈ ਠੋਸ ਕਾਰਵਾਈ ਨਾ ਕੀਤੀ। ਹਾਈਕਮਾਨ ਨੂੰ ਇਹ ਗੱਲ ਪੱਕੀ ਹੋਣ ਲੱਗੀ ਸੀ ਕਿ ਅਮਰਿੰਦਰ ਸਿੰਘ ਸਿਆਸੀ ਵਿਰੋਧੀ ਬਾਦਲਾਂ ਨਾਲ ਵੀ ਅੰਦਰੋਂ ਖਿਓ-ਖਿਚੜੀ ਹਨ। ਬਹਿਬਲ ਕਲਾਂ ਤੇ ਬਰਗਾੜੀ ਦੇ ਮਾਮਲੇ 'ਤੇ ਕੋਈ ਕਾਰਵਾਈ ਨਾ ਕਰਨਾ, ਬਿਜਲੀ ਸਮਝੌਤਿਆਂ 'ਤੇ ਚੁੱਪ ਵੱਟਣਾ, ਹਰ ਤਰ੍ਹਾਂ ਦੇ ਮਾਫੀਏ ਨੂੰ ਖੁੱਲ੍ਹੀ ਛੁੱਟੀ ਦੇਣਾ ਅਤੇ ਵੱਡੇ ਨਸ਼ਾ ਤਸਕਰਾਂ ਤੋਂ ਮੂੰਹ ਫੇਰਨਾ, ਇਹ ਉਹ ਸਭ ਮਾਮਲੇ ਹਨ ਜਿਨ੍ਹਾਂ ਕਰਕੇ ਆਮ ਲੋਕ ਵੀ ਅਮਰਿੰਦਰ ਨੂੰ ਕਮਾਨ ਦੇ ਕੇ ਪਛਤਾਉਣ ਲੱਗੇ ਸਨ। ਭਾਵੇਂ ਅਮਰਿੰਦਰ ਸਿੰਘ ਨੇ ਕਿਸਾਨ ਪੱਖੀ ਕਈ ਫੈਸਲੇ ਲਏ ਹਨ ਪਰ ਉਨ੍ਹਾਂ ਦੀ ਪੰਜਾਬ ਵਿਚੋਂ ਗੈਰਹਾਜ਼ਰੀ ਸਭ ਨੂੰ ਰੜਕਦੀ ਰਹੀ ਹੈ। ਅਮਰਿੰਦਰ ਸਿੰਘ ਪੰਜਾਬ ਨੂੰ ਆਰਥਿਕ ਪੱਖੋਂ ਤੋਂ ਪੈਰਾਂ ਸਿਰ ਨਹੀਂ ਕਰ ਸਕੇ ਹਨ। ਸੂਤਰ ਆਖਦੇ ਹਨ ਕਿ ਅਮਰਿੰਦਰ ਸਿੰਘ ਦੀ ਕੇਂਦਰ ਦੀ ਭਾਜਪਾ ਸਰਕਾਰ ਨਾਲ ਅੰਦਰੋਂ ਸੁਰ ਮਿਲਦੀ ਹੋਣ ਦਾ ਸ਼ੱਕ ਵੀ ਲੋਕਾਂ ਵਿਚ ਵਧ ਗਿਆ ਸੀ। ਅਮਰਿੰਦਰ ਸਿੰਘ ਭਾਜਪਾ ਖਿਲਾਫ ਦੱਬਵੀਂ ਸੁਰ ਵਿਚ ਬੋਲਦੇ ਰਹੇ ਹਨ। ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਠੰਢੀ ਰਹੀ ਅਤੇ ਉਨ੍ਹਾਂ ਐਤਕੀਂ ਦੀ ਪਾਰੀ ਦੌਰਾਨ ਕਿਸੇ ਵੀ ਸਿਆਸੀ ਆਗੂ ਨੂੰ ਹੱਥ ਨਹੀਂ ਪਾਇਆ।

### ਹਾਈ ਕਮਾਨ ਨੇ ਸਿਆਸੀ ਪੱਤਾ ਖੇਡਿਆ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਕਾਂਗਰਸ ਹਾਈ ਕਮਾਨ ਨੇ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਆਪਣਾ ਸਿਆਸੀ ਪੱਤਾ ਖੇਡਿਆ ਹੈ, ਜਿਸ ਨਾਲ ਕਾਂਗਰਸ ਨੇ ਆਪਣੀ ਸਾਰੀਆਂ ਨਾਕਾਮੀਆਂ ਦਾ ਠੀਕਰਾ ਕੈਪਟਨ ਸਿਰ ਭੰਨ ਦਿੱਤਾ ਹੈ ਅਤੇ ਚੋਣਾਂ ਲਈ ਸਿਆਸੀ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਵਿਚ ਚੱਲ ਰਿਹਾ ਕਲੇਸ਼ ਅਤੇ ਇਸ ਮਗਰੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਅਹੁਦੇ ਤੋਂ ਅਸਤੀਫਾ ਪੰਜਾਬ ਵਾਸੀਆਂ ਦੀ ਅੱਖਾਂ ਵਿਚ ਘੱਟਾ ਪਾਉਣ ਤੋਂ ਸਿਵਾਏ ਹੋਰ ਕੁਝ ਨਹੀਂ ਹੈ।

### ਕੈਪਟਨ ਨੂੰ ਹਟਾਉਣ 'ਤੇ ਕੁਝ ਸੀਨੀਅਰ ਆਗੂ ਨਾਰਾਜ਼

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਜਿਨ੍ਹਾਂ ਵਿਚ ਕੁਝ ਜੀ-23 ਦੇ ਆਗੂ ਵੀ ਸ਼ਾਮਲ ਹਨ, ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਦੇ ਤਰੀਕੇ ਤੋਂ ਨਾਰਾਜ਼ ਹਨ। ਜੀ-23 ਦੇ ਸੂਤਰਾਂ ਨੇ ਕਿਹਾ ਕਿ ਕਾਂਗਰਸ ਨੇ ਤਿੰਨ ਹੈਂਗਮੈਨ (ਜੱਲਾਦ) ਭੇਜੇ- ਇਕ ਸਾਬਕਾ ਮੁੱਖ ਮੰਤਰੀ ਜੋ ਦੋ ਸੀਟਾਂ ਤੋਂ ਹਾਰ ਗਿਆ, ਇਕ ਦਿੱਲੀ ਦਾ ਆਗੂ ਜੋ ਲਗਾਤਾਰ ਚੋਣਾਂ 'ਚ ਜ਼ੀਰੋ ਸਕੋਰ ਕਰ ਰਿਹਾ ਹੈ ਤੇ ਇਕ ਵਿਅਕਤੀ ਜੋ ਮੁੱਖ ਮੰਤਰੀ ਦੇ ਕੱਦ ਨਾਲ ਮੇਲ ਨਹੀਂ ਖਾਂਦਾ। ਨਾਰਾਜ਼ ਆਗੂਆਂ 'ਚੋਂ ਜ਼ਿਆਦਾਤਰ ਨੇ ਕੈਪਟਨ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ, ਪਰ ਨਾਲ ਹੀ ਜਨਤਕ ਤੌਰ 'ਤੇ ਬੋਲਣ ਨੂੰ ਖੁਦ ਨੂੰ ਰੋਕ ਲਿਆ। ਸੂਤਰਾਂ ਨੇ ਕਿਹਾ ਕਾਂਗਰਸ ਨੇ ਕੈਪਟਨ ਦੇ ਵਿਰੋਧ ਦੀ ਉਮੀਦ ਨਹੀਂ ਕੀਤੀ ਸੀ ਤੇ ਸੋਚਿਆ ਸੀ ਕਿ ਸੀ.ਐਲ.ਪੀ. 'ਚ ਸ਼ਾਮਲ ਹੋਣਗੇ, ਪਰ ਉਨ੍ਹਾਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਤੇ ਬੈਠਕ 'ਚ ਸ਼ਾਮਲ ਨਹੀਂ ਹੋਏ।

# ਚੰਨੀ ਨੂੰ ਕਪਤਾਨ ਬਣਾ ਕੇ ਹਾਈਕਮਾਨ ਵੱਲੋਂ ਇਕ ਤੀਰ ਨਾਲ ਕਈ ਨਿਸ਼ਾਨੇ



ਚੰਡੀਗੜ੍ਹ: ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸਰਹੱਦੀ ਸੂਬੇ ਦਾ ਮੁੱਖ ਮੰਤਰੀ ਬਣਾ ਕੇ ਪਾਰਟੀ ਹਾਈਕਮਾਨ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਸਾਧੇ ਹਨ। ਪਾਰਟੀ ਹਾਈ ਕਮਾਨ ਨੇ ਚਰਨਜੀਤ ਚੰਨੀ ਦੇ ਨਾਂ ਦਾ ਐਲਾਨ ਕਰਕੇ ਦਲਿਤ ਪੱਤਾ ਖੇਡਣ ਦੇ ਨਾਲ ਹੀ ਪੰਜਾਬ ਦੇ ਲੋਕਾਂ ਨੂੰ ਮੁੱਖ ਮੰਤਰੀ ਵਜੋਂ ਸਿੱਖ ਚਿਹਰਾ ਵੀ ਦਿੱਤਾ ਹੈ।

ਪੰਜਾਬ ਵਿਚ ਕਰੀਬ 34 ਫੀਸਦੀ ਤੋਂ ਵੱਧ ਦਲਿਤ ਭਾਈਚਾਰੇ ਦਾ ਵੋਟ ਬੈਂਕ ਹੈ ਤੇ 34 ਰਾਖਵੇਂ ਹਲਕੇ ਹਨ। ਚੇਤੇ ਰਹੇ ਭਾਜਪਾ ਨੇ ਪਹਿਲਾਂ ਹੀ ਅਗਲੀਆਂ ਚੋਣਾਂ ਵਿਚ ਦਲਿਤ ਵਿਅਕਤੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦਾ ਐਲਾਨ ਕੀਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਬਹੁਜਨ ਸਮਾਜ ਪਾਰਟੀ ਨਾਲ ਸਿਆਸੀ ਗਠਜੋੜ ਕਰਕੇ ਡਿਪਟੀ ਮੁੱਖ ਮੰਤਰੀ ਕਿਸੇ ਦਲਿਤ ਨੂੰ ਬਣਾਏ ਜਾਣ ਦਾ ਫੈਸਲਾ ਕੀਤਾ ਹੈ। ਕਾਂਗਰਸ ਪਾਰਟੀ ਨੇ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਵਿਰੋਧੀ ਪਾਰਟੀਆਂ ਨੂੰ ਸਿਆਸੀ ਝਟਕਾ ਦੇਣ ਦੀ ਕੋਸ਼ਿਸ਼ ਕੀਤੀ ਹੈ।

ਕਿਹਾ ਜਾ ਰਿਹਾ ਹੈ ਕਿ ਚਰਨਜੀਤ ਸਿੰਘ ਚੰਨੀ ਕੁੱਲ ਹਿੰਦ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਕੋਟੇ ਵਿਚੋਂ ਮੁੱਖ ਮੰਤਰੀ ਬਣੇ ਹਨ ਤੇ ਇਸ ਨੂੰ ਰਾਹੁਲ ਗਾਂਧੀ ਵੱਲੋਂ ਨਵੇਂ ਚਿਹਰਿਆਂ ਨੂੰ ਅੱਗੇ ਲਿਆਂਦੇ ਜਾਣ ਦੀ ਕਵਾਇਦ ਦਾ ਹੀ ਹਿੱਸਾ ਮੰਨਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਮੋਰਚਾ ਖੋਲ੍ਹਣ ਵਾਲੇ ਸਭ ਤੋਂ ਪਹਿਲੇ ਮੰਤਰੀ ਚਰਨਜੀਤ ਸਿੰਘ ਚੰਨੀ ਹੀ ਸਨ, ਉਨ੍ਹਾਂ ਦੇ ਪਿਛਲੇ ਸਾਲ ਕੈਬਨਿਟ ਮੀਟਿੰਗ 'ਚ ਐਕਸਾਈਜ਼ ਨੀਤੀ ਨੂੰ ਲੈ ਕੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨਾਲ ਮਤਭੇਦ ਪੈਦਾ ਹੋ ਗਏ ਸਨ, ਜੋ ਕੈਪਟਨ ਨਾਲ ਟਕਰਾਅ ਦਾ ਕਾਰਨ ਬਣੇ।

ਬਾਅਦ 'ਚ ਕੈਪਟਨ ਅਮਰਿੰਦਰ ਸਿੰਘ ਖਿਲਾਫ ਬਗਾਵਤ ਕਰਨ ਵਾਲੇ ਮੰਤਰੀਆਂ ਤੇ ਵਿਧਾਇਕਾਂ ਦੇ ਧੜੇ 'ਚ ਚਰਨਜੀਤ ਸਿੰਘ ਚੰਨੀ ਅੱਗੇ ਹੋ ਕੇ ਚੱਲਦੇ ਰਹੇ। ਜ਼ਿਕਰਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਰਾਮਦਾਸੀਆ ਸਿੱਖ ਸਮਾਜ ਨਾਲ ਸਬੰਧ ਰੱਖਦੇ ਹਨ ਤੇ ਉਹ ਲਗਾਤਾਰ ਤੀਸਰੀ ਵਾਰ ਵਿਧਾਇਕ ਬਣੇ ਹਨ ਤੇ ਪਿਛਲੀ ਅਕਾਲੀ-ਭਾਜਪਾ ਸਰਕਾਰ 'ਚ ਵਿਰੋਧੀ ਧਿਰ ਦੇ ਨੇਤਾ ਵੀ ਰਹਿ ਚੁੱਕੇ ਹਨ।

ਕਾਂਗਰਸ 'ਚ ਸਭ ਤੋਂ ਘੱਟ ਉਮਰ ਦੇ ਤੇ ਪਹਿਲੇ ਦਲਿਤ ਮੁੱਖ ਮੰਤਰੀ ਬਣਨ ਜਾ ਰਹੇ ਚਰਨਜੀਤ ਸਿੰਘ ਚੰਨੀ (48) ਪਾਰਟੀ ਲਈ ਦਲਿਤ, ਸਿੱਖ ਤੇ ਨੌਜਵਾਨ ਚਿਹਰਾ ਬਣ ਕੇ ਉਭਰੇ ਹਨ। ਕਿਹਾ ਜਾ ਰਿਹਾ ਹੈ ਕਿ ਪਾਰਟੀ ਹਾਈਕਮਾਨ ਵਲੋਂ ਆਉਂਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਦਲਿਤ ਕਾਰਡ ਖੇਡਦੇ ਹੋਏ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਇਆ ਗਿਆ ਹੈ। ਅਜਿਹਾ ਕਰਕੇ ਕਾਂਗਰਸ ਹਾਈਕਮਾਨ ਨੇ ਆਪਣੀ ਸਿਆਸੀ ਸੂਝਬੂਝ ਦਾ ਸਬੂਤ ਦਿੰਦੇ ਹੋਏ ਵਿਰੋਧੀ ਪਾਰਟੀਆਂ ਨੂੰ ਵੀ ਚਿੱਤ ਕਰਨ ਦਾ ਯਤਨ ਕੀਤਾ ਹੈ। ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਹੁਜਨ ਸਮਾਜ ਪਾਰਟੀ ਨਾਲ ਕੀਤੇ ਗਠਜੋੜ ਕਾਰਨ ਇਹ ਸਮਝਿਆ ਜਾ ਰਿਹਾ ਸੀ ਕਿ ਦਲਿਤ ਵੋਟ ਬੈਂਕ ਦਾ ਵੱਡਾ ਹਿੱਸਾ ਗਠਜੋੜ ਦੇ ਹਿੱਸੇ 'ਚ ਚਲਾ ਜਾਵੇਗਾ, ਪਰ ਕਾਂਗਰਸ ਹਾਈਕਮਾਨ ਨੇ ਇਸ ਤਰ੍ਹਾਂ ਕਰਕੇ ਚਰਨਜੀਤ ਸਿੰਘ ਚੰਨੀ ਦੇ ਰੂਪ 'ਚ ਨਾ ਕੇਵਲ ਇਸ ਗੱਠਜੋੜ ਦਾ ਤੋੜ ਲੱਭਿਆ ਬਲਕਿ ਵਿਧਾਨ ਸਭਾ ਚੋਣਾਂ ਤੋਂ ਚਾਰ ਮਹੀਨੇ ਪਹਿਲਾਂ ਹੀ ਵਿਰੋਧੀ ਪਾਰਟੀਆਂ ਨੂੰ ਸਿਆਸੀ ਤੌਰ 'ਤੇ ਮਾਤ ਦੇਣ ਦਾ ਯਤਨ ਕੀਤਾ ਹੈ। ਇਥੇ ਹੀ ਬੱਸ ਨਹੀਂ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਵੱਲੋਂ ਕਿਸੇ ਦਲਿਤ ਆਗੂ ਨੂੰ ਸੂਬੇ ਦਾ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕਰਕੇ ਦਲਿਤ ਭਾਈਚਾਰੇ ਨੂੰ ਆਪਣੇ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਨੂੰ ਵੀ ਕਾਂਗਰਸ ਹਾਈਕਮਾਨ ਰੋਕਣ 'ਚ ਹਾਲ ਦੀ ਘੜੀ ਕਾਮਯਾਬ ਹੋਈ ਦਿਖਾਈ ਦੇ ਰਹੀ ਹੈ।

ਕੇਂਦਰ 'ਚ ਸੱਤਾ ਉਤੇ ਕਾਬਜ਼ ਭਾਜਪਾ ਅੰਦਰ ਵੀ ਸੂਬੇ 'ਚ ਦਲਿਤ ਵੋਟ ਬੈਂਕ ਦੀ ਅਹਿਮੀਅਤ ਨੂੰ ਦੇਖਦੇ ਹੋਏ ਸੂਬੇ ਦੇ ਮੁੱਖ ਮੰਤਰੀ ਦੀ ਵਾਗਡੋਰ ਕਿਸੇ ਦਲਿਤ ਆਗੂ ਨੂੰ ਦੇਣ 'ਤੇ ਚਰਚਾ ਚੱਲਦੀ ਰਹੀ ਹੈ। ਦੱਸਣਯੋਗ ਹੈ ਕਿ ਸੂਬੇ ਅੰਦਰ 34 ਫੀਸਦੀ ਦੇ ਕਰੀਬ ਦਲਿਤ ਵੋਟਰ ਹਨ ਤੇ ਸੂਬੇ 'ਚ ਸਰਕਾਰ ਬਣਾਉਣ 'ਚ ਦਲਿਤ ਭਾਈਚਾਰੇ ਦਾ ਹਮੇਸ਼ਾ ਅਹਿਮ ਰੋਲ ਰਿਹਾ ਹੈ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਬਹੁ-ਗਿਣਤੀ ਦਲਿਤ ਵਸੋਂ ਵਾਲੇ ਦੁਆਬਾ ਖੇਤਰ 'ਚ ਵੱਧ ਸੀਟਾਂ ਹਾਸਲ ਕਰਨ ਵਾਲੀ ਪਾਰਟੀ ਦੀ ਹੀ ਸਰਕਾਰ ਬਣਦੀ ਰਹੀ ਹੈ। ਉਧਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਸਤੀਫਾ ਦੇਣ ਤੋਂ ਤੁਰਤ ਬਾਅਦ ਜਿਸ ਤਰ੍ਹਾਂ ਨਵਜੋਤ ਸਿੰਘ ਸਿੱਧੂ ਖਿਲਾਫ ਮੋਰਚਾ ਖੋਲ੍ਹ ਦਿੱਤਾ ਸੀ, ਉਸ ਤੋਂ ਸਾਫ ਹੋ ਗਿਆ ਸੀ ਕਿ ਹਾਈਕਮਾਨ ਸਿੱਧੂ ਨੂੰ ਹਾਲ ਦੀ ਘੜੀ ਮੁੱਖ ਮੰਤਰੀ ਬਣਾਉਣ ਦੀ ਜੋਖਮ ਨਹੀਂ ਉਠਾਉਣਾ ਚਾਹੇਗੀ ਤੇ ਉਨ੍ਹਾਂ ਨੂੰ 2022 ਦੀਆਂ ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

### ਸਾਰੇ ਚੋਣ ਵਾਅਦੇ ਪੂਰੇ ਕੀਤੇ ਜਾਣਗੇ: ਰਾਹੁਲ ਗਾਂਧੀ

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਕੇ ਨਵੇਂ ਮੁੱਖ ਮੰਤਰੀ ਵਜੋਂ ਨਾਮਜ਼ਦ ਚਰਨਜੀਤ ਸਿੰਘ ਚੰਨੀ ਨੂੰ ਨਵੀਂ ਭੂਮਿਕਾ ਲਈ ਵਧਾਈ ਦਿੱਤੀ। ਰਾਹੁਲ ਗਾਂਧੀ ਨੇ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਭਰੋਸਾ ਮਹੱਤਵਪੂਰਨ ਹੈ। ਸੰਸਦ ਮੈਂਬਰ ਮੁਨੀਸ਼ ਤਿਵਾੜੀ ਤੋਂ ਇਲਾਵਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵੀ ਚੰਨੀ ਨੂੰ ਮੁਬਾਰਕਾਂ ਦਿੱਤੀਆਂ ਹਨ। ਪੰਜਾਬ ਮਾਮਲਿਆਂ ਬਾਰੇ ਇੰਚਾਰਜ ਹਰੀਸ਼ ਰਾਵਤ, ਕਾਂਗਰਸ ਪ੍ਰਧਾਨ ਨਵਜੋਤ ਸਿੱਧੂ, ਕਾਂਗਰਸ ਦੇ ਜਨਰਲ ਸਕੱਤਰ ਪਰਗਟ ਸਿੰਘ ਅਤੇ ਬ੍ਰਹਮ ਮਹਿੰਦਰਾ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂਆਂ ਨੇ ਵੀ ਵਧਾਈ ਦਿੱਤੀ।

# ਕੈਪਟਨ ਨੇ ਸੋਨੀਆ ਨੂੰ ਪੱਤਰ ਰਾਹੀਂ ਪ੍ਰਾਪਤੀਆਂ ਗਿਣਾਈਆਂ ਤੇ ਉਲਾਂਭੇ ਵੀ ਦਿੱਤੇ

ਚੰਡੀਗੜ੍ਹ: ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਅਸਤੀਫਾ ਦੇਣ ਤੋਂ ਕੁਝ ਘੰਟੇ ਪਹਿਲਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਲਿਖੇ ਪੱਤਰ ਵਿਚ ਪੰਜਾਬ ਕਾਂਗਰਸ ਵਿਚਲੀਆਂ ਹਾਲੀਆ ਸਿਆਸੀ ਘਟਨਾਕ੍ਰਮ 'ਤੇ ਪੀੜ ਜ਼ਾਹਿਰ ਕੀਤੀ ਹੈ। ਕੈਪਟਨ ਨੇ ਕਿਹਾ ਕਿ ਇਸ ਨਾਲ ਸੂਬੇ ਵਿਚ ਅਸਥਿਰਤਾ ਦਾ ਮਾਹੌਲ ਬਣਨ ਲੱਗਾ ਹੈ।

ਕੈਪਟਨ ਨੇ ਲਿਖਿਆ ਕਿ ਪੰਜਾਬ ਵਿਚ ਮਹਿੰਗੇ ਮੁੱਲ ਕਮਾਏ ਅਮਨ ਸ਼ਾਂਤੀ ਅਤੇ ਵਿਕਾਸ ਲਈ ਆਪਣੇ ਯਤਨ ਜਾਰੀ ਰੱਖਣਗੇ। ਉਨ੍ਹਾਂ ਪਾਰਟੀ ਦੀ ਕੌਮੀ ਪ੍ਰਧਾਨ ਨੂੰ 18 ਨੁਕਾਤੀ ਏਜੰਡੇ ਸਮੇਤ ਹੁਣ ਤੱਕ ਕੀਤੇ ਕੰਮਾਂ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਲਿਖਿਆ ਕਿ ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਦੇ ਬਹੁਤ ਸਾਰੇ ਸਿਆਸੀ ਅਤੇ ਅੰਦਰੂਨੀ ਸੁਰੱਖਿਆ ਸਰੋਕਾਰ ਹਨ, ਜਿਨ੍ਹਾਂ ਨਾਲ ਬਿਨਾਂ ਕੋਈ ਸਮਝੌਤਾ ਕੀਤਿਆਂ ਅਸਰਦਾਰ ਤਰੀਕੇ ਨਾਲ ਸਿੱਝਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਨ੍ਹਾਂ ਯਤਨਾਂ ਸਦਕਾ ਹੀ ਪੰਜਾਬ ਵਿਚ ਅਮਨ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਕਾਇਮ ਹੈ। ਪੱਤਰ ਵਿਚ ਚੋਣ ਵਾਅਦਿਆਂ ਦੀ ਗੱਲ ਕਰਦਿਆਂ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਵਿਚੋਂ 89.2 ਫੀਸਦੀ ਵਾਅਦੇ ਪੂਰੇ ਕੀਤੇ ਹਨ ਜਦਕਿ ਬਾਕੀਆਂ 'ਤੇ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਵਿਡ ਦੌਰਾਨ ਮਨੁੱਖੀ ਜਾਨਾਂ ਦੇ ਘੱਟ ਤੋਂ ਘੱਟ ਨੁਕਸਾਨ ਨੂੰ ਯਕੀਨੀ ਬਣਾਇਆ ਗਿਆ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਇਸ ਵੇਲੇ ਕਰੋਨਾ ਮਹਾਮਾਰੀ ਤੋਂ ਲਗਭਗ ਮੁਕਤ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਕਾਂਗਰਸ ਨੇ 2019 ਦੀਆਂ ਸੰਸਦੀ ਚੋਣਾਂ ਵਿਚ ਪੰਜਾਬ ਦੀਆਂ 13 ਵਿਚੋਂ 8 ਸੀਟਾਂ ਜਿੱਤੀਆਂ ਅਤੇ ਪੰਚਾਇਤੀ ਚੋਣਾਂ ਅਤੇ ਸ਼ਹਿਰੀ ਚੋਣਾਂ ਵਿਚ ਵੀ ਫੈਸਲਾਕੁਨ ਜਿੱਤ ਪ੍ਰਾਪਤ ਕੀਤੀ। ਅਮਰਿੰਦਰ ਸਿੰਘ ਨੇ ਬੇਅਦਬੀ ਕੇਸਾਂ ਅਤੇ ਇਸ ਤੋਂ ਬਾਅਦ ਸਾਲ 2015 ਦੀਆਂ ਪੁਲਿਸ ਘਟਨਾਵਾਂ ਦੇ ਮੁੱਦੇ ਉਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਜਸਟਿਸ (ਸੇਵਾ-ਮੁਕਤ) ਰਣਜੀਤ ਸਿੰਘ ਦੀ ਅਗਵਾਈ ਵਿਚ ਜਾਂਚ ਲਈ ਨਿਆਇਕ ਕਮਿਸ਼ਨ ਕਾਇਮ ਕੀਤਾ ਸੀ, ਜਿਸ ਦੀ ਰਿਪੋਰਟ ਤੋਂ ਬਾਅਦ ਕਾਨੂੰਨੀ ਕਾਰਵਾਈ ਆਰੰਭੀ ਗਈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਵਿਚ ਕਾਨੂੰਨੀ ਅੜਿੱਕਿਆਂ ਅਤੇ ਸੀ.ਬੀ.ਆਈ. ਦੇ ਇਨਕਾਰ ਦੇ ਬਾਵਜੂਦ ਉਨ੍ਹਾਂ ਦੀ ਸਰਕਾਰ 10 ਚਲਾਨ ਪੇਸ਼ ਕਰਨ ਵਿਚ ਸਫਲ ਰਹੀ। ਇਸ ਮਾਮਲੇ ਵਿਚ 24 ਵਿਅਕਤੀ ਚਾਰਜਸ਼ੀਟ ਕੀਤੇ ਗਏ, 15 ਪੁਲਿਸ ਮੁਲਾਜ਼ਮ ਮੁਅੱਤਲ ਅਤੇ 10 ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਮਹਿੰਗੀ ਬਿਜਲੀ ਦੀ ਖਰੀਦ ਲਈ ਸਹੀਬੰਦ ਕੀਤੇ ਵਿਵਾਦਿਤ ਬਿਜਲੀ ਖਰੀਦ ਸਮਝੌਤਿਆਂ ਬਾਰੇ ਕੈਪਟਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 2017-21 ਤੱਕ ਬਿਜਲੀ ਸੰਚਾਰ ਅਤੇ ਵੰਡ ਢਾਂਚੇ ਵਿਚ 3709 ਕਰੋੜਾਂ ਰੁਪਏ ਦਾ ਨਿਵੇਸ਼ ਕੀਤਾ ਹੈ ਅਤੇ 22 ਲੱਖ ਐਸ.ਸੀ/ਬੀ.ਸੀ. ਖਪਤਕਾਰਾਂ ਅਤੇ 14 ਲੱਖ ਕਿਸਾਨਾਂ ਦੀ ਭਲਾਈ ਲਈ ਲਗਭਗ 11000 ਕਰੋੜ ਰੁਪਏ ਸਾਲਾਨਾ ਜਾਰੀ ਕੀਤੇ ਗਏ। ਇਸ ਤੋਂ ਇਲਾਵਾ ਪੀ.ਪੀ.ਏ. ਦੀ ਸਮੀਖਿਆ ਫਿਲਹਾਲ ਚੱਲ ਰਹੀ ਹੈ।

ਉਨ੍ਹਾਂ ਪੱਤਰ ਵਿਚ ਸੂਬਾ ਸਰਕਾਰ ਵੱਲੋਂ 5.64 ਲੱਖ ਕਿਸਾਨਾਂ ਨੂੰ 4,624 ਕਰੋੜ ਰੁਪਏ ਅਤੇ 2.68 ਲੱਖ ਖੇਤ ਮਜ਼ਦੂਰਾਂ ਨੂੰ 526 ਕਰੋੜ ਰੁਪਏ ਦੀ ਦਿੱਤੀ ਕਰਜ਼ਾ ਰਾਹਤ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਦਾ ਲੱਕ ਤੋੜਨ ਲਈ ਵਿਸ਼ੇਸ਼ ਟਾਸਕ ਫੋਰਸ ਵੀ ਬਣਾਈ ਗਈ। ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਕੀਤੇ ਹੋਰ ਕੰਮਾਂ ਦੀ ਵੀ ਤਫਸੀਲ ਦਿੱਤੀ।

### ਕੈਪਟਨ ਨੇ ਸਿਆਸੀ ਅਹੁਦੇ ਤੋਂ ਪੰਜਵੀਂ ਵਾਰ ਦਿੱਤਾ ਅਸਤੀਫਾ

**ਪਟਿਆਲਾ:** ਪਟਿਆਲਾ ਸ਼ਹਿਰ ਤੋਂ ਵਿਧਾਇਕ ਵਜੋਂ ਦੂਜੀ ਵਾਰ ਮੁੱਖ ਮੰਤਰੀ ਬਣ ਕੇ ਪਾਰੀ ਪੂਰੀ ਹੋਣ ਤੋਂ ਪਹਿਲਾਂ ਹੀ ਅਸਤੀਫਾ ਦੇਣ ਵਾਲੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਅਹੁਦੇ ਤੋਂ ਦਿੱਤਾ ਗਿਆ ਇਹ ਪੰਜਵਾਂ ਅਸਤੀਫਾ ਹੈ। ਪਹਿਲਾ ਅਸਤੀਫਾ ਉਨ੍ਹਾਂ 1984 'ਚ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਖਿਲਾਫ ਦਿੱਤਾ। ਇਸ ਮਗਰੋਂ ਉਹ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ ਤੇ 1985 'ਚ ਤਲਵੰਡੀ ਸਾਬੋ ਤੋਂ ਅਕਾਲੀ ਦਲ ਦੇ ਵਿਧਾਇਕ ਬਣੇ ਤੇ ਬਰਨਾਲਾ ਸਰਕਾਰ 'ਚ ਕੈਬਨਿਟ ਮੰਤਰੀ ਬਣੇ। ਪਰ ਇਸ ਦੌਰਾਨ ਅਪਰੈਲ 1986 'ਚ ਹੋਏ ਬਲੈਕ ਥੰਡਰ (ਸ੍ਰੀ ਹਰਿਮੰਦਰ ਸਾਹਿਬ 'ਚ ਪੁਲੀਸ ਦਾਖਲ ਹੋਣਾ) ਦੇ ਰੋਸ ਵਜੋਂ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸੇ ਤਰ੍ਹਾਂ 2014 'ਚ ਅੰਮ੍ਰਿਤਸਰ ਤੋਂ ਕਾਂਗਰਸ ਤਰਫੋਂ ਲੋਕ ਸਭਾ ਮੈਂਬਰ ਚੁਣੇ ਜਾਣ 'ਤੇ ਉਨ੍ਹਾਂ ਪਟਿਆਲਾ ਸ਼ਹਿਰੀ ਹਲਕੇ ਦੇ ਵਿਧਾਇਕ ਵਜੋਂ ਅਸਤੀਫਾ ਦੇ ਦਿੱਤਾ ਸੀ। 2017 'ਚ ਮੁੜ ਪਟਿਆਲਾ ਤੋਂ ਵਿਧਾਇਕ ਚੁਣੇ ਜਾਣ 'ਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਅੰਮ੍ਰਿਤਸਰ ਦੇ ਸੰਸਦ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਸੀ।

### ਦਲਿਤ ਮੁੱਖ ਮੰਤਰੀ ਬਣਾਉਣਾ ਚੋਣ ਸਟੰਟ: ਮਾਇਆਵਤੀ

**ਲਖਨਊ:** ਪੰਜਾਬ ਵਿਚ ਦਲਿਤ ਭਾਈਚਾਰੇ ਨਾਲ ਸਬੰਧਤ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਇਸ ਨੂੰ ਚੋਣ ਸਟੰਟ ਕਰਾਰ ਦਿੰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਲਈ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਗੱਠਜੋੜ ਹੋਣ ਕਰ ਕੇ ਕਾਂਗਰਸ ਕਾਫ਼ੀ ਘਬਰਾਈ ਹੋਈ ਹੈ, ਇਸ ਵਾਸਤੇ ਉਸ ਨੇ ਅਜਿਹਾ ਕੀਤਾ ਹੈ।

### ਭਾਜਪਾ ਵੱਲੋਂ ਸੱਦਾ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਕਾਂਗਰਸ ਨੇ ਦਿੱਗਜ ਨੇਤਾ ਅਮਰਿੰਦਰ ਸਿੰਘ ਦਾ ਅਪਮਾਨ ਕੀਤਾ ਹੈ। ਭਾਜਪਾ ਦੇ ਬੁਲਾਰੇ ਸਈਦ ਜ਼ਫਰ ਇਸਲਾਮ ਨੇ ਉਨ੍ਹਾਂ ਨੂੰ 'ਦੇਸ਼ ਭਗਤ' ਕਰਾਰ ਦਿੰਦਿਆਂ ਕਿਹਾ ਕਿ ਰਾਸ਼ਟਰਵਾਦੀਆਂ ਲਈ ਪਾਰਟੀ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।

# ਸੰਘਰਸ਼ ਦਾ ਇਕ ਵਰ੍ਹਾ: ਨਵੀਆਂ ਲੀਹਾਂ ਪਾ ਰਿਹਾ ਹੈ ਕਿਸਾਨ ਅੰਦੋਲਨ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਕਿਸਾਨੀ ਸੰਘਰਸ਼ ਨੂੰ ਇਕ ਵਰ੍ਹਾ ਪੂਰੇ ਹੋ ਗਿਆ। ਇਸ ਦਿਨ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਨੂੰ ਹੋਰ ਮਘਾਉਣ ਦਾ ਸੱਦਾ ਦਿੱਤਾ ਹੈ। ਸਾਲ ਪਹਿਲਾਂ 19 ਸਤੰਬਰ 2020 ਨੂੰ ਪੰਜਾਬ ਦੇ ਮੋਗਾ ਵਿਚ ਮੌਜੂਦਾ ਇਤਿਹਾਸਕ ਕਿਸਾਨ ਸੰਘਰਸ਼ ਦੇ ਬੀਜ ਬੀਜੇ ਗਏ ਸਨ। ਇਸ ਦਿਨ ਵੱਖ-ਵੱਖ ਕਿਸਾਨ ਯੂਨੀਅਨਾਂ, ਜੋ ਮੋਦੀ ਸਰਕਾਰ ਵੱਲੋਂ ਜੂਨ 2020 ਵਿਚ ਗੈਰ ਜਮਹੂਰੀ ਅਤੇ ਗੈਰ ਸੰਵਿਧਾਨਕ ਢੰਗ ਨਾਲ ਲਿਆਂਦੇ ਗਏ ਕਿਸਾਨ ਵਿਰੋਧੀ, ਕਾਰਪੋਰੇਟ ਪੱਖੀ ਖੇਤੀਬਾੜੀ ਆਰਡੀਨੈਂਸਾਂ ਦਾ ਵਿਰੋਧ ਕਰ ਰਹੀਆਂ ਸਨ, ਨੇ ਹੱਥ ਮਿਲਾਉਂਦਿਆਂ ਸਮੂਹਿਕ ਸੰਘਰਸ਼ ਦਾ ਫੈਸਲਾ ਕੀਤਾ ਸੀ। ਪੰਜਾਬ ਦੀਆਂ 32 ਕਿਸਾਨ ਯੂਨੀਅਨਾਂ ਵੱਲੋਂ ਸ਼ੁਰੂ ਕੀਤੇ ਗਏ ਤਾਲਮੇਲ ਵਾਲੇ ਕਾਰਜ ਨੇ ਇਕ ਵੱਡੇ ਸਮੁੱਚੇ ਗਠਜੋੜ ਦੀ ਨੀਂਹ ਰੱਖੀ ਹੈ।

17 ਸਤੰਬਰ 2020 ਨੂੰ ਦੇਸ਼ ਦੀ ਲੋਕ ਸਭਾ ਵਿਚ ਤਿੰਨ ਖੇਤੀ ਬਿੱਲ ਪਾਸ ਕੀਤੇ ਗਏ ਸਨ। ਰਾਜ ਸਭਾ ਨੇ ਇਹ ਬਿੱਲ 20 ਸਤੰਬਰ 2020 ਨੂੰ ਪਾਸ ਕੀਤੇ ਅਤੇ ਰਾਸ਼ਟਰਪਤੀ ਦੁਆਰਾ ਇਨ੍ਹਾਂ ਨੂੰ 27 ਸਤੰਬਰ 2020 ਨੂੰ ਪ੍ਰਵਾਨਗੀ ਦੇਣ ਨਾਲ ਬਿੱਲਾਂ ਨੇ ਕਾਨੂੰਨ ਬਣ ਕੇ 5 ਜੂਨ 2020 ਨੂੰ ਜਾਰੀ ਕੀਤੇ ਆਰਡੀਨੈਂਸਾਂ ਦੀ ਥਾਂ ਲਈ। ਪੰਜਾਬ ਦੇ ਕਿਸਾਨਾਂ ਨੇ ਆਰਡੀਨੈਂਸ ਜਾਰੀ ਹੋਣ ਦੇ ਨਾਲ ਹੀ ਇਨ੍ਹਾਂ ਆਰਡੀਨੈਂਸਾਂ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ ਪਰ ਇਨ੍ਹਾਂ ਦੇ ਕਾਨੂੰਨ ਬਣਨ ਨੇ ਕਿਸਾਨ ਅੰਦੋਲਨ ਹੋਰ ਭਖਾਇਆ। ਲੋਕਾਂ ਨੂੰ ਆਸ ਸੀ ਕਿ ਆਰਡੀਨੈਂਸਾਂ ਦੇ ਹੋ ਰਹੇ ਵਿਰੋਧ ਕਾਰਨ ਸਰਕਾਰ ਇਨ੍ਹਾਂ ਬਿੱਲਾਂ 'ਤੇ ਵਿਚਾਰ ਕਰਨ ਲਈ ਇਨ੍ਹਾਂ ਨੂੰ ਸੰਸਦ ਦੀ ਸਾਂਝੀ ਸਿਲੈਕਟ ਕਮੇਟੀ ਕੋਲ ਭੇਜੇਗੀ ਅਤੇ ਵੱਡੀ ਪੱਧਰ 'ਤੇ ਵਿਚਾਰ ਵਟਾਂਦਰਾ ਹੋਵੇਗਾ ਪਰ ਸਰਕਾਰ ਨੇ ਬਿੱਲ ਪਾਸ ਕਰਨ ਵਿਚ ਵੱਡੀ ਕਾਹਲੀ ਦਿਖਾਈ।

ਪੰਜਾਬ ਤੋਂ ਸ਼ੁਰੂ ਹੋਏ ਅੰਦੋਲਨ ਨੇ ਸਾਰੇ ਦੇਸ਼ ਦੇ ਕਿਸਾਨਾਂ ਨੂੰ ਜਾਗ੍ਰਿਤ ਕੀਤਾ। ਇਸ ਅੰਦੋਲਨ ਦਾ ਸ਼ੁਰੂ ਹੋਣਾ ਪੰਜਾਬ ਲਈ ਵੀ ਇਤਿਹਾਸਕ ਸੀ ਕਿਉਂਕਿ ਕਈ ਦਹਾਕਿਆਂ ਤੋਂ ਪੰਜਾਬ ਬੇਰੁਜ਼ਗਾਰੀ, ਨਸ਼ਿਆਂ ਦਾ ਫੈਲਾਉ, ਨੌਜਵਾਨਾਂ ਦਾ ਪਰਵਾਸ, ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਅਤੇ ਕਈ ਹੋਰ ਸਮੱਸਿਆਵਾਂ ਨਾਲ ਜੂਝ ਰਿਹਾ ਸੀ; ਲੋਕ ਸਿਆਸੀ ਪਾਰਟੀਆਂ, ਸਰਕਾਰਾਂ, ਜਥੇਬੰਦੀਆਂ ਅਤੇ ਸੰਸਥਾਵਾਂ ਤੋਂ ਉਦਾਸੀਨ ਹੋ ਚੁੱਕੇ ਸਨ। ਸੰਘਰਸ਼ ਨੇ ਜਿੱਥੇ ਕਿਸਾਨਾਂ ਨੂੰ ਉਰਜਿਤ ਕੀਤਾ, ਉੱਥੇ ਹੋਰ ਵਰਗਾਂ ਦੇ ਲੋਕਾਂ, ਨੌਜਵਾਨਾਂ, ਵਿਦਿਆਰਥੀਆਂ, ਚਿੰਤਕਾਂ, ਸਮਾਜਿਕ ਕਾਰਕੁਨਾਂ, ਵਿਦਵਾਨਾਂ, ਗਾਇਕਾਂ, ਰੰਗਕਰਮੀਆਂ, ਸਭ ਦੀ ਆਤਮਾ ਨੂੰ ਝੰਜੋੜਿਆ ਅਤੇ ਪੰਜਾਬ ਦੇ ਲੋਕ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਵਿਚ ਆਏ।

ਇਸ ਵਿਚ ਕਿਸਾਨ ਜਥੇਬੰਦੀਆਂ ਨੇ ਵਿਚਾਰਧਾਰਕ, ਜਥੇਬੰਦਕ ਅਤੇ ਨਿੱਜੀ ਵਖਰੇਵਿਆਂ ਨੂੰ ਭੁਲਾ ਕੇ ਸਾਂਝੀਵਾਲਤਾ ਦਾ ਅਜਿਹਾ ਜਲੌਅ ਲਗਾਇਆ ਜਿਸ ਦੀ ਰੋਸ਼ਨੀ ਸਾਰੇ ਸੰਸਾਰ ਵਿਚ ਫੈਲੀ।

ਇਹ ਅੰਦੋਲਨ ਆਪਣੇ ਆਗੂਆਂ ਦੀ ਅਗਵਾਈ ਵਿਚ ਲੋਕਾਂ ਦੇ ਵੇਗ ਅਤੇ ਸਮਰਪਣ ਨੂੰ ਸਮੇਟਦਾ ਹੋਇਆ ਅਜਿਹਾ ਮਹਾਂ ਦਰਿਆ ਬਣਿਆ ਜਿਸ ਵਿਚ ਲੋਕਾਂ ਨੇ ਆਪਸੀ ਮਤਭੇਦਾਂ ਨੂੰ ਭੁਲਾ ਦਿੱਤਾ। ਬਹੁਤ ਦੇਰ ਤੋਂ ਸਿਆਸੀ ਮਾਹਿਰਾਂ ਦਾ ਇਹ ਵਿਚਾਰ ਬਣ ਚੁੱਕਾ ਸੀ ਕਿ ਕੇਂਦਰ ਵਿਚ ਮੌਜੂਦਾ ਸੱਤਾਧਾਰੀ ਪਾਰਟੀ ਦੇ ਕਿਸੇ ਵੀ ਫੈਸਲੇ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਅਤੇ ਲੋਕ ਛੋਟੇ ਮੋਟੇ ਵਿਰੋਧ ਬਾਅਦ ਸਰਕਾਰ ਦੇ ਹਰ ਫੈਸਲੇ ਨੂੰ ਸਵੀਕਾਰ ਕਰ ਲੈਂਦੇ ਹਨ। ਅੰਦੋਲਨ ਨੇ ਦਿਖਾਇਆ ਕਿ ਕੇਂਦਰ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਕਿਸਾਨ ਆਗੂਆਂ ਨੇ ਵੱਡੀ ਸਿਆਣਪ ਇਸ ਗੱਲ ਵਿਚ ਦਿਖਾਈ ਕਿ ਅੰਦੋਲਨ ਨੂੰ ਸ਼ਾਂਤਮਈ ਲੀਹਾਂ 'ਤੇ ਚਲਾਇਆ ਗਿਆ ਅਤੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਅੰਦੋਲਨ ਤੋਂ ਲਾਂਭੇ ਰੱਖਿਆ ਗਿਆ। ਜੇਕਰ ਇਸ ਵਿਚ ਸਿਆਸੀ ਪਾਰਟੀਆਂ ਦਾ ਦਖ਼ਲ ਹੁੰਦਾ ਤਾਂ ਅੰਦੋਲਨ ਦਾ ਰੂਪ-ਸਰੂਪ ਉਹ ਨਹੀਂ ਸੀ ਹੋਣਾ ਜੋ ਹੁਣ ਹੈ। ਸਿਆਸੀ ਪਾਰਟੀਆਂ ਲੋਕ ਸੰਘਰਸ਼ਾਂ ਤੋਂ ਵੀ ਸਿਆਸੀ ਲਾਹਾ ਲੈਣ ਵਿਚ ਯਕੀਨ ਰੱਖਦੀਆਂ ਹਨ। ਕਿਸਾਨ ਅੰਦੋਲਨ ਨੇ ਖੇਤੀ ਕਾਨੂੰਨਾਂ ਵਿਰੁੱਧ ਪ੍ਰਬੁੱਧ ਬਿਰਤਾਂਤ ਸਿਰਜਿਆ ਹੈ ਪਰ ਸਿਆਸੀ ਪਾਰਟੀਆਂ ਉਸ ਬਿਰਤਾਂਤ ਦੇ ਆਧਾਰ 'ਤੇ ਅਜਿਹਾ ਮੰਚ ਨਹੀਂ ਬਣਾ ਸਕੀਆਂ ਜੋ ਕੇਂਦਰ ਵਿਚ ਸੱਤਾਧਾਰੀ ਪਾਰਟੀ ਨੂੰ ਟੱਕਰ ਦੇ ਸਕਦਾ। ਇਸ ਅੰਦੋਲਨ ਵਿਚ ਔਰਤਾਂ ਦੀ ਸ਼ਮੂਲੀਅਤ ਨੇ ਸੰਘਰਸ਼ ਨੂੰ ਨਵੀਂ ਨੁਹਾਰ ਦਿੱਤੀ ਹੈ। ਪੰਜਾਬ ਤੋਂ ਬਾਅਦ ਇਸ ਅੰਦੋਲਨ ਨੇ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਮਹਾਰਾਸ਼ਟਰ, ਤਾਮਿਲ ਨਾਡੂ ਅਤੇ ਕਈ ਹੋਰ ਸੂਬਿਆਂ ਦੇ ਕਿਸਾਨਾਂ ਨੂੰ ਵੀ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਅੰਦੋਲਨ ਨੇ ਕੇਂਦਰ ਸਰਕਾਰ ਅਤੇ ਸਿਆਸੀ ਜਮਾਤ ਦੇ ਵੱਡੇ ਹਿੱਸੇ ਦੇ ਕਾਰਪੋਰੇਟ ਪੱਖੀ ਬਿਰਤਾਂਤ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ ਹਨ।

ਖੇਤੀ ਕਾਨੂੰਨਾਂ ਖਿਲਾਫ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ ਵਿਚ ਜਾਰੀ ਧਰਨਿਆਂ ਦੌਰਾਨ ਜਥੇਬੰਦੀਆਂ ਦੀ ਏਕਤਾ ਦੀ ਵਰ੍ਹੇਗੰਢ ਮਨਾਈ ਗਈ। ਆਗੂਆਂ ਨੇ ਕਿਹਾ ਕਿ ਸੂਬੇ ਤੋਂ ਸ਼ੁਰੂ ਹੋਏ ਸਾਂਝੇ ਸੰਘਰਸ਼ ਨੇ ਦੇਸ਼ ਵਿਆਪੀ ਕਿਸਾਨ ਅੰਦੋਲਨ ਨੂੰ ਨਵੀਂ ਸੇਧ ਦਿੱਤੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਜਗਮੋਹਨ ਸਿੰਘ ਪਟਿਆਲਾ ਅਤੇ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਪਿਛਲੇ ਵਰ੍ਹੇ 19 ਸਤੰਬਰ, 2020 ਨੂੰ ਮੋਗਾ ਵਿਚ ਹੋਈ ਮੀਟਿੰਗ ਦੌਰਾਨ ਪੰਜਾਬ ਦੀਆਂ 32 ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਖਿਲਾਫ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਇਹ ਇਕ ਇਤਿਹਾਸਕ ਕਦਮ ਸੀ, ਜਿਸ ਦੇ ਸਾਰਥਿਕ ਨਤੀਜੇ ਨਿਕਲੇ। ਉਨ੍ਹਾਂ ਕਿਹਾ ਕਿ 500 ਕਿਸਾਨ ਜਥੇਬੰਦੀਆਂ ਦੀ ਅਗਵਾਈ ਵਾਲੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਿਛਲੇ ਸਾਢੇ 9 ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਮੋਰਚੇ ਜਾਰੀ ਹਨ।

## ਕਾਨੂੰਨ ਵਾਪਸੀ ਤੱਕ ਜਾਰੀ ਰਹੇਗਾ ਅੰਦੋਲਨ: ਟਿਕੈਤ

**ਸ਼ਾਹਜਹਾਂਪੁਰ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਦਿੱਲੀ ਦੀਆਂ ਹੱਦਾਂ ਉਤੇ ਉਦੋਂ ਤੱਕ ਸੰਘਰਸ਼ ਕਰਦੇ ਰਹਿਣਗੇ ਜਦ ਤੱਕ ਵਿਵਾਦਤ ਤਿੰਨੇ ਖੇਤੀ ਕਾਨੂੰਨ ਵਾਪਸ ਨਹੀਂ ਲੈ ਲਏ ਜਾਂਦੇ। ਟਿਕੈਤ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਤੇ ਕਾਰਪੋਰੇਟ ਘਰਾਣੇ ਮਿਲੀਭੁਗਤ ਕਰ ਕੇ ਕਿਸਾਨਾਂ ਦੀ ਮਿਹਨਤ 'ਖੋਹਣਾ' ਚਾਹੁੰਦੇ ਹਨ। ਟਿਕੈਤ ਨੇ ਕਿਹਾ ਕਿ ਕਿਸਾਨਾਂ ਨੂੰ ਹੁਣ ਆਪਣੇ ਹੱਕਾਂ ਦਾ ਪਤਾ ਹੈ। ਬੀ.ਕੇ.ਯੂ. (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਇਸ ਮੌਕੇ ਕਿਸਾਨ ਅੰਦੋਲਨ ਨੂੰ 'ਧਰਮ ਯੁੱਧ' ਕਰਾਰ ਦਿੱਤਾ ਜੋ ਕਿ ਅੰਨਦਾਤਾ ਦੇ ਹੱਕਾਂ ਦੀ ਰਾਖੀ ਲਈ ਲੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੰਤਵ ਕਿਸਾਨਾਂ ਨੂੰ ਗੁਲਾਮ ਬਣਾਉਣਾ ਹੈ ਜੋ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਖੇਤੀ ਕਾਨੂੰਨ ਵਾਪਸ ਲਏ ਜਾਣ: ਮਮਤਾ

**ਕੋਲਕਾਤਾ:** ਮੁੱਖ ਮੰਤਰੀ ਮਮਤਾ ਬੈਨਰਜੀ ਨੇ ਜ਼ਿਮਨੀ ਚੋਣ ਹਲਕੇ ਭਬਾਨੀਪੁਰ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕਿਸਾਨੀ ਅੰਦੋਲਨ ਦਾ ਸਮਰਥਨ ਕੀਤਾ ਹੈ। ਉਨ੍ਹਾਂ ਇਸ ਮੌਕੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਦੁਹਰਾਈ। ਮੁੱਖ ਮੰਤਰੀ ਮਮਤਾ ਬੈਨਰਜੀ ਆਪਣੇ ਅਹੁਦੇ 'ਤੇ ਬਣੇ ਰਹਿਣ ਲਈ 30 ਸਤੰਬਰ ਦੀ ਜ਼ਿਮਨੀ ਚੋਣ ਲੜ ਰਹੇ ਹਨ। ਉਹ ਅਚਨਚੇਤ ਇਲਾਕੇ ਵਿਚ ਸਥਿਤ ਗੁਰਦੁਆਰੇ ਵਿਚ ਪੁੱਜੇ ਤੇ ਮੱਥਾ ਟੇਕਿਆ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ,'ਮੇਰੀ ਸਿੱਖ ਭਾਈਚਾਰੇ ਦੇ ਭਰਾਵਾਂ ਅਤੇ ਭੈਣਾਂ ਨਾਲ ਖਾਸ ਅਪਣੱਤ ਹੈ। ਮੇਰੇ ਪਰਿਵਾਰ ਦੇ ਮੈਂਬਰ ਵੀ ਇਥੇ ਅਕਸਰ ਮੱਥਾ ਟੇਕਣ ਲਈ ਆਉਂਦੇ ਹਨ। ਮੈਂ ਪਹਿਲਾਂ ਹੀ ਕਿਸਾਨਾਂ ਦੇ ਅੰਦੋਲਨ ਨੂੰ ਆਪਣਾ ਸਮਰਥਨ ਦੇ ਚੁੱਕੀ ਹਾਂ।"

## ਨਵੇਂ ਕਿਰਤ ਕਾਨੂੰਨਾਂ ਦੇ ਜਲਦੀ ਲਾਗੂ ਹੋਣ ਦੀ ਸੰਭਾਵਨਾ ਨਹੀਂ

**ਨਵੀਂ ਦਿੱਲੀ:** ਲੇਬਰ ਕੋਡ ਲਾਗੂ ਕਰਨ ਵਿਚ ਦੇਰੀ ਹੋ ਸਕਦੀ ਹੈ ਕਿਉਂਕਿ ਨਿਯਮਾਂ ਦਾ ਖਰੜਾ ਤਿਆਰ ਕਰਨ ਦੀ ਰਫਤਾਰ ਹੌਲੀ ਹੈ ਤੇ ਕਈ ਰਾਜ ਵੀ ਇਨ੍ਹਾਂ ਨੂੰ ਪੂਰਾ ਕਰਨ ਵਿਚ ਫੁਰਤੀ ਨਹੀਂ ਦਿਖਾ ਰਹੇ। ਸੂਤਰਾਂ ਮੁਤਾਬਕ ਕਈ ਸਿਆਸੀ ਕਾਰਨ ਵੀ ਹਨ ਜਿਨ੍ਹਾਂ ਕਰ ਕੇ ਦੇਰੀ ਹੋ ਰਹੀ ਹੈ।

ਇਕ ਵਾਰ ਜੇ ਇਹ ਕੋਡ (ਕਾਨੂੰਨ) ਲਾਗੂ ਹੋ ਜਾਂਦੇ ਹਨ ਤਾਂ ਮੁਲਾਜ਼ਮ ਪਹਿਲਾਂ ਨਾਲੋਂ ਘੱਟ ਤਨਖਾਹ ਘਰ ਲਿਜਾ ਸਕਣਗੇ ਤੇ ਫਰਮਾਂ ਨੂੰ ਪੀ.ਐਫ. ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵੱਧ ਚੁੱਕਣੀ ਪਏਗੀ। ਸੂਤਰਾਂ ਦਾ ਕਹਿਣਾ ਹੈ ਕਿ ਯੂਪੀ ਚੋਣਾਂ ਦੇ ਮੱਦੇਨਜ਼ਰ ਵੀ ਕਿਰਤ ਕੋਡ ਲਾਗੂ ਕਰਨ ਵਿਚ ਦੇਰੀ ਕੀਤੀ ਜਾ ਰਹੀ ਹੈ ਜੋ ਕਿ ਫਰਵਰੀ 2022 ਵਿਚ ਹੋਣੀਆਂ ਹਨ। ਚਾਰ ਕੋਡ ਸੰਸਦ ਵੱਲੋਂ ਪਾਸ ਕੀਤੇ ਜਾ ਚੁੱਕੇ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਲਈ, ਇਨ੍ਹਾਂ ਤਹਿਤ ਬਣਾਏ ਜਾਣ ਵਾਲੇ ਨਿਯਮ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਨੋਟੀਫਾਈ ਕੀਤੇ ਜਾਣੇ ਹਨ। ਸੂਤਰਾਂ ਮੁਤਾਬਕ ਕਿਰਤ ਕੋਡ ਇਸ ਵਿੱਤੀ ਵਰ੍ਹੇ ਵਿਚ ਲਾਗੂ ਹੋਣ ਦੀ ਸੰਭਾਵਨਾ ਨਹੀਂ ਹੈ। 'ਵੇਜ ਕੋਡ' ਦੇ ਇਕ ਵਾਰ ਲਾਗੂ ਹੋਣ ਨਾਲ ਮੁੱਢਲੀ ਤਨਖਾਹ ਵਿਚ ਵੱਡੀਆਂ ਤਬਦੀਲੀਆਂ ਆਉਣਗੀਆਂ। ਇਸ ਦੇ ਨਾਲ ਹੀ ਪੀ.ਐਫ. ਦੀ ਗਿਣਤੀ-ਮਿਣਤੀ ਵੀ ਬਦਲ ਜਾਵੇਗੀ।

# ਜਥੇਬੰਦੀਆਂ ਵੱਲੋਂ ਕੇਂਦਰ ਦੀਆਂ ਚੂਲਾਂ ਹਿਲਾਉਣ ਲਈ 'ਭਾਰਤ ਬੰਦ' ਸਫਲ ਬਣਾਉਣ ਦਾ ਸੱਦਾ

**ਮੁਹਾਲੀ:** ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਮੁਹਾਲੀ ਵਿਚ ਕਿਸਾਨ ਮਹਾਂਪੰਚਾਇਤ ਕੀਤੀ ਗਈ ਜਿਸ ਵਿਚ ਪੰਜਾਬ ਸਮੇਤ ਹਰਿਆਣਾ ਅਤੇ ਹੋਰ ਨੇੜਲੇ ਇਲਾਕਿਆਂ ਦੇ ਕਿਸਾਨਾਂ ਸਣੇ ਔਰਤਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।

ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਸਾਨੀ ਸੰਘਰਸ਼ ਵਿਚ ਕਿਸਾਨਾਂ, ਬੀਬੀਆਂ ਅਤੇ ਨੌਜਵਾਨਾਂ ਦੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਚੂਲਾਂ ਹਿਲਾਉਣ ਲਈ 27 ਸਤੰਬਰ ਦੇ ਭਾਰਤ ਬੰਦ ਨੂੰ ਸਫਲ ਬਣਾਇਆ ਜਾਵੇ ਅਤੇ ਇਸ ਸਬੰਧੀ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ, ਕਿਸਾਨਾਂ ਤੇ ਆਮ ਲੋਕਾਂ ਸਮੇਤ ਵਪਾਰੀ ਵਰਗ, ਛੋਟੇ ਕਾਰੋਬਾਰੀਆਂ ਨੂੰ ਲਾਮਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਅੱਧੀ ਤੋਂ ਵੱਧ ਲੜਾਈ ਜਿੱਤ ਲਈ ਹੈ ਅਤੇ ਕਿਸਾਨ ਤਿੰਨੋਂ ਕਾਨੂੰਨ ਰੱਦ ਕਰਵਾ ਕੇ ਹੀ ਘਰਾਂ ਨੂੰ ਮੁੜਨਗੇ। ਸੋਨੀਆ ਮਾਨ ਨੇ ਕਿਹਾ ਕਿ ਕਿਸਾਨ ਅੰਦੋਲਨ ਨੇ ਪੂਰੇ ਸੰਸਾਰ ਨੂੰ ਨਵੀਂ ਸੇਧ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਸਫਲਤਾ ਵਿਚ ਬੀਬੀਆਂ ਦਾ ਅਹਿਮ ਰੋਲ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਬੀਬੀਆਂ ਆਪਣੀ ਨੈਤਿਕ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਣਗੀਆਂ। ਹਰਮਨਪ੍ਰੀਤ ਕੌਰ ਵਿਰਕ ਨੇ ਕਿਹਾ ਕਿ ਬੀਬੀਆਂ ਦਾ ਘਰਾਂ 'ਚੋਂ ਬਾਹਰ ਨਿਕਲ ਕੇ ਧਰਨਿਆਂ 'ਤੇ ਬੈਠਣਾ ਨਵੇਂ ਇਨਕਲਾਬ ਦੀ ਸ਼ੁਰੂਆਤ ਹੈ। ਉਨ੍ਹਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ ਜਦੋਂ ਵੀ ਕੇਂਦਰ ਸਰਕਾਰ ਨਾਲ ਮੀਟਿੰਗ ਕਰਨ ਜਾਣ ਤਾਂ ਵਫਦ ਵਿਚ ਘੱਟੋ-ਘੱਟ 5-7 ਬੀਬੀਆਂ ਵੀ ਜ਼ਰੂਰ ਸ਼ਾਮਲ ਕੀਤੀਆਂ ਜਾਣ। ਕਿਉਂਕਿ ਪਿੰਡਾਂ ਵਿਚ ਸਿਆਸੀ ਆਗੂਆਂ ਨੂੰ ਬੀਬੀਆਂ ਸਾਫ ਦਿਲ ਨਾਲ ਸਵਾਲ ਪੁੱਛਦੀਆਂ ਹਨ।

ਬੁਲਾਰਿਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਇਹ ਸਿਰਫ ਕਿਸਾਨਾਂ ਦੀ ਲੜਾਈ ਨਹੀਂ ਹੈ ਬਲਕਿ ਦੇਸ਼ ਦੇ ਹਰ ਨਾਗਰਿਕ ਨੂੰ ਕਿਸਾਨ ਅੰਦੋਲਨ ਦਾ ਹਿੱਸਾ ਬਣਨ ਦੀ ਲੋੜ ਹੈ। ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਜ਼ਿੱਦ ਛੱਡ ਕੇ ਕਿਸਾਨ ਵਿਰੋਧੀ ਕਾਲੇ ਖੇਤੀ ਕਾਨੂੰਨ ਤੁਰਤ ਰੱਦ ਕਰਨੇ ਚਾਹੀਦੇ ਹਨ ਅਤੇ ਭਾਜਪਾ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਇਤਿਹਾਸ ਗਵਾਹ ਹੈ ਕਿ ਕਿਸਾਨਾਂ ਨਾਲ ਵਿਗਾੜ ਕੇ ਕੋਈ ਵੀ ਸਿਆਸੀ ਧਿਰ ਕਾਮਯਾਬ ਨਹੀਂ ਹੋਈ ਅਤੇ ਨਾ ਹੀ ਹੋ ਸਕਦੀ ਹੈ। ਕਿਸਾਨ ਅੰਦੋਲਨ ਜਿੰਨਾ ਲੰਮਾ ਚੱਲੇਗਾ, ਭਾਜਪਾ ਨੂੰ ਇਸ ਦਾ ਉਨਾ ਹੀ ਵੱਧ ਨੁਕਸਾਨ ਝੱਲਣਾ ਪਵੇਗਾ।

## 'ਸੜਕਾਂ ਕਿਸਾਨਾਂ ਨੇ ਨਹੀਂ, ਦਿੱਲੀ ਪੁਲਿਸ ਨੇ ਰੋਕੀਆਂ'

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਆਗੂ ਸੋਨੀਪਤ ਪ੍ਰਸ਼ਾਸਨ ਵੱਲੋਂ ਕਿਸਾਨ ਮੋਰਚਿਆਂ ਕਰਕੇ ਬੰਦ ਪਈ ਸੜਕਾਂ ਨੂੰ ਖੋਲ੍ਹਣ ਲਈ ਮੁਰਥਲ ਵਿਚ ਰੱਖੀ ਮੀਟਿੰਗ 'ਚ ਸ਼ਾਮਲ ਨਹੀਂ ਹੋਏ। ਕਿਸਾਨ ਆਗੂਆਂ ਨੇ ਤਰਕ ਦਿੱਤਾ ਕਿ ਸੜਕਾਂ ਕਿਸਾਨਾਂ ਨੇ ਨਹੀਂ ਸਗੋਂ ਦਿੱਲੀ ਪੁਲਿਸ ਨੇ ਆਵਾਜਾਈ ਲਈ ਰੋਕੀਆਂ ਹੋਈਆਂ ਹਨ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਤਰਕ ਦਿੱਤਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਗਲਤ ਅਰਥਾਂ ਵਿਚ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਦੇ ਅੰਦੋਲਨ ਨੂੰ ਤਜਵੀਜ਼ਤ ਮੀਟਿੰਗ ਵਿਚ ਖਿੱਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 23 ਅਗਸਤ ਦੇ ਆਪਣੇ ਹੁਕਮਾਂ ਵਿਚ ਭਾਰਤ ਦੇ ਸੌਲੀਸਿਟਰ ਜਨਰਲ ਨੂੰ ਕਿਹਾ ਹੈ ਕਿ ਇਸ ਸਮੱਸਿਆ ਦਾ ਹੱਲ ਕੇਂਦਰ ਅਤੇ ਸਬੰਧਤ ਰਾਜ ਸਰਕਾਰਾਂ ਦੇ ਹੱਥ ਵਿਚ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਪੂਰੀਆਂ ਨਾ ਕਰਨ 'ਤੇ ਅੜੀ ਹੋਈ ਹੈ ਤੇ ਇਸ ਸਾਲ 22 ਜਨਵਰੀ ਮਗਰੋਂ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਕੋਈ ਗੱਲਬਾਤ ਨਹੀਂ ਕੀਤੀ।

## ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਨੂੰ ਕਰਜ਼ਾ ਰਾਹਤ ਦੇ ਚੈਕ ਵੰਡੇ

**ਬਲਾਚੌਰ:** ਪੰਜਾਬ ਸਰਕਾਰ ਵੱਲੋਂ ਬੇਜ਼ਮੀਨੇ ਕਿਸਾਨਾਂ ਤੇ ਖੇਤ ਕਾਮਿਆਂ ਨੂੰ ਸਹਿਕਾਰੀ ਸਭਾਵਾਂ ਸਬੰਧੀ ਕਰਜ਼ਾ ਰਾਹਤ ਦੇਣ ਦੀ ਸਹੂਲਤ ਤਹਿਤ ਹਲਕਾ ਬਲਾਚੌਰ ਦੀਆਂ ਦਿਆਲਾ, ਫਿਰਨੀ ਮਜਾਰਾ ਅਤੇ ਰੱਕੜਾ ਬੇਟ ਸੁਸਾਇਟੀਆਂ ਦੇ 779 ਲਾਭਪਾਤਰੀਆਂ ਨੂੰ ਕਰੀਬ 1.55 ਕਰੋੜ ਰੁਪਏ ਦੇ ਚੈੱਕ ਵੰਡੇ ਗਏ। ਇਨ੍ਹਾਂ ਵਿਚ ਦਿਆਲਾ ਸੁਸਾਇਟੀ ਦੇ 262 ਲਾਭਪਾਤਰੀਆਂ ਨੂੰ 46,42,409, ਫਿਰਨੀ ਮਜਾਰਾ ਸੁਸਾਇਟੀ ਦੇ 247 ਲਾਭਪਾਤਰੀਆਂ ਨੂੰ 46,47,120 ਅਤੇ ਰੱਕੜਾ ਬੇਟ ਦੇ 270 ਲਾਭਪਾਤਰੀਆਂ ਨੂੰ 61,79,599 ਰੁਪਏ ਦੇ ਚੈੱਕ ਮਿਲੇ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਮੰਗੂਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਦੇ ਕਰੀਬ 2.85 ਲੱਖ ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਕਰਜ਼ਾ ਰਾਹਤ ਦਿੱਤੀ ਗਈ ਹੈ, ਜਿਸ ਨਾਲ ਇਸ ਵਰਗ ਨੂੰ ਰਾਹਤ ਮਿਲੇਗੀ।

ਸਹਿਕਾਰੀ ਬੈਂਕ ਸ਼ਾਹਕੋਟ ਅਧੀਨ ਆਉਂਦੀ ਕੋਆਪਰੇਟਿਵ ਸੁਸਾਇਟੀ ਸ਼ਾਹਕੋਟ, ਸੈਦਪੁਰ ਝਿੜੀ, ਢੰਡੋਵਾਲ, ਭੁੱਲਰ, ਬਾਜਵਾ ਕਲਾਂ ਅਤੇ ਬਾਹਮਣੀਆਂ ਦੇ 910 ਬੇਜ਼ਮੀਨੇ ਖੇਤ ਮਜ਼ਦੂਰ ਲਾਭਪਾਤਰੀਆਂ ਨੂੰ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕਰੀਬ 1.70 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਦੇ ਚੈੱਕ ਤਕਸੀਮ ਕੀਤੇ।

# ਕਾਂਗਰਸ ਨੂੰ 10 ਸਾਲ ਬਾਅਦ ਸੱਤਾ ਦਿਵਾਉਣ ਵਾਲੇ ਕੈਪਟਨ...

ਚੰਡੀਗੜ੍ਹ: ਕਾਂਗਰਸ ਦੇ ਸਭ ਤੋਂ ਮਜ਼ਬੂਤ ਖੇਤਰੀ ਸਰਪ੍ਰਸਤਾਂ 'ਚੋਂ ਇਕ ਅਮਰਿੰਦਰ ਸਿੰਘ (79) ਉਹ ਨੇਤਾ ਹਨ, ਜਿਨ੍ਹਾਂ ਨੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਤੇ ਆਮ ਆਦਮੀ ਪਾਰਟੀ (ਆਪ) ਦੇ ਦਿੱਲੀ ਤੋਂ ਬਾਹਰ ਵਿਸਥਾਰ ਦੇ ਸੁਪਨੇ ਨੂੰ ਚਕਨਾਚੂਰ ਕਰਦਿਆਂ ਕਾਂਗਰਸ ਦੀ ਪੰਜਾਬ ਦੀ ਸੱਤਾ 'ਚ ਵਾਪਸੀ ਕਰਵਾਉਂਦਿਆਂ ਸ਼ਾਨਦਾਰ ਜਿੱਤ ਦਿਵਾਈ ਸੀ।

ਕੈਪਟਨ ਅਮਰਿੰਦਰ ਸਿੰਘ 117 ਮੈਂਬਰੀ ਵਿਧਾਨ ਸਭਾ 'ਚੋਂ 77 ਸੀਟਾਂ ਉਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਜਿਤਾ ਕੇ ਸੂਬੇ ਦੇ ਦੂਜੀ ਵਾਰ ਮੁੱਖ ਮੰਤਰੀ ਬਣੇ ਸਨ। ਇਸ ਤੋਂ ਪਹਿਲਾਂ ਉਹ 2002 ਤੋਂ 2007 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ ਸਨ। ਪੰਜਾਬ 'ਚ 10 ਸਾਲਾਂ ਬਾਅਦ ਪਾਰਟੀ ਦੀ ਹੋਈ ਜਿੱਤ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ 'ਚ ਨਵੀਂ ਰੂਹ ਫੂਕਣ ਦਾ ਕੰਮ ਕੀਤਾ ਸੀ, ਜਦੋਂਕਿ ਕੈਪਟਨ ਅਮਰਿੰਦਰ ਸਿੰਘ ਦੇਸ਼ ਦੇ



ਉਨ੍ਹਾਂ ਗਿਣੇ-ਚੁਣੇ ਨੇਤਾਵਾਂ 'ਚੋਂ ਵੀ ਇਕ ਸਨ, ਜਿਨ੍ਹਾਂ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਦੇ ਜੇਤੂ ਰੱਥ ਨੂੰ ਰੋਕਣ ਦਾ ਕਾਰਨਾਮਾ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਫੌਜ 'ਚ ਆਪਣੇ ਛੋਟੇ ਜਿਹੇ ਕੈਰੀਅਰ ਦੌਰਾਨ 1965 ਦੀ ਜੰਗ ਵੀ ਲੜੀ। ਪਟਿਆਲਾ ਦੇ ਮਰਹੂਮ ਮਹਾਰਾਜਾ ਯਾਦਵਿੰਦਰ ਸਿੰਘ ਦੇ ਪੁੱਤਰ ਅਮਰਿੰਦਰ ਸਿੰਘ ਨੇ ਆਪਣੀ ਮੁਢਲੀ ਪੜ੍ਹਾਈ ਲਾਰੈਂਸ ਸਕੂਲ, ਸਨਾਵਰ ਤੇ ਦੂਨ ਸਕੂਲ ਦੇਹਰਾਦੂਨ ਤੋਂ ਕੀਤੀ, ਜਦੋਂਕਿ ਨੈਸ਼ਨਲ ਡਿਫੈਂਸ ਅਕੈਡਮੀ, ਖੜਗਵਾਸਲਾ ਤੋਂ 1963 'ਚ ਗ੍ਰੈਜੂਏਟ ਉਪਰੰਤ ਭਾਰਤੀ ਫੌਜ 'ਚ ਕਮਿਸ਼ਨ ਹਾਸਲ ਕਰਕੇ ਦੂਜੀ ਬੀਐਨ. ਸਿੱਖ ਰੈਜੀਮੈਂਟ (ਆਪ ਦੇ ਦਾਦੇ ਤੇ ਪਿਤਾ ਨੇ ਵੀ ਇਸੇ ਬਟਾਲੀਅਨ 'ਚ ਸੇਵਾ ਨਿਭਾਈਆਂ ਸਨ) ਵਿਚ ਤਾਇਨਾਤ ਹੋਏ। ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਰੀਬੀ ਮਿੱਤਰ ਮੰਨੇ ਜਾਣ ਵਾਲੇ ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ ਜੀਵਨ ਜਨਵਰੀ 1980 'ਚ ਉਦੋਂ ਸ਼ੁਰੂ ਹੋਇਆ, ਜਦੋਂ ਉਹ ਸੰਸਦ ਮੈਂਬਰ ਚੁਣੇ ਗਏ ਪਰ 1984 'ਚ ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ 'ਚ ਫੌਜ ਦੇ ਦਾਖਲੇ ਦੇ ਵਿਰੋਧ 'ਚ ਉਨ੍ਹਾਂ ਨੇ ਕਾਂਗਰਸ ਤੇ ਲੋਕ ਸਭਾ ਦੀ ਸੀਟ ਤੋਂ ਅਸਤੀਫਾ ਦੇ ਦਿੱਤਾ।

ਅਗਸਤ 1985 'ਚ ਅਕਾਲੀ ਦਲ 'ਚ ਸ਼ਾਮਲ ਹੋਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ 1995 ਦੀਆਂ ਚੋਣਾਂ 'ਚ ਅਕਾਲੀ ਦਲ (ਲੌਂਗੋਵਾਲ) ਦੀ ਟਿਕਟ ਉਤੇ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਮੁੱਖ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ (2002-07) ਦੌਰਾਨ, 2004 'ਚ ਕੈਪਟਨ ਨੇ ਦਲੇਰਾਨਾ ਫੈਸਲਾ ਲੈਂਦਿਆਂ ਗੁਆਂਢੀ ਰਾਜਾਂ ਨਾਲ ਪੰਜਾਬ ਦੇ ਪਾਣੀਆਂ ਦੀ ਵੰਡ ਦੇ ਸਮਝੌਤੇ ਨੂੰ ਰੱਦ ਕਰਨ ਦਾ ਕਾਨੂੰਨ ਪਾਸ ਕੀਤਾ ਸੀ, ਜਦੋਂਕਿ ਪਿਛਲੇ ਸਾਲ ਉਨ੍ਹਾਂ ਦੀ ਸਰਕਾਰ ਨੇ ਸੰਸਦ ਵਲੋਂ ਬਣਾਏ ਗਏ ਖੇਤੀ ਕਾਨੂੰਨਾਂ ਦਾ ਮੁਕਾਬਲਾ ਕਰਨ ਲਈ ਚਾਰ ਬਿੱਲ ਲਿਆਂਦੇ, ਜੋ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ। ਆਪਣੇ ਦੂਜੇ ਕਾਰਜਕਾਲ ਦੌਰਾਨ ਉਨ੍ਹਾਂ ਦੀ ਸਰਕਾਰ ਨੇ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਲਈ ਖੇਤੀ ਕਰਜ਼ਾ ਮੁਆਫੀ ਸਕੀਮ ਅਧੀਨ ਕਰੋੜਾਂ ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਵੀ ਐਲਾਨ ਕੀਤਾ। ਕੈਪਟਨ ਨੇ 2014 ਦੀ ਲੋਕ ਸਭਾ ਦੀ ਚੋਣ ਅੰਮ੍ਰਿਤਸਰ ਤੋਂ ਲੜੀ ਤੇ ਭਾਜਪਾ ਦੇ ਅਰੁਣ ਜੇਤਲੀ ਨੂੰ ਇਕ ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ।

ਕੈਪਟਨ ਨੇ 15ਵੀਂ ਪੰਜਾਬ ਵਿਧਾਨ ਸਭਾ ਦੇ ਮੁੱਖ ਮੰਤਰੀ ਵਜੋਂ 16 ਮਾਰਚ 2017 ਨੂੰ ਸਹੁੰ ਚੁੱਕੀ ਸੀ। 18 ਸਤੰਬਰ, 2021 ਨੂੰ ਅਸਤੀਫਾ ਦੇਣ ਤੱਕ ਉਨ੍ਹਾਂ ਨੇ ਇਸ ਅਹੁਦੇ 'ਤੇ 4 ਸਾਲ 6 ਮਹੀਨੇ ਤੇ 28 ਦਿਨ ਕਾਰਜ ਕੀਤਾ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦੇਸ਼ ਦੀਆਂ 13 ਹਾਈ ਕੋਰਟਾਂ ਨੂੰ ਮਿਲਣਗੇ ਨਵੇਂ ਚੀਫ ਜਸਟਿਸ

**ਨਵੀਂ ਦਿੱਲੀ:** ਦੇਸ ਦੀਆਂ 13 ਹਾਈ ਕੋਰਟਾਂ ਨੂੰ ਨਵੇਂ ਚੀਫ ਜਸਟਿਸ ਮਿਲਣਗੇ ਕਿਉਂਕਿ ਚੀਫ ਜਸਟਿਸ ਐਨਵੀ ਰਾਮੰਨਾ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਕੌਲਿਜੀਅਮ ਨੇ ਕੇਂਦਰ ਨੂੰ ਤਰੱਕੀ ਲਈ ਅੱਠ ਨਾਵਾਂ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ਵਿਚ ਕਲਕੱਤਾ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜਸਟਿਸ ਰਾਜੇਸ਼ ਬਿੰਦਲ ਦਾ ਨਾਮ ਸ਼ਾਮਲ ਹੈ। ਕੌਲਿਜੀਅਮ ਨੇ ਪੰਜ ਮੁੱਖ ਜੱਜਾਂ ਨੂੰ ਵੱਖ-ਵੱਖ ਹਾਈ ਕੋਰਟਾਂ ਵਿਚ ਤਬਦੀਲ ਕਰਨ ਦੀ ਵੀ ਸਿਫਾਰਸ਼ ਕੀਤੀ ਹੈ।

## ਬੰਗਾਲ ਵਿਚ ਰਾਜ ਸਭਾ ਚੋਣ ਲੜਨ ਤੋਂ ਪਿੱਛੇ ਹਟੀ ਭਾਜਪਾ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਵਿਰੋਧੀ ਧਿਰ ਭਾਜਪਾ ਨੇ ਕਿਹਾ ਕਿ ਪਾਰਟੀ ਰਾਜ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਖੜ੍ਹਾ ਨਹੀਂ ਕਰੇਗੀ। ਇਸ ਤਰ੍ਹਾਂ ਟੀ.ਐਮ.ਸੀ. ਦੀ ਉਮੀਦਵਾਰ ਸੁਸ਼ਮਿਤਾ ਦੇਵ ਦੇ ਬਿਨਾਂ ਵਿਰੋਧ ਚੁਣੇ ਜਾਣ ਦੇ ਪੂਰੇ ਆਸਾਰ ਬਣ ਗਏ ਹਨ। ਰਾਜ ਸਭਾ ਸੀਟ ਲਈ ਜ਼ਿਮਨੀ ਚੋਣ ਚਾਰ ਅਕਤੂਬਰ ਨੂੰ ਹੋਣੀ ਹੈ। ਜ਼ਿਕਰਯੋਗ ਹੈ ਕਿ ਦੇਵ ਹਾਲ ਹੀ ਵਿਚ ਕਾਂਗਰਸ ਛੱਡ ਕੇ ਟੀ.ਐਮ.ਸੀ. ਵਿਚ ਸ਼ਾਮਲ ਹੋਈ ਸੀ। ਸੁਸ਼ਮਿਤਾ ਦੇਵ ਅਸਾਮ ਦੇ ਉਘੇ ਕਾਂਗਰਸ ਆਗੂ ਸੰਤੋਸ਼ ਮੋਹਨ ਦੇਵ ਦੀ ਧੀ ਹੈ। ਉਹ ਕਾਂਗਰਸ ਦੇ ਮਹਿਲਾ ਵਿੰਗ ਦੀ ਪ੍ਰਧਾਨ ਵੀ ਰਹੀ ਹੈ। ਜ਼ਿਕਰਯੋਗ ਹੈ ਕਿ ਤ੍ਰਿਣਮੂਲ ਕਾਂਗਰਸ ਦੇ ਮਾਨਸ ਭੂਨੀਆ ਰਾਜ ਸਭਾ ਮੈਂਬਰ ਸਨ ਤੇ ਉਨ੍ਹਾਂ ਵਿਧਾਨ ਸਭਾ ਚੋਣ ਲੜੀ ਸੀ। ਭੂਨੀਆ ਦੇ ਵਿਧਾਇਕ ਚੁਣੇ ਜਾਣ ਕਾਰਨ ਰਾਜ ਸਭਾ ਸੀਟ ਖਾਲੀ ਹੋ ਗਈ ਸੀ।

# ਕਿਸਾਨ ਜਥੇਬੰਦੀਆਂ ਵੱਲੋਂ ਸਿਆਸੀ ਧਿਰਾਂ ਨੂੰ ਕੁਰਸੀ ਦੀ ਖੇਡ 'ਚ ਨਾ ਉਲਝਣ ਦੀ ਅਪੀਲ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਚੱਲ ਰਹੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨਾਂ ਨੇ ਸਿਆਸੀ ਧਿਰਾਂ ਨੂੰ ਕੁਰਸੀ ਦੀ ਖੇਡ ਵਿਚ ਉਲਝਣ ਦੀ ਥਾਂ ਖੇਤੀ ਕਾਨੂੰਨਾਂ ਦੀ ਵਾਪਸੀ ਵੱਲ ਸਿਆਸਤ ਸੇਧਣ ਅਤੇ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਦਾ ਸੱਦਾ ਦਿੱਤਾ।

ਪੰਜਾਬ ਭਰ 'ਚ ਟੌਲ-ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਦਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਪੰਜਾਬ ਵਿਚ ਮੁੱਖ ਮੰਤਰੀ ਦੀ ਕੁਰਸੀ ਲਈ ਚੱਲ ਰਹੇ ਕਾਟੋ-ਕਲੇਸ਼ ਬਾਰੇ ਕਿਸਾਨ ਮੋਰਚੇ ਦਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਕਿਸਾਨ ਅੰਦੋਲਨ ਦਾ ਇਸ ਕੁਰਸੀ-ਖੇਡ ਨਾਲ ਕੋਈ ਲਾਗਾ-ਦੇਗਾ ਨਹੀਂ ਅਤੇ ਨਾ ਹੀ ਇਨ੍ਹਾਂ ਵੋਟ-ਵਟੋਰੂ ਸਿਆਸੀ ਪਾਰਟੀਆਂ ਦਾ ਲੋਕ ਮੁੱਦਿਆਂ ਨਾਲ ਕੋਈ ਸਰੋਕਾਰ ਹੈ।

ਇਹ ਸਾਰਾ ਰੌਲਾ-ਰੱਪਾ ਲੋਕਾਂ ਦੇ ਨੱਕੋਂ-ਬੁੱਲੋਂ ਲਹਿ ਚੁੱਕੇ ਚਿਹਰਿਆਂ ਨੂੰ ਬਦਲ ਕੇ ਨਵੇਂ ਚਿਹਰਿਆਂ ਸਹਾਰੇ ਵਿਧਾਨ ਸਭਾ ਚੋਣਾਂ-22 ਜਿੱਤਣ ਦੀ ਸਾਜ਼ਿਸ਼ੀ ਚਾਲ ਦਾ ਹਿੱਸਾ ਹੈ। ਆਗੂਆਂ ਨੇ ਕਿਹਾ ਕਿ ਲੋਕ-ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਲੋਕਾਂ ਦੀ ਆਰਥਿਕ ਹਾਲਤ ਦਿਨ-ਬਦਿਨ ਨਿਘਰ ਰਹੀ ਹੈ ਅਤੇ ਸਿਆਸੀ ਨੇਤਾਵਾਂ ਕੋਲ ਲੋਕ ਮੁੱਦਿਆਂ ਦਾ ਕੋਈ ਹੱਲ ਨਹੀਂ।

# ਰੂਸ ਦੀ ਯੂਨੀਵਰਸਿਟੀ ਵਿਚ ਗੋਲੀਬਾਰੀ, ਅੱਠ ਮੌਤਾਂ

**ਮਾਸਕੋ:** ਰੂਸ ਦੇ ਸ਼ਹਿਰ ਪਰਮ ਵਿਚ ਬੰਦੂਕਧਾਰੀ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ 8 ਜਣੇ ਮਾਰੇ ਗਏ ਹਨ। ਗੋਲੀਬਾਰੀ ਇਕ ਯੂਨੀਵਰਸਿਟੀ ਵਿਚ ਕੀਤੀ ਗਈ। ਰੂਸੀ ਜਾਂਚ ਕਮੇਟੀ ਮੁਤਾਬਕ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਘਟਨਾ ਵਿਚ ਕਈ ਜਖਮੀ ਵੀ ਹੋਏ ਹਨ। 'ਪਰਮ ਸਟੇਟ ਯੂਨੀਵਰਸਿਟੀ' ਦੀ ਪ੍ਰੈੱਸ ਸੇਵਾ ਮੁਤਾਬਕ ਵਿਦਿਆਰਥੀਆਂ ਤੇ ਸਟਾਫ ਨੇ ਖੁਦ ਨੂੰ 'ਵਰਸਿਟੀ ਦੇ ਕਮਰਿਆਂ ਵਿਚ ਬੰਦ ਕਰ ਲਿਆ। ਕਈ ਵਿਦਿਆਰਥੀਆਂ ਨੇ ਇਮਾਰਤ ਦੀਆਂ ਤਾਕੀਆਂ ਵਿਚੋਂ ਛਾਲਾਂ ਮਾਰ ਦਿੱਤੀਆਂ। ਫੱਟੜਾਂ ਦੀ ਗਿਣਤੀ 6-14 ਦੱਸੀ ਜਾ ਰਹੀ ਹੈ।

ਇਹ ਸ਼ਹਿਰ ਮਾਸਕੋ ਤੋਂ 1100 ਕਿਲੋਮੀਟਰ ਦੂਰ ਹੈ ਤੇ ਦਸ ਲੱਖ ਦੀ ਆਬਾਦੀ ਹੈ। ਯੂਨੀਵਰਸਿਟੀ ਵਿਚ 1200 ਵਿਦਿਆਰਥੀ ਹਨ। ਜ਼ਿਕਰਯੋਗ ਹੈ ਕਿ ਮਈ ਮਹੀਨੇ ਕਜ਼ਾਨ ਸ਼ਹਿਰ ਵਿਚ ਇਕ ਸਕੂਲ 'ਚ ਗੋਲੀਬਾਰੀ ਦੀ ਘਟਨਾ ਹੋਈ ਸੀ। ਇਸ ਵਿਚ ਸੱਤ ਵਿਦਿਆਰਥੀ ਤੇ ਦੋ ਅਧਿਆਪਕ ਮਾਰੇ ਗਏ ਸਨ।

# ਮਿਸ਼ਨ 2022 ਲਈ ਕੈਪਟਨ ਦੀ ਬਲੀ

*(ਸਫਾ ਇਕ ਦੀ ਬਾਕੀ)*

ਫਿਰਕੂ ਰਣਨੀਤੀ ਨੂੰ ਨਕਾਰ ਕੇ ਕਾਂਗਰਸ ਨੂੰ ਸੱਤਾ ਸੌਂਪੀ ਪਰ ਕੌਮੀ ਸਿਆਸਤ ਵਿਚ ਮਨਫੀ ਹੋ ਰਹੀ ਇਹ ਧਿਰ (ਕਾਂਗਰਸ) ਮੌਕਾ ਨਹੀਂ ਸਾਂਭ ਸਕੀ।

ਪੰਜਾਬ ਦੇ ਮੰਚ ਤੋਂ ਨਾ ਤਾਂ ਇਹ ਧਿਰ ਭਾਜਪਾ ਦੀ ਕੇਂਦਰ ਵਿਚਲੀ ਸਰਕਾਰ ਦੀਆਂ ਜੜ੍ਹਾਂ ਹਿਲਾਉਣ ਵਾਲੇ ਕਿਸਾਨ ਅੰਦੋਲਨ ਨਾਲ ਡਟ ਕੇ ਖੜ੍ਹ ਸਕੀ ਤੇ ਨਾ ਹੀ ਪੰਜਾਬ ਨਾਲ ਹੋ ਰਹੀਆਂ ਕੇਂਦਰੀ ਵਧੀਆਂ ਖਿਲਾਫ ਆਵਾਜ਼ ਬੁਲੰਦ ਕਰ ਸਕੀ। ਹੁਣ ਸਾਢੇ ਚਾਰ ਸਾਲ ਸੱਤਾ ਭੋਗਣ ਪਿੱਛੋਂ ਕਾਂਗਰਸ ਵੀ ਭਾਜਪਾ ਨਾਲ ਮਿਲਦੀ-ਜੁਲਦੀ ਰਣਨੀਤੀ ਵੱਲ ਤੁਰ ਪਈ। ਭਾਜਪਾ ਸੱਤਾ ਵਿਰੋਧੀ ਰੋਹ ਨੂੰ ਸ਼ਾਂਤ ਕਰਨ ਲਈ ਪਿਛਲੇ 6 ਮਹੀਨਿਆਂ ਵਿਚ ਆਪਣੇ ਸੱਤਾ ਵਾਲੇ ਪੰਜ ਸੂਬਿਆਂ ਦੇ ਮੁੱਖ ਮੰਤਰੀ ਬਦਲ ਚੁੱਕੀ ਹੈ। ਇਸ ਪਿੱਛੇ ਮੁੱਖ ਕਾਰਨ ਸਰਕਾਰੀ ਨਕਾਮੀਆਂ ਤੇ ਜਾਤ-ਪਾਤ ਦੀ ਸਿਆਸਤ ਹੈ। ਪੰਜਾਬ ਵਿਚ ਵੀ ਇਹੀ ਫਾਰਮੂਲਾ ਵਰਤ ਕੇ ਇਸ ਤੀਰ ਨਾਲ ਦੋ ਨਿਸ਼ਾਨੇ ਲਾਉਣ ਦੀ ਰਣਨੀਤੀ ਬਣਾਇਆ ਗਈ ਹੈ।

ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਜਿਥੇ ਦਲਿਤ ਭਾਈਚਾਰੇ ਦੀ ਹਮਦਰਦੀ ਦੀ ਕੋਸ਼ਿਸ਼ ਹੋਈ ਹੈ, ਉਥੇ ਗੁਰਬਤ ਵਿਚੋਂ ਉਠੇ ਆਗੂ ਨੂੰ ਵੱਡੀ ਜ਼ਿੰਮੇਵਾਰੀ ਦੇਣ ਨੂੰ ਮੁੱਦਾ ਬਣਾਇਆ ਜਾ ਰਿਹਾ ਹੈ। ਨਰਿੰਦਰ ਮੋਦੀ ਨੂੰ ਚਾਹ ਵਾਲਾ ਅਤੇ ਗੁਰਬਤ ਵਿਚੋਂ ਉਠਿਆ ਆਮ ਬੰਦਾ ਗਰਦਾਨ ਕੇ ਭਾਜਪਾ ਨੂੰ ਕੌਮੀ ਸਿਆਸਤ ਵਿਚ ਫਿੱਟ ਕਰਨ ਲਈ ਇਹ ਫਾਰਮੂਲਾ ਬੜਾ ਕਾਰਗਰ ਸਾਬਤਾ ਹੋਇਆ ਸੀ।

ਪਾਰਟੀ ਹਾਈ ਕਮਾਨ ਨੇ ਚਰਨਜੀਤ ਚੰਨੀ ਦੇ ਨਾਂ ਦਾ ਐਲਾਨ ਕਰਕੇ ਦਲਿਤ ਪੱਤਾ ਖੇਡਣ ਦੇ ਨਾਲ ਹੀ ਪੰਜਾਬ ਦੇ ਲੋਕਾਂ ਨੂੰ ਮੁੱਖ ਮੰਤਰੀ ਵਜੋਂ ਸਿੱਖ ਚਿਹਰਾ ਵੀ ਦਿੱਤਾ ਹੈ। ਪੰਜਾਬ ਵਿਚ ਕਰੀਬ 34 ਫੀਸਦੀ ਤੋਂ ਵੱਧ ਦਲਿਤ ਭਾਈਚਾਰੇ ਦਾ ਵੋਟ ਬੈਂਕ ਹੈ ਤੇ 34 ਰਾਖਵੇਂ ਹਲਕੇ ਹਨ। ਚੇਤੇ ਰਹੇ ਕਿ ਭਾਜਪਾ ਨੇ ਪਹਿਲਾਂ ਹੀ ਅਗਲੀਆਂ ਚੋਣਾਂ ਵਿਚ ਦਲਿਤ ਵਿਅਕਤੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦਾ ਐਲਾਨ ਕੀਤਾ ਹੈ ਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਬਹੁਜਨ ਸਮਾਜ ਪਾਰਟੀ ਨਾਲ ਸਿਆਸੀ ਗਠਜੋੜ ਕਰਕੇ ਡਿਪਟੀ ਮੁੱਖ ਮੰਤਰੀ ਕਿਸੇ ਦਲਿਤ ਨੂੰ ਬਣਾਏ ਜਾਣ ਦਾ ਫੈਸਲਾ ਕੀਤਾ ਹੈ। ਅਸਲ ਵਿਚ, ਕਿਸਾਨ ਅੰਦੋਲਨ ਦੇ ਵਧ ਰਹੇ ਪ੍ਰਭਾਵ ਕਾਰਨ ਸਿਆਸੀ ਧਿਰਾਂ ਇਸ ਸਮੇਂ ਅਸਲ ਮੁੱਦਿਆਂ ਦੀ ਥਾਂ ਜਾਤੀ ਵੋਟ ਉਤੇ ਵੱਟ ਟੇਕ ਰੱਖ ਰਹੀਆਂ ਹਨ। ਦਰਅਸਲ, ਇਸ ਤੋਂ ਪਹਿਲਾਂ 10 ਸਾਲ ਤੋਂ ਪ੍ਰਸ਼ਾਸਨ ਚਲਾ ਰਹੀ ਅਕਾਲੀ-ਭਾਜਪਾ ਗੱਠਜੋੜ ਵਾਲੀ ਸਰਕਾਰ ਤੋਂ ਅਨੇਕਾਂ ਕਾਰਨਾਂ ਕਰਕੇ ਲੋਕਾਂ ਦਾ ਮੋਹ ਭੰਗ ਹੋ ਹੋਇਆ ਸੀ ਪਰ ਇਸ ਦੇ ਨਾਲ ਹੀ ਤੀਸਰੀ ਧਿਰ ਵਜੋਂ ਉਭਰੀ ਆਮ ਆਦਮੀ ਪਾਰਟੀ ਉਤੇ ਲੋਕਾਂ ਵਲੋਂ ਜ਼ਰੂਰ ਟੇਕ ਰੱਖੀ ਜਾ ਰਹੀ ਸੀ। ਲੋਕ ਮਨਾਂ ਵਿਚ ਉਸ ਦੇ ਉਭਾਰ ਨਾਲ ਇਹ ਵੀ ਉਮੀਦ ਬੱਝਣ ਲੱਗੀ ਸੀ ਕਿ ਉਹ ਪੰਜਾਬ ਦੀ ਸਿਆਸਤ ਵਿਚ ਵੱਡਾ ਰੋਲ ਅਦਾ ਕਰ ਸਕਦੀ ਹੈ।

ਉਂਜ, ਇਸ ਧਾਰਨਾ ਤੋਂ ਉਲਟ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਨੂੰ ਚੋਣਾਂ ਦੌਰਾਨ ਏਨੀ ਵੱਡੀ ਜਿੱਤ ਪ੍ਰਾਪਤ ਹੋਈ ਸੀ ਜਿਸ ਦੀ ਉਮੀਦ ਉਸ ਨੂੰ ਆਪ ਨੂੰ ਵੀ ਨਹੀਂ ਸੀ। ਇਨ੍ਹਾਂ ਚੋਣਾਂ ਦਾ ਇਕ ਪਹਿਲੂ ਇਹ ਵੀ ਸੀ ਕਿ ਚੋਣ ਪ੍ਰਚਾਰ ਦੌਰਾਨ ਦੂਜੀਆਂ ਪਾਰਟੀਆਂ ਦੇ ਨਾਲ-ਨਾਲ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਨਾਲ ਅਜਿਹੇ ਵਾਅਦੇ ਕੀਤੇ ਸਨ ਜਿਨ੍ਹਾਂ ਦਾ ਪੂਰਾ ਕੀਤਾ ਜਾਣਾ ਬੇਹੱਦ ਮੁਸ਼ਕਿਲ ਸੀ। ਇਸ ਵਿਚ ਕਰਜ਼ਿਆਂ ਦੀ ਮੁਆਫੀ, ਅਮਨ-ਕਾਨੂੰਨ ਦੀ ਸਥਿਤੀ, ਬੇਹੱਦ ਉਭਾਰ ਵਿਚ ਆਏ ਧਾਰਮਿਕ ਮਸਲੇ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਆਦਿ ਇਨ੍ਹਾਂ ਮੁੱਦਿਆਂ 'ਤੇ ਕੈਪਟਨ ਦੀ ਅਗਵਾਈ ਵਾਲੀ ਸਰਕਾਰ ਬਹੁਤਾ ਸਫਰ ਤੈਅ ਕਰਨ ਵਿਚ ਕਾਮਯਾਬ ਨਹੀਂ ਸੀ ਹੋਈ। ਜਿਨ੍ਹਾਂ ਗੱਲਾਂ ਕਰਕੇ ਲੋਕਾਂ ਨੇ ਪਿਛਲੀ ਸਰਕਾਰ ਨੂੰ ਨਕਾਰ ਕੇ ਕਾਂਗਰਸ ਪਾਰਟੀ ਨੂੰ ਫਤਵਾ ਦਿੱਤਾ ਸੀ, ਉਨ੍ਹਾਂ ਨੂੰ ਵੀ ਸੰਤੁਸ਼ਟੀਜਨਕ ਢੰਗ ਨਾਲ ਪੂਰਾ ਨਹੀਂ ਕੀਤਾ ਜਾ ਸਕਿਆ। ਪਿਛਲੀ ਸਰਕਾਰ ਵਾਂਗ ਰੇਤਾ ਬੱਜਰੀ ਅਤੇ ਸ਼ਰਾਬ ਮਾਫੀਏ ਦੀ ਗੱਲ ਹੋਰ ਵੀ ਵਧੇਰੇ ਉਠਣ ਲੱਗੀ। ਭ੍ਰਿਸ਼ਟਾਚਾਰ ਨੂੰ ਠੱਲ੍ਹ ਨਾ ਪਾਈ ਜਾ ਸਕੀ। ਕੁਝ ਕੁ ਖੇਤਰਾਂ ਨੂੰ ਛੱਡ ਕੇ ਕੋਈ ਅਜਿਹੀ ਯੋਜਨਾਬੰਦੀ ਨਾ ਕੀਤੀ ਜਾ ਸਕੀ, ਜੋ ਲੋਕਾਂ ਨੂੰ ਸੰਤੁਸ਼ਟ ਕਰ ਸਕਦੀ। ਸਮੁੱਚੇ ਰੂਪ ਵਿਚ ਸਰਕਾਰ ਦੀ ਕਾਰਗੁਜ਼ਾਰੀ ਨੇ ਸੂਬਾ ਕਾਂਗਰਸ ਨੂੰ ਬਚਾਅ ਦੀ ਸਥਿਤੀ ਵਿਚ ਲਿਆ ਖੜ੍ਹਾ ਕੀਤਾ।

ਚਾਹੇ ਅਜਿਹੀ ਸਥਿਤੀ ਲਈ ਭਾਗੀ ਤਾਂ ਹਰ ਅਹੁਦੇ 'ਤੇ ਬੈਠੇ ਕਾਂਗਰਸੀ ਨੂੰ ਹੀ ਕਿਹਾ ਜਾ ਸਕਦਾ ਹੈ ਪਰ ਇਸ ਸਭ ਕੁਝ ਲਈ ਕਟਹਿਰੇ ਵਿਚ ਮੁੱਖ ਮੰਤਰੀ ਨੂੰ ਖੜ੍ਹਾ ਕਰ ਦਿੱਤਾ ਗਿਆ ਅਤੇ ਇਸ ਸਮੁੱਚੇ ਵਰਤਾਰੇ ਦਾ ਉਨ੍ਹਾਂ ਨੂੰ ਭਾਗੀ ਬਣਾ ਦਿੱਤਾ ਗਿਆ। ਕੈਪਟਨ ਅਮਰਿੰਦਰ ਸਿੰਘ ਵੱਲੋਂ ਅਸਤੀਫ਼ਾ ਦੇਣ 'ਤੇ ਨਵੇਂ ਬਣੇ ਮੁੱਖ ਮੰਤਰੀ ਕੋਲ ਕੁਝ ਹੀ ਮਹੀਨਿਆਂ ਦਾ ਸਮਾਂ ਬਾਕੀ ਹੋਵੇਗਾ। ਇਸ ਵਿਚ ਸਰਕਾਰ ਅਤੇ ਕਾਂਗਰਸ ਪਾਰਟੀ ਕਿੰਨਾ ਕੁ ਪ੍ਰਭਾਵ ਬਣਾ ਸਕਣ ਵਿਚ ਕਾਮਯਾਬ ਹੋ ਸਕੇਗੀ, ਇਸ ਬਾਰੇ ਅਜੇ ਅਨਿਸ਼ਚਿਤਤਾ ਹੀ ਬਣੀ ਹੋਈ ਹੈ। ਇਸੇ ਪੱਖ ਤੋਂ ਕਾਂਗਰਸ ਸਾਹਮਣੇ ਇਕ ਵਾਰ ਫਿਰ ਵੱਡੀ ਚੁਣੌਤੀ ਆ ਖੜ੍ਹੀ ਹੋਈ ਹੈ।

ਮੁੱਖ ਮੰਤਰੀ ਦਾ ਅਹੁਦਾ ਛੱਡਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਵਿਰੁੱਧ ਮੋਰਚਾ ਖੋਲ੍ਹਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਲੜਾਈ ਅਜੇ ਖਤਮ ਨਹੀਂ ਹੋਈ ਅਤੇ ਇਸ ਦੇ ਅਸਰ ਆਉਣ ਵਾਲੇ ਮਹੀਨਿਆਂ ਵਿਚ ਦਿਖਾਈ ਦੇਣਗੇ। ਭਾਵੇਂ ਇਹ ਮੰਨਿਆ ਜਾ ਰਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਪ੍ਰਧਾਨ ਬਣਾਉਣ ਤੋਂ ਬਾਅਦ ਕਾਂਗਰਸ ਦੀਆਂ ਮੁਸ਼ਕਲਾਂ ਵਧੀਆਂ ਹਨ ਪਰ ਇਸ ਤਬਦੀਲੀ ਨੇ ਸੂਬੇ ਦੀ ਸਿਆਸਤ ਵਿਚ ਨਵਾਂ ਮੋੜ ਲਿਆਂਦਾ ਹੈ।

## ਬੇਅਦਬੀ ਮਾਮਲਾ: ਡੇਰਾ ਸਿਰਸਾ ਦੇ ਤਿੰਨ ਕੌਮੀ ਕਮੇਟੀ ਮੈਂਬਰ ਭਗੌੜੇ ਐਲਾਨੇ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜ ਕੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਫਰੀਦਕੋਟ ਦੀ ਜੁਡੀਸ਼ਲ ਮੈਜਿਸਟਰੇਟ ਤਰਜਨੀ ਨੇ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਮੈਂਬਰ ਹਰਸ਼ ਧੂਰੀ, ਸੰਦੀਪ ਬਰੇਟਾ, ਪ੍ਰਦੀਪ ਕਲੇਰ ਨੂੰ ਭਗੌੜਾ ਐਲਾਨ ਦਿੱਤਾ ਹੈ। ਇਨ੍ਹਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ, ਪੱਤਰੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਸਾਜ਼ਿਸ਼ ਰਚਣ ਦਾ ਦੋਸ਼ ਹੈ।

ਅਦਾਲਤ ਨੇ ਆਪਣਾ ਫੈਸਲਾ ਸੁਣਾਉਣ ਤੋਂ ਬਾਅਦ ਐਸ.ਐਚ.ਓ. ਬਾਜਾਖਾਨਾ ਨੂੰ ਭਗੌੜੇ ਐਲਾਨੇ ਗਏ ਕਮੇਟੀ ਮੈਂਬਰਾਂ ਦੀ ਜਾਇਦਾਦ ਸ਼ਨਾਖਤ ਕਰਨ ਅਤੇ ਇਸ ਦੀ ਸੂਚੀ 11 ਅਕਤੂਬਰ ਤੱਕ ਅਦਾਲਤ ਸਾਹਮਣੇ ਪੇਸ਼ ਕਰਨ ਦੇ ਹੁਕਮ ਦਿੱਤੇ ਹਨ, ਤਾਂ ਜੋ ਉਨ੍ਹਾਂ ਦੀ ਜਾਇਦਾਦ ਕੁਰਕ ਕੀਤੀ ਜਾ ਸਕੇ। ਅਦਾਲਤ ਨੇ ਇਨ੍ਹਾਂ ਖਿਲਾਫ ਆਈ.ਪੀ.ਸੀ. ਦੀ ਧਾਰਾ 174-ਏ (ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨ ਤੋਂ ਟਲਣਾ) ਤਹਿਤ ਕੇਸ ਦਰਜ ਕਰਨ ਲਈ ਵੀ ਕਿਹਾ ਹੈ। ਇਹ ਤਿੰਨੇ ਕਮੇਟੀ ਮੈਂਬਰ ਬੇਅਦਬੀ ਨਾਲ ਜੁੜੀਆਂ ਅੱਧੀ ਦਰਜਨ ਘਟਨਾਵਾਂ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਸਨ ਪਰ ਵਿਸ਼ੇਸ਼ ਜਾਂਚ ਟੀਮ ਤਿੰਨਾਂ 'ਚੋਂ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕਰ ਸਕੀ।

## ਮੁੱਖ ਮੰਤਰੀ ਹਿੰਦੂ ਜਾਂ ਸਿੱਖ ਹੋਵੇ, ਬਿਹਤਰ ਇਨਸਾਨ ਹੋਣਾ ਚਾਹੀਦੈ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਬਿਆਨ ਨੂੰ ਸਿਆਸੀ ਹਲਕਿਆਂ ਵਿਚ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ। ਇਸ ਵਿਚ ਉਨ੍ਹਾਂ ਆਖਿਆ ਕਿ ਸੂਬੇ ਦਾ ਮੁੱਖ ਮੰਤਰੀ ਹਿੰਦੂ ਜਾਂ ਸਿੱਖ ਹੋਵੇ ਪਰ ਇਸ ਤੋਂ ਪਹਿਲਾਂ ਉਹ ਇਕ ਬਿਹਤਰ ਇਨਸਾਨ ਹੋਣਾ ਚਾਹੀਦਾ ਹੈ। ਇਹ ਬਿਆਨ ਉਸ ਵੇਲੇ ਸਾਹਮਣੇ ਆਇਆ ਸੀ ਜਦੋਂ ਕਾਂਗਰਸ ਦੇ ਸੁਨੀਲ ਜਾਖੜ ਨੂੰ ਸੂਬੇ ਦੇ ਮੁੱਖ ਮੰਤਰੀ ਵਜੋਂ ਦੇਖਿਆ ਜਾ ਰਿਹਾ ਸੀ। ਇਸ ਸਬੰਧੀ ਮੀਡੀਆ ਦੇ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਸਪਸ਼ਟ ਕਿਹਾ ਕਿ ਸੂਬੇ ਦਾ ਮੁੱਖ ਮੰਤਰੀ ਹਿੰਦੂ ਜਾਂ ਸਿੱਖ ਕੋਈ ਵੀ ਵਿਅਕਤੀ ਹੋ ਸਕਦਾ ਹੈ ਪਰ ਉਸ ਤੋਂ ਵੀ ਜ਼ਰੂਰੀ ਹੈ ਕਿ ਉਹ ਇਕ ਬਿਹਤਰ ਇਨਸਾਨ ਹੋਵੇ।

ਪੰਜਾਬ ਵਿਚ ਨਿਰੰਤਰ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਵਿਚ ਆਪਸੀ ਸਦਭਾਵਨਾ ਦੇ ਮਾਹੌਲ ਨੂੰ ਭੰਗ ਕਰਨ ਲਈ ਸ਼ਰਾਰਤੀ ਅਨਸਰ ਵੱਧ ਸਰਗਰਮ ਹੋਏ ਜਾਪਦੇ ਹਨ। ਅਜਿਹੀ ਸਥਿਤੀ ਵਿਚ ਗੁਰੂ-ਘਰਾਂ ਦੀ ਸੁਰੱਖਿਆ ਅਤੇ ਮਰਿਆਦਾ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ।

## ਟਰੂਡੋ ਦੀ ਲਿਬਰਲ ਪਾਰਟੀ ਪੂਰਨ ਬਹੁਮਤ ਤੋਂ ਫਿਰ ਖੁੰਝੀ

*(ਸਫਾ ਇਕ ਦੀ ਬਾਕੀ)*

ਮੈਦਾਨ ਵਿਚ ਸਨ। ਇਨ੍ਹਾਂ ਵਿਚੋਂ ਲਿਬਰਲ ਪਾਰਟੀ ਵੱਲੋਂ ਬਰੈਂਪਟਨ ਪੂਰਬੀ ਤੋਂ ਮਨਿੰਦਰ ਸਿੱਧੂ, ਬਰੈਂਪਟਨ ਉਤਰੀ ਤੋਂ ਰੂਬੀ ਸਹੋਤਾ, ਬਰੈਂਪਟਨ ਦੱਖਣੀ ਤੋਂ ਸੋਨੀਆ ਸਿੱਧੂ, ਬਰੈਂਪਟਨ ਕੇਂਦਰੀ ਤੋਂ ਅਲੀ ਸ਼ਫਕਤ, ਬਰੈਂਪਟਨ ਪੱਛਮੀ ਹਲਕੇ ਤੋਂ ਕਮਲ ਖਹਿਰਾ ਚੋਣ ਜਿੱਤ ਗਏ ਹਨ। ਇਹ ਸਾਰੇ ਹੀ ਪੰਜਾਬੀ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬ ਨੂੰ ਚੰਨੀ ਵਰਗੇ ਇਮਾਨਦਾਰ ਮੁੱਖ ਮੰਤਰੀ ਦੀ ਲੋੜ ਸੀ: ਦਰਸ਼ਨ ਦਰੜ

**ਇੰਡੀਅਨਐਪੋਲਿਸ, ਇੰਡੀਆਨਾ:** ਅਮਰੀਕਾ ਵਸਦੇ ਉਘੇ ਕਾਰੋਬਾਰੀ ਦਰਸ਼ਨ ਸਿੰਘ ਦਰੜ ਨੇ ਕਿਹਾ ਹੈ ਕਿ ਪੰਜਾਬ ਇਸ ਵੇਲੇ ਜਿਸ ਮੋੜ 'ਤੇ ਹੈ, ਉੱਥੇ ਸ. ਚਰਨਜੀਤ ਸਿੰਘ ਚੰਨੀ ਵਰਗੇ ਪੜ੍ਹੇ-ਲਿਖੇ, ਇਮਾਨਦਾਰ ਤੇ ਤਜ਼ਰਬੇਕਾਰ ਸਿਆਸਤਦਾਨ ਦੀ ਅਗਵਾਈ ਦੀ ਬਹੁਤ ਵੱਡੀ ਲੋੜ ਸੀ। ਉਨ੍ਹਾਂ ਸ. ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਨ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਸ. ਚੰਨੀ ਨੂੰ ਜਾਣਦੇ ਹਨ, ਕਈ ਮੁਲਾਕਾਤਾਂ ਹੋਈਆਂ ਹਨ, ਗਰੀਬਾਂ ਦੇ ਦਰਦ, ਪੰਜਾਬ ਦੇ ਹਾਲਾਤ, ਸਮੱਸਿਆਵਾਂ ਨੂੰ ਬਹੁਤ ਨੇੜੇ ਤੋਂ ਚੰਗੀ ਤਰ੍ਹਾਂ ਸਮਝਣ ਅਤੇ ਹੱਲ ਕਰਨ ਦੇ ਸਮਰੱਥ ਹਨ।



ਦਰਸ਼ਨ ਸਿੰਘ ਦਰੜ

ਸ. ਦਰੜ ਨੇ ਆਸ ਪ੍ਰਗਟਾਈ ਕਿ ਜਿਸ ਤਰ੍ਹਾਂ ਦੀਆਂ ਉਮੀਦਾਂ ਸ. ਚੰਨੀ 'ਤੇ ਦੁਨੀਆਂ ਭਰ ਦੇ ਪੰਜਾਬੀਆਂ ਨੇ ਰੱਖੀਆਂ ਹਨ, ਉਹ ਆਪਣੇ ਪ੍ਰੀਖਿਆ ਭਰੇ ਤਿੰਨ ਮਹੀਨਿਆਂ ਵਿਚ ਪੂਰੀਆਂ ਕਰ ਸਕਣਗੇ। ਸ. ਦਰੜ ਨੇ ਕਿਹਾ ਕਿ ਵਾਕਿਆ ਹੀ ਇਸ ਵੇਲੇ ਪੰਜਾਬ ਨੂੰ ਸ. ਚੰਨੀ ਵਰਗੇ ਗਤੀਸ਼ੀਲ, ਮਿਹਨਤੀ ਤੇ ਇਮਾਨਦਾਰ ਮੁੱਖ ਮੰਤਰੀ ਦੀ ਲੋੜ ਸੀ, ਜੋ ਪੂਰੀ ਹੋ ਗਈ ਹੈ।

# ਪੈਟਰੋਲੀਅਮ ਪਦਾਰਥਾਂ ਬਾਰੇ ਮੋਦੀ ਸਰਕਾਰ ਦੀ ਵੱਖਰੀ ਪਹੁੰਚ

**ਲਖਨਊ:** ਜੀ.ਐਸ.ਟੀ. ਪ੍ਰੀਸ਼ਦ ਦੀ ਬੈਠਕ ਵਿਚ ਫੈਸਲਾ ਲਿਆ ਗਿਆ ਹੈ ਕਿ ਕਰੋਨਾ ਨਾਲ ਸਬੰਧਤ ਦਵਾਈਆਂ 31 ਦਸੰਬਰ ਤੱਕ ਰਿਆਇਤੀ ਟੈਕਸ ਦਰਾਂ ਉਤੇ ਮੁਹੱਈਆ ਕਰਵਾਈਆਂ ਜਾਣਗੀਆਂ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੀ ਅਗਵਾਈ ਵਿਚ ਇਥੇ ਹੋਈ ਜੀ.ਐਸ.ਟੀ. ਕੌਂਸਲ ਦੀ ਬੈਠਕ ਵਿਚ ਪੈਟਰੋਲ ਤੇ ਡੀਜ਼ਲ ਨੂੰ ਜੀ.ਐਸ.ਟੀ. ਦੇ ਦਾਇਰੇ 'ਚੋਂ ਬਾਹਰ ਰੱਖਣ ਉਤੇ ਸਹਿਮਤੀ ਬਣੀ ਹੈ।

ਸੀਤਾਰਾਮਨ ਨੇ ਕਿਹਾ ਕਿ ਜੀ.ਐਸ.ਟੀ. ਕੌਂਸਲ ਨੂੰ ਲੱਗਦਾ ਹੈ ਕਿ ਅਜੇ ਪੈਟਰੋਲੀਅਮ ਪਦਾਰਥਾਂ ਨੂੰ ਜੀ.ਐਸ.ਟੀ. ਦੇ ਦਾਇਰੇ ਵਿਚ ਲਿਆਉਣ ਦਾ ਸਮਾਂ ਨਹੀਂ ਆਇਆ। ਕੌਂਸਲ ਦੇ ਫੈਸਲਿਆਂ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਮਸਕਿਊਲਰ ਏਟ੍ਰੋਫੀ ਦਵਾਈਆਂ ਜੋਲਜੇਨਸਮਾ ਤੇ ਵਿਲਟੇਪਸੋ ਨੂੰ ਜੀ.ਐਸ.ਟੀ. ਤੋਂ ਛੋਟ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਇਨ੍ਹਾਂ ਦਵਾਈਆਂ ਦੀ ਕੀਮਤ ਹੀ ਕਰੋੜਾਂ ਰੁਪਏ ਹੈ। ਕੌਂਸਲ ਨੇ ਫੂਡ ਡਲਿਵਰੀ ਪਲੈਟਫਾਰਮਾਂ ਜਿਵੇਂ ਕਿ ਸਵਿੱਗੀ, ਜ਼ੋਮਾਟੋ ਉਤੇ ਪੰਜ ਪ੍ਰਤੀਸ਼ਤ ਟੈਕਸ ਲਾਉਣ ਦਾ ਫੈਸਲਾ ਲਿਆ ਹੈ।

ਕਰੋਨਾ ਨਾਲ ਸਬੰਧਤ ਕਈ ਦਵਾਈਆਂ ਜੋ ਕਿ ਕਿਫਾਇਤੀ ਜੀ.ਐਸ.ਟੀ. ਦਰਾਂ ਉਤੇ ਦਿੱਤੀਆਂ ਜਾ ਰਹੀਆਂ ਹਨ, ਉਤੇ ਛੋਟ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਇਹ ਛੋਟ ਹੁਣ 31 ਦਸੰਬਰ ਤੱਕ ਜਾਰੀ ਰਹੇਗੀ ਪਰ ਮੈਡੀਕਲ ਉਪਕਰਨਾਂ ਉਤੇ ਇਹ ਲਾਭ ਨਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਮੈਡੀਕਲ ਉਪਕਰਨਾਂ ਉਤੇ ਦਿੱਤੀ ਜਾ ਰਹੀ ਛੋਟ 30 ਸਤੰਬਰ ਨੂੰ ਖਤਮ ਹੋ ਜਾਵੇਗੀ। ਸੀਤਾਰਾਮਨ ਨੇ ਕਿਹਾ ਕਿ ਪੰਜ ਪ੍ਰਤੀਸ਼ਤ ਜੀ.ਐਸ.ਟੀ. ਸਵਿੱਗੀ ਤੇ ਜ਼ੋਮਾਟੋ ਵਲੋਂ ਡਲਿਵਰੀ ਕਰਨ ਉਤੇ ਵਸੂਲਿਆ ਜਾਵੇਗਾ।

ਬਾਇਓ-ਡੀਜ਼ਲ ਉਤੇ ਜੀ.ਐਸ.ਟੀ. ਦਰ 12 ਪ੍ਰਤੀਸ਼ਤ ਤੋਂ ਘਟਾ ਕੇ ਪੰਜ ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਵਸਤਾਂ ਦੀ ਢੋਆ-ਢੁਆਈ ਵਾਲੇ ਵਾਹਨਾਂ ਨੂੰ ਕੌਮੀ ਪਰਮਿਟ ਫੀਸ ਤੋਂ ਛੋਟ ਦਿੱਤੀ ਗਈ ਹੈ। ਲੀਜ਼ਡ ਏਅਰਕਰਾਫਟ ਨੂੰ ਦਰਾਮਦ ਕਰਨ 'ਤੇ ਵੀ ਆਈ-ਜੀ.ਐਸ.ਟੀ. ਨਹੀਂ ਲੱਗੇਗਾ। ਜੀ.ਐਸ.ਟੀ. ਕਮੇਟੀ ਨੇ ਸਾਰੇ ਤਰ੍ਹਾਂ ਦੇ ਪੈੱਨਾਂ ਉਤੇ 18 ਪ੍ਰਤੀਸ਼ਤ ਜੀ.ਐਸ.ਟੀ. ਲਾਉਣ ਦਾ ਫੈਸਲਾ ਕੀਤਾ ਹੈ। ਨਵਿਆਉਣਯੋਗ ਖੇਤਰ ਦੇ ਕੁਝ ਉਪਕਰਨਾਂ ਉਤੇ 12 ਪ੍ਰਤੀਸ਼ਤ ਜੀ.ਐਸ.ਟੀ. ਲੱਗੇਗਾ। ਜੀ.ਐਸ.ਟੀ. ਕੌਂਸਲ ਨੇ ਪਹਿਲੀ ਜਨਵਰੀ ਤੋਂ ਫੁਟਵੀਅਰ ਤੇ ਟੈਕਸਟਾਈਲ ਉਤੇ ਵੀ ਨਵੀਆਂ ਟੈਕਸ ਦਰਾਂ ਲਾਗੂ ਕਰਨ ਦੀ ਸਿਫਾਰਸ਼ ਕੀਤੀ ਹੈ।



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਹੋਟਲ ਵਿਕਾਊ ਹੈ
ਸਿਓਕਸ ਫਾਲਸ, ਸਾਊਥ ਡਕੋਟਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 60 ਕਮਰਿਆਂ ਦਾ ਹੋਟਲ ਵਿਕਾਊ ਹੈ।
ਕੀਮਤ: $5 ਮਿਲੀਅਨ
Hotel For Sale By Owner
Comfort Suites - 60 Rooms
Sioux Falls, South Dakota
Asking $5 Million - Great Location
Contact Info.:
Email: Apatel.shm@Gmail.com
Ph: 605-521-1717
38-42

# ਅੰਮ੍ਰਿਤਸਰ 'ਚ ਸੈਲਾਨੀਆਂ ਦੀ ਨਿਗਰਾਨੀ ਲਈ ਪਾਇਲਟ ਪ੍ਰੋਜੈਕਟ ਲਾਂਚ

**ਅੰਮ੍ਰਿਤਸਰ:** ਪੁਲਿਸ ਕਮਿਸ਼ਨਰੇਟ ਵੱਲੋਂ ਇਥੇ ਸ਼ਹਿਰ ਵਿਚ 'ਸਿਟੀ ਵਿਜ਼ਟਰ ਇਨਫਰਮੇਸ਼ਨ ਐਂਡ ਰਿਕਾਰਡ ਮੈਨੇਜਮੈਂਟ ਸਿਸਟਮ' (ਸੀ.ਵੀ.ਆਈ.ਆਰ.ਐਮ.ਐਸ.) ਨਾਂ ਦਾ ਪਾਇਲਟ ਪ੍ਰੋਜੈਕਟ ਲਾਂਚ ਕੀਤਾ ਹੈ ਜਿਸ ਰਾਹੀਂ ਇਸ ਪਵਿੱਤਰ ਨਗਰੀ ਵਿਚ ਆਉਣ ਵਾਲੇ ਸੈਲਾਨੀਆਂ, ਵਾਹਨਾਂ ਅਤੇ ਕਰਮਚਾਰੀਆਂ ਦੀ ਨਿਗਰਾਨੀ ਤੋਂ ਇਲਾਵਾ ਅਪਰਾਧੀਆਂ ਬਾਰੇ ਵੀ ਪਤਾ ਲੱਗ ਸਕੇਗਾ।

ਇਸ ਪ੍ਰਣਾਲੀ ਦੇ ਲਾਗੂ ਹੋਣ ਨਾਲ ਉੱਤਰ ਭਾਰਤ ਵਿਚ ਅੰਮ੍ਰਿਤਸਰ ਅਜਿਹਾ ਪਹਿਲਾ ਸ਼ਹਿਰ ਬਣ ਜਾਵੇਗਾ ਜਿਥੇ ਸੈਲਾਨੀਆਂ, ਵਾਹਨਾਂ ਤੇ ਕਰਮਚਾਰੀਆਂ ਆਦਿ ਦੀ ਨਿਗਰਾਨੀ ਲਈ ਇਹ ਵਿਸ਼ੇਸ਼ ਸਾਫਟਵੇਅਰ ਹੋਵੇਗਾ।

ਇਸ ਸਬੰਧੀ ਪੁਲਿਸ ਕਮਿਸ਼ਨਰ ਵਿਕਰਮਜੀਤ ਦੁੱਗਲ ਨੇ ਦੱਸਿਆ ਕਿ ਇਸ ਯੋਜਨਾ ਦੇ ਲਾਗੂ ਹੁੰਦਿਆਂ ਹੀ ਸਾਰੇ ਹੋਟਲ, ਪੇਇੰਗ ਗੈਸਟ ਹੋਮਜ, ਰੇਹੜੀਆਂ, ਹਥਿਆਰਾਂ ਦੇ ਡੀਲਰ, ਪੁਰਾਣੇ ਵਾਹਨਾਂ ਦੀ ਖਰੀਦੋ-ਫਰੋਖਤ ਕਰਨ ਵਾਲੇ ਡੀਲਰ, ਸੁਰੱਖਿਆ ਏਜੰਸੀਆਂ, ਛੋਟੇ ਉਦਯੋਗਿਕ ਅਦਾਰੇ ਇਸ ਸਾਫਟਵੇਅਰ ਵਿਚ ਰਜਿਸਟਰ ਹੋਣਗੇ।

ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਤਹਿਤ ਜਦੋਂ ਵੀ ਕੋਈ ਵਿਅਕਤੀ ਹੋਟਲ ਜਾਂ ਪੀਜੀ ਪੇਇੰਗ ਗੈਸਟ ਹੋਮ ਵਿਚ ਆਵੇਗਾ, ਹਥਿਆਰ ਡੀਲਰ ਕੋਲੋਂ ਅਸਲਾ ਖਰੀਦੇਗਾ, ਪੁਰਾਣੇ ਵਾਹਨਾਂ ਖਰੀਦੇ ਜਾਂ ਵੇਚੇਗਾ, ਸੁਰੱਖਿਆ ਏਜੰਸੀ ਵਿਚ ਕੰਮ ਕਰੇਗਾ ਜਾਂ ਛੋਟੇ ਉਦਯੋਗਿਕ ਅਦਾਰੇ ਵਿਚ ਕੰਮ ਕਰੇਗਾ ਤਾਂ ਉਸ ਦੀ ਇਹ ਜਾਣਕਾਰੀ ਸਵੈਚਲਤ ਰੂਪ ਨਾਲ ਪੁਲਿਸ ਕੋਲ ਪੁੱਜ ਜਾਵੇਗੀ। ਇਹ ਜਾਣਕਾਰੀ ਪ੍ਰਾਪਤ ਹੋਣ ਮਗਰੋਂ ਪੁਲਿਸ ਅਧਿਕਾਰੀਆਂ ਵੱਲੋਂ ਅਜਿਹੇ ਵਿਅਕਤੀ ਦੀ ਮੁਕੰਮਲ ਜਾਣਕਾਰੀ ਹਾਸਲ ਕੀਤੀ ਜਾਵੇਗੀ। ਇਸ ਨਾਲ ਗੈਰ-ਸਮਾਜੀ ਅਨਸਰਾਂ ਅਤੇ ਅਪਰਾਧੀਆਂ ਦੀ ਸ਼ਹਿਰ ਵਿਚ ਆਮਦ ਬਾਰੇ ਵੀ ਪਤਾ ਲੱਗ ਸਕੇਗਾ।

## ਸੋਨੇ ਤੇ ਹੀਰਿਆਂ ਨਾਲ ਜੜੀ ਕਲਗੀ ਸੱਚਖੰਡ ਹਜ਼ੂਰ ਸਾਹਿਬ ਨੂੰ ਭੇਟ

**ਕਰਤਾਰਪੁਰ:** ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਕਰਤਾਰਪੁਰ ਦੇ ਐਮ.ਡੀ. ਡਾ. ਗੁਰਵਿੰਦਰ ਸਿੰਘ ਸਮਰਾ ਵੱਲੋਂ ਢਾਈ ਕਿਲੋ ਸ਼ੁੱਧ ਸੋਨੇ ਅਤੇ ਹੀਰਿਆਂ ਦੀ ਜੜੀ ਪੌਣੇ ਦੋ ਕਰੋੜ ਦੀ ਕੀਮਤ ਵਾਲੀ ਕਲਗੀ ਸੱਚਖੰਡ ਹਜ਼ੂਰ ਸਾਹਿਬ ਨੂੰ ਭੇਟ ਕੀਤੀ ਜਾ ਰਹੀ ਹੈ।

ਇਸ ਕਲਗੀ ਨੂੰ ਗੁਜਰਾਤ, ਰਾਜਸਥਾਨ ਅਤੇ ਦਿੱਲੀ ਦੇ ਕਾਰੀਗਰਾਂ ਨੇ ਸਾਲ ਦੀ ਸਖ਼ਤ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਤੋਂ ਪਹਿਲਾਂ ਡਾ. ਸਮਰਾ ਤਖ਼ਤ ਪਟਨਾ ਸਾਹਿਬ ਵਿਚ ਇਕ ਕਰੋੜ ਅਠਾਈ ਲੱਖ ਦੀ ਕੀਮਤ ਵਾਲੀ ਸ਼ੁੱਧ ਸੋਨੇ ਤੇ ਹੀਰਿਆਂ ਨਾਲ ਤਿਆਰ ਕੀਤੀ ਕਲਗੀ ਭੇਟ ਕਰ ਚੁੱਕੇ ਹਨ।

## ਬਹਿਬਲ ਕਾਂਡ: ਸੁਣਵਾਈ 8 ਅਕਤੂਬਰ ਤੱਕ ਟਲੀ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਇਥੇ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿਚ ਸੁਣਵਾਈ ਹੋਈ। ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਦਾਲਤ ਵਿਚ ਹਾਜਰ ਸਨ। ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਵਿਸ਼ੇਸ਼ ਸੁਰੱਖਿਆ ਵਾਲਾ ਹੁਕਮ ਮਿਲਣ ਕਰਕੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਦਾਲਤ ਵਿਚ ਪੇਸ਼ ਨਹੀਂ ਹੋਏ। ਉਮਰਾਨੰਗਲ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਕੁਝ ਦਸਤਾਵੇਜ਼ਾਂ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸਰਕਾਰੀ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਮਰਾਨੰਗਲ ਨੂੰ ਪਹਿਲਾਂ ਹੀ ਚਲਾਨ ਅਤੇ ਉਸ ਨਾਲ ਨੱਥੀ ਦਸਤਾਵੇਜ਼ ਦਿੱਤੇ ਜਾ ਚੁੱਕੇ ਹਨ। ਅਦਾਲਤ ਨੇ ਦੋਹਾਂ ਧਿਰਾਂ ਦੀ ਬਹਿਸ ਸੁਣਨ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ 8 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ। ਅਦਾਲਤ ਵਿਚ ਸੁਣਵਾਈ ਦੌਰਾਨ ਬਾਕੀ ਪੁਲਿਸ ਅਧਿਕਾਰੀ ਵੀ ਹਾਜਰ ਸਨ। ਪੁਲਿਸ ਅਧਿਕਾਰੀਆਂ ਨੇ ਬਹਿਬਲ ਗੋਲੀ ਕਾਂਡ ਵਿਚ ਦਾਇਰ ਕੀਤੀ ਗਈ ਚਾਰਜਸ਼ੀਟ ਨੂੰ ਹਾਈ ਕੋਰਟ ਵਿਚ ਵੀ ਚੁਣੌਤੀ ਦਿੱਤੀ ਹੋਈ ਹੈ, ਜਿਸ 'ਤੇ ਨਵੰਬਰ ਦੇ ਪਹਿਲੇ ਹਫਤੇ 'ਚ ਸੁਣਵਾਈ ਹੋਣ ਦੀ ਸੰਭਾਵਨਾ ਹੈ।

## ਨਵੀਂ ਵਿਆਹੀ ਜੋੜੀ ਨੇ ਆਪਣੇ ਅਨੰਦ ਕਾਰਜ ਉਪਰੰਤ ਖੁਦ ਕੀਰਤਨ ਕਰਕੇ ਸੰਗਤ ਨੂੰ ਕੀਤਾ ਨਿਹਾਲ

**ਫੋਰਟਵੇਨ, ਇੰਡੀਆਨਾ:** ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਦਿਆਲਾ ਦੇ ਦੋ ਸਕੇ ਭਰਾ-ਕਰਨੈਲ ਸਿੰਘ ਨੌਰਦ ਤੇ ਜੋਗਾ ਸਿੰਘ ਨੌਰਦ ਫੋਰਟਵੇਨ ਸ਼ਹਿਰ ਦੇ ਉੱਘੇ ਕਾਰੋਬਾਰੀ ਹਨ।



*ਨਵੀਂ ਵਿਆਹੀ ਜੋੜੀ ਅਨੰਦ ਕਾਰਜ ਉਪਰੰਤ ਕੀਰਤਨ ਕਰਦੀ ਹੋਈ।*

ਦੋਹਾਂ ਨੇ ਆਪਣੀ ਨਵੀਂ ਪੀੜ੍ਹੀ ਨੂੰ ਸਿੱਖੀ ਸਿਧਾਂਤਾਂ ਨਾਲ ਇਸ ਕਦਰ ਜੋੜਿਆ ਹੈ ਕਿ ਇਸ ਦੀ ਮਿਸਾਲ ਬੀਤੇ ਦਿਨੀਂ ਗੁਰਦੁਆਰਾ ਦਸਮੇਸ਼ ਦਰਬਾਰ ਵਿਖੇ ਜੋਗਾ ਸਿੰਘ ਦੇ ਬੇਟੇ ਰਵਿੰਦਰਜੀਤ ਸਿੰਘ ਦੇ ਸ਼ੁਭ ਅਨੰਦ ਕਾਰਜ ਰੀਤੂ ਚੌਹਾਨ ਨਾਲ ਪੂਰਨ ਗੁਰਮਰਿਆਦਾ ਅਨੁਸਾਰ ਕੀਤੇ ਜਾਣ ਮੌਕੇ ਮਿਲੀ। ਇਸ ਵਿਆਹ ਵਿਚ ਨਵੀਂ ਵਿਆਹੀ ਸੁਭਾਗੀ ਜੋੜੀ ਨੇ ਆਪ ਕੀਰਤਨ ਕਰਕੇ ਵਿਆਹ ਵਿਚ ਸ਼ਾਮਿਲ ਸੰਗਤਾਂ ਨੂੰ ਨਿਹਾਲ ਕੀਤਾ।

ਵਿਆਹ ਵਿਚ ਸ਼ਾਮਿਲ ਉੱਘੀਆਂ ਸ਼ਖਸੀਅਤਾਂ ਨੇ ਕਿਹਾ ਕਿ ਅਮਰੀਕਾ ਵਿਚ ਜੰਮੇ ਪਲੇ ਬੱਚੇ ਜਦੋਂ ਗੁਰਮਤਿ ਅਤੇ ਗੁਰਬਾਣੀ ਗਾਇਨ ਨਾਲ ਇਸ ਕਦਰ ਜੁੜੇ ਹੋਏ ਹਨ ਤਾਂ ਆਸ ਬੱਝਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਸਿੱਖੀ ਸਿਧਾਂਤਾਂ 'ਤੇ ਪਹਿਰਾ ਦਿੰਦੀਆਂ ਰਹਿਣਗੀਆਂ। ਨੌਰਦ ਪਰਿਵਾਰ ਅਤੇ ਨਵੀਂ ਵਿਆਹੀ ਜੋੜੀ ਦੀ ਭਾਈਚਾਰੇ ਵਿਚ ਖੂਬ ਪ੍ਰਸ਼ੰਸਾ ਹੋ ਰਹੀ ਹੈ।

# ਭਾਜਪਾ ਆਗੂਆਂ ਖਿਲਾਫ ਸੰਘਰਸ਼ ਤੇਜ਼ ਕਰਨ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨਾਂ ਨੇ ਭਾਜਪਾ ਖਿਲਾਫ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ ਹੈ। ਆਗੂਆਂ ਨੇ ਭਾਜਪਾ ਆਗੂਆਂ ਦੀ ਬੋਲ ਬਾਣੀ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਸੱਤਾ ਦੇ ਨਸ਼ੇ 'ਚ ਚੂਰ ਭਾਜਪਾ ਆਗੂ ਅਤੇ ਨਰਿੰਦਰ ਮੋਦੀ ਅਤੇ ਪੂੰਜੀਪਤੀ ਘਰਾਣਿਆਂ ਦੇ ਭਗਤ ਸਾਬਤ ਹੋਣ ਲਈ ਕਿਸਾਨਾਂ ਖਿਲਾਫ ਘਟੀਆ ਪ੍ਰਚਾਰ ਕਰ ਕੇ ਸਮਾਜ ਵਿਚ ਨਫਰਤ ਪੈਦਾ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕਰਾਰਾ ਜਵਾਬ ਇਹੋ ਹੋਵੇਗਾ ਕਿ ਖੇਤੀ ਕਾਨੂੰਨਾਂ ਵਿਰੁਧ ਵਿੱਢੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇ। ਆਗੂਆਂ ਨੇ ਇਹ ਵੀ ਦੱਸਿਆ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਵਿਰੁੱਧ ਵਿੱਢੇ ਸੰਘਰਸ਼ ਦੇ ਨਾਲ-ਨਾਲ ਪੰਜਾਬ ਤੇ ਦਿੱਲੀ ਵਿਚ ਲੱਗੇ ਮੋਰਚਿਆਂ ਦੀ ਮਜ਼ਬੂਤੀ ਲਈ ਪਿੰਡਾਂ 'ਚ ਲਗਾਤਾਰ ਲਾਮਬੰਦੀ ਕੀਤੀ ਜਾ ਰਹੀ ਹੈ। ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਨਾਲ ਸਬੰਧਤ ਨੇਤਾਵਾਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਟੌਲ ਪਲਾਜ਼ਿਆਂ, ਅੰਬਾਨੀ ਅਤੇ ਅਡਾਨੀ ਟਿਕਾਣਿਆਂ, ਪੈਟਰੋਲ ਪੰਪਾਂ ਆਦਿ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਦਿੱਲੀ ਦੇ ਮੋਰਚਿਆਂ ਦੀ ਮਜ਼ਬੂਤੀ ਹੀ ਮੋਦੀ ਸਰਕਾਰ ਦੀਆਂ ਅੱਖਾਂ ਖੋਲ੍ਹੇਗੀ ਕਿਉਂਕਿ ਸੰਯੁਕਤ ਕਿਸਾਨ ਮੋਰਚੇ ਨੇ ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਭਾਜਪਾ ਦਾ ਬਿਸਤਰਾ ਗੋਲ ਕਰਨ ਲਈ ਮੋਰਚਾ ਗੱਡਣਾ ਹੈ। ਬੁਲਾਰਿਆਂ ਨੇ ਪੰਜਾਬ ਭਾਜਪਾ ਦੇ ਆਗੂ ਹਰਿੰਦਰ ਕਾਹਲੋਂ ਦੇ ਕਿਸਾਨਾਂ ਨੂੰ ਡਾਂਗਾਂ ਨਾਲ ਸਿੱਧਾ ਕਰਨ ਵਾਲੇ ਬਿਆਨ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਇਖਲਾਕੀ ਚੜ੍ਹਤ ਅਤੇ ਵਿਸ਼ਾਲ ਸਮਰਥਨ ਅੱਗੇ ਸਰਕਾਰ ਤੇ ਭਾਜਪਾ ਬੇਵੱਸ ਹੋਈ ਦਿਖਾਈ ਦੇ ਰਹੀ ਹੈ। ਇਸੇ ਤਰ੍ਹਾਂ ਆਗੂਆਂ ਨੇ ਬੀਤੇ ਦਿਨੀਂ ਹਰਿਆਣਾ ਭਾਜਪਾ ਪ੍ਰਧਾਨ ਓਪੀ ਧਨਖੜ ਵੱਲੋਂ ਕਿਸਾਨਾਂ ਨੂੰ ਨਸ਼ੇੜੀ ਕਹੇ ਜਾਣ ਦੀ ਵੀ ਸਖਤ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਅੰਦੋਲਨ ਜੀਵੀ, ਮਾਓਵਾਦੀ, ਖਾਲਿਸਤਾਨੀ, ਦੇਸ਼-ਧ੍ਰੋਹੀ, ਟੁਕੜੇ-ਟੁਕੜੇ ਗੈਂਗ ਤੋਂ ਬਾਅਦ ਹੁਣ ਹਰਿਆਣਾ ਦੇ ਭਾਜਪਾ ਪ੍ਰਧਾਨ ਓਪੀ ਧਨਖੜ ਕਿਸਾਨਾਂ ਨੂੰ ਨਸ਼ੇੜੀ ਕਹਿਣ ਦੀ ਹੱਦ ਤੱਕ ਚਲਾ ਗਿਆ। ਆਗੂਆਂ ਨੇ ਕਿਹਾ ਕਿ ਭਾਜਪਾ ਆਗੂਆਂ ਦੀ ਝੂਠੀ ਬਿਆਨਬਾਜ਼ੀ ਕਿਸਾਨੀ ਸੰਘਰਸ਼ ਨੂੰ ਮਜ਼ਬੂਤ ਕਰੇਗੀ ਅਤੇ ਕਿਸਾਨ ਕਾਨੂੰਨਾਂ ਦੀ ਵਾਪਸੀ ਤੱਕ ਡਟੇ ਰਹਿਣਗੇ।


# ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਲਈ ਸਹਿਯੋਗ ਕਰਨ ਦੀ ਅਪੀਲ

ਆਤਮ ਪਰਗਾਸ ਸੰਸਥਾ ਦੇ ਬਾਨੀ ਅਤੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਰਾਸ਼ਟਰੀ ਖੋਜ ਸਨਮਾਨ ਅਤੇ ਸੋਨੇ ਦੇ ਤਮਗੇ ਨੂੰ ਠੁਕਰਾਉਣ ਵਾਲੇ ਪ੍ਰਸਿੱਧ ਭੂਮੀ ਵਿਗਿਆਨੀ ਡਾ. ਵਰਿੰਦਰਪਾਲ ਸਿੰਘ ਜੀ ਦੀ ਸੁਚੱਜੀ ਅਗਵਾਈ ਵਿਚ ਭਾਰਤੀ ਕਿਸਾਨ ਅੰਦੋਲਨ ਦੌਰਾਨ ਵਿਛੜ ਚੁਕੇ ਕਿਸਾਨਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਲਈ ਨਿਵੇਕਲੇ ਉਪਰਾਲੇ ਕੀਤੇ ਜਾ ਰਹੇ ਹਨ। ਸ਼ਹੀਦ ਹੋ ਗਏ ਲਗਭਗ 600 ਕਿਸਾਨਾਂ ਦੇ ਪਰਿਵਾਰਾਂ ਨਾਲ ਨਿੱਜੀ ਮੁਲਾਕਾਤ ਕਰਕੇ ਪਰਿਵਾਰਾਂ ਦੀਆਂ ਲੋੜਾਂ ਦਾ ਜ਼ਾਇਜਾ ਲੈਣ ਅਤੇ ਉਨ੍ਹਾਂ ਦਾ ਦੁੱਖ ਵੰਡਾਉਣ ਲਈ ਪੰਜਾਬ ਵਿਚ 25 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਕਰਨ ਲਈ ਉਨ੍ਹਾਂ ਦੇ ਬੱਚਿਆਂ ਲਈ ਵਿੱਦਿਆ ਦੇ ਯੋਗ ਪ੍ਰਬੰਧ ਕਰਨ, ਮਰੀਜ਼ਾਂ ਲਈ ਦਵਾਈ ਦੀ ਸਹੂਲਤ ਪ੍ਰਦਾਨ ਕਰਨ, ਨੌਜਵਾਨਾਂ ਨੂੰ ਕਾਰੋਬਾਰ ਸਥਾਪਤ ਕਰ ਕੇ ਦੇਣ, ਖੇਤੀਬਾੜੀ ਦੇ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਲਈ ਖੇਤੀ ਵਿਗਿਆਨੀਆਂ ਅਤੇ ਮਾਹਿਰਾਂ ਨਾਲ ਰਾਬਤਾ ਕਰਵਾਉਣ ਅਤੇ ਅਤਿ ਗਰੀਬ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਰਿਹਾਇਸ਼ ਲਈ ਘਰ ਦਾ ਨਿਰਮਾਣ ਕਰ ਕੇ ਦੇਣ ਦੀਆਂ ਸੇਵਾਵਾਂ ਵਿਉਂਤਬੰਦੀ ਨਾਲ ਕੀਤੀਆਂ ਜਾ ਰਹੀਆਂ ਹਨ।

ਆਤਮ ਪਰਗਾਸ ਟੀਮ ਵੱਲੋਂ ਸੰਭਾਲੇ ਜਾ ਰਹੇ ਸਮੂਹ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਪਾਰਦਰਸ਼ੀ ਜਾਣਕਾਰੀ ਆਤਮ ਪਰਗਾਸ ਦੀ ਵੈਬਸਾਈਟ (www.atampargas.org) ਉੱਪਰ ਉਪਲਬਧ ਕਰਵਾਈ ਜਾ ਰਹੀ ਹੈ। ਇਸ ਵੈਬਸਾਈਟ ਦੀ ਵਿਸ਼ੇਸ਼ਤਾ ਹੈ ਕਿ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਅਤੇ ਉਨ੍ਹਾਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਪ੍ਰਾਪਤ ਹੋਏ ਵਿੱਤੀ ਅਤੇ ਹੋਰ ਸਹਿਯੋਗ ਦੀ ਮੁਕੰਮਲ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਦਾਨੀ ਸੱਜਣਾਂ ਨੂੰ ਲੋੜਵੰਦ ਕਿਸਾਨ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਸਕੇ। ਆਤਮ ਪਰਗਾਸ ਵੱਲੋਂ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸਚਿਆਰ ਮਨੁੱਖਾਂ ਵਜੋਂ ਘਾੜਤ ਕਰਨ ਲਈ ਨਰਸਰੀ ਤੋਂ ਨੌਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਲਈ ਪੰਜਾਬ ਦੀ ਵਿਰਾਸਤੀ ਵਿੱਦਿਅਕ ਪ੍ਰਣਾਲੀ ਦੇ ਆਧਾਰ 'ਤੇ ਨਿਵੇਕਲਾ ਸਿਲੇਬਸ ਤਿਆਰ ਕੀਤਾ ਗਿਆ ਹੈ। ਪੰਜਾਬ ਦੇ ਅਮੀਰ ਵਿਰਸੇ ਅਤੇ ਸਭਿਆਚਾਰ ਦੇ ਗਿਆਨ ਤੇ ਕਦਰਾਂ ਕੀਮਤਾਂ ਨਾਲ ਲੈਸ ਇਹ ਪੁਸਤਕਾਂ ਦੇਸ਼-ਵਿਦੇਸ਼ ਦੇ ਵਿਦਿਆਰਥੀਆਂ ਲਈ ਇੱਕ ਸੁਗਾਤ ਹਨ। ਆਤਮ ਪਰਗਾਸ ਵੱਲੋਂ ਅਰੰਭ ਕੀਤੇ ਗਏ ਇਨ੍ਹਾਂ ਸੇਵਾ ਕਾਰਜਾਂ ਵਿਚ ਸਹਿਯੋਗ ਕਰਨ ਲਈ ਅਮਰੀਕਾ ਸਥਿਤ ਸੰਸਥਾ ਪਗੜੀ (Punjab Agriculture Rejuvenation Initiative - PAGRI) ਵੱਲੋਂ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਦੇ ਸਹਿਯੋਗ ਨਾਲ 26 ਸਤੰਬਰ 2021 ਦਿਨ ਐਤਵਾਰ ਸਵੇਰ 11 ਵਜੇ ਦਾਨ ਇਕੱਤਰ (Fund Raising) ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਤੁਸੀਂ ਇਸ ਦਿਨ ਗੁਰਦੁਆਰਾ ਸਾਹਿਬ ਹਾਜ਼ਰ ਹੋ ਕੇ ਇਸ ਨੇਕ ਕੰਮ ਵਿਚ ਆਪਣਾ ਯੋਗਦਾਨ ਪਾਉ ਜੀ। ਪਗੜੀ (PAGRI) ਸੰਸਥਾ ਪੰਜਾਬ ਦੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਕੱਢ ਕੇ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਅਤੇ ਵਚਨਬੱਧ ਹੈ। ਆਪ ਸਭ ਅੱਗੇ ਬੇਨਤੀ ਹੈ ਕਿ ਤੁਸੀਂ ਇਸ ਨੇਕ ਕਾਰਜ ਵਿਚ ਆਪਣਾ ਯੋਗਦਾਨ ਪਾਉਣ ਦੀ ਕਿਰਪਾਲਤਾ ਕਰਨੀ ਜੀ।

**ਸੰਪਰਕ: +1-708-359-0665 ਜਾਂ +91-82880-10531/3**

Initiative by ATAM PARGAS Supported by PAGRI

**Support Farmers Mission**

**A noble Initiative to ensure the sustenance of the families of the martyrs of the Farmers' Agitation.**

Under the able guidance of Dr. Varinderpal Singh, Chairman, Atam Pargas & Principal Soil Chemist, PAU, Ludhiana



**Punjab Agricultural Rejuvenation Initiative (PAGRI) USA based NGO is working to support small and marginal farmers by empowering them to adopt sustainable farming practices, reduce consumption of chemicals in agriculture, save environment and increase farm income.**

**Contact Atam Pargas**
Ph. No.: +91 82880 10531
Ph. No.: +91 82880 10532
Email: atampargas@gmail.com
Website: atampargas.org
YouTube: atampargas

**Contact PAGRI**
Lal Singh (MS, MBA): +1 708 359 0665
Dr. Harinder Singh Lamba: +1 630 215 4648
Kuldeep Singh Sra: +1 630 305 3233
Birender Singh: +1 604 202 4096
Email: contact@pagri.org
Website: www.pagri.org

**26 Sep, 2021, 11AM at**
**Palatine Gurdwara, Sikh Religious Society, Chicago, USA**




Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਗਰਲੈਂਡ ’ਚ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿਚ ਵਿਸ਼ੇਸ਼ ਸਮਾਗਮ

**ਡੈਲਸ, ਟੈਕਸਸ (ਹਰਜੀਤ ਸਿੰਘ ਢੇਸੀ):** ਪਿਛਲੇ ਦਿਨੀਂ ਗੁਰਦੁਆਰਾ ਸਿੱਖ ਟੈਂਪਲ ਆਫ ਨਾਰਥ ਟੈਕਸਸ, ਗਰਲੈਂਡ ਵਿਖੇ ਸਾਰਾਗੜ੍ਹੀ ਦੇ ਮਹਾਨ ਸ਼ਹੀਦਾਂ ਦੀ ਯਾਦ ਵਿਚ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਲੰਘੀ 29 ਅਗਸਤ ਨੂੰ ਅਰੰਭ ਹੋਏ ਸਹਿਜ ਪਾਠ ਦਾ ਭੋਗ 12 ਸਤੰਬਰ ਨੂੰ ਪਾਇਆ ਗਿਆ, ਜਿਸ ਵਿਚ ਡੈਲਸ, ਫੋਰਟਵਰਥ ਦੀ ਸਮੂਹ ਸਿੱਖ ਸੰਗਤ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਸਾਰਾਗੜ੍ਹੀ ਦੇ ਸਿਰਲੱਥ ਯੋਧਿਆਂ ਨੂੰ ਸ਼ਰਧਾਂਜਲੀਆਂ ਅਰਪਣ ਕੀਤੀਆ। ਹਜ਼ੂਰੀ ਰਾਗੀ ਜਥੇ ਨੇ ਮਨੋਹਰ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਨਾਲ ਜੋੜਿਆ ਤੇ ਸ਼ਹੀਦਾਂ ਦੀ ਯਾਦ ਵਿਚ ਸ਼ਬਦ ਗਾਇਨ ਕੀਤਾ।

ਇਸ ਸਮਾਗਮ ਦੀ ਸੇਵਾ ਤਹਿਸੀਲ ਸਿੰਘ ਧਾਲੀਵਾਲ (ਧਾਲੀਵਾਲ ਲੈਬਜ਼) ਵਲੋਂ ਕੀਤੀ ਗਈ।













ਜ਼ਿਕਰਯੋਗ ਹੈ ਕਿ ਸ. ਤਹਿਸੀਲ ਸਿੰਘ ਧਾਲੀਵਾਲ ਸਾਰਾਗੜ੍ਹੀ ਦੇ ਸ਼ਹੀਦ ਭਾਈ ਜੀਵਨ ਸਿੰਘ ਜੀ ਦੇ ਅੰਸ਼-ਵੰਸ਼ ਵਿਚੋਂ ਉਨ੍ਹਾਂ ਦੇ ਪੋਤਰੇ ਹਨ। ਸਮਾਗਮ ਦੌਰਾਨ ਭਾਈ ਕਰਮਜੀਤ ਸਿੰਘ ਕੈਲਾ ਵਲੋਂ ‘We Are Sikh’ ਕਿਤਾਬਚਾ ਰਿਲੀਜ਼ ਕੀਤਾ ਗਿਆ ਅਤੇ ਉਨ੍ਹਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਜਿਨ੍ਹਾਂ ਕਰ ਕੇ ਅੱਜ ਅਸੀਂ ਆਜ਼ਾਦ ਫਿਜ਼ਾ ਵਿਚ ਸਾਹ ਲੈ ਰਹੇ ਹਾਂ। ਉਨ੍ਹਾਂ ਆਪਣੇ ਸ਼ਬਦਾਂ ’ਤੇ ਜ਼ੋਰ ਦਿੰਦਿਆਂ ਕਿਹਾ, ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ, ਉਨ੍ਹਾਂ ਦਾ ਨਾਮੋ ਨਿਸ਼ਾਨ ਸਮੇਂ ਦੀ ਗਰਦ ਅੰਦਰ ਗਵਾਚ ਜਾਂਦਾ ਹੈ।

ਗੁਰੂ ਘਰ ਦੇ ਜਨਰਲ ਸਕੱਤਰ ਭਾਈ ਮਨਜੀਤ ਸਿੰਘ ਸਹੋਤਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰਾਗੜ੍ਹੀ ਦੇ ਮਹਾਨ ਸ਼ਹੀਦਾਂ ਨੇ ਸ਼ਹਾਦਤਾਂ ਦੇ ਕੇ ਸਿੱਖੀ ਦੀ ਮਹਾਨ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਇਕ ਨਵਾਂ ਇਤਿਹਾਸ ਸਿਰਜਿਆ, ਜਿਸ ਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਭਾਈ ਸਹੋਤਾ ਵਲੋਂ ਨਾਈਨ ਅਲੈਵਨ ਦੇ ਦੁਖਾਂਤ ਵਿਚ ਜਾਨਾਂ ਗਵਾ ਗਏ ਜਿਊੜਿਆਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਗੁਰੂ ਘਰ ਹਾਜ਼ਰੀਆਂ ਭਰਨ ਲਈ ਸਮੂਹ ਸਿੱਖ ਸੰਗਤਾਂ ਦਾ ਧੰਨਵਾਦ ਕੀਤਾ।





## ਐਸ. ਆਰ. ਐਸ. ਗੁਰਮਤਿ ਸਕੂਲ ਗ੍ਰੈਜੂਏਸ਼ਨ ਸਮਾਰੋਹ ਅਤੇ ਸਹਿਜ ਪਾਠ ਦੀ ਸੰਪੂਰਨਤਾ

**ਸ਼ਿਕਾਗੋ:** ਲੰਘੇ ਐਤਵਾਰ ਐਸ. ਆਰ. ਐਸ. ਗੁਰਮਤਿ ਸਕੂਲ ਦੇ ਲੈਵਲ 7 ਵਿਦਿਆਰਥੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਹਿਜ ਪਾਠ ਦੇ ਭੋਗ ਪਾਏ ਗਏ। ਸਹਿਜ ਪਾਠ ਦੇ ਅਰੰਭ ਤੋਂ ਸੰਪੂਰਨਤਾ ਤਕ ਅਤੇ ਅਰਦਾਸ, ਹੁਕਮਨਾਮਾ ਤੇ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਸੇਵਾ ਬਹੁਤ ਹੀ ਬਾਖੂਬੀ ਨਿਭਾਈ ਗਈ। ਸੰਗਤਾਂ ਨੇ ਬਹੁਤ ਹੀ ਪਿਆਰ ਨਾਲ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਵਿਦਿਆਰਥੀਆਂ ਨੂੰ ਅਸੀਸਾਂ ਦਿੱਤੀਆਂ। ਗੁਰਮਤਿ ਸਕੂਲ ਦੇ ਲੈਵਲ 7 ਦੇ ਵਿਦਿਆਰਥੀਆਂ-ਭਵਨੀਤ ਸਿੰਘ, ਬੰਦਨਾ ਕੌਰ, ਸਚਲੀਨ ਕੌਰ, ਪ੍ਰਭਦੀਪ ਸਿੰਘ ਅਤੇ ਸਿਮਰਨਪ੍ਰੀਤ ਸਿੰਘ ਨੇ ਸਹਿਜ ਪਾਠ ਦੀ ਜ਼ੂਮ ਕਲਾਸ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਬਹੁਤ ਹੀ ਦ੍ਰਿੜਤਾ ਅਤੇ ਅਨੁਸ਼ਾਸਨ ਵਿਚ ਰਹਿ ਕੇ ਪੂਰਾ ਸਾਲ ਲਾਈ, ਜਿਸ ਵਿਚ ਉਨ੍ਹਾਂ ਨੇ ਗੁਰਬਾਣੀ ਪੜ੍ਹਨ ਦੀ ਸ਼ੁੱਧਤਾ, ਸਹੀ ਉਚਾਰਨ ਅਤੇ ਵਿਸ਼ਰਾਮ ਲਾਉਣ ਦੀ ਸਿਖਿਆ ਲਈ। ਕਲਾਸ ਨੂੰ ਚਲਾਉਣ ਲਈ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪ੍ਰਮਿੰਦਰਜੀਤ ਸਿੰਘ, ਗੁਰਮਤਿ ਸਕੂਲ ਦੇ ਅਧਿਆਪਕ ਬੀਬੀ ਰਵਿੰਦਰ ਕੌਰ, ਹਰਿੰਦਰਪਾਲ ਸਿੰਘ ਅਤੇ ਪ੍ਰਿੰਸੀਪਲ ਪਰਮਵੀਰ ਕੌਰ ਨੇ ਪੂਰਾ ਸਹਿਯੋਗ ਦਿੱਤਾ।

ਗ੍ਰੈਜੂਏਟ ਵਿਦਿਆਰਥੀਆਂ ਨੂੰ ਗੁਰਮਤਿ ਸਕੂਲ ਵੱਲੋਂ ਸਰਟੀਫਿਕੇਟ, ਪਲੇਕਸ (ਤਖਤੀਆਂ) ਅਤੇ ਕੁਝ ਗਿਫਟ ਵੀ ਦਿੱਤੇ ਗਏ। ਸਹਿਜ ਪਾਠ ਸੰਪੂਰਨ ਕਾਰਨ ਵਾਲੇ ਵਿਦਿਆਰਥੀਆਂ ਨੂੰ ਇਕ ਯਾਦ ਵਜੋਂ ਹੱਥ-ਘੜੀਆਂ ਦਿੱਤੀਆਂ ਗਈਆਂ। ਗੁਰਮਤਿ ਸਕੂਲ ਦੇ ਵਿਦਿਆਰਥੀਆਂ ਦੇ ਬਾਬਾ ਜੀ ਸ. ਕੁਲਵਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਪ੍ਰਮਿੰਦਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਮਾਣ-ਸਨਮਾਨ ਦਿੱਤੇ।

ਇੱਥੇ ਇਹ ਦੱਸਣਾ ਵੀ ਜਰੂਰੀ ਬਣਦਾ ਹੈ ਕਿ ਗੁਰਦੁਆਰਾ ਸਾਹਿਬ ਦੀ ਉਸਾਰੀ 1975 ਵਿਚ ਹੋਈ ਸੀ ਅਤੇ ਗੁਰਮਤਿ ਸਕੂਲ ਦਾ ਇਹ ਪਹਿਲਾ ਗ੍ਰੈਜੂਏਸ਼ਨ ਸਮਾਰੋਹ ਸੀ। ਇਸ ਗ੍ਰੈਜੂਏਸ਼ਨ ਸਮਾਰੋਹ ਵਿਚ 13 ਵਿਦਿਆਰਥੀ ਗ੍ਰੈਜੂਏਟ ਹੋਏ ਅਤੇ 8 ਵਿਦਿਆਰਥੀਆਂ ਨੂੰ ਐਲੂਮਨੀ ਮਾਨ-ਸਨਮਾਨ ਦਿੱਤਾ ਗਿਆ। ਦਾਨੀ ਸੱਜਣਾਂ-ਸ. ਇੰਦਰਜੀਤ ਸਿੰਘ ਅਤੇ ਬੀਬੀ ਗੁਰਪ੍ਰੀਤ ਕੌਰ ਤੇ ਪਰਿਵਾਰ ਵੱਲੋਂ ਆਪਣੇ ਮਾਤਾ-ਪਿਤਾ ਡਾ. ਹਰਬੰਸ ਸਿੰਘ (ਗੁਰਦੁਆਰਾ ਸਾਹਿਬ ਦੇ ਫਾਊਂਡਰ ਮੈਂਬਰ) ਤੇ ਬੀਬੀ ਭਗਵੰਤ ਕੌਰ ਦੀ ਨਿੱਘੀ ਯਾਦ ਵਿਚ ਗੁਰਮਤਿ ਸਕੂਲ ਨੂੰ ਦਾਨ ਰਾਸ਼ੀ ਦਿੱਤੀ ਗਈ ਤੇ ਕੁਝ ਹੋਰ ਸੰਗਤਾਂ ਵੱਲੋਂ ਮਾਇਆ ਦਿੱਤੀ ਗਈ।

ਗੁਰਮਤਿ ਸਕੂਲ ਦੇ ਸੀਨੀਅਰ ਅਧਿਆਪਕ ਬੀਬੀ ਜਗਦੀਪ ਕੌਰ ਤੇ ਪਰਿਵਾਰ ਵੱਲੋਂ ਗ੍ਰੈਜੂਏਸ਼ਨ ਸਮਾਰੋਹ ਅਤੇ ਸਹਿਜ ਪਾਠ ਦੀ ਸੰਪੂਰਨਤਾ ‘ਤੇ ਸਾਰੀ ਸੰਗਤ ਨੂੰ ਲੱਡੂ ਵੀ ਵੰਡੇ ਗਏ। ਅਧਿਆਪਕ ਗੁਰਪ੍ਰੀਤ ਸਿੰਘ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਕੀਤੀ ਗਈ। ਸਮਾਰੋਹ ਦੀਆਂ ਤਸਵੀਰਾਂ ਲੈਣ ਲਈ ਇੰਦਰਮੋਹਨ ਸਿੰਘ, ਗੁਰਮਤਿ ਸਕੂਲ, ਸੁਪ੍ਰੀਤਾ ਕੌਰ ਤੇ ਅਨੀਤ ਕੌਰ ਦਾ ਧੰਨਵਾਦ ਕੀਤਾ ਗਿਆ।

## ਬੇਅਦਬੀ ਮਾਮਲੇ ‘ਚ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਆਹਮੋ-ਸਾਹਮਣੇ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਕੇਸਗੜ੍ਹ ਸਾਹਿਬ ਵਿਖੇ ਬੇਅਦਬੀ ਦੀ ਘਟਨਾ ਤੋਂ ਬਾਅਦ ਜਿਥੇ ਸੰਗਤਾਂ ਵੱਲੋਂ ਤਖਤਾਂ ਦੇ ਜਥੇਦਾਰਾਂ ਦੇ ਅਸਤੀਫੇ ਮੰਗਣੇ ਸ਼ੁਰੂ ਕਰ ਦਿੱਤੇ ਗਏ ਹਨ, ਉਥੇ ਹੁਣ ਜਥੇਦਾਰ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਨੇ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੇ ਸਿਰ ਮੜ੍ਹਦੇ ਹੋਏ ਕਮੇਟੀ ਮੈਂਬਰਾਂ ਨੂੰ ਘੁਰਕੀ ਦੇ ਨਾਲ ਉਨ੍ਹਾਂ ਦੀ ਕਾਰਗੁਜ਼ਾਰੀ ‘ਤੇ ਵੀ ਸੁਆਲੀਆਂ ਚਿੰਨ੍ਹ ਲਗਾ ਦਿੱਤਾ ਹੈ। ਇੰਗਲੈਂਡ ਦੌਰੇ ਉਪਰੰਤ ਤਖਤ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਜਿਥੇ ਬੇਅਦਬੀ ਦੀ ਘਟਨਾ ਦੀ ਨਿੰਦਾ ਕੀਤੀ ਤੇ ਪੁਲਿਸ ਨੂੰ ਸੱਚ ਸਾਹਮਣੇ ਲਿਆਉਣ ਲਈ ਕਿਹਾ, ਨਾਲ ਹੀ ਉਨ੍ਹਾਂ ਸੰਗਤਾਂ ਵੱਲੋਂ ਜਥੇਦਾਰ ਕੇਸਗੜ੍ਹ ਸਾਹਿਬ ਗਿਆਨੀ ਰਘਬੀਰ ਸਿੰਘ ਦੇ ਅਸਤੀਫੇ ਦੀ ਮੰਗ ‘ਤੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਗੁਰਦੁਆਰਾ ਸਹਿਬਾਨ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੈ।

ਇਸ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਨਿਭਾਉਣ। ਜਥੇਦਾਰ ਅਕਾਲ ਤਖਤ ਨੇ ਇਥੋਂ ਤੱਕ ਆਖ ਦਿੱਤਾ ਕਿ ਇਹ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਸੰਗਤਾਂ ‘ਚ ਜਾ ਕੇ ਉਨ੍ਹਾਂ ਦੀ ਤਸੱਲੀ ਕਰਵਾਉਣ ਕਿਉਂਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਖਾਸ ਤੌਰ ‘ਤੇ ਸਥਾਨਕ ਮੈਂਬਰ ਇਥੇ ਸਮਾਂ ਨਹੀਂ ਦਿੰਦੇ।

ਇਸ ਬਾਰੇ ਸਥਾਨਕ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦੇ ਨੇ ਉਨ੍ਹਾਂ ਕਿਹਾ ਕਿ ਉਹ ਤਾਂ ਬੀਤੇ ਕਈ ਦਿਨਾਂ ਤੋਂ ਸ੍ਰੀ ਆਨੰਦਪੁਰ ਸਾਹਿਬ ਦੀ ਸੰਗਤ ‘ਚ ਹੀ ਹਾਜ਼ਰ ਹਨ ਪਰ ਜਥੇਦਾਰ ਸਾਹਿਬ ਹੀ ਇੰਗਲੈਂਡ ਦੌਰੇ ‘ਤੇ ਗਏ ਹੋਏ ਸਨ। ਦੂਸਰੇ ਸਥਾਨਕ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਕਿਹਾ ਕਿ ਜਥੇਦਾਰ ਸਾਹਿਬ ਨੂੰ ਜ਼ਮੀਨੀ ਹਕੀਕਤ ਦਾ ਗਿਆਨ ਨਾ ਹੋਣ ਕਰਕੇ ਉਨ੍ਹਾਂ ਅਜਿਹਾ ਬਿਆਨ ਦਿੱਤਾ ਹੈ, ਜਦਕਿ ਸਥਾਨਕ ਦੋ ਮੈਂਬਰ ਹੀ ਨਹੀਂ ਬਲਕਿ 13 ਸਤੰਬਰ ‘ਤੇ ਗਿਆਨੀ ਰਘਬੀਰ ਸਿੰਘ ਕੋਲ ਅਤੇ ਖੁਦ ਗਿਆਨੀ ਹਰਪ੍ਰੀਤ ਸਿੰਘ ਦੇ ਕੋਲ ਇਤਰਾਜ਼ ਪ੍ਰਗਟ ਕੀਤਾ ਹੈ।

## ਟੈਲੀਕਾਮ ਖੇਤਰ ‘ਚ ਸੌ ਫੀਸਦੀ ਵਿਦੇਸ਼ੀ ਨਿਵੇਸ਼ ਨੂੰ ਖੁੱਲ੍ਹ

**ਨਵੀਂ ਦਿੱਲੀ:** ਕਾਰਪੋਰੇਟ ਵਿਕਾਸ ਦੇ ਮਾਡਲ ਤਹਿਤ ਖੁੱਲ੍ਹੀ ਮੰਡੀ ਦੇ ਸਿਧਾਂਤ ਨੂੰ ਪ੍ਰਨਾਈ ਕੇਂਦਰ ਸਰਕਾਰ ਨੇ ਟੈਲੀਕਾਮ ਖੇਤਰ ਵਿਚ 100 ਫੀਸਦੀ ਸਿੱਧੇ ਪੂੰਜੀ ਨਿਵੇਸ਼ ਨੂੰ ਖੁੱਲ੍ਹ ਦੇ ਦਿੱਤੀ ਹੈ। ਇਸ ਦੇ ਨਾਲ ਹੀ ਦੇਸ਼ ਦੀਆਂ ਟੈਲੀਕਾਮ ਕੰਪਨੀਆਂ ਵੱਲ ਟੈਲੀਕਾਮ ਵਿਭਾਗ ਦੇ ਬਕਾਏ ਦੀ ਵਸੂਲੀ ‘ਤੇ ਚਾਰ ਸਾਲਾਂ ਤੱਕ ਰੋਕ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਸਰਕਾਰ ਨੇ 100 ਫੀਸਦੀ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਤਾਂ ਦਿੱਤੀ ਸੀ ਪਰ 49 ਫੀਸਦੀ ਆਟੋਮੈਟਿਕ ਤਰੀਕੇ ਨਾਲ ਸੀ ਅਤੇ ਇਸ ਤੋਂ ਵੱਧ ਪੂੰਜੀ ਨਿਵੇਸ਼ ਵਾਸਤੇ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਸੀ। ਨਵੇਂ ਹੁਕਮ ਨਾਲ ਸਰਕਾਰ ਤੋਂ ਪ੍ਰਵਾਨਗੀ ਲੈਣ ਦੀ ਕੋਈ ਜਰੂਰਤ ਨਹੀਂ ਰਹੇਗੀ। ਟੈਲੀਕਾਮ ਕੰਪਨੀਆਂ ਨੇ ਟੈਲੀਕਾਮ ਵਿਭਾਗ ਨੂੰ ਲਾਈਸੈਂਸ ਫੀਸ ਅਤੇ ਸਪੈਕਟਰਮ ਵਰਤੋਂ ਫੀਸ ਅਦਾ ਕਰਨੀ ਹੁੰਦੀ ਹੈ। ਟੈਲੀਕਾਮ ਅਥਾਰਟੀ ਆਫ ਇੰਡੀਆ ਦੀ ਅਕਤੂਬਰ ਦਸੰਬਰ 2020 ਦੇ ਸਮੇਂ ਵਾਲੀ ਰਿਪੋਰਟ ਮੁਤਾਬਕ ਦੇਸ਼ ਦੀਆਂ ਚਾਰ ਵੱਡੀਆਂ ਕਾਰਪੋਰੇਟ ਕੰਪਨੀਆਂ ਵੱਲ ਲਾਈਸੈਂਸ ਫੀਸ ਦਾ 92 ਹਜ਼ਾਰ ਕਰੋੜ ਰੁਪਿਆ ਤੇ ਸਪੈਕਟਰਮ ਵਰਤੋਂ ਫੀਸ ਦਾ 41 ਹਜ਼ਾਰ ਕਰੋੜ ਰੁਪਏ ਬਕਾਇਆ ਸੀ।

ਇਸ ਮਾਮਲੇ ਦੀ ਸੁਪਰੀਮ ਕੋਰਟ ਵਿਚ ਵੀ ਸੁਣਵਾਈ ਹੋਈ ਅਤੇ ਸੁਪਰੀਮ ਕੋਰਟ ਨੇ ਵੀ ਟੈਲੀਕਾਮ ਅਥਾਰਟੀ ਦੀ ਗੱਲ ਨੂੰ ਸਹੀ ਮੰਨਿਆ ਸੀ। ਇਸੇ ਸਮੇਂ ਦੌਰਾਨ ਨਿੱਜੀ ਖੇਤਰ ਦੀਆਂ ਵੱਡੀਆਂ ਟੈਲੀਕਾਮ ਕੰਪਨੀਆਂ ਦੇ ਮਾਲੀਏ ਅਤੇ ਮੁਨਾਫੇ ਵਿਚ ਵੀ ਵਾਧਾ ਹੋਇਆ ਹੈ ਜਦੋਂਕਿ ਭਾਰਤੀ ਸੰਚਾਰ ਨਿਗਮ (ਬੀ.ਐਸ.ਐਨ.ਐਲ.) ਲਿਮਟਿਡ ਦੇ ਮਾਲੀਏ ਵਿਚ 2.30 ਫੀਸਦੀ ਗਿਰਾਵਟ ਆਈ ਹੈ। ਕੋਵਿਡ-19 ਦੇ ਸਮੇਂ ਦੌਰਾਨ ਆਨਲਾਈਨ ਪੜ੍ਹਾਈ, ਵਰਚੂਅਲ ਮੀਟਿੰਗਾਂ, ਦਫਤਰੀ ਕੰਮ ਘਰਾਂ ਤੋਂ ਕਰਨ, ਸੋਸ਼ਲ ਮੀਡੀਆ ਦਾ ਪ੍ਰਸਾਰ, ਆਨਲਾਈਨ ਪੇਮੈਂਟਾਂ ਸਮੇਤ ਅਨੇਕਾਂ ਕੰਮਕਾਜ ਆਨਲਾਈਨ ਹੋਣ ਕਰਕੇ ਟੈਲੀਕਾਮ ਕੰਪਨੀਆਂ ਨੂੰ ਫਾਇਦਾ ਹੋਣ ਦਾ ਅਨੁਮਾਨ ਸੁਭਾਵਿਕ ਹੈ। ਕੰਪਨੀਆਂ ਵੱਲੋਂ ਖਪਤਕਾਰਾਂ ਕੋਲੋਂ ਪਹਿਲਾਂ ਨਾਲੋਂ ਜ਼ਿਆਦਾ ਦਰਾਂ ਵੀ ਵਸੂਲੀਆਂ ਜਾ ਰਹੀਆਂ ਹਨ।

ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਅਨੁਸਾਰ ਆਟੋ ਅਤੇ ਡਰੋਨ ਸਨਅਤ ਨੂੰ ਹੁਲਾਰੇ ਨਾਲ ਦੇਸ਼ ਦੀ ਮੈਨੂਫੈਕਚਰਿੰਗ ਸਮਰੱਥਾ ਨੂੰ ਉਤਸ਼ਾਹਿਤ ਕਰਨ ‘ਚ ਸਹਾਇਤਾ ਮਿਲੇਗੀ। ਵਾਹਨ ਅਤੇ ਵਾਹਨਾਂ ਦੇ ਪੁਰਜਿਆਂ ਵਾਲੀਆਂ ਸਨਅਤਾਂ ਲਈ ਪੀ.ਐਲ.ਆਈ. ਯੋਜਨਾ ਤਹਿਤ ਪੰਜ ਸਾਲਾਂ ‘ਚ 42,500 ਕਰੋੜ ਰੁਪਏ ਤੋਂ ਵੱਧ ਦਾ ਨਵਾਂ ਨਿਵੇਸ਼ ਹੋਵੇਗਾ।

## ਮੋਗਾ ਤੋਂ ਬੱਝਾ ਸੀ ਕਾਂਗਰਸ ‘ਚ ਖਾਨਾਜੰਗੀ ਦਾ ਮੁੱਢ

**ਮੋਗਾ:** ਮੋਗਾ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਤੇ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਖੇਤੀ ਕਾਨੂੰਨਾਂ ਖਿਲਾਫ਼ ਟਰੈਕਟਰ ਮਾਰਚ ਦੌਰਾਨ ਰੈਲੀਆਂ ਵਿਚ ਨਵਜੋਤ ਸਿੰਘ ਸਿੱਧੂ ਨੂੰ ਬੋਲਣ ਦਾ ਮੌਕਾ ਨਾ ਮਿਲਣ ਕਾਰਨ ਪੰਜਾਬ ਕਾਂਗਰਸ ‘ਚ ਖਾਨਾਜੰਗੀ ਦਾ ਮੁੱਢ ਬੱਝਿਆ ਸੀ। ਮੋਗਾ ਤੋਂ ਸੂਬੇ ‘ਚ ਦੋ ਦਿਨ ਟਰੈਕਟਰ ਮਾਰਚ ਦੌਰਾਨ ਮੰਚ ਦਾ ਸੰਚਾਲਨ ਸੁਖਜਿੰਦਰ ਸਿੰਘ ਰੰਧਾਵਾ ਦੇ ਹੱਥ ਰਿਹਾ ਸੀ। ਲੋਕ ਸਭਾ ਚੋਣਾਂ ਤੋਂ ਲਗਭਗ ਮਹੀਨਾ ਪਹਿਲਾਂ ਤਤਕਾਲੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਹੇਠ ਪਹਿਲੀ ਸਿਆਸੀ ਰੈਲੀ 7 ਮਾਰਚ 2019 ਨੂੰ ਜਿਲ੍ਹੇ ਦੇ ਪਿੰਡ ਕਿੱਲੀ ਚਾਹਲਾਂ ਵਿਚ ਹੋਈ ਸੀ। ਕਾਂਗਰਸ ਦੀ ਕਰਜ਼ਾ ਮੁਆਫੀ ਰੈਲੀ ਦੌਰਾਨ ਤਤਕਾਲੀ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ ਸੀ, ਜਿਸ ਤੋਂ ਵਿਵਾਦ ਖੜ੍ਹਾ ਹੋ ਗਿਆ ਸੀ। ਕੈਬਨਿਟ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਸਿੱਧੂ ਨੇ ਰਾਜਨੀਤਕ ਸਰਗਰਮੀਆਂ ਤੋਂ ਵੀ ਚੁੱਪ ਵੱਟ ਲਈ ਸੀ। ਕੇਂਦਰ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਰਾਹੁਲ ਗਾਂਧੀ ਨੇ ਮੋਗਾ ਦੇ ਕਸਬਾ ਬੱਧਨੀ ਕਲਾਂ ਤੋਂ ਪਿਛਲੇ ਸਾਲ 4 ਅਕਤੂਬਰ ਨੂੰ ਪੰਜਾਬ ਵਿਚ ਦੋ ਰੋਜ਼ਾ ਟਰੈਕਟਰ ਮਾਰਚ ਕੀਤਾ ਸੀ।

# ਖੇਤੀ ਕਾਨੂੰਨ: ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਵਿਚ ਬੜ੍ਹਕ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਨੇ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਦਾ ਇਕ ਸਾਲ ਮੁਕੰਮਲ ਹੋਣ 'ਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਸੰਸਦ ਮਾਰਚ ਵੱਲ ਮਾਰਚ ਕੱਢ ਕੇ 'ਕਾਲਾ ਦਿਵਸ' ਮਨਾਇਆ। ਇਸ ਦੌਰਾਨ ਮਾਰਚ ਦੀ ਅਗਵਾਈ ਕਰ ਰਹੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਮੇਤ ਹੋਰ ਆਗੂਆਂ ਨੇ ਗ੍ਰਿਫਤਾਰੀਆਂ ਦਿੱਤੀਆਂ। ਹਾਲਾਂਕਿ ਬਾਅਦ ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਭੇਜੇ ਗਏ ਮੰਗ ਪੱਤਰ ਵਿਚ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਅਤੇ ਇਹ ਵਾਅਦਾ ਕਰਨ ਲਈ ਕਿਹਾ ਕਿ ਉਹ ਕਿਸਾਨਾਂ ਦੀ ਜ਼ਿੰਦਗੀ 'ਤੇ ਅਸਰ ਪਾਉਣ ਵਾਲਾ ਕੋਈ ਵੀ ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸਾਨਾਂ ਦੀ ਰਾਏ ਜ਼ਰੂਰ ਲੈਣਗੇ। ਮਾਰਚ ਤੋਂ ਪਹਿਲਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ, "ਸਾਡੀ ਸਰਕਾਰ ਬਣਾ ਦਿਓ, ਪੰਜਾਬ ਵਿਚ ਖੇਤੀ ਕਾਨੂੰਨ ਲਾਗੂ ਨਹੀਂ ਹੋਣ ਦਿਆਂਗੇ। ਅਸੀਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਡਟੇ ਰਹਾਂਗੇ।" ਲੋਕ ਸਭਾ 'ਚ ਖੇਤੀ ਕਾਨੂੰਨਾਂ ਖ਼ਿਲਾਫ਼ ਵੋਟ ਪਾਉਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਨਾਲ ਮਿਲ ਕੇ ਕਿਸਾਨਾਂ ਨਾਲ ਧੋਖਾ ਕੀਤਾ ਹੈ ਕਿਉਂਕਿ ਕੈਪਟਨ ਉਸ 7 ਮੈਂਬਰੀ ਕਮੇਟੀ ਵਿੱਚ ਸ਼ਾਮਲ ਸਨ, ਜਿਸ ਨੇ ਕਾਨੂੰਨਾਂ ਦਾ ਖਰੜਾ ਤਿਆਰ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ

### ਸੰਸਦ ਮਾਰਚ ਵੱਲ ਮਾਰਚ ਕੱਢ ਕੇ 'ਕਾਲਾ ਦਿਵਸ' ਮਨਾਇਆ



ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਖੇਤੀ ਕਾਨੂੰਨ ਪੇਸ਼ ਕੀਤੇ ਸਨ ਪਰ ਭਾਰੀ ਵਿਰੋਧ ਹੋਣ ਮਗਰੋਂ ਇਹ ਵਾਪਸ ਲੈ ਲਏ ਸਨ ਪਰ ਪੰਜਾਬ ਦੀ ਕਾਂਗਰਸ ਸਰਕਾਰ ਨੇ ਏ.ਪੀ.ਐਮ.ਸੀ. ਐਕਟ 'ਚ ਸੋਧ ਕਰਕੇ ਪ੍ਰਾਈਵੇਟ ਮੰਡੀਆਂ ਬਣਾਉਣ ਦਾ ਰਾਹ ਖੋਲ੍ਹ ਦਿੱਤਾ ਹੈ।

ਉਨ੍ਹਾਂ ਇਹੋ ਵਾਅਦਾ 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਕੀਤਾ ਸੀ। ਸੁਖਬੀਰ ਨੇ ਕਿਹਾ ਕਿ ਕਾਂਗਰਸ ਅਤੇ 'ਆਪ' ਨੇ ਤਿੰਨੋਂ ਬਿੱਲਾਂ ਦਾ ਵਿਰੋਧ ਕਰਨ ਦੀ ਬਜਾਏ ਸਦਨ 'ਚੋਂ ਵਾਕ ਆਊਟ ਕੀਤਾ ਸੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ, "ਸਤਲੁਜ ਯਮੁਨਾ ਲਿੰਕ ਨਹਿਰ, ਪਰਾਲੀ ਅਤੇ ਥਰਮਲ ਪਲਾਂਟਾਂ ਬਾਰੇ ਉਨ੍ਹਾਂ ਦੇ ਦੋਹਰੇ ਮਿਆਰ ਹਨ।" ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਮੋਦੀ ਸਰਕਾਰ ਨੂੰ ਲੰਮੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਪੰਜਾਬ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਹਾਰੇਗੀ ਅਤੇ ਜੇਕਰ ਉਸ ਨੇ ਕਾਨੂੰਨ ਵਾਪਸ ਨਾ ਲਏ ਤਾਂ 2024 ਦੀਆਂ ਲੋਕ ਸਭਾ ਚੋਣਾਂ 'ਚ ਵੀ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ। ਬਸਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਕਿਹਾ ਕਿ 2024 ਵਿਚ ਸਰਕਾਰ ਬਦਲਣ 'ਤੇ ਤਿੰਨੋਂ ਖੇਤੀ ਕਾਨੂੰਨ ਰੱਦ ਕੀਤੇ ਜਾਣਗੇ। ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਨੂੰ ਅੱਗ ਵੱਲ ਨਾ ਧੱਕਿਆ ਜਾਵੇ ਅਤੇ ਕਿਸਾਨਾਂ ਦੇ ਮਸਲੇ ਫੌਰੀ ਹੱਲ ਕੀਤੇ ਜਾਣ।

### ਅਕਾਲੀ ਦਲ ਦਾ ਪ੍ਰਦਰਸ਼ਨ ਮਗਰਮੱਛ ਦੇ ਹੰਝੂ: ਕਿਸਾਨ

ਸ਼੍ਰੋਮਣੀ ਅਕਾਲੀ ਦਲ ਵੱਲੋਂ ਖੇਤੀ ਕਾਨੂੰਨ ਬਣੇ ਨੂੰ ਇਕ ਸਾਲ ਪੂਰਾ ਹੋਣ 'ਤੇ ਦਿੱਲੀ 'ਚ ਕੀਤੇ ਗਏ ਪ੍ਰਦਰਸ਼ਨ ਬਾਰੇ ਟਿੱਪਣੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਅਤੇ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਇਹ ਇਕ ਦਿਨ ਦਾ ਵਿਖਾਵਾ ਮਗਰਮੱਛ ਦੇ ਹੰਝੂ ਵਹਾਉਣ ਵਾਂਗ ਹੈ। ਦੂਜੇ ਪਾਸੇ 500 ਕਿਸਾਨ ਜਥੇਬੰਦੀਆਂ ਦਾ ਸੰਯੁਕਤ ਕਿਸਾਨ ਮੋਰਚਾ ਪਿਛਲੇ 9 ਮਹੀਨਿਆਂ ਤੋਂ ਲਗਾਤਾਰ ਸੰਘਰਸ਼ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਇਕ ਦਿਨ ਨਹੀਂ, ਸਗੋਂ ਲੰਮੇ ਅਤੇ ਦ੍ਰਿੜ੍ਹ ਇਰਾਦੇ ਵਾਲੇ ਸੰਘਰਸ਼ਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨ ਹਿਤੈਸ਼ੀ ਅਖਵਾਉਣ ਵਾਲਾ ਅਕਾਲੀ ਦਲ ਇਕ ਦਿਨ ਦੇ ਪ੍ਰਦਰਸ਼ਨ ਨਾਲ ਮਹਿਜ਼ ਸਿਆਸੀ ਰੋਟੀਆਂ ਸੇਕ ਰਿਹਾ ਹੈ।

### ਡਰਾਮਾ ਕਰ ਰਹੇ ਨੇ ਅਕਾਲੀ ਅਤੇ 'ਆਪ': ਸਿੱਧੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕੇਂਦਰ ਦੇ ਵਿਵਾਦਤ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਕਿ ਉਹ ਇਸ ਮੁੱਦੇ 'ਤੇ ਡਰਾਮਾ ਰਚ ਰਹੇ ਹਨ। ਆਮ ਆਦਮੀ ਪਾਰਟੀ (ਆਪ) ਨੇ ਸਿੱਧੂ 'ਤੇ ਜਵਾਬੀ ਹਮਲਾ ਕਰਦਿਆਂ ਉਨ੍ਹਾਂ ਨੂੰ 'ਰਾਖੀ ਸਾਵੰਤ' ਕਿਹਾ। ਜ਼ਿਕਰਯੋਗ ਹੈ ਕਿ ਸਿੱਧੂ ਨੇ ਬਾਦਲਾਂ 'ਤੇ ਹਮਲਾ ਕਰਦਿਆਂ, ਉਨ੍ਹਾਂ 'ਤੇ ਕੇਂਦਰ ਦੇ ਖੇਤੀ ਕਾਨੂੰਨਾਂ ਦੀ ਨੀਂਹ ਰੱਖਣ ਦਾ ਦੋਸ਼ ਲਗਾਇਆ ਸੀ, ਜਿਸ ਦਾ ਕਿਸਾਨ ਪਿਛਲੇ ਕਈ ਮਹੀਨਿਆਂ ਤੋਂ ਵਿਰੋਧ ਕਰ ਰਹੇ ਹਨ। ਅਕਾਲੀ ਦਲ 'ਤੇ ਹਮਲਾ ਕਰਦਿਆਂ ਸਿੱਧੂ ਨੇ ਮੁੜ ਦੋਸ਼ ਲਾਇਆ ਕਿ ਉਹ 'ਕਾਲੇ ਕਾਨੂੰਨਾਂ' ਦੇ 'ਸਿਰਜਣਹਾਰ' ਅਤੇ 'ਰਖਵਾਲੇ' ਸਨ। ਸਿੱਧੂ ਨੇ ਟਵੀਟ ਕੀਤਾ, 'ਕਾਲੇ ਕਾਨੂੰਨਾਂ ਦੇ ਨਿਰਮਾਤਾ ਅਤੇ ਰਖਵਾਲੇ ਅੱਜ ਮਗਰਮੱਛ ਦੇ ਹੰਝੂ ਵਹਾ ਰਹੇ ਹਨ।'

# ਭਾਰਤ ਬੰਦ ਨੂੰ ਕਾਮਯਾਬ ਕਰਨ ਦਾ ਸੱਦਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਨੇ 27 ਸਤੰਬਰ ਦੇ 'ਭਾਰਤ ਬੰਦ' ਦੇ ਸੱਦੇ ਨੂੰ ਕਾਮਯਾਬ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਮਾਜ ਦੇ ਸਾਰੇ ਵਰਗਾਂ ਨੂੰ ਕਿਸਾਨਾਂ ਦਾ ਸਾਥ ਦੇਣ ਲਈ ਕਹਿਣ ਅਤੇ ਬੰਦ ਦਾ ਪਹਿਲਾਂ ਤੋਂ ਹੀ ਪ੍ਰਚਾਰ ਕਰਨ ਤਾਂ ਜੋ ਲੋਕਾਂ ਦੀ ਪਰੇਸ਼ਾਨੀ ਘਟ ਸਕੇ। ਇਹ ਬੰਦ ਸ਼ਾਂਤਮਈ ਹੋਵੇਗਾ ਤੇ ਐਮਰਜੈਂਸੀ ਸੇਵਾਵਾਂ ਨੂੰ ਬੰਦ ਤੋਂ ਛੋਟ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਰਤ ਬੰਦ ਵਾਲੇ ਦਿਨ ਸਵੇਰੇ 6 ਵਜੇ ਤੋਂ ਸ਼ਾਮ 4 ਵਜੇ ਤੱਕ ਕੇਂਦਰ ਤੇ ਰਾਜ ਸਰਕਾਰਾਂ ਦੇ ਦਫਤਰ, ਬਾਜ਼ਾਰ, ਦੁਕਾਨਾਂ ਅਤੇ ਫੈਕਟਰੀਆਂ, ਸਕੂਲ, ਸਹਿਯੋਗੀ ਤੇ ਹੋਰ ਵਿੱਦਿਅਕ ਸੰਸਥਾਵਾਂ, ਜਨਤਕ ਤੇ ਪ੍ਰਾਈਵੇਟ ਆਵਾਜਾਈ, ਜਨਤਕ ਸਮਾਗਮ ਬੰਦ ਰਹਿਣਗੇ। ਬੰਦ ਦਾ ਮੁੱਖ ਮਾਟੋ 'ਮੋਦੀ ਕਰੇਗਾ ਮੰਡੀ ਬੰਦ, ਕਿਸਾਨ ਕਰਨਗੇ ਭਾਰਤ ਬੰਦ' ਹੋਵੇਗਾ।

ਮੋਰਚੇ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਕਰਨਾਲ ਘਟਨਾਵਾਂ ਸਮੇਤ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਕਿਸਾਨਾਂ ਦੇ ਲਗਾਤਾਰ ਤੇ ਤੇਜ਼ ਵਿਰੋਧ ਪ੍ਰਦਰਸ਼ਨਾਂ ਬਾਰੇ ਫਿਕਰਮੰਦ ਹੈ ਤਾਂ ਉਹ ਅੰਦੋਲਨ ਦੀਆਂ ਮੰਗਾਂ ਨੂੰ ਪੂਰਾ ਕਰ ਕੇ ਇਸ ਦਾ ਹੱਲ ਕਰੇ।

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੇ ਅਦਾਰਿਆਂ ਰਾਹੀਂ ਕਿਸਾਨ ਮੋਰਚੇ ਉਪਰ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਯੂਪੀ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਵੱਖ-ਵੱਖ ਹੱਦਾਂ ਉੱਪਰ ਲੱਗੇ ਕਿਸਾਨ ਮੋਰਚਿਆਂ ਵਿਚ ਪਹੁੰਚਣ। ਕਿਸਾਨ ਆਗੂ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਮੋਰਚੇ ਵਿਚ ਜੇਕਰ ਕਿਸਾਨਾਂ ਦੀ ਗਿਣਤੀ ਘਟਦੀ ਹੈ ਤਾਂ ਕੇਂਦਰ ਸਰਕਾਰ ਮੋਰਚੇ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ ਨੂੰ ਦੇਸ਼ ਭਰ ਵਿਚੋਂ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਕਿਰਤੀ ਵਰਗਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ ਜਿਸ ਤੋਂ ਕੇਂਦਰ ਸਰਕਾਰ ਬੁਖਲਾਈ ਹੋਈ ਹੈ।

### ਕਿਸਾਨਾਂ 'ਤੇ ਲਾਠੀਚਾਰਜ ਕਰਵਾਉਣਾ ਬਹੁਤ ਹੀ ਮੰਦਭਾਗਾ: ਚੜੂਨੀ

**ਭਿੱਖੀਵਿੰਡ:** ਵਿਧਾਨ ਸਭਾ ਹਲਕਾ ਖੇਮਕਰਨ ਦੇ ਕਸਬਾ ਅਮਰਕੋਟ ਦੀ ਦਾਣਾ ਮੰਡੀ ਵਿਚ ਨੌਜਵਾਨ ਕਿਸਾਨ ਮਜ਼ਦੂਰ ਏਕਤਾ ਵਲਟੋਹਾ ਵੱਲੋਂ ਕਿਸਾਨਾਂ ਦੀ ਮਹਾ ਰੈਲੀ ਕੀਤੀ ਗਈ ਜਿਸ ਵਿਚ ਹਜ਼ਾਰਾਂ ਕਿਸਾਨਾਂ ਨੇ ਹਿੱਸਾ ਲਿਆ। ਰੈਲੀ ਵਿਚ ਪਹੁੰਚੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਅਤੇ ਲੱਖਾ ਸਧਾਣਾ ਨੇ ਇਸ ਰੈਲੀ ਨੂੰ ਸੰਬੋਧਨ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਵਿਚ ਕਿਸਾਨਾਂ ਦਾ ਅੰਦੋਲਨ ਜਾਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਬਜਾਏ ਕਿਸਾਨਾਂ 'ਤੇ ਲਾਠੀਚਾਰਜ ਕਰਵਾ ਕੇ ਕਦੇ ਉਨ੍ਹਾਂ ਨੂੰ ਨਕਸਲੀ ਅਤੇ ਕਦੇ ਅਤਿਵਾਦੀ ਦੱਸ ਰਹੀ ਹੈ ਜੋ ਕਿ ਮੰਤਭਾਗਾ ਹੈ।

# ਵਿਵਾਦਤ ਬਿਆਨ 'ਤੇ ਭਾਜਪਾ ਆਗੂ ਹਰਿੰਦਰ ਕਾਹਲੋਂ ਨੇ ਮੁਆਫੀ ਮੰਗੀ

**ਜਲੰਧਰ:** ਭਾਜਪਾ ਦੇ ਨਵ-ਨਿਯੁਕਤ ਬੁਲਾਰੇ ਹਰਿੰਦਰ ਸਿੰਘ ਕਾਹਲੋਂ ਨੇ ਕਿਸਾਨਾਂ ਕੋਲੋਂ ਇਹ ਕਹਿੰਦਿਆਂ ਮੁਆਫੀ ਮੰਗੀ ਹੈ ਕਿ ਜੇਕਰ ਉਨ੍ਹਾਂ ਦੇ ਬਿਆਨ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੈ। ਧਰਨਾ ਸਮਾਪਤ ਕਰਨ ਵੇਲੇ ਕਿਸਾਨਾਂ ਨੇ ਐਡਵੋਕੇਟ ਹਰਿੰਦਰ ਸਿੰਘ ਕਾਹਲੋਂ ਦੇ ਘਰ ਅੱਗੇ ਗੋਹਾ ਸੁੱਟਿਆ ਸੀ। ਉਦੋਂ ਕਿਸਾਨਾਂ ਨੇ ਕੋਠੀ ਦੀਆਂ ਕੰਧਾਂ 'ਤੇ ਵੀ ਗੋਹਾ ਫੇਰ ਦਿੱਤਾ ਸੀ। ਭਾਜਪਾ ਆਗੂ ਦੇ ਘਰ ਅੱਗੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਕਿਸਾਨਾਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਅਤੇ ਅਜੇ ਤੱਕ ਭਾਜਪਾ ਵੱਲੋਂ ਵੀ ਇਸ ਮਾਮਲੇ ਸਬੰਧੀ ਕਿਸਾਨਾਂ ਖਿਲਾਫ ਕੋਈ ਲਿਖਤੀ ਸ਼ਿਕਾਇਤ ਨਹੀਂ ਕੀਤੀ ਗਈ। ਭਾਜਪਾ ਆਗੂ ਦੇ ਇਸ ਵਿਵਾਦਤ ਬਿਆਨ ਨਾਲ ਲੀਡਰਸ਼ਿਪ ਕਸੂਤੀ ਫਸੀ ਦਿਖਾਈ ਦੇ ਰਹੀ ਹੈ। ਭਾਜਪਾ ਆਗੂ ਮੀਡੀਆ ਨੂੰ ਇਸ ਗੱਲ 'ਤੇ ਆਪਣੀ ਰਾਏ ਦੇਣ ਤੋਂ ਬਚ ਰਹੇ ਹਨ। ਭਾਜਪਾ ਦੀ ਜ਼ਿਲ੍ਹਾ ਲੀਡਰਸ਼ਿਪ ਤੇ ਸੂਬਾਈ ਲੀਡਰਸ਼ਿਪ ਨੇ ਹਰਿੰਦਰ ਸਿੰਘ ਕਾਹਲੋਂ ਦੇ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ। ਭਾਜਪਾ ਦੇ ਸੀਨੀਅਰ ਆਗੂਆਂ ਨੇ ਗੱਲ ਕਰਦਿਆਂ ਕਿਹਾ ਕਿ ਅਜਿਹੀ ਸਖਤ ਬਿਆਨਬਾਜ਼ੀ ਪਾਰਟੀ ਦੇ ਕਿਸੇ ਵੀ ਆਗੂ ਨੇ ਕਿਸਾਨਾਂ ਬਾਰੇ ਨਹੀਂ ਕੀਤੀ ਸੀ। ਉਨ੍ਹਾਂ ਕਿਹਾ ਕਿ ਜਿਸ ਮਕਸਦ ਨਾਲ ਸਿੱਖ ਚਿਹਰਿਆਂ ਨੂੰ ਪਾਰਟੀ ਅੰਦਰ ਲਿਆਂਦਾ ਗਿਆ, ਉਹ ਉਲਟਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨਾਂ ਨਾਲ ਇਕੱਲਾ ਸਿੱਖ ਭਾਈਚਾਰਾ ਹੀ ਨਹੀਂ, ਸਗੋਂ ਪਾਰਟੀ ਨਾਲ ਜੁੜਿਆ ਹਿੰਦੂ ਭਾਈਚਾਰਾ ਵੀ ਨਾਰਾਜ਼ ਹੋ ਰਿਹਾ ਹੈ।

### ਭਾਜਪਾ 'ਚ ਗਏ ਅਕਾਲੀ ਆਗੂ ਦਾ ਬਾਈਕਾਟ

**ਸ਼ਹਿਣਾ:** ਕਸਬਾ ਸ਼ਹਿਣਾ ਦੇ ਹਰਿੰਦਰ ਦਾਸ ਤੋਤਾ ਕੁਝ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ, ਜਿਸ ਦੇ ਵਿਰੋਧ 'ਚ ਕਿਸਾਨਾਂ ਜਥੇਬੰਦੀਆਂ ਵੱਲੋਂ ਉਨ੍ਹਾਂ ਦੇ ਘਰ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ। ਜਾਣਕਾਰੀ ਮੁਤਾਬਕ ਹਰਿੰਦਰ ਦਾਸ ਤੋਤਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਸਮੇਂ ਕਾਂਗਰਸ ਦੀ ਟਿਕਟ ਤੋਂ ਜਿਲ੍ਹਾ ਪ੍ਰੀਸ਼ਦ ਮੈਂਬਰ ਰਹੇ ਸਨ ਜੋ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ 'ਚ ਸ਼ਾਮਲ ਹੋ ਗਏ ਸਨ ਤੇ ਪਿਛਲੇ ਦਿਨੀਂ ਉਹ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਭਾਕਿਯੂ ਲੱਖੋਵਾਲ ਦੇ ਜਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਨਾਮਧਾਰੀ, ਇਕਾਈ ਪ੍ਰਧਾਨ ਸਤਨਾਮ ਸਿੰਘ ਸੱਤੀ ਨੇ ਕਿਹਾ ਕਿ ਉਹ ਦਿੱਲੀ ਦੇ ਬਾਰਡਰਾਂ 'ਤੇ ਭਾਜਪਾ ਨਾਲ ਲੜਾਈ ਲੜ ਰਹੇ ਹਨ, ਪਰ ਕੁਝ ਲੋਕ ਭਾਜਪਾ ਵਿਚ ਸ਼ਾਮਲ ਹੋ ਕੇ ਆਪਣੀ ਛੋਟੀ ਮਾਨਸਿਕਤਾ ਦਾ ਸਬੂਤ ਦੇ ਰਹੇ ਹਨ। ਕਿਸਾਨਾਂ ਵੱਲੋਂ ਹਰਿੰਦਰ ਦਾਸ ਦੇ ਸਮਾਜਿਕ ਬਾਈਕਾਟ ਦਾ ਐਲਾਨ ਕਰਦਿਆਂ ਭਾਜਪਾ ਛੱਡਣ ਜਾਂ ਪਿੰਡ ਛੱਡਣ ਦੀ ਚਿਤਾਵਨੀ ਦਿੱਤੀ ਗਈ।

# ਅਟਾਰੀ-ਵਾਹਗਾ ਸਰਹੱਦ 'ਤੇ ਦਰਸ਼ਕਾਂ ਲਈ ਰੀਟਰੀਟ ਰਸਮ ਮੁੜ ਸ਼ੁਰੂ

**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਦੀ ਸਾਂਝੀ ਜਾਂਚ ਚੌਕੀ ਅਟਾਰੀ-ਵਾਹਗਾ ਸਰਹੱਦ 'ਤੇ ਕਰੋਨਾ ਕਾਰਨ ਬੀਤੇ 18 ਮਹੀਨਿਆਂ ਤੋਂ ਸੈਲਾਨੀਆਂ ਲਈ ਬੰਦ ਰੀਟਰੀਟ ਰਸਮ ਮੁੜ ਸ਼ੁਰੂ ਹੋ ਗਈ ਹੈ। ਕਰੋਨਾ ਨਿਯਮਾਂ ਦੀਆਂ ਸ਼ਰਤਾਂ ਵਿਚ ਕੀਤੀ ਗਈ ਨਰਮੀ ਤਹਿਤ ਬੀ.ਐਸ.ਐਫ. ਵੱਲੋਂ ਅਟਾਰੀ-ਵਾਹਗਾ ਸਰਹੱਦ 'ਤੇ ਹੁੰਦੀ ਰੀਟਰੀਟ ਰਸਮ ਦੇਖਣ ਲਈ ਤਿੰਨ ਸੌ ਦਰਸ਼ਕਾਂ ਨੂੰ ਇਥੇ ਗੈਲਰੀ ਵਿਚ ਬੈਠਣ ਦੀ ਆਗਿਆ ਦਿੱਤੀ ਗਈ ਹੈ। ਝੰਡਾ ਉਤਾਰਨ ਦੀ ਇਹ ਰਸਮ ਰੋਜ਼ ਸ਼ਾਮ ਸਰਹੱਦ 'ਤੇ ਭਾਰਤ ਅਤੇ ਪਾਕਿਸਤਾਨ ਦੋਵੇਂ ਪਾਸਿਓਂ ਕੀਤੀ ਜਾਂਦੀ ਹੈ, ਜੋ ਕਰੋਨਾ ਕਾਰਨ ਪਿਛਲੇ ਵਰ੍ਹੇ ਤੋਂ ਦਰਸ਼ਕਾਂ ਲਈ ਬੰਦ ਸੀ। ਪਾਕਿਸਤਾਨ ਨੇ ਆਪਣੀ ਦਰਸ਼ਕ ਗੈਲਰੀ ਪਿਛਲੇ ਵਰ੍ਹੇ ਅਕਤੂਬਰ ਵਿਚ ਹੀ ਖੋਲ੍ਹ ਦਿੱਤੀ ਸੀ ਪਰ ਭਾਰਤ ਨੇ ਹੁਣ ਖੋਲ੍ਹਣ ਦਾ ਫੈਸਲਾ ਲਿਆ ਹੈ।

ਭਾਰਤ ਦੇ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਕਰੋਨਾ ਦਿਸ਼ਾ ਨਿਰਦੇਸ਼ਾਂ ਤਹਿਤ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿਚ ਪਿਛਲੇ ਵਰ੍ਹੇ ਮਾਰਚ ਵਿਚ ਦਰਸ਼ਕਾਂ ਦੀ ਆਮਦ 'ਤੇ ਰੋਕ ਲਾ ਦਿੱਤੀ ਗਈ ਸੀ। ਇਥੇ ਅਟਾਰੀ ਸਰਹੱਦ 'ਤੇ ਦਰਸ਼ਕ ਗੈਲਰੀ ਵਿਚ ਲਗਭਗ ਤੀਹ ਹਜ਼ਾਰ ਦਰਸ਼ਕਾਂ ਦੇ ਬੈਠਣ ਦੀ ਸਮਰਥਾ ਹੈ, ਪਰ ਹਾਲੇ ਇਥੇ ਸਿਰਫ ਤਿੰਨ ਸੌ ਦਰਸ਼ਕਾਂ ਨੂੰ ਹੀ ਇਹ ਰਸਮ ਦੇਖਣ ਦੀ ਆਗਿਆ ਦਿੱਤੀ ਗਈ ਹੈ। ਬੀ.ਐਸ.ਐਫ. ਦੇ ਇਕ ਉੱਚ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਇਮਾਰਤ ਅੰਦਰ ਲਗਭਗ 150 ਵਿਅਕਤੀਆਂ ਅਤੇ ਖੁੱਲ੍ਹੀ ਥਾਂ 'ਤੇ ਲਗਭਗ 300 ਵਿਅਕਤੀਆਂ ਦੇ ਇਕੱਠ ਦੀ ਆਗਿਆ ਦਿੱਤੀ ਗਈ ਹੈ, ਜਿਸ ਤਹਿਤ ਇਥੇ ਤਿੰਨ ਸੌ ਦਰਸ਼ਕ ਗੈਲਰੀ ਵਿਚ ਬੈਠ ਸਕਣਗੇ। ਇਸ ਸਬੰਧੀ ਯਾਤਰੀਆਂ ਨੂੰ ਬੀ. ਐਸ. ਐਫ. ਦੇ ਖਾਸਾ ਹੈੱਡਕੁਆਰਟਰ ਤੋਂ ਦਾਖਲਾ ਪਾਸ ਮਿਲਣਗੇ। ਤਿੰਨ ਸੌ ਪਾਸ ਜਾਰੀ ਹੋਣ ਪਿਛੋਂ ਖਿੜਕੀ ਬੰਦ ਕਰ ਦਿੱਤੀ ਜਾਵੇਗੀ। ਇਹ ਰਸਮ ਸ਼ਾਮ ਨੂੰ ਸਾਢੇ ਪੰਜ ਵਜੇ ਸ਼ੁਰੂ ਹੁੰਦੀ ਹੈ।

# ਕਿਸਾਨ ਸੰਸਦ ਵਿਚ ਦੱਸਿਆ ਕਾਨੂੰਨ ਵਿਚ ਕੀ-ਕੀ ਹੈ ਕਾਲਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਜੈਪੁਰ ਵਿਚ ਕਿਸਾਨ ਸੰਸਦ ਕਰਵਾਈ ਗਈ, ਜਿਸ ਦੌਰਾਨ ਖੇਤੀ ਕਾਨੂੰਨਾਂ 'ਤੇ ਚਰਚਾ ਕੀਤੀ ਗਈ। ਜਾਣਕਾਰੀ ਮੁਤਾਬਕ ਸੰਸਦ ਦੇ ਪਹਿਲੇ ਸੈਸ਼ਨ ਵਿਚ ਏ.ਪੀ.ਐਮ.ਸੀ. ਮੰਡੀਆਂ ਤੋੜਨ ਵਾਲੇ ਕਾਨੂੰਨ 'ਤੇ ਚਰਚਾ ਕੀਤੀ। ਇਸ ਮੌਕੇ ਦੱਸਿਆ ਗਿਆ ਕਿ ਖੇਤੀ ਕਾਨੂੰਨ ਵਿਚ ਕੀ-ਕੀ 'ਕਾਲਾ' ਹੈ। ਇਸ ਮੌਕੇ ਪਹਿਲੇ ਖੇਤੀ ਕਾਨੂੰਨ 'ਤੇ ਬਹਿਸ ਨੂੰ ਮੰਤਰੀ ਵਜੋਂ ਸਮੇਟਦਿਆਂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਏ.ਪੀ.ਐਮ.ਸੀ. ਐਕਟ ਤਹਿਤ ਬਣੀਆਂ ਮੰਡੀਆਂ ਦਾ ਬਾਕੀ ਸੂਬਿਆਂ ਵਿਚ ਵਿਸਥਾਰ ਕਰਨ ਦੀ ਬਜਾਇ ਮੌਜੂਦਾ ਸਮੇਂ ਚੱਲ ਰਹੀਆਂ ਮੰਡੀਆਂ ਦਾ ਭੋਗ ਪਾਉਣ ਦਾ ਫੈਸਲਾ ਕਰ ਲਿਆ ਹੈ।

ਠੇਕਾ ਅਧਾਰਿਤ ਖੇਤੀ ਵਾਲੇ ਕਾਨੂੰਨ 'ਤੇ ਕਿਸਾਨ ਸੰਸਦ ਮੈਂਬਰਾਂ ਨੇ ਕਾਨੂੰਨ ਦੇ ਕਾਰਪੋਰੇਟ ਪੱਖੀ ਅਤੇ ਕਿਸਾਨ ਵਿਰੋਧੀ ਹੋਣ ਬਾਰੇ ਚਰਚਾ ਕੀਤੀ। ਇਸ ਮੌਕੇ ਇਸ ਕਾਨੂੰਨ 'ਤੇ ਮੰਤਰੀ ਵਜੋਂ ਬਹਿਸ ਸਮੇਟਦਿਆਂ ਰਜਿੰਦਰ ਸਿੰਘ ਦੀਪਸਿੰਘਵਾਲਾ ਨੇ ਕਿਹਾ ਕਿ ਦੁਨੀਆ ਦਾ ਫੇਲ੍ਹ ਮਾਡਲ ਭਾਰਤ 'ਚ ਲਾਗੂ ਕਰਨ ਲਈ ਬਜ਼ਿੱਦ ਮੋਦੀ ਹਕੂਮਤ ਕਾਰਪੋਰੇਟ ਘਰਾਣਿਆਂ ਮੁਤਾਬਕ ਕੰਮ ਕਰ ਰਹੀ ਹੈ। ਇਹ ਕਾਨੂੰਨ ਬੱਚੇ ਦੀ ਕੁਸ਼ਤੀ ਪਹਿਲਵਾਨ ਨਾਲ ਕਰਾਉਣ ਦੇ ਬਰਾਬਰ ਹੈ। ਇਸ ਦੌਰਾਨ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਟਵੀਟ ਕਰ ਕੇ ਕਿਸਾਨ ਸੰਸਦ ਮੈਂਬਰਾਂ ਨੂੰ ਰਾਜਸਥਾਨ ਆਉਣ 'ਤੇ 'ਜੀ ਆਇਆ' ਕਿਹਾ।

ਅਗਲੇ ਸੈਸ਼ਨ ਵਿਚ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਜਾਮਾ ਪਹਿਨਾਉਣ ਵਾਲਾ ਕਾਨੂੰਨ ਬਣਾਉਣ ਦੀ ਲੋੜ 'ਤੇ ਚਰਚਾ ਕੀਤੀ ਗਈ, ਜਿਸ ਵਿਚ ਕਿਸਾਨ ਸੰਸਦ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਚੱਲ ਰਹੀ ਬਹਿਸ ਨੂੰ ਸਮੇਟਦਿਆਂ ਡਾ. ਦਰਸ਼ਨਪਾਲ ਤੇ ਗੁਰਨਾਮ ਸਿੰਘ ਚੜੂਨੀ ਆਦਿ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਅਤੇ ਕਰਜ਼ੇ ਤੋਂ ਬਚਾਉਣ ਲਈ ਐਮ.ਐਸ.ਪੀ. ਕਾਨੂੰਨ ਬਣਾਉਣਾ ਲਾਜ਼ਮੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿਰਫ ਕਾਨੂੰਨ ਹੀ ਨਹੀਂ ਬਲਕਿ ਫਸਲਾਂ ਦਾ ਭਾਅ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਹੋਣਾ ਚਾਹੀਦਾ ਹੈ। ਇਸ ਮੌਕੇ ਰਣਜੀਤ ਰਾਜੂ ਅਤੇ ਮਨਜੀਤ ਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਮੁਆਫ ਕਰ ਰਹੀ ਹੈ ਤੇ ਕਿਸਾਨਾਂ ਦੀ ਵਾਰੀ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਵੇਲੇ ਆਰਥਿਕਤਾ ਦੀ ਦੁਹਾਈ ਦੇਣ ਲੱਗ ਜਾਂਦੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 25 ਸਤੰਬਰ 2021*

## ਸਿਆਸਤ ਅਤੇ ਚੋਣ ਸਿਆਸਤ

ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫੇ ਅਤੇ ਚਰਨਜੀਤ ਸਿੰਘ ਚੰਨੀ ਦੀ ਮੁੱਖ ਮੰਤਰੀ ਵਜੋਂ ਤਾਜਪੋਸ਼ੀ ਨੇ ਪੰਜਾਬ ਦੀ ਚੋਣ ਸਿਆਸਤ ਵਿਚ ਨਵੀਂ ਸਫਬੰਦੀ ਦੇ ਆਸਾਰ ਬਣਾ ਦਿੱਤੇ ਹਨ। ਪਿਛਲੀਆਂ ਚੋਣਾਂ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕਰ ਦਿੱਤਾ ਸੀ ਕਿ 2017 ਵਾਲੀਆਂ ਚੋਣਾਂ ਉਨ੍ਹਾਂ ਦੀਆਂ ਆਖਰੀ ਚੋਣਾਂ ਹਨ ਪਰ ਫਿਰ ਉਨ੍ਹਾਂ ਅਚਾਨਕ ਐਲਾਨ ਕਰ ਦਿੱਤਾ ਕਿ ਉਹ ਅਗਲੀਆਂ, ਭਾਵ 2022 ਵਾਲੀਆਂ ਚੋਣਾਂ ਵੀ ਲੜਨਗੇ। ਅਸਲ ਵਿਚ ਸੂਬੇ ਅੰਦਰ ਵਿਰੋਧੀ ਧਿਰ ਦੀ ਹਾਲਤ ਇੰਨੀ ਪਤਲੀ ਰਹੀ ਕਿ ਕਹਿੰਦੇ-ਕਹਾਉਂਦੇ ਸਿਆਸੀ ਮਾਹਿਰ ਵੀ ਕਹਿੰਦੇ ਰਹੇ ਕਿ ਅਗਲੀ ਸਰਕਾਰ ਕਾਂਗਰਸ ਦੀ ਹੀ ਬਣ ਜਾਣੀ ਹੈ। ਕਾਂਗਰਸ ਦੀ ਸਰਕਾਰ ਦਾ ਸਿੱਧਾ ਜਿਹਾ ਮਤਲਬ ਕੈਪਟਨ ਸਰਕਾਰ ਤੋਂ ਹੀ ਲਿਆ ਜਾ ਰਿਹਾ ਸੀ। ਕੈਪਟਨ ਅਮਰਿੰਦਰ ਸਿੰਘ ਵੀ ਪੂਰੇ ਆਸਵੰਦ ਸਨ ਕਿ ਅਗਲੀ ਸਰਕਾਰ ਉਨ੍ਹਾਂ ਦੀ ਅਗਵਾਈ ਹੇਠ ਹੀ ਬਣਨੀ ਹੈ ਪਰ ਪਿਛਲੇ ਕੁਝ ਮਹੀਨਿਆਂ ਦੌਰਾਨ ਹਾਲਾਤ ਇੰਨੀ ਤੇਜ਼ੀ ਨਾਲ ਬਦਲੇ ਹਨ ਕਿ ਕੈਪਟਨ ਹੁਣ ਘਰ ਬੈਠੇ ਹਨ ਅਤੇ ਸੂਬੇ ਦੀ ਕਮਾਨ ਚਰਨਜੀਤ ਸਿੰਘ ਚੰਨੀ ਨੂੰ ਸੌਂਪ ਦਿੱਤੀ ਹੈ। ਬੇਸ਼ੱਕ, ਇਹ ਤਬਦੀਲੀ ਅਗਲੀਆਂ ਵਿਧਾਨ ਸਭਾ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ। ਇਸ ਤੋਂ ਪਹਿਲਾਂ ਜਿਸ ਢੰਗ ਨਾਲ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪਿਆ ਗਿਆ ਸੀ, ਉਸ ਦੀਆਂ ਲੜੀਆਂ ਵੀ ਇਸੇ ਚੋਣ ਸਿਆਸਤ ਨਾਲ ਜੁੜੀਆਂ ਹੋਈਆਂ ਸਨ। ਹੁਣ ਵੀ ਨਵਾਂ ਮੁੱਖ ਮੰਤਰੀ ਜਿਸ ਤਰ੍ਹਾਂ ਦੀਆਂ ਤਬਦੀਲੀਆਂ ਜਾਂ ਕਾਰਵਾਈਆਂ ਕਰ ਰਿਹਾ ਹੈ, ਉਨ੍ਹਾਂ ਦਾ ਸੰਕਟ ਵਿਚ ਫਸੇ ਪੰਜਾਬ ਦੇ ਅਸਲ ਮੁੱਦਿਆਂ ਨਾਲ ਕੋਈ ਲੇਣਾ-ਦੇਣਾ ਨਹੀਂ ਹੈ।

ਪਿਛਲੇ ਕੁਝ ਸਾਲਾਂ ਦੌਰਾਨ ਮੀਡੀਆ ਰਾਹੀਂ ਜਾਂ ਹੋਰ ਮੰਚਾਂ ਤੋਂ ਪੰਜਾਬ ਦਾ ਜੋ ਹਾਲ ਬਿਆਨ ਹੋਇਆ ਹੈ, ਉਸ ਅਨੁਸਾਰ ਨਸ਼ੇ, ਸਿੱਖਿਆ, ਸਿਹਤ ਅਤੇ ਬੇਰੁਜ਼ਗਾਰੀ ਮੁੱਖ ਮੁੱਦੇ ਬਣ ਕੇ ਉਭਰੇ ਹਨ। ਅੱਜ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਭਾਵੇਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਮੈਦਾਨ ਵਿਚ ਕੁੱਦੀਆਂ ਹੋਈਆਂ ਹਨ ਪਰ ਇਨ੍ਹਾਂ ਪਾਰਟੀਆਂ ਅਤੇ ਇਨ੍ਹਾਂ ਦੇ ਆਗੂਆਂ ਵੱਲੋਂ ਇਨ੍ਹਾਂ ਮੁੱਦਿਆਂ ਬਾਰੇ ਕੋਈ ਏਜੰਡਾ ਨਹੀਂ ਦਿੱਤਾ ਜਾ ਰਿਹਾ। ਫਿਰ ਬਗੈਰ ਕਿਸੇ ਏਜੰਡੇ ਤੋਂ ਦਲਦਲ ਵਿਚ ਫਸਿਆ ਪੰਜਾਬ ਦਾ ਗੱਡਾ ਕਿਸ ਤਰ੍ਹਾਂ ਬਾਹਰ ਕੱਢਿਆ ਜਾ ਸਕਦਾ ਹੈ? ਇਹ ਅੱਜ ਦਾ ਸਭ ਤੋਂ ਵੱਡਾ ਸਵਾਲ ਹੈ। ਇਸ ਸਵਾਲ ਕਾਰਨ ਹੀ ਮਿਸਾਲੀ ਕਿਸਾਨ ਅੰਦੋਲਨ ਕਰਕੇ ਜਾਗਰੂਕ ਹੋਏ ਲੋਕ ਲੀਡਰਾਂ ਨੂੰ ਪਿੰਡ-ਪਿੰਡ ਘੇਰ ਰਹੇ ਹਨ ਅਤੇ ਉਨ੍ਹਾਂ ਉਤੇ ਸਵਾਲਾਂ ਦੀ ਵਾਛੜ ਕਰ ਰਹੇ ਹਨ। ਉਂਜ, ਇਹ ਗੱਲ ਵੱਖਰੀ ਹੈ ਕਿ ਇਸ ਲੋਕ ਰੋਹ ਨੂੰ ਦਿਸ਼ਾ ਦੇਣ ਵਾਲੀ ਸਿਆਸਤ ਅਜੇ ਉਕਾ ਹੀ ਨਦਾਰਦ ਹੈ। ਸ਼ਾਇਦ ਇਸੇ ਕਰਕੇ ਅਜੇ ਤਕ ਪੰਜਾਬ ਦੇ ਮੁੱਦਿਆਂ ਬਾਰੇ ਏਜੰਡਾ ਰੱਖਣ ਵਾਲੀ ਕੋਈ ਧਿਰ ਕਿਤੇ ਨਜ਼ਰ ਨਹੀਂ ਆ ਰਹੀ। ਹੋਰ ਤਾਂ ਹੋਰ ਨਸ਼ਿਆਂ ਖਿਲਾਫ ਮੁਹਿੰਮ ਵਿੱਢਣ ਵਾਲੇ ਵੀ ਕਿਤੇ ਨਹੀਂ ਰੜਕ ਰਹੇ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਇਕ ਮੀਟਿੰਗ ਤੋਂ ਬਾਅਦ ਇਹ 'ਸਮਾਜ ਸੇਵੀ' ਮੁੜ ਕਦੀ ਨਜ਼ਰ ਨਹੀਂ ਆਏ। ਸਵਾਲ ਹੈ ਕਿ ਕੀ ਨਸ਼ਿਆਂ ਦਾ ਮਸਲਾ ਹੱਲ ਹੋ ਗਿਆ ਹੈ? ਜੇ ਨਹੀਂ ਤਾਂ ਨਸ਼ਿਆਂ ਖਿਲਾਫ ਸਰਗਰਮੀ ਕਿੱਥੇ ਹੈ? ਅਸਲ ਵਿਚ, ਕੁਝ ਲੋਕ ਅਤੇ ਆਗੂ ਕਿਸਾਨ ਅੰਦੋਲਨ ਦੀ ਛਾਂ ਹੇਠ ਸੂਬੇ ਦੀ ਅਸਲ ਸਿਆਸਤ ਨੂੰ ਅਣਗੌਲਿਆ ਕਰ ਰਹੇ ਹਨ। ਇਤਿਹਾਸ ਗਵਾਹ ਹੈ ਕਿ ਇਸ ਹਕੀਕੀ ਸਿਆਸਤ ਤੋਂ ਬਗੈਰ ਸੂਬੇ ਅਤੇ ਲੋਕਾਂ ਦਾ ਭਲਾ ਹੋਣਾ ਸੰਭਵ ਨਹੀਂ। ਆਜ਼ਾਦੀ ਤੋਂ ਬਾਅਦ ਪੰਜਾਬ ਅੰਦਰ ਕਿੰਨੀਆਂ ਸਰਕਾਰਾਂ ਆਈਆਂ ਅਤੇ ਗਈਆਂ ਪਰ ਲੋਕ ਆਏ ਸਾਲ ਪਹਿਲਾਂ ਨਾਲੋਂ ਵੀ ਵੱਧ ਔਖੇ ਹੋ ਰਹੇ ਹਨ। ਹੁਣ ਤਾਂ ਨੌਜਵਾਨਾਂ ਦਾ ਮੂੰਹ ਪਰਦੇਸ ਵੱਲ ਹੋਣ ਕਾਰਨ ਵੱਡੇ ਪੱਧਰ 'ਤੇ ਪੰਜਾਬ ਦਾ ਉਜਾੜਾ ਸ਼ੁਰੂ ਹੋ ਚੁੱਕਾ ਹੈ। ਇਸ ਉਜਾੜੇ ਦੀ ਰੋਕਥਾਮ ਲਈ ਉਹੀ ਚਾਰ ਮਸਲੇ ਅਹਿਮ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ: ਨਸ਼ੇ, ਸਿੱਖਿਆ, ਸਿਹਤ ਤੇ ਬੇਰੁਜ਼ਗਾਰੀ।

ਕੁਝ ਸਿਆਸੀ ਵਿਸ਼ਲੇਸ਼ਕ ਬਿਆਨ ਕਰ ਰਹੇ ਹਨ ਕਿ ਐਤਕੀਂ ਵਿਧਾਨ ਸਭਾ ਚੋਣਾਂ ਉਤੇ ਕਿਸਾਨ ਅੰਦੋਲਨ ਦਾ ਅਸਰ ਕਿਸੇ ਨਾ ਕਿਸੇ ਰੂਪ ਵਿਚ ਪਵੇਗਾ ਪਰ ਸਵਾਲ ਹੈ ਕਿ ਹਾਕਮ ਜਮਾਤਾਂ ਸੂਬੇ ਦੇ ਮਸਲੇ ਹੱਲ ਕਰਨ ਲਈ ਸੰਜੀਦਾ ਹਨ? ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ- ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ, ਅੰਦਰ ਜੋ ਖਿੱਚ-ਧੂਹ ਚੱਲੀ ਹੈ ਅਤੇ ਅੱਜ ਵੀ ਚੱਲ ਰਹੀ ਹੈ, ਉਸ ਤੋਂ ਸਾਫ ਜ਼ਾਹਿਰ ਹੈ ਕਿ ਇਨ੍ਹਾਂ ਦੀ ਸਿਆਸਤ ਸਿਰਫ ਸੱਤਾ ਹਾਸਲ ਕਰਨ ਤੱਕ ਹੀ ਸੀਮਤ ਹੈ; ਨਹੀਂ ਤਾਂ ਕੋਈ ਕਾਰਨ ਨਹੀਂ ਕਿ ਵਿਰੋਧੀ ਧਿਰ ਵਜੋਂ ਵਿਚਰਦਿਆਂ ਇਹ ਧਿਰਾਂ ਕੋਈ ਕੰਮ ਹੀ ਨਾ ਕਰਨ। ਇਸ ਕਰਕੇ ਅੱਜ ਪੰਜਾਬ ਨੂੰ ਅਜਿਹੀ ਧਿਰ ਦੀ ਜ਼ਰੂਰਤ ਹੈ ਜਿਹੜੀ ਪਹਿਲਾਂ ਤਾਂ ਸੂਬੇ ਨੂੰ ਦਰਪੇਸ਼ ਸੰਕਟਾਂ ਬਾਰੇ ਨਿਤਾਰਾ ਕਰੇ ਅਤੇ ਫਿਰ ਉਸ ਦੇ ਹੱਲ ਲਈ ਏਜੰਡਾ ਤਿਆਰ ਕਰੇ। ਇਸ ਏਜੰਡੇ ਨੂੰ ਲਾਗੂ ਕਰਨ ਲਈ ਕੀਤੀ ਜਾਣ ਵਾਲੀ ਸਿਆਸਤ ਹੀ ਪੰਜਾਬ ਦਾ ਬੇੜਾ ਪਾਰ ਲਾ ਸਕਦੀ ਹੈ। ਅਜਿਹੀ ਸਿਆਸਤ ਬਾਰੇ ਕੋਈ ਕਨਸੋਅ ਅਜੇ ਤੱਕ ਭਾਵੇਂ ਕਿਸੇ ਪਾਸਿਓਂ ਮਿਲ ਨਹੀਂ ਰਹੀ ਪਰ ਜਿਸ ਤਰ੍ਹਾਂ ਕਿਸਾਨ ਅੰਦੋਲਨ ਨੇ ਰਾਹ ਦਿਖਾਇਆ ਹੈ, ਉਸ ਰਾਹ ਤੋਂ ਅਗਾਂਹ ਵਧ ਕੇ ਇਸ ਨਵੀਂ ਅਤੇ ਨਰੋਈ ਸਿਆਸਤ ਦੀ ਲੀਹ ਪਾਈ ਜਾ ਸਕਦੀ ਹੈ। ਇਸ ਸਿਆਸਤ ਲਈ ਚੋਣਾਂ ਉਡੀਕਣ ਦੀ ਲੋੜ ਨਹੀਂ ਅਤੇ ਨਾ ਹੀ ਲੋਕ ਲੁਭਾਊ ਐਲਾਨਾਂ ਦੀ ਹੀ ਕੋਈ ਲੋੜ ਹੈ। ਕਿਸਾਨਾਂ ਨੇ ਜਿਹੜਾ ਇੰਨਾ ਵੱਡਾ ਮਿਸਾਲੀ ਅੰਦੋਲਨ ਖੜ੍ਹਾ ਕੀਤਾ ਹੈ, ਉਸ ਦਾ ਟੀਚਾ ਚੋਣਾਂ ਲੜਨਾ ਜਾਂ ਜਿੱਤਣਾ ਨਹੀਂ ਸੀ। ਇਸ ਅੰਦੋਲਨ ਦਾ ਇਕੋ-ਇਕ ਨਿਸ਼ਾਨਾ ਮੋਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੀ ਵਧੀਕੀ ਨੂੰ ਖਤਮ ਕਰਨਾ ਸੀ। ਇਸ ਅੰਦੋਲਨ ਨੇ ਇਕ ਹੱਦ ਤੱਕ ਮੋਦੀ ਸਰਕਾਰ ਦੇ ਰੱਥ ਨੂੰ ਬਰੇਕਾਂ ਲਾ ਦਿੱਤੀਆਂ ਹਨ, ਹੁਣ ਦੇਖਣਾ ਇਹ ਹੈ ਕਿ ਇਹ ਅੰਦੋਲਨ ਪੰਜਾਬ ਦੀ ਅਸਲ ਸਿਆਸਤ ਲਈ ਰਾਹ ਕਿੰਨੇ ਕੁ ਮੋਕਲੇ ਕਰਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਛਿੰਦੋ ਗਈ, ਗੁਲਾਬੋ ਆਊ!*

ਹਾਥੀ, ਪੰਜਾ, ਤੱਕੜੀ ਜੋ ਵੱਖੋ ਵੱਖ ਲੱਗਦੇ ਨੇ, ਕਮਲ ਦੇ ਹੱਥ ਜਾਪੇ ਸਭ ਦੀ 'ਕਮਾਨ' ਜੀ।
ਵਿਚੋ ਵਿਚੀਂ ਸਾਂਝ ਇਕ-ਦੂਜੇ ਨਾਲ ਗੂੜ੍ਹੀ ਪੱਕੀ, ਉੱਤੋਂ ਉੱਤੋਂ ਦਿੰਦੇ ਰਹਿੰਦੇ 'ਚੁੱਭਵੇਂ' ਬਿਆਨ ਜੀ।
ਛਿੰਦੋ ਚਲੇ ਜਾਂਦੀ ਤੇ ਗੁਲਾਬੋ ਕੋਈ ਆਣ ਬੈਠੇ, ਵੋਟਰ ਬੇਚਾਰੇ ਹੁੰਦੇ ਰਹਿਣ ਪ੍ਰੇਸ਼ਾਨ ਜੀ।
ਜਾਣਦੇ ਸਿਆਸਤਾਂ ਦੀ ਗੱਲ ਜੋ ਸਿਆਣੇ ਕਹਿੰਦੇ, ਮੁੱਕਿਆ ਨਾ ਜਾਣੋ ਹਾਲੇ ਪਊ 'ਘਮਸਾਨ' ਜੀ।
ਕੱਢਣੀ ਕਸਰ ਕਹਿੰਦੇ ਕੀਤੇ ਹੋਏ ਵਾਅਦਿਆਂ ਦੀ, ਬਾਈ ਵਿਚ ਲਾਉਣਾ ਚਾਹੁੰਦੇ ਜਿੱਤ ਦੇ ਨਿਸ਼ਾਨ ਜੀ।
ਸਾਢੇ ਚਾਰ ਸਾਲ ਗੇਮ 'ਕੱਠਿਆਂ ਨੇ ਖੇਡੀ ਰਲ, ਛੱਡ ਦਿੱਤਾ 'ਟੀਮ' ਨੇ ਪਹਿਲੋਂ ਈ ਕਪਤਾਨ ਜੀ!

# ਮੁਸਲਮਾਨਾਂ ਬਾਰੇ ਗਲਤ ਧਾਰਨਾਵਾਂ ਅਤੇ ਭਾਰਤੀ ਅਮਰੀਕੀ

ਕੇ.ਪੀ. ਨਾਇਰ

ਅਮਰੀਕਾ ਉਤੇ ਹੋਏ 9/11 ਹਮਲਿਆਂ ਦੇ ਨਾਲ ਹੀ ਉਤਰੀ ਅਮਰੀਕੀ ਮਹਾਦੀਪ ਵਿਚਲੇ ਭਾਰਤੀ ਉਥੇ ਆਪਣੇ ਖਿਲਾਫ ਹੋਏ ਸਭ ਤੋਂ ਗੰਭੀਰ ਨਫਰਤੀ ਜੁਰਮਾਂ ਦੀ 20ਵੀਂ ਬਰਸੀ ਵੀ ਮਨਾ ਰਹੇ ਹਨ। ਇਸ ਤੋਂ ਪਹਿਲਾਂ 1914 ਵਿਚ ਭਾਰਤ ਤੋਂ ਕੌਮਾਗਾਟਾ ਮਾਰੂ ਜਹਾਜ਼ ਰਾਹੀਂ ਵੈਨਕੂਵਰ ਪਹੁੰਚੇ 376 ਮੁਸਾਫਰਾਂ ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਿੱਖ ਸਨ, ਨਾਲ ਉਸ ਵਕਤ ਕੈਨੇਡਾ ਤੇ ਅਮਰੀਕਾ ਵਿਚ ਲਾਗੂ ਏਸ਼ਿਆਈ ਭਾਈਚਾਰੇ ਵਿਰੋਧੀ ਕਾਨੂੰਨਾਂ ਤਹਿਤ ਕੈਨੇਡਾ ਸਰਕਾਰ ਵੱਲੋਂ ਜੋ ਬਹੁਤ ਹੀ ਮਾੜਾ ਵਰਤਾਓ ਕੀਤਾ ਗਿਆ ਸੀ, ਉਸ ਪਿੱਛੋਂ ਇਹ 9/11 ਤੋਂ ਬਾਅਦ ਵਾਲੀ ਨਫਰਤੀ ਲਹਿਰ ਸਭ ਤੋਂ ਭਿਆਨਕ ਸੀ।

ਸਤੰਬਰੀ ਹਮਲਿਆਂ ਤੋਂ ਫੌਰੀ ਬਾਅਦ ਪਹਿਲਾ ਨਫਰਤੀ ਹਮਲਾ, ਭਾਵ ਪੈਟਰੋਲ ਸਟੇਸ਼ਨ ਦੇ ਮਾਲਕ ਬਲਬੀਰ ਸਿੰਘ ਸੋਢੀ ਦਾ ਕਤਲ, ਇੰਨਾ ਅਚਨਚੇਤ ਹੋਇਆ ਕਿ ਉਦੋਂ ਤੱਕ ਤਾਂ ਭਾਰਤੀ ਅਮਰੀਕੀ ਭਾਈਚਾਰਾ ਅਜੇ ਅਮਰੀਕੀ ਸਰਜ਼ਮੀਨ ਉਤੇ ਇਨ੍ਹਾਂ ਭਿਆਨਕ ਸਤੰਬਰੀ ਦਹਿਸ਼ਤੀ ਹਮਲਿਆਂ ਨੂੰ ਸਮਝ ਵੀ ਨਹੀਂ ਸੀ ਸਕਿਆ ਅਤੇ ਇਸ ਤਰ੍ਹਾਂ ਇਹ ਨਫਰਤੀ ਹਮਲਾ ਉਨ੍ਹਾਂ ਲਈ ਦੋਹਰੀ ਮਾਰ ਸੀ। ਇਸ ਤ੍ਰਾਸਦੀ ਦੇ 20 ਸਾਲਾਂ ਬਾਅਦ ਜੇ ਕੋਈ ਦਿਲਾਸੇ ਵਾਲੀ ਗੱਲ ਹੈ ਤਾਂ ਇਹੋ ਕਿ ਸ. ਸੋਢੀ ਦੀ ਮੌਤ ਅਜਾਈਂ ਨਹੀਂ ਗਈ। ਉਨ੍ਹਾਂ ਦੀ ਮੌਤ ਨੇ ਅਮਰੀਕਾ ਅਤੇ ਕੁਝ ਹੱਦ ਤੱਕ ਕੈਨੇਡਾ ਵਿਚ ਵੀ ਜ਼ੋਰਦਾਰ ਮੁਹਿੰਮ ਦਾ ਮੁੱਢ ਬੰਨ੍ਹਿਆ ਜਿਸ ਦੇ ਸਿੱਟੇ ਵਜੋਂ ਹੁਣ ਅਮਰੀਕਾ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਿੱਖਾਂ ਖਿਲਾਫ ਨਫਰਤੀ ਜੁਰਮਾਂ ਦਾ ਰਿਕਾਰਡ ਵੀ ਰੱਖਦੀਆਂ ਹਨ ਤੇ ਉਨ੍ਹਾਂ ਖਿਲਾਫ ਕਾਰਵਾਈ ਵੀ ਕਰਦੀਆਂ ਹਨ।

ਛੇ ਸਾਲ ਪਹਿਲਾਂ ਸਿੱਖ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਨਸਲੀ ਸਬੰਧਾਂ ਵਿਚ ਅਜਿਹੀ ਬਹੁਤ ਅਹਿਮ ਤਬਦੀਲੀ ਵੱਲ ਪੇਸ਼ਕਦਮੀ ਸੌਖੀ ਨਹੀਂ ਸੀ। ਸ. ਸੋਢੀ ਵਾਂਗ ਹੀ ਹੋਰ ਕਈ ਸਿੱਖਾਂ ਨੂੰ ਵੀ ਇਸ ਦੌਰਾਨ ਜਾਨਾਂ ਗਵਾਉਣੀਆਂ ਪਈਆਂ ਅਤੇ ਸਭ ਤੋਂ ਭਿਆਨਕ ਨਸਲੀ ਹਮਲਾ ਨੌਂ ਸਾਲ ਪਹਿਲਾਂ ਵਿਸਕੌਨਸਿਨ ਵਿਚ ਕੀਤਾ ਗਿਆ। ਓਕ ਕਰੀਕ ਸਥਿਤ ਗੁਰਦੁਆਰੇ ਵਿਚ ਹਮਲਾ ਕਰ ਕੇ ਇਕ ਗੋਰੇ ਨਸਲਪ੍ਰਸਤ ਨੇ ਸੱਤ ਸਿੱਖ ਸ਼ਰਧਾਲੂਆਂ ਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ। ਵਿਸਕੌਨਸਿਨ ਹਮਲੇ ਦੀ ਬਰਸੀ ਹੁਣ ਕੌਮੀ ਯਾਦਗਾਰ ਦਿਹਾੜਾ ਬਣ ਚੁੱਕੀ ਹੈ। ਬੀਤੇ ਹਫਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਭਿਆਨਕ ਘਟਨਾ ਨੂੰ ਚੇਤੇ ਕੀਤਾ ਅਤੇ ਸਭ ਨੂੰ 'ਨਫਰਤ ਤੇ ਕੱਟੜਤਾ ਖਿਲਾਫ ਡਟ ਕੇ ਖੜ੍ਹਨ' ਦਾ ਸੱਦਾ ਦਿੰਦਿਆਂ ਇਹ ਗੱਲ ਯਕੀਨੀ ਬਣਾਏ ਜਾਣ ਦੀ ਲੋੜ ਉਤੇ ਜ਼ੋਰ ਦਿੱਤਾ ਕਿ 'ਸਾਰੇ ਲੋਕ ਆਪੋ-ਆਪਣੇ ਅਕੀਦਿਆਂ ਨੂੰ ਬਿਨਾ ਕਿਸੇ ਡਰ-ਭੈਅ ਤੋਂ ਮੰਨ ਸਕਣ'।

ਅਜਿਹਾ ਕੋਈ ਪੱਕਾ ਬੰਦੋਬਸਤ ਨਹੀਂ ਹੈ ਜਿਸ ਨਾਲ ਅਜਿਹੀਆਂ ਨਫਰਤੀ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਕਿਸੇ ਵੱਲੋਂ ਖੁਦ ਨੂੰ ਉੱਤਮ ਮੰਨਦਿਆਂ ਰੰਗ, ਨਸਲ ਅਤੇ ਅਕੀਦੇ ਦੇ ਆਧਾਰ ਉਤੇ ਹੋਰਾਂ ਨਾਲ ਦੁਸ਼ਮਣੀ ਤੇ ਵਿਤਕਰਾ ਕਰਨਾ ਮਾੜੀ ਮਾਨਸਿਕਤਾ ਦਾ ਸਿੱਟਾ ਹੁੰਦਾ ਹੈ ਅਤੇ ਇਸ ਨੂੰ ਕਾਨੂੰਨੀ ਢੰਗ-ਤਰੀਕਿਆਂ ਨਾਲ ਮਾੜਾ-ਮੋਟਾ ਹੀ ਠੱਲ੍ਹਿਆ ਜਾ ਸਕਦਾ ਹੈ। ਇਸ ਲਈ ਅਮਰੀਕਾ ਤੇ ਯੂਰੋਪ ਵਰਗੇ ਸਮਾਜਾਂ ਵਿਚ ਦੱਖਣੀ ਏਸ਼ਿਆਈਆਂ, ਅਰਬਾਂ ਅਤੇ ਪੂਰਬੀ ਏਸ਼ਿਆਈਆਂ ਵਰਗੇ 'ਗੈਰਾਂ' ਪ੍ਰਤੀ ਵੈਰ-ਵਿਰੋਧ ਦੇ ਦੋਸ਼ਾਂ ਲਈ ਹਮੇਸ਼ਾ ਗੁੰਜਾਇਸ਼ ਬਣੀ ਰਹੇਗੀ ਪਰ ਸਤੰਬਰੀ ਹਮਲਿਆਂ ਦੀ 20ਵੀਂ ਬਰਸੀ ਮੌਕੇ ਜਦੋਂ ਖਾਸਕਰ ਅਫਗਾਨਿਸਤਾਨ ਵਿਚ ਵਾਪਰੀਆਂ ਹਾਲੀਆ ਘਟਨਾਵਾਂ ਕਾਰਨ ਇਕ ਵਾਰੀ ਮੁੜ ਦਹਿਸ਼ਤਗਰਦੀ ਦੇ ਖਦਸ਼ੇ ਗੰਭੀਰ ਬਣ ਗਏ ਹਨ, ਤਾਂ ਇਹ ਤਸਲੀਮ ਕਰਨਾ ਜ਼ਰੂਰੀ ਹੈ ਕਿ ਸਿੱਖ ਅਮਰੀਕੀਆਂ ਬਾਰੇ ਵੱਡੇ ਪੱਧਰ 'ਤੇ ਚੇਤਨਾ ਪੈਦਾ ਕਰਨ ਵਿਚ ਕਾਫੀ ਸਫਲਤਾ ਹਾਸਲ ਕਰ ਲਈ ਗਈ ਹੈ ਜਿਨ੍ਹਾਂ ਨੂੰ 9/11 ਤੋਂ ਫੌਰੀ ਬਾਅਦ ਹੁਣ ਤੱਕ ਦੀ ਸਭ ਤੋਂ ਮਾੜੀ ਦੁਸ਼ਮਣੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਮਾਮਲੇ ਵਿਚ ਹਾਲੇ ਹੋਰ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ ਅਤੇ ਏਸ਼ਿਆਈ ਅਮਰੀਕੀਆਂ ਨੂੰ ਆਪਣੇ ਬੀਤੇ ਦੋ ਦਹਾਕਿਆਂ ਦੇ ਤਜਰਬੇ ਤੋਂ ਪੂਰੀ ਆਸ ਹੈ ਕਿ ਅਜਿਹਾ ਕਰ ਲਿਆ ਜਾਵੇਗਾ।

ਜਦੋਂ ਸਤੰਬਰੀ ਹਮਲੇ ਹੋਏ ਤਾਂ ਬਹੁਤ ਸਾਰੇ ਲੋਕ ਇਸ ਦੇ ਸਿੱਟੇ ਵਜੋਂ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਨੂੰ ਮੁਆਫ ਕਰ ਦੇਣ ਲਈ ਤਿਆਰ ਸਨ। ਦੋਵੇਂ ਥਾਈਂ ਅਮਰੀਕਾ ਵਿਚ ਵੀ ਤੇ ਇਸ ਦੇ ਬਾਹਰ ਵੀ ਪਰ ਹੁਣ ਵੀਹ ਸਾਲਾਂ ਬਾਅਦ ਇਹ ਸੋਚ ਬਦਲ ਗਈ ਹੈ ਅਤੇ ਦਹਿਸ਼ਤਗਰਦੀ ਖਿਲਾਫ ਲੜਾਈ ਦੇ ਨਾਂ 'ਤੇ ਕੁਝ ਵੀਅ ਤੇ ਸਭ ਕੁਝ ਕਰ ਸਕਣ ਦੇ ਲਾਇਸੈਂਸ ਦੀ ਹੁਣ ਅਮਰੀਕਾ ਵਿਚ ਮਿਆਦ ਪੁੱਗ ਚੁੱਕੀ ਹੈ। ਇਹ ਨਸਲ, ਧਰਮ ਤੇ ਦਿੱਖ (ਪਹਿਰਾਵੇ ਆਦਿ) ਤੇ ਆਧਾਰਤ ਨਫਰਤੀ ਜੁਰਮਾਂ ਅਤੇ ਵਿਤਕਰੇ ਤੋਂ ਕਿਤੇ ਅਗਾਂਹ ਦਾ ਮਾਮਲਾ ਹੈ। ਇਸ ਗੱਲ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਨੂੰ ਢਾਹ ਦਿੱਤੇ ਜਾਣ ਦੇ ਕੁਝ ਸਾਲਾਂ ਬਾਅਦ ਹੀ ਰਾਇਟਰਜ਼ ਹੈਂਡਬੁਕ ਆਫ ਜਰਨਲਿਜ਼ਮ (ਰਾਇਟਰਜ਼ ਦਾ ਪੱਤਰਕਾਰੀ ਬਾਰੇ ਕਿਤਾਬਚਾ) ਆਲਮੀ ਖਬਰ ਨੈਟਵਰਕਾਂ ਦੇ ਰਿਪੋਰਟਰਾਂ ਨੂੰ ਸਲਾਹ ਦੇਵੇਗਾ ਕਿ ਉਹ 'ਦਹਿਸ਼ਤਗਰਦੀ ਖਿਲਾਫ ਜੰਗ' ਵਾਕਅੰਸ਼ ਦੀ ਵਰਤੋਂ ਤੋਂ ਗੁਰੇਜ਼ ਕਰਨ। ਇਸ ਕਿਤਾਬਚੇ ਵਿਚ ਲਿਖਿਆ ਹੈ: "ਜਦੋਂ ਤੱਕ ਹਵਾਲੇ ਵਿਚ ਨਾ ਹੋਵੇ, ਇਹ ਵਾਕਅੰਸ਼ ਨਾ ਵਰਤੋ। ਇਹ ਮਾੜੀ ਅੰਗਰੇਜ਼ੀ ਹੈ ਅਤੇ ਇਹ ਅਤਿਵਾਦੀ ਹਿੰਸਾ ਦੁਆਲੇ ਘੁੰਮਦੀ ਪ੍ਰਚਾਰ ਲੜਾਈ ਦਾ ਹਿੱਸਾ ਹੈ।"



*ਬਲਬੀਰ ਸਿੰਘ ਸੋਢੀ*

ਜਿਵੇਂ ਹੁਣ ਭਾਰਤ ਵਿਚ ਵਾਪਰ ਰਿਹਾ ਹੈ, ਬਿਲਕੁਲ ਉਵੇਂ ਹੀ ਅਮਰੀਕੀ ਮੀਡੀਆ ਦੇ ਕੁਝ ਹਿੱਸਿਆਂ ਨੇ 9/11 ਤੋਂ ਬਾਅਦ ਇਸਲਾਮੋਫੋਬੀਆ (ਮੁਸਲਮਾਨਾਂ/ਇਸਲਾਮ ਤੋਂ ਕਲਪਿਤ ਤੇ ਝੂਠਾ ਡਰ) ਨੂੰ ਹੁਲਾਰਾ ਦੇਣ ਵਿਚ ਅਹਿਮ ਕਿਰਦਾਰ ਨਿਭਾਇਆ। ਇਨ੍ਹਾਂ ਵਿਚ ਮੁੱਖ ਤੌਰ 'ਤੇ ਵਿਜ਼ੂਅਲ ਮੀਡੀਆ ਦੇ ਉਹ ਵਰਗ ਸ਼ਾਮਲ ਸਨ ਜਿਹੜੇ ਆਪਣੇ ਦਰਸ਼ਕ (ਟੀਆਰਪੀ) ਵਧਾਉਣ ਦੇ ਭੁੱਖੇ ਸਨ ਜਾਂ ਜਿਨ੍ਹਾਂ ਕੋਲ ਸਹੀ ਸੂਚਨਾ ਦੀ ਘਾਟ ਸੀ। ਇਸ ਦੀ ਮਾਰ ਗੈਰ-ਮੁਸਲਮਾਨਾਂ ਨੂੰ ਵੀ ਝੱਲਣੀ ਪਈ ਕਿਉਂਕਿ ਬਹੁਤੇ ਅਮਰੀਕੀਆਂ ਨੂੰ ਸਿੱਖਾਂ ਅਤੇ ਅਫਗਾਨਾਂ ਦਰਮਿਆਨ ਫਰਕ ਦੀ ਜਾਣਕਾਰੀ ਨਹੀਂ ਸੀ ਕਿਉਂਕਿ ਦੋਵੇਂ ਹੀ ਦਸਤਾਰਾਂ ਬੰਨ੍ਹਦੇ ਹਨ ਅਤੇ ਅਜਿਹਾ ਕੁਝ ਹੀ ਦਾੜ੍ਹੀਆਂ ਰੱਖਣ ਵਾਲੇ ਇਰਾਨੀਆਂ ਨਾਲ ਵਾਪਰਿਆ। ਗੌਰਤਲਬ ਹੈ ਕਿ 9/11 ਹਮਲਿਆਂ ਤੱਕ ਅਮਰੀਕਾ ਵਿਚ ਦਾੜ੍ਹੀ ਦਾ ਕੋਈ ਮੁੱਦਾ ਹੀ ਨਹੀਂ ਸੀ। ਹਮਲਿਆਂ ਤੋਂ ਬਾਅਦ ਦੇ ਮਹੀਨਿਆਂ ਦੌਰਾਨ ਮੈਨੂੰ ਚੇਤੇ ਹੈ ਕਿ ਨਿਊਯਾਰਕ ਜਾਂ ਵਾਸ਼ਿੰਗਟਨ ਦੇ ਬਾਰਾਂ ਵਿਚ ਜਾਣ 'ਤੇ ਮੈਨੂੰ ਪੁੱਛਿਆ ਗਿਆ ਕਿ ਕੀ ਮੈਂ ਹਿੰਦੂ ਹਾਂ। ਕਿਸੇ ਨੇ ਵੀ ਮੈਨੂੰ ਮੁਸਲਮਾਨ ਹੋਣ ਬਾਰੇ ਨਹੀਂ ਪੁੱਛਿਆ, ਕਿਉਂਕਿ ਬਾਰ ਦੇ ਸਟੂਲਾਂ ਉਤੇ ਮੇਰੇ ਕਰੀਬ ਬੈਠੇ ਹੋਰ ਗਾਹਕ ਆਪਣੀ ਤਸੱਲੀ ਕਰ ਲੈਣਾ ਚਾਹੁੰਦੇ ਸਨ। ਇਸ ਤੋਂ ਇਲਾਵਾ ਉੱਚ ਵਰਗਾਂ ਵਿਚ ਜ਼ਾਹਰਾ ਤੌਰ ਤੇ ਇਸਲਾਮੋਫੋਬੀਆ ਤੋਂ ਬਚੇ ਜਾਣ ਕਾਰਨ ਅਜਿਹੇ ਸਵਾਲ ਪੈਦਾ ਹੀ ਨਹੀਂ ਹੋਏ ਪਰ ਮੱਧ ਅਮਰੀਕਾ ਦੇ ਵਿਸ਼ਾਲ ਇਲਾਕਿਆਂ ਵਿਚ ਇਹ ਗੱਲ ਨਹੀਂ ਸੀ, ਜਿਥੇ ਅਗਿਆਨਤਾ ਦੀ ਭਰਮਾਰ ਹੈ ਅਤੇ ਬਾਹਰਲੀ ਦੁਨੀਆਂ ਨਾਲ ਸੰਪਰਕ ਨਾਂਮਾਤਰ ਹੈ। ਸ. ਸੋਢੀ ਨੂੰ ਅਮਰੀਕੀ ਇਲਾਕੇ ਐਰੀਜ਼ੋਨਾ ਵਿਚ ਅਜਿਹੀ ਹੀ ਅਗਿਆਨਤਾ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪਈ।

ਦੋ ਦਹਾਕੇ ਪਹਿਲਾਂ ਦੇ ਤਲਖ ਤਜਰਬਿਆਂ ਤੋਂ ਸਬਕ ਲੈਂਦਿਆਂ ਰਾਇਟਰਜ਼ ਵਾਂਗ ਹੀ ਅਮਰੀਕਾ ਦੀਆਂ ਬਹੁਤ ਸਾਰੀਆਂ ਮੀਡੀਆ ਐਸੋਸੀਏਸ਼ਨਾਂ ਨੇ 9/11 ਦੀ 20ਵੀਂ ਬਰਸੀ ਦੀ ਕਵਰੇਜ ਲਈ ਰਿਪੋਰਟਰਾਂ ਵਾਸਤੇ ਤਫਸੀਲ ਨਾਲ ਸੇਧਾਂ ਜਾਰੀ ਕੀਤੀਆਂ ਸਨ। ਅਫਰੀਕੀ ਅਮਰੀਕੀਆਂ ਦਾ ਅਮਰੀਕਾ ਵਿਚ ਵਿਤਕਰਿਆਂ ਦਾ ਹਾਲੀਆ ਪਰਵਾਸੀਆਂ ਜਿਵੇਂ ਭਾਰਤੀਆਂ ਤੇ ਅਰਬਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਭਿਆਨਕ ਅਤੇ ਲਹੂ ਤੇ ਹੰਝੂਆਂ ਭਿੱਜਾ ਤਜਰਬਾ ਹੈ। ਇਸ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਨੈਸ਼ਨਲ ਐਸੋਸੀਏਸ਼ਨ ਆਫ ਬਲੈਕ ਜਰਨਲਿਸਟਸ (ਐਨ.ਏ.ਬੀ.ਜੇ.) ਵੀ ਆਪਣੇ ਵਰਗੀਆਂ ਹੋਰ ਪੇਸ਼ੇਵਰ ਸੰਸਥਾਵਾਂ ਨਾਲ ਮਿਲ ਕੇ 'ਪੱਤਰਕਾਰਾਂ ਅਤੇ ਨਿਊਜ਼ ਰੂਮਜ਼ ਨੂੰ ਯਾਦ ਦਿਹਾੜਾ ਪ੍ਰਭਾਵਿਤ ਭਾਈਚਾਰਿਆਂ ਅਤੇ 9/11 ਦੇ ਸਿੱਟੇ ਵਜੋਂ ਆਈਆਂ ਨੀਤੀਆਂ ਨੂੰ ਵਧੇਰੇ ਸਹੀ ਤੇ ਸੰਜੀਦਗੀ ਨਾਲ ਕਵਰ ਕਰਨ ਵਿਚ ਮਦਦ ਕਰਨ ਲਈ ਸੇਧਾਂ' ਜਾਰੀ ਕਰਨ ਵਿਚ ਪਿੱਛੇ ਨਾ ਰਹੀ। ਇਥੇ ਸਭ ਤੋਂ ਅਹਿਮ ਸ਼ਬਦ ਹਨ 'ਪ੍ਰਭਾਵਿਤ ਭਾਈਚਾਰੇ' ਜੋ ਸ. ਸੋਢੀ ਦੇ ਪਰਿਵਾਰ ਅਤੇ ਐਰੀਜ਼ੋਨਾ ਵਿਚਲੇ ਉਨ੍ਹਾਂ ਦੇ ਦੋਸਤਾਂ ਵਰਗੇ ਹਨ, ਜੋ ਉਸ ਵਕਤ ਮੀਡੀਆ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋਏ।

ਖਬਰਾਂ ਨੂੰ ਫਿਰਕੂ ਰੰਗ ਦੇਣ ਵਾਲੇ ਭਾਰਤੀ ਮੀਡੀਆ ਦੇ ਕੁਝ ਹਿੱਸਿਆਂ ਖਿਲਾਫ ਚੀਫ ਜਸਟਿਸ ਐਨ.ਵੀ. ਰਾਮੰਨਾ ਦੀਆਂ ਟਿੱਪਣੀਆਂ 20 ਸਾਲ ਪਹਿਲਾਂ ਅਮਰੀਕਾ ਵਿਚ ਵੀ ਢੁਕਵੀਆਂ ਅਤੇ ਸੁਧਾਰਕ ਹੋ ਸਕਦੀਆਂ ਸਨ। ਦੂਜੇ ਪਾਸੇ ਅਫਸੋਸ ਦੀ ਗੱਲ ਹੈ ਕਿ ਅਮਰੀਕੀ ਸੁਪਰੀਮ ਕੋਰਟ ਜਿਸ ਦੇ ਬੈਂਚ ਉਤੇ ਉਸ ਵਕਤ ਕਈ ਤਕੜੇ ਰੂੜੀਵਾਦੀ ਬਿਰਾਜਮਾਨ ਸਨ, ਸ਼ਹਿਰੀ ਆਜ਼ਾਦੀਆਂ ਦੇ ਹੱਕ ਵਿਚ ਅਤੇ ਨਾਲ ਹੀ ਨਫਰਤੀ ਜੁਰਮਾਂ ਦੇ ਪੀੜਤਾਂ ਦੀ ਆਜ਼ਾਦੀ ਲਈ ਖੜ੍ਹੇ ਹੋਣ ਵਿਚ ਨਾਕਾਮ ਰਹੇ। ਦੂਜੇ ਪਾਸੇ ਬੈਂਚ ਉਤੇ ਜਿਹੜੇ ਨਰਮ ਖਿਆਲ ਵੀ ਸਨ, ਉਹ ਵੀ ਉਸ ਵਕਤ ਬਣੇ ਜ਼ਹਿਰੀਲੇ ਮਾਹੌਲ ਦੌਰਾਨ ਮੂੰਹ ਖੋਲ੍ਹਣ ਦਾ ਜੇਰਾ ਨਾ ਕਰ ਸਕੇ। ਹਾਂ, ਉਸ ਤਜਰਬੇ ਤੋਂ ਸਬਕ ਸਿੱਖ ਕੇ ਹੁਣ ਉਹ ਜ਼ਰੂਰ ਸਮਝਦਾਰ ਹੋਏ ਹਨ। ਹਾਲਾਂਕਿ ਅਮਰੀਕੀ ਸੁਪਰੀਮ ਕੋਰਟ ਵਿਚ ਇਸ ਵਕਤ ਦੋ ਦਹਾਕੇ ਪਹਿਲਾਂ ਦੇ ਮੁਕਾਬਲੇ ਵੱਧ ਰੂੜੀਵਾਦੀ ਜੱਜ ਹਨ, ਤਾਂ ਵੀ ਪਰਵਾਸੀ ਭਾਈਚਾਰਿਆਂ 'ਤੇ ਅਸਰ ਅੰਦਾਜ਼ ਹੋਣ ਵਾਲੇ ਉਨ੍ਹਾਂ ਦੇ ਫੈਸਲੇ ਹੁਣ ਵਧੇਰੇ ਸੰਤੁਲਿਤ ਅਤੇ ਨਿਰਪੱਖ ਹਨ।

ਅਮਰੀਕਾ ਵਿਚ ਕਿਸੇ ਹੋਰ ਅਦਾਰੇ ਦੇ ਮੁਕਾਬਲੇ ਇਸ ਦੇ (ਲੋਕਤੰਤਰ ਦੇ) ਚੌਥੇ ਥੰਮ੍ਹ ਨੇ ਆਪਣੇ ਆਪ ਨੂੰ ਜ਼ਿਆਦਾ ਦਰੁਸਤ ਕੀਤਾ ਹੈ। ਅਮਰੀਕੀ ਪ੍ਰਿੰਟ ਮੀਡੀਆ ਨੇ ਅਮਰੀਕੀ ਸਦਰ ਜਾਰਜ ਵਾਕਰ ਬੁਸ਼ ਵੱਲੋਂ 2003 ਵਿਚ ਇਰਾਕ ਉਤੇ ਕੀਤੇ ਗਏ ਹਮਲੇ ਦੌਰਾਨ ਜਾਣ-ਬੁਝ ਕੇ ਗਿਣੀਆਂ-ਮਿਥੀਆਂ ਤੇ ਝੂਠੀਆਂ ਖਬਰਾਂ ਛਾਪੀਆਂ ਕਿਉਂਕਿ ਇਹ ਦਹਿਸ਼ਤਗਰਦੀ ਖਿਲਾਫ ਜੰਗ ਦੀ ਲਗਾਤਾਰਤਾ ਸੀ- ਪਰ ਬਾਅਦ ਵਿਚ ਉਸ ਨੇ ਇਸ ਲਈ ਮੁਆਫੀ ਮੰਗ ਕੇ ਖੁਦ ਨੂੰ ਦਿਆਨਤਦਾਰੀ ਦਾ ਪਹਿਰੇਦਾਰ ਸਾਬਤ ਕੀਤਾ। ਹੁਣ ਉਥੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਜਿਹੜੀ ਭਾਸ਼ਾ ਵਰਤਦੇ ਹਨ, ਉਹ ਸਮਾਜ ਦੀ ਆਮ ਪ੍ਰਵਾਨਤ ਨੀਤੀ ਨਾ ਬਣੇ। ਅਮਰੀਕੀ ਮੀਡੀਆ ਵਿਚ ਹੁਣ ਦਹਿਸ਼ਤਗਰਦੀ ਦਾ ਅਖੌਤੀ ਟਾਕਰਾ ਨਿਰਵਿਵਾਦ ਹੱਲ ਨਹੀਂ ਰਹਿ ਗਿਆ, ਜਿਵੇਂ ਇਹ 9/11 ਤੋਂ ਬਾਅਦ ਸੀ। ਇਸ ਮੌਕੇ ਇਹ ਜ਼ਰੂਰ ਸੋਚਣ ਵਾਲੀ ਗੱਲ ਹੈ ਕਿ ਕੀ ਜਸਟਿਸ ਰਾਮੰਨਾ ਦੀਆਂ ਚੌਕਸ ਕਰਨ ਵਾਲੀਆਂ ਟਿੱਪਣੀਆਂ ਭਾਰਤੀਆਂ ਨੂੰ ਵੀ ਉਵੇਂ ਹੀ ਆਪਣੇ ਗਿਰੇਬਾਨ ਵਿਚ ਝਾਤ ਮਾਰਨ ਲਈ ਪ੍ਰੇਰਨਗੀਆਂ, ਜਿਵੇਂ ਅਮਰੀਕੀਆਂ ਨੇ ਆਪਣੇ ਸਮਾਜ ਦੇ ਫਾਇਦੇ ਲਈ ਕੀਤਾ ਹੈ। ਅਮਰੀਕੀ ਮੀਡੀਆ ਨੇ 9/11 ਤੋਂ ਕਈ ਸਾਲਾਂ ਬਾਅਦ ਇਸਲਾਮੋਫੋਬੀਆ ਦੇ ਮੁੱਦੇ ਉਤੇ ਆਪਣੇ ਆਪ 'ਚ ਭਾਰੀ ਸੁਧਾਰ ਕੀਤਾ ਹੈ, ਕੀ ਅਸੀਂ ਭਾਰਤ ਵਿਚ ਅਜਿਹੀ ਉਮੀਦ ਕਰ ਸਕਦੇ ਹਾਂ?

# ਖੱਬੇ ਅਤੇ ਸਿੱਖ ਕਾਰਕੁਨਾਂ ਲਈ ਕੁਝ ਅਹਿਮ ਸਬਕ

ਗੁਰਪ੍ਰੀਤ ਸਿੰਘ
ਅਨੁਵਾਦ: ਬੂਟਾ ਸਿੰਘ

ਭਾਰਤ ਦੀ ਸੱਤਾਧਾਰੀ, ਰਾਸ਼ਟਰਵਾਦੀ ਭਾਜਪਾ ਦੇ ਬੁਲਾਰੇ ਵੱਲੋਂ ਹਾਲ ਹੀ 'ਚ ਕਮਿਊਨਿਸਟਾਂ ਵਿਰੁਧ ਭੜਕਾਊ ਭਾਸ਼ਣ ਪੰਜਾਬ 'ਚ ਚੱਲ ਰਹੇ ਕਿਸਾਨ ਅੰਦੋਲਨ ਦੇ ਕੰਟਰੋਲ ਨੂੰ ਲੈ ਕੇ ਇਕ ਦੂਜੇ ਦੇ ਵਿਰੁੱਧ ਲੜ ਰਹੇ ਲੋਕਾਂ ਲਈ ਜਾਗਣ ਦਾ ਹੋਕਾ ਹੋਣਾ ਚਾਹੀਦਾ ਹੈ। ਹਰਿੰਦਰ ਸਿੰਘ ਕਾਹਲੋਂ ਨੇ ਕਿਸਾਨੀ ਸੰਘਰਸ਼ ਨੂੰ ਭੜਕਾਉਣ ਲਈ 'ਕਾਮਰੇਡਾਂ' ਨੂੰ ਸੀਖਾਂ ਪਿੱਛੇ ਸੁੱਟਣ ਲਈ ਕਿਹਾ ਸੀ।

ਭਾਰਤੀ ਕਿਸਾਨ ਨਵੰਬਰ 2020 ਤੋਂ ਨਵੀਂ ਦਿੱਲੀ ਦੇ ਬਾਹਰ ਉਨ੍ਹਾਂ ਗੈਰ-ਕਾਨੂੰਨੀ ਕਾਨੂੰਨਾਂ ਵਿਰੁੱਧ ਡੇਰਾ ਲਾਈ ਬੈਠੇ ਹਨ ਜੋ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਖਤਰੇ ਵਿਚ ਪਾਉਂਦੇ ਹਨ। ਪੰਜਾਬ ਕਿਉਂਕਿ ਸਿੱਖ ਬਹੁਲਤਾ ਵਾਲਾ ਸੂਬਾ ਹੈ ਜਿੱਥੇ ਖੇਤੀਬਾੜੀ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਇਸ ਲਈ ਉੱਥੋਂ ਦੇ ਅੰਦੋਲਨਕਾਰੀ ਕਿਸਾਨਾਂ ਦੀ ਬਹੁਗਿਣਤੀ ਸਿੱਖ ਪਿਛੋਕੜ ਤੋਂ ਹੈ। ਫਿਰ ਵੀ, ਹਰ ਕੋਈ ਨਿੱਤ ਨੇਮੀ ਸਿੱਖ ਨਹੀਂ ਹੈ, ਉਨ੍ਹਾਂ ਵਿਚੋਂ ਬਹੁਤ ਸਾਰੇ ਕਮਿਊਨਿਸਟ ਲਹਿਰ ਨਾਲ ਜੁੜੇ ਹੋਏ ਹਨ।

ਕਾਹਲੋਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਏ.ਆਈ.ਐਸ.ਐਸ.ਐਫ.) ਦਾ ਸਾਬਕਾ ਆਗੂ ਹਨ, ਇਹ ਅਜਿਹਾ ਕੱਟੜਪੰਥੀ ਸਮੂਹ ਹੈ ਜੋ ਖੁਦਮੁਖਤਾਰ ਸਿੱਖ ਖਿੱਤੇ ਲਈ ਸੰਘਰਸ਼ ਵਿਚ ਮੋਹਰੀ ਰਿਹਾ ਸੀ, ਤੇ ਕਮਿਊਨਿਸਟਾਂ ਨੂੰ ਆਪਣਾ ਵਿਚਾਰਧਾਰਕ ਦੁਸ਼ਮਣ ਮੰਨਦਾ ਸੀ। ਉਧਰ, ਕਮਿਊਨਿਸਟ ਸਿੱਖ ਵੱਖਵਾਦ ਅਤੇ ਕਿਸੇ ਵੀ ਵੰਨਗੀ ਦੇ ਧਰਮਤੰਤਰ ਦੀ ਨਿਖੇਧੀ ਕਰਦੇ ਸਨ। ਇਸ ਨਾਲ 1980 ਤੋਂ 1990ਵਿਆਂ ਦਰਮਿਆਨ ਦੋਹਾਂ ਧਿਰਾਂ ਵਿਚ ਖੂਨੀ ਟਕਰਾਅ ਹੋਇਆ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਕਮਿਊਨਿਸਟ ਆਗੂਆਂ ਦਾ ਸਿੱਖ ਵੱਖਵਾਦੀਆਂ ਨੇ ਕਤਲ ਕਰ ਦਿੱਤਾ ਜਿਨ੍ਹਾਂ ਨੇ ਖੱਬੇ ਪੱਖੀਆਂ ਉਪਰ ਭਾਰਤੀ ਸਟੇਟ ਨਾਲ ਮਿਲੇ ਹੋਣ ਦਾ ਦੋਸ਼ ਲਾਇਆ, ਇਸ ਤੱਥ ਦੇ ਬਾਵਜੂਦ ਕਿ ਬਹੁਤ ਸਾਰੇ ਮਾਰੇ ਗਏ ਲੋਕ ਨਿਰਦੋਸ਼ ਸਿੱਖਾਂ ਉੱਪਰ ਹਕੂਮਤੀ ਜਬਰ ਦਾ ਵੀ ਵਿਰੋਧ ਕਰਦੇ ਸਨ।

ਕਾਹਲੋਂ ਨੂੰ ਹਾਲ ਹੀ ਵਿਚ ਪੰਜਾਬ ਵਿਚ ਭਾਜਪਾ ਦਾ ਬੁਲਾਰਾ ਨਿਯੁਕਤ ਕੀਤਾ ਗਿਆ ਸੀ ਜਿੱਥੇ ਕਿਸਾਨਾਂ ਅੰਦੋਲਨ ਜਾਰੀ ਹੈ। ਇਹ ਇਕ ਸਾਬਕਾ ਕੱਟੜਪੰਥੀ ਸਿੱਖ ਨੂੰ ਆਪਣੇ ਨਾਲ ਜੋੜ ਕੇ ਅੰਦੋਲਨ ਨੂੰ ਕਮਜ਼ੋਰ ਕਰਨ ਦੇ ਮਨਸੂਬੇ ਦਾ ਹਿੱਸਾ ਹੋ ਸਕਦਾ ਹੈ ਜੋ ਉਨ੍ਹਾਂ ਸਿੱਖ ਕਾਰਕੁਨਾਂ ਨੂੰ ਹਰਾਉਣ ਦੀ ਚਾਲ ਹੋ ਸਕਦਾ ਹੈ ਜਿਨ੍ਹਾਂ ਦੇ ਸੰਘਰਸ਼ ਵਿਚ ਹਿੱਤ ਹਨ। ਕਮਿਊਨਿਸਟਾਂ ਨੂੰ ਸਿੱਧਾ ਨਿਸ਼ਾਨਾ ਬਣਾਉਂਦੇ ਉਸ ਦੇ ਭਾਸ਼ਣ ਤੋਂ ਸਪੱਸ਼ਟ ਤੌਰ 'ਤੇ ਭਾਜਪਾ ਦੀ ਨਿਰਾਸ਼ਾ ਦਾ ਪਤਾ ਲੱਗਦਾ ਹੈ ਜੋ ਵਿਵਾਦ ਵਾਲੇ ਖੇਤੀ ਕਾਨੂੰਨਾਂ ਨੂੰ ਇਕਜੁੱਟ ਹੋ ਕੇ ਚੁਣੌਤੀ ਦੇ ਰਹੇ ਸਿੱਖ ਕਾਰਕੁਨਾਂ ਅਤੇ ਖੱਬੇ ਪੱਖੀ ਆਗੂਆਂ ਵਿਚਕਾਰ ਪਾੜਾ ਪੈਦਾ ਕਰਨਾ ਚਾਹੁੰਦੀ ਹੈ।

ਕਾਹਲੋਂ ਨੇ ਨਾ ਸਿਰਫ ਕਮਿਊਨਿਸਟਾਂ ਦੀ ਗ੍ਰਿਫਤਾਰੀ ਦੀ ਮੰਗ ਕਰ ਕੇ ਹਲਚਲ ਪੈਦਾ ਕੀਤੀ, ਬਲਕਿ ਇਹ ਦਾਅਵਾ ਵੀ ਕੀਤਾ ਕਿ 1980 ਦੇ ਦਹਾਕੇ ਦੌਰਾਨ ਉਨ੍ਹਾਂ ਦਾ ਸਫਾਇਆ ਕਰਨ ਵਿਚ ਉਸ ਦਾ ਅਹਿਮ ਯੋਗਦਾਨ ਰਿਹਾ ਸੀ।

ਇਹ ਮੰਦਭਾਗਾ ਹੈ ਕਿ ਖੱਬੀ ਲਹਿਰ ਦੇ ਇਕ ਹਿੱਸੇ ਅਤੇ ਸਿੱਖ ਕਾਰਕੁਨਾਂ ਦੇ ਕੈਂਪ ਨੇ ਨਾ ਤਾਂ ਪਿਛਲੀਆਂ ਦੁਸ਼ਮਣੀਆਂ ਛੱਡੀਆਂ ਹਨ ਅਤੇ ਨਾ ਹੀ ਉਨ੍ਹਾਂ ਨੇ ਇਮਾਨਦਾਰੀ ਨਾਲ ਇਤਿਹਾਸ ਤੋਂ ਕੁਝ ਸਿੱਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੀ ਬਜਾਇ, ਉਹ ਆਪੋ-ਆਪਣੀ ਗੱਲ 'ਤੇ ਅੜੇ ਹੋਏ ਹਨ ਜਿਸ ਨਾਲ ਭਾਜਪਾ ਸਰਕਾਰ ਦਾ ਕੰਮ ਸੌਖਾ ਹੋ ਗਿਆ। ਸ਼ਾਇਦ ਭਾਜਪਾ ਇਸ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਅਤੇ ਹਾਲਾਤ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕਰ ਰਹੀ ਹੈ।


ਹਰਿੰਦਰ ਸਿੰਘ ਕਾਹਲੋਂ

ਇਕ ਮਾਮਲਾ ਅਭਿਨੇਤਰੀ ਤੋਂ ਕਾਰਕੁਨ ਬਣੀ ਸੋਨੀਆ ਮਾਨ ਦੀ ਉੱਪਰ ਚਿੱਕੜ ਉਛਾਲੀ ਦਾ ਹੈ। ਉਹ ਪੰਜਾਬ ਦੇ ਮਰਹੂਮ ਕਮਿਊਨਿਸਟ ਆਗੂ ਬਲਦੇਵ ਸਿੰਘ ਮਾਨ ਦੀ ਧੀ ਹੈ ਜਿਸ ਦਾ 1986 ਵਿਚ ਸਿੱਖ ਵੱਖਵਾਦੀਆਂ ਨੇ ਕਤਲ ਕਰ ਦਿੱਤਾ ਸੀ। ਸੋਨੀਆ ਕਿਸਾਨ ਅੰਦੋਲਨ ਵਿਚ ਸਰਗਰਮੀ ਨਾਲ ਹਿੱਸਾ ਲੈ ਰਹੀ ਹੈ ਅਤੇ ਉਸ ਨੂੰ ਭੰਡਣ ਦੀ ਮੁਹਿੰਮ ਉਨ੍ਹਾਂ ਸਿੱਖ ਕਾਰਕੁਨਾਂ ਵੱਲੋਂ ਚਲਾਈ ਗਈ ਜੋ ਅਜੇ ਵੀ ਵੱਖਰਾ ਹੋਮਲੈਂਡ ਹਾਸਲ ਕਰਨ 'ਚ ਵਿਸ਼ਵਾਸ ਰੱਖਦੇ ਹਨ।

ਅਜਿਹੀਆਂ ਵੰਡੀਆਂ ਸਿਰਫ ਭਾਜਪਾ ਨੂੰ ਲਾਭ ਪਹੁੰਚਾਉਂਦੀਆਂ ਹਨ, ਜਿਵੇਂ ਸਿੱਖ ਖਾੜਕੂਆਂ ਵੱਲੋਂ ਕਮਿਊਨਿਸਟਾਂ ਦੇ ਕਤਲਾਂ ਨੇ ਬੀਤੇ ਦੀਆਂ ਨਵਉਦਾਰਵਾਦੀ ਸਰਕਾਰਾਂ ਦੀ ਸਹਾਇਤਾ ਕੀਤੀ ਸੀ। ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਭਾਰਤੀ ਸਟੇਟ ਸਿੱਖ ਅਤਿਵਾਦੀਆਂ ਨੂੰ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਖਤਮ ਕਰਨ ਤੋਂ ਬਾਅਦ ਬੁਰਜੂਆ ਤਾਕਤਾਂ ਲਈ ਮੁਆਫਕ ਸਿਆਸੀ ਮਾਹੌਲ ਬਣਾਉਣ ਵਿਚ ਸਫਲ ਹੋ ਗਿਆ, ਜਦੋਂਕਿ ਸਿੱਖ ਵੱਖਵਾਦੀ ਲਹਿਰ ਦੇ ਖਤਮ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਿਕ ਕਮਿਊਨਿਸਟਾਂ ਦੇ ਕਤਲ ਕਰਨ ਦੀ ਖੁੱਲ੍ਹ ਦਿੱਤੀ ਗਈ।

ਇਹ ਸਾਬਤ ਕਰਨਾ ਔਖਾ ਹੈ ਕਿ ਭਾਰਤੀ ਸਟੇਟ ਨੇ ਸਿੱਖ ਖਾੜਕੂਆਂ ਨੂੰ ਕਮਿਊਨਿਸਟਾਂ ਨੂੰ ਮਾਰਨ ਲਈ ਉਕਸਾਇਆ, ਜਾਂ ਭੜਕਾਊ ਏਜੰਟਾਂ ਰਾਹੀਂ ਇਕ ਤੀਰ ਨਾਲ ਦੋ ਸ਼ਿਕਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਇਕ ਕਮਿਊਨਿਸਟ ਕਾਰਕੁਨ ਤੇਜਿੰਦਰ ਵਿਰਲੀ ਦੱਸਦਾ ਹੈ ਕਿ ਐਸ.ਐਸ. ਰੇਅ ਦੇ ਕਾਰਜਕਾਲ ਦੌਰਾਨ ਖੱਬੇ ਪੱਖੀਆਂ ਦੇ ਵੱਡੀ ਗਿਣਤੀ ਵਿਚ ਕਤਲ ਕੀਤੇ ਗਏ ਸਨ ਜੋ 1986 ਤੋਂ 1989 ਤੱਕ ਪੰਜਾਬ ਦਾ ਰਾਜਪਾਲ ਰਿਹਾ ਸੀ।

ਇਸ ਤੋਂ ਪਹਿਲਾਂ ਰੇਅ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਰਹਿ ਚੁੱਕਾ ਸੀ, ਜਿੱਥੇ ਉਸ ਨੇ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਬੇਕਿਰਕੀ ਨਾਲ ਕੁਚਲਿਆ ਸੀ। ਵਿਰਲੀ ਦਾ ਮੰਨਣਾ ਹੈ ਕਿ ਸਿੱਖ ਖਾੜਕੂਆਂ ਕੋਲੋਂ ਕਮਿਊਨਿਸਟਾਂ ਨੂੰ ਮਰਵਾਉਣ ਦੀ ਸਕੀਮ ਪਿੱਛੇ ਉਸ ਦਾ ਹੱਥ ਹੋ ਸਕਦਾ ਹੈ। ਇਹ ਗੱਲ ਕਿ ਖਾੜਕੂ ਲਹਿਰ ਵਿਚ ਭਾਰਤੀ ਏਜੰਟਾਂ ਵੱਲੋਂ ਘੁਸਪੈਠ ਕੀਤੀ ਗਈ ਸੀ, ਇਸ ਦਾ ਬਾਖੂਬੀ ਦਸਤਾਵੇਜ਼ੀਕਰਨ ਕੀਤਾ ਗਿਆ ਹੈ। ਮ੍ਰਿਤਕਾਂ ਵਿਚ ਕਈ ਮੁੱਖ ਧਾਰਾ ਦੇ ਕਮਿਊਨਿਸਟ ਵੀ ਸ਼ਾਮਲ ਸਨ ਜਿਨ੍ਹਾਂ ਨੇ ਰਾਸ਼ਟਰੀ ਹਿੱਤਾਂ ਦੇ ਨਾਂ 'ਤੇ ਸਿੱਖ ਵੱਖਵਾਦੀਆਂ ਪ੍ਰਤੀ ਹਮਲਾਵਰ ਨੀਤੀ ਵਿਚ ਸਰਕਾਰ ਦਾ ਬੇਸ਼ਰਮੀ ਨਾਲ ਸਾਥ ਦਿੱਤਾ ਸੀ ਪਰ ਬਲਦੇਵ ਸਿੰਘ ਮਾਨ ਵਰਗੇ ਜਿਹੜੇ ਕਮਿਊਨਿਸਟ ਰਾਜਕੀ ਹਿੰਸਾ ਵਿਰੁੱਧ ਡਟੇ ਸਨ, ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ ਗਿਆ।

ਬਲਦੇਵ ਸਿੰਘ ਮਾਨ ਨੇ ਜੂਨ 1984 ਵਿਚ ਸਿੱਖਾਂ ਦੇ ਸਭ ਤੋਂ ਮੁਕੱਦਸ ਅਸਥਾਨ ਦਰਬਾਰ ਸਾਹਿਬ ਕੰਪਲੈਕਸ ਉੱਪਰ ਫੌਜੀ ਹਮਲੇ ਦਾ ਵਿਰੋਧ ਕੀਤਾ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਮੁੱਠੀ ਭਰ ਅਤਿਵਾਦੀਆਂ ਨਾਲ ਨਜਿੱਠਣ ਲਈ ਗਲਤ ਫੌਜੀ ਕਾਰਵਾਈ ਦਾ ਆਦੇਸ਼ ਦਿੱਤਾ ਸੀ ਜਿਸ ਨਾਲ ਬਹੁਤ ਸਾਰੇ ਨਿਰਦੋਸ਼ ਸ਼ਰਧਾਲੂ ਮਾਰੇ ਗਏ ਸਨ। ਇਸ ਨਾਲ ਸਿੱਖਾਂ ਅੰਦਰ ਬੇਗਾਨਗੀ ਪੈਦਾ ਹੋਈ ਅਤੇ ਵੱਖਰੇ ਹੋਮਲੈਂਡ ਖਾਲਸਤਾਨ ਲਈ ਲਹਿਰ 'ਚ ਤੇਜ਼ੀ ਆਈ। ਖਾਲਿਸਤਾਨ ਦਾ ਸਖਤ ਵਿਰੋਧੀ ਹੋਣ ਦੇ ਬਾਵਜੂਦ ਮਾਨ ਨੇ ਫੌਜੀ ਹਮਲੇ ਅਤੇ ਸੁਰੱਖਿਆ ਬਲਾਂ ਦੁਆਰਾ ਸਿੱਖਾਂ ਵਿਰੁੱਧ ਹਿੰਸਾ ਦੀ ਆਲੋਚਨਾ ਕੀਤੀ ਸੀ।

ਇਸ ਦੇ ਸਿਖਰ 'ਤੇ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਸਿੱਖ ਅੰਗ ਰੱਖਿਅਕਾਂ ਨੇ ਉਸ ਦਾ ਕਤਲ ਕਰ ਦਿੱਤਾ ਜਿਸ ਦੇ ਬਾਅਦ ਉਸ ਦੀ ਪਾਰਟੀ ਦੇ ਕਾਰਕੁਨਾਂ ਦੀ ਅਗਵਾਈ ਵਾਲੇ ਗੁੰਡਿਆਂ ਨੇ ਪੂਰੇ ਭਾਰਤ ਵਿਚ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ। ਇਕ ਹੋਰ ਇਨਕਲਾਬੀ ਕਮਿਊਨਿਸਟ ਪਾਸ਼ ਨੇ ਕਤਲੇਆਮ ਵਿਰੁੱਧ ਬੜੀ ਜਾਨਦਾਰ ਕਵਿਤਾ ਲਿਖੀ। ਫਿਰ ਵੀ, ਉਹ ਖਾਲਿਸਤਾਨੀ ਅਤਿਵਾਦੀਆਂ ਹੱਥੋਂ ਮਾਰਿਆ ਗਿਆ ਸੀ।

ਕਈ ਸਾਲਾਂ ਬਾਅਦ ਮਾਰੇ ਗਏ ਖਾਲਿਸਤਾਨੀ ਖਾੜਕੂ ਨੇਤਾ ਲਾਭ ਸਿੰਘ ਦੀ ਡਾਇਰੀ ਤੋਂ ਖੁਲਾਸਾ ਹੋਇਆ ਕਿ ਉਸ ਨੇ ਬਲਦੇਵ ਸਿੰਘ ਮਾਨ ਅਤੇ ਪਾਸ਼ ਦੇ ਕਤਲਾਂ ਦਾ ਪਛਤਾਵਾ ਕੀਤਾ ਸੀ ਜੋ ਕਈ ਮੁੱਦਿਆਂ 'ਤੇ ਮਤਭੇਦਾਂ ਦੇ ਬਾਵਜੂਦ ਕਦੇ ਵੀ ਭਾਰਤੀ ਸਥਾਪਤੀ ਦੇ ਪੈਰੋਕਾਰ ਨਹੀਂ ਬਣੇ ਸਨ। ਲਾਭ ਸਿੰਘ ਨੇ ਮੰਨਿਆ ਸੀ ਕਿ ਮਾਨ ਅਤੇ ਪਾਸ਼ ਦੇ ਕਤਲ ਦਾਅਪੇਚਕ ਗਲਤੀ ਸਨ।

ਦਰਅਸਲ, ਸਿੱਖ ਕਾਰਕੁਨ ਅਤੇ ਖੱਬੇ ਪੱਖੀ ਮਨੁੱਖੀ ਅਧਿਕਾਰਾਂ, ਘੱਟ ਗਿਣਤੀਆਂ ਨਾਲ ਨਿਰਪੱਖ ਵਿਹਾਰ, ਖੁਦਮੁਖਤਾਰੀ ਅਤੇ ਕੁਦਰਤੀ ਸਰੋਤਾਂ ਦੀ ਨਿਰਪੱਖ ਵੰਡ ਵਰਗੇ ਲੋਕ ਮੁੱਦਿਆਂ ਉਪਰ ਸਾਂਝਾ ਆਧਾਰ ਲੱਭ ਸਕਦੇ ਸਨ ਜਿਸ ਦੇ ਕਾਰਨ ਸਿੱਖ ਲਹਿਰ ਸ਼ੁਰੂ ਹੋਈ ਸੀ। ਜ਼ਿਕਰਯੋਗ ਹੈ ਕਿ ਸਿੱਖ ਸੰਘਰਸ਼ ਦੇ ਕੁਝ ਭਾਗੀਦਾਰ ਪਿਛਲੇ ਸਮੇਂ ਵਿਚ ਇਨਕਲਾਬੀ ਕਮਿਊਨਿਸਟਾਂ ਦਾ ਹਿੱਸਾ ਰਹੇ ਸਨ। ਦਰਮਿਆਨੇ ਕਿਸਾਨਾਂ ਦੀਆਂ ਆਰਥਕ ਤੰਗੀਆਂ ਨੇ ਉਨ੍ਹਾਂ ਨੂੰ 1960ਵਿਆਂ ਦੇ ਅਖੀਰ ਵਿਚ ਕਮਿਊਨਿਸਟ ਬਣਾ ਦਿੱਤਾ ਸੀ ਅਤੇ ਦਹਾਕਿਆਂ ਬਾਅਦ ਖਾਲਿਸਤਾਨੀ। ਕੜੀਆਂ ਲੱਭਣਾ ਅਤੇ ਵਿਸ਼ਲੇਸ਼ਣ ਕਰਨਾ ਇਨ੍ਹਾਂ ਦੋਹਾਂ ਲਹਿਰਾਂ ਦੇ ਮੁੱਖ ਪਾਤਰਾਂ ਦਾ ਕੰਮ ਹੈ।

ਅੱਜ ਜ਼ਾਹਰਾ ਹਿੰਦੂ ਫਾਸ਼ੀਵਾਦੀ ਸ਼ਾਸਨ ਦੇ ਅਧੀਨ ਜੋ ਸਿੱਖਾਂ ਅਤੇ ਖੱਬੇ ਪੱਖੀਆਂ ਸਮੇਤ ਘੱਟ ਗਿਣਤੀਆਂ ਨੂੰ ਖੁੱਲ੍ਹੇਆਮ ਨਿਸ਼ਾਨਾ ਬਣਾਉਂਦਾ ਹੈ, ਇਹ ਸਵਾਲ ਹੋਰ ਵੀ ਢੁੱਕਵਾਂ ਹੋ ਗਿਆ ਹੈ ਅਤੇ ਹੱਲ ਕਰਨ ਵਿਚ ਅਸਾਨ ਹੋ ਗਿਆ ਹੈ। ਆਖਿਰਕਾਰ, ਸਖਤ ਕਾਨੂੰਨ ਸਿਰਫ ਘੱਟ ਗਿਣਤੀ ਜਾਂ ਖੱਬੇ ਪੱਖੀ ਜਥੇਬੰਦੀਆਂ ਵਿਰੁੱਧ ਕਿਸੇ ਵੀ ਮੱਤਭੇਦ ਦੀ ਆਵਾਜ਼ ਨੂੰ ਦਬਾਉਣ ਲਈ ਵਰਤੇ ਜਾ ਰਹੇ ਹਨ, ਨਾ ਕਿ ਹਿੰਦੂ ਅਤਿਵਾਦੀਆਂ ਵਿਰੁੱਧ ਜੋ ਹਰ ਕਿਸੇ ਨੂੰ ਬੇਖੌਫ ਹੋ ਕੇ ਡਰਾਉਂਦੇ ਰਹਿੰਦੇ ਹਨ।

ਸ਼ੁਰੂਆਤ ਦੇ ਤੌਰ 'ਤੇ, ਸਾਂਝੇ ਦੁਸ਼ਮਣ ਵਿਰੁਧ ਲੜਨ ਲਈ ਪੁਰਾਣੀ ਦੁਸ਼ਮਣੀਆਂ ਨੂੰ ਇਕ ਪਾਸੇ ਰੱਖਣਾ ਹੋਵੇਗਾ ਜੋ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੈ। ਕਾਹਲੋਂ ਦੇ ਬਿਆਨ ਦੇ ਮੱਦੇਨਜ਼ਰ, ਕਿਸਾਨ ਅੰਦੋਲਨ ਵਿਚ ਸ਼ਾਮਲ ਸਾਰੇ ਲੋਕਾਂ ਨੂੰ ਦਾਰਸ਼ਨਿਕ ਮੱਤਭੇਦਾਂ ਦੇ ਬਾਵਜੂਦ ਇਕਜੁੱਟ ਹੋ ਜਾਣਾ ਚਾਹੀਦਾ ਹੈ। ਵਿਚਾਰਾਂ ਦੀ ਵੰਨ-ਸਵੰਨਤਾ ਕਿਸਾਨਾਂ ਦੇ ਸੰਘਰਸ਼ ਦੀ ਖੂਬਸੂਰਤੀ ਹੈ ਅਤੇ ਕੁਝ ਵੀ ਹੋਵੇ, ਉਸ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ।

ਆਓ ਇਸ ਦਾ ਸਾਹਮਣਾ ਕਰੀਏ; ਪੰਜਾਬੀ ਕਿਸਾਨ ਮੁੱਖ ਤੌਰ 'ਤੇ ਸਿੱਖ ਹੈ, ਤੇ ਇਕ ਸਿੱਖ ਕਿਸਾਨ ਧਾਰਮਿਕ ਜਾਂ ਅਧਰਮੀ ਹੋ ਸਕਦਾ ਹੈ, ਉਹ ਖਾਲਿਸਤਾਨ ਦਾ ਹਮਾਇਤੀ ਜਾਂ ਇੱਥੋਂ ਤੱਕ ਕਿ ਸੰਯੁਕਤ ਭਾਰਤ ਦਾ ਹਮਾਇਤੀ ਵੀ ਹੋ ਸਕਦਾ ਹੈ ਪਰ ਇਹ ਸਭ ਕੁਝ ਮਹੱਤਵਹੀਣ ਹੈ। ਇਹ ਮਹੱਤਵਪੂਰਨ ਸਮਾਂ ਹੈ, ਖਾਸ ਕਰਕੇ ਖੱਬੇ ਪੱਖੀਆਂ ਲਈ ਆਪਣੇ ਬਾਰੇ ਸੋਚ-ਵਿਚਾਰ ਕਰਨ ਲਈ। ਭਾਜਪਾ ਹਮਾਇਤੀ ਸਿੱਖ ਕਿਸਾਨਾਂ ਨੂੰ ਵੱਖਵਾਦੀ ਅਤੇ ਅਤਿਵਾਦੀ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ। ਜੇ ਤੁਸੀਂ ਪੰਜਾਬ ਵਿਚ ਆਪਣੀ ਹੋਂਦ ਬਚਾਉਣਾ ਚਾਹੁੰਦੇ ਹੋ, ਤਾਂ ਇਸ ਨੂੰ ਨਾ ਸਿਰਫ ਆਪਣੇ ਸਿੱਖ ਭਰਾਵਾਂ ਦਾ, ਬਲਕਿ ਆਪਣੇ ਆਪ ਦਾ ਅਪਮਾਨ ਸਮਝੋ। ਕਿਸੇ ਇਕ ਦੀ ਸੱਟ ਨੂੰ ਸਾਰਿਆਂ ਦੀ ਸੱਟ ਵਜੋਂ ਲਿਆ ਜਾਣਾ ਚਾਹੀਦਾ ਹੈ।

ਇਹ ਉਨ੍ਹਾਂ ਸਿੱਖ ਨੇਤਾਵਾਂ 'ਤੇ ਵੀ ਲਾਗੂ ਹੁੰਦਾ ਹੈ ਜੋ ਕਮਿਊਨਿਸਟਾਂ ਨੂੰ ਆਪਣੇ ਸੰਗੀ-ਸਾਥੀਆਂ ਵਜੋਂ ਦੇਖਣ ਵਿਚ ਅਸਫਲ ਰਹਿੰਦੇ ਹਨ, ਅਤੇ ਉਨ੍ਹਾਂ ਸਾਰਿਆਂ ਨੂੰ ਧਰਮ ਦੇ ਸੌੜੇ ਨਜ਼ਰੀਏ ਤੋਂ ਨਾਸਤਿਕ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਪੂਰੀ ਖੱਬੀ ਧਿਰ ਨੂੰ ਇੱਕੋ ਰੱਸੇ ਬੰਨ੍ਹਣਾ ਵੀ ਬਹੁਤ ਜ਼ਿਆਦਾ ਸਮੱਸਿਆ ਪੈਦਾ ਕਰਨ ਵਾਲਾ ਹੈ। ਸਿਰਫ ਦਲੀਲ ਦੀ ਖਾਤਰ, ਜੇ ਕੁਝ ਖੱਬੇ ਪੱਖੀ ਨੇਤਾ ਭਾਰਤੀ ਰਾਜ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ, ਤਾਂ ਉਹ ਕਾਹਲੋਂ ਦੇ ਭਾਜਪਾ 'ਚ ਸ਼ਾਮਿਲ ਹੋਣ ਦੀ ਵਿਆਖਿਆ ਕਿਵੇਂ ਕਰਨਾ ਚਾਹੁਣਗੇ ਜੋ ਸਿਰਫ ਏ.ਆਈ.ਐਸ.ਐਸ.ਐਫ. ਦੇ ਇਕ ਸਾਬਕਾ ਆਗੂ ਦੀਆਂ ਅਸਲ ਵਫਾਦਾਰੀਆਂ ਨੂੰ ਦਰਸਾਉਂਦਾ ਹੈ, ਜੋ ਹੁਣ ਭਾਜਪਾ ਵਿਚ ਸ਼ਾਮਲ ਹੋ ਗਿਆ ਹੈ ਅਤੇ ਸ਼ਰੇਆਮ ਸਰਕਾਰ ਦੀ ਬੋਲੀ ਬੋਲ ਰਿਹਾ ਹੈ?

ਦੋਵੇਂ ਧਿਰਾਂ ਉਦੋਂ ਵੀ ਅਸਲ ਦੁਸ਼ਮਣ ਦੀ ਪਛਾਣ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀਆਂ, ਅਤੇ ਅੱਜ ਵੀ ਇਸ ਦੀ ਪਛਾਣ ਕਰਨ ਵਿਚ ਅਸਫਲ ਹਨ। ਘੱਟੋ-ਘੱਟ ਆਪਣੀ ਹੀ ਵਿਰਾਸਤ ਤੋਂ ਸਿੱਖ ਲਵੋ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਹੱਥੀਂ ਕਿਰਤ ਕਰਨ, ਹੱਕ ਦੀ ਕਮਾਈ ਨਾਲ ਗੁਜ਼ਾਰਾ ਕਰਨ ਅਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ। ਸਮਾਨਤਾਵਾਦੀ ਸਮਾਜ ਲਈ ਉਨ੍ਹਾਂ ਦੀ ਦ੍ਰਿਸ਼ਟੀ ਸਮਾਜਵਾਦ ਦੇ ਅਨੁਸਾਰੀ ਹੈ।

# ਕਿਸਾਨਾਂ ਦੇ ਜਮਹੂਰੀ ਹੱਕਾਂ ਦੀ ਰਾਖੀ

ਸੁਮੀਤ ਸਿੰਘ

ਜਮਹੂਰੀਅਤ ਵਿਚ ਲੋਕ ਸੰਘਰਸ਼ਾਂ ਦੀ ਵੱਡੀ ਅਹਿਮੀਅਤ ਹੁੰਦੀ ਹੈ ਅਤੇ ਸਰਕਾਰਾਂ ਦਾ ਸੰਵਿਧਾਨਕ ਫਰਜ਼ ਹੁੰਦਾ ਹੈ ਕਿ ਉਹ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ। ਦਸ ਮਹੀਨਿਆਂ ਤੋਂ ਆਪਣੇ ਘਰਾਂ ਤੋਂ ਸੈਂਕੜੇ ਮੀਲ ਦੂਰ ਟੈਂਟਾਂ-ਟਰਾਲੀਆਂ ਵਿਚ ਕੜਾਕੇ ਦੀ ਠੰਢ, ਬਾਰਸ਼, ਚਿੱਕੜ, ਸਰਦ ਹਵਾਵਾਂ, ਬਿਮਾਰੀਆਂ, ਹਨੇਰੀਆਂ ਸਮੇਤ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਦਿੱਲੀ ਸਰਹੱਦ ਉਤੇ ਡਟੇ ਅੰਦੋਲਨਕਾਰੀ ਕਿਸਾਨ, ਮਜ਼ਦੂਰ, ਬਜ਼ੁਰਗ, ਔਰਤਾਂ, ਬੱਚੇ, ਨੌਜਵਾਨ ਅਤੇ ਹੋਰ ਵਰਗਾਂ ਦੇ ਲੋਕ ਖੇਤੀ ਕਾਨੂੰਨ ਰੱਦ ਕਰਵਾਉਣ, ਫਸਲਾਂ ਦਾ ਘਟੋ-ਘਟ ਸਮਰਥਨ ਮੁੱਲ ਅਤੇ ਸਰਕਾਰੀ ਖਰੀਦ ਦੀ ਕਾਨੂੰਨੀ ਗਾਰੰਟੀ ਲਈ ਲਗਾਤਾਰ ਰੋਸ ਪ੍ਰਦਰਸ਼ਨ ਕਰ ਰਹੇ ਹਨ ਪਰ ਬਹੁਮਤ ਦੇ ਹੰਕਾਰ ਵਿਚ ਕੇਂਦਰ ਸਰਕਾਰ ਅੰਦੋਲਨਕਾਰੀ ਕਿਸਾਨਾਂ ਦੀਆਂ ਮੰਗਾਂ ਨਾ ਮੰਨ ਕੇ ਤਾਨਾਸ਼ਾਹੀ ਵਾਲਾ ਵਿਹਾਰ ਕਰ ਰਹੀ ਹੈ।

ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਉਤੇ ਸੰਸਾਰ ਵਪਾਰ ਸੰਸਥਾ, ਕਾਰਪੋਰੇਟ ਘਰਾਣਿਆਂ ਅਤੇ ਆਰ.ਐਸ.ਐਸ. ਦਾ ਕਿੰਨਾ ਦਬਾਅ ਹੋਵੇਗਾ ਕਿ ਉਨਾਂ ਨੂੰ ਦੇਸ਼ ਦੇ ਕਰੋੜਾਂ ਕਿਸਾਨਾਂ ਦੇ ਹਿੱਤਾਂ ਦੀ ਬਜਾਇ ਅੰਬਾਨੀ-ਅਡਾਨੀ ਅਤੇ ਭਾਜਪਾ ਦੇ ਹਿੱਤਾਂ ਦੀ ਚਿੰਤਾ ਜ਼ਿਆਦਾ ਹੈ।

ਸਰਕਾਰ ਦੇ ਅੜੀਅਲ ਵਤੀਰੇ ਕਾਰਨ ਪੰਜਾਬ ਅਤੇ ਦਿੱਲੀ ਕਿਸਾਨ ਮੋਰਚਿਆਂ ਵਿਚ ਹੁਣ ਤਕ ਸਵਾ ਛੇ ਸੌ ਤੋਂ ਉੱਪਰ ਕਿਸਾਨ ਮਾਨਸਿਕ ਤਣਾਅ, ਬਿਮਾਰੀਆਂ, ਖੁਦਕਸ਼ੀਆਂ ਅਤੇ ਹਾਦਸਿਆਂ ਕਾਰਨ ਆਪਣੀਆਂ ਜਾਨਾਂ ਗੁਆ ਚੁਕੇ ਹਨ। ਇਹ ਹਕੂਮਤੀ ਸੰਵੇਦਨਹੀਣਤਾ ਦੀ ਹੀ ਮਿਸਾਲ ਹੈ ਕਿ ਮੋਦੀ ਸਰਕਾਰ ਅਤੇ ਭਾਜਪਾ ਨੇ ਕਿਸਾਨ ਅੰਦੋਲਨਕਾਰੀਆਂ ਦੀਆਂ ਮੌਤਾਂ ਉਤੇ ਅਜੇ ਤਕ ਸੰਸਦ ਦੇ ਅੰਦਰ ਜਾਂ ਬਾਹਰ ਰਸਮੀ ਅਫਸੋਸ ਦਾ ਪ੍ਰਗਟਾਵਾ ਕਰਨ ਦੀ ਵੀ ਨੈਤਿਕਤਾ ਨਹੀਂ ਦਿਖਾਈ, ਪੀੜਤ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਦੇਣਾ ਤਾਂ ਦੂਰ ਦੀ ਗੱਲ ਹੈ। ਕੇਂਦਰੀ ਖੇਤੀ ਮੰਤਰੀ ਨੇ ਤਾਂ ਸੰਸਦ ਵਿਚ ਇਹ ਕਹਿ ਕੇ ਗੈਰ ਜ਼ਿੰਮੇਵਾਰੀ ਦਾ ਸਬੂਤ ਦਿੱਤਾ ਕਿ ਕੇਂਦਰ ਸਰਕਾਰ ਕੋਲ ਕਿਸਾਨ ਅੰਦੋਲਨ ਦੌਰਾਨ ਜਾਨਾਂ ਗੁਆ ਚੁਕੇ ਕਿਸਾਨਾਂ-ਮਜ਼ਦੂਰਾਂ ਦੀ ਗਿਣਤੀ ਹੀ ਨਹੀਂ ਹੈ।

ਦਰਅਸਲ, ਸਰਕਾਰ ਨੇ ਆਪਣੇ ਖਾਸ ਏਜੰਡੇ ਹੇਠ ਹੁਣ ਤਕ ਬੇਲਗਾਮ ਹੋ ਕੇ ਨੋਟਬੰਦੀ, ਜੀ.ਐਸ.ਟੀ., ਜੰਮੂ ਕਸ਼ਮੀਰ ਵਿਚੋਂ ਧਾਰਾ 370 ਤੇ ਸੂਬੇ ਦਾ ਦਰਜਾ ਖਤਮ ਕਰਨ, ਨਾਗਰਿਕਤਾ ਸੋਧ ਕਾਨੂੰਨ ਤੇ ਮਜ਼ਦੂਰ ਵਿਰੋਧੀ ਕਿਰਤ ਕਾਨੂੰਨ ਲਾਗੂ ਕਰਨ, ਸਰਕਾਰੀ ਅਦਾਰਿਆਂ ਦਾ ਅੰਧਾਧੁੰਦ ਨਿੱਜੀਕਰਨ ਵਰਗੀਆਂ ਨੀਤੀਆਂ ਲਾਗੂ ਕਰਕੇ ਮੁਲਕ ਵਿਚ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਫ਼ਿਰਕੂ ਹਿੰਸਾ, ਕਾਰਪੋਰੇਟ ਲੁੱਟ, ਦਹਿਸ਼ਤ ਅਤੇ ਅਰਾਜਕਤਾ ਦਾ ਮਾਹੌਲ ਪੈਦਾ ਕੀਤਾ ਹੈ। ਇਸ ਵਕਤ ਸੰਵਿਧਾਨ ਅਤੇ ਜਮਹੂਰੀਅਤ ਦੀ ਰਾਖੀ ਲਈ ਜ਼ਿੰਮੇਵਾਰ ਸਮਝੇ ਜਾਂਦੇ ਚਾਰੇ ਥੰਮ੍ਹਾਂ- ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਂ ਪਾਲਿਕਾ ਤੇ ਮੀਡੀਆ ਦੇ ਇਲਾਵਾ ਚੋਣ ਕਮਿਸ਼ਨ, ਰਿਜ਼ਰਵ ਬੈਂਕ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਸੀ.ਬੀ.ਆਈ., ਐਨ.ਆਈ.ਏ., ਈ.ਡੀ. ਆਦਿ ਏਜੰਸੀਆਂ ਮੋਦੀ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੇ ਹਨ। ਸਰਕਾਰ ਦੀ ਸਰਪ੍ਰਸਤੀ ਹੇਠ ਪਿਛਲੇ ਸੱਤ ਸਾਲਾਂ ਤੋਂ ਫਾਸ਼ੀਵਾਦੀ ਫਿਰਕੂ ਸੰਗਠਨ ਅੰਧ-ਰਾਸ਼ਟਰਵਾਦ ਦੇ ਨਾਂ ਹੇਠ ਘਟ ਗਿਣਤੀ ਮੁਸਲਮਾਨਾਂ, ਇਸਾਈਆਂ, ਦਲਿਤਾਂ, ਤਰਕਸ਼ੀਲਾਂ, ਜਮਹੂਰੀ ਅਧਿਕਾਰ ਕਾਰਕੁਨਾਂ, ਔਰਤਾਂ ਤੇ ਆਦਿਵਾਸੀਆਂ ਉਤੇ ਜਾਨਲੇਵਾ ਹਮਲੇ ਕਰ ਰਹੇ ਹਨ। ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਤਹਿਤ ਦੇਸ਼-ਧ੍ਰੋਹ ਦੇ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ।

ਹੁਣ ਤਕ ਆਮ ਜਨਤਾ ਨੂੰ ਸਿਰਫ ਨਿਆਂ ਪਾਲਿਕਾ ਤੋਂ ਇਨਸਾਫ ਦੀ ਉਮੀਦ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਨਿਆਂ ਪਾਲਿਕਾ ਨੇ ਵੀ ਕੁਝ ਅਹਿਮ ਕੇਸਾਂ ਵਿਚ ਸਰਕਾਰ ਅਤੇ ਸੱਤਾਧਾਰੀ ਭਾਜਪਾ ਦੇ ਹੱਕ ਵਿਚ ਇਕਪਾਸੜ ਫੈਸਲੇ ਕੀਤੇ ਹਨ। ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਦੀ ਸੰਵਿਧਾਨਕ ਵਾਜਬੀਅਤ ਬਾਰੇ ਪਟੀਸ਼ਨ ਦੀ ਸੁਣਵਾਈ ਦੀ ਥਾਂ ਭਾਜਪਾ ਪੱਖੀ ਮਾਹਰਾਂ ਦੀ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਜਿਸ ਦੀ ਰਿਪੋਰਟ ਉਤੇ ਪਿਛਲੇ ਛੇ ਮਹੀਨੇ ਤੋਂ ਸੁਪਰੀਮ ਕੋਰਟ ਨੇ ਕੋਈ ਕਾਰਵਾਈ ਨਹੀਂ ਕੀਤੀ।

ਸੰਯੁਕਤ ਕਿਸਾਨ ਮੋਰਚੇ ਅਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਸਿਫਤ ਕਰਨੀ ਬਣਦੀ ਹੈ ਕਿ ਸਰਕਾਰ ਦੀ ਕਿਸਾਨਾਂ ਖਿਲਾਫ ਝੂਠੀ ਤੇ ਭੜਕਾਊ ਬਿਆਨਬਾਜ਼ੀ ਦੇ ਬਾਵਜੂਦ ਅਮਨ-ਸ਼ਾਂਤੀ, ਸਬਰ, ਸਿਦਕ, ਹੌਸਲੇ ਤੇ ਅਨੁਸ਼ਾਸਨ ਦਾ ਪੱਲਾ ਫੜੀ ਰਖਿਆ ਹੈ ਅਤੇ ਆਪਸੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ। ਅੰਦੋਲਨ ਦੀ ਅਹਿਮ ਪ੍ਰਾਪਤੀ ਇਹ ਵੀ ਹੈ ਕਿ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਦੀ ਠੋਸ ਪਹਿਲਕਦਮੀ ਅਤੇ ਅਗਵਾਈ ਸਦਕਾ ਇਸ ਇਤਿਹਾਸਕ ਅੰਦੋਲਨ ਨੇ ਸਰਕਾਰ ਦੀਆਂ ਮਾਰੂ ਨੀਤੀਆਂ ਨੂੰ ਠੱਲ੍ਹਿਆ ਹੈ। ਉਂਜ ਵੀ ਇਹ ਘੋਲ ਹੁਣ ਸਿਰਫ ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਘਟੋ-ਘਟ ਸਮਰਥਨ ਮੁੱਲ ਲੈਣ ਤਕ ਸੀਮਤ ਨਹੀਂ ਰਹਿਣਾ ਚਾਹੀਦਾ, ਹੁਣ ਇਹ ਸੰਵਿਧਾਨ ਤੇ ਜਮਹੂਰੀਅਤ ਬਚਾਉਣ ਅਤੇ ਸਿੱਖਿਆ, ਸਿਹਤ, ਰੁਜ਼ਗਾਰ, ਮਕਾਨ, ਬਿਜਲੀ ਤੇ ਸਾਫ ਪਾਣੀ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਵਾਉਣ ਤਕ ਕੌਮੀ ਪੱਧਰ ਤੇ ਜਾਰੀ ਰਹਿਣਾ ਚਾਹੀਦਾ ਹੈ।

ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਕਾਰਨ ਕਿਸਾਨ ਅੰਦੋਲਨ ਹੋਰ ਲੰਮਾ ਚਲਣ ਦੀ ਸੰਭਾਵਨਾ ਹੈ ਜਿਸ ਨੂੰ ਸਫਲ ਬਣਾਉਣ ਲਈ ਸਮੂਹ ਕਿਸਾਨ ਆਗੂਆਂ, ਅੰਦੋਲਨਕਾਰੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਪਹਿਲਾਂ ਵਾਂਗ ਇਕਜੁੱਟਤਾ, ਸਵੈ-ਜ਼ਾਬਤਾ, ਸ਼ਾਂਤੀ, ਹੌਸਲਾ ਅਤੇ ਅਨੁਸ਼ਾਸਨ ਬਣਾਈ ਰੱਖਣ ਦੀ ਲੋੜ ਹੈ। ਸੰਯੁਕਤ ਕਿਸਾਨ ਮੋਰਚੇ ਨੂੰ ਸਿਰਫ ਭਾਜਪਾ ਦਾ ਡਟਵਾਂ ਜਮਹੂਰੀ ਵਿਰੋਧ ਕਰਦਿਆਂ ਪੰਜਾਬ ਦੀਆਂ ਬਾਕੀ ਸਿਆਸੀ ਪਾਰਟੀਆਂ ਦੀ ਲੋਕਾਂ ਦੀਆਂ ਬੁਨਿਆਦੀ ਆਰਥਿਕ ਸਮੱਸਿਆਵਾਂ ਅਤੇ ਚੋਣ ਮੈਨੀਫੈਸਟੋ ਬਾਰੇ ਜਨਤਕ ਜਵਾਬਦੇਹੀ ਕਰਨੀ ਚਾਹੀਦੀ ਹੈ ਕਿਉਂਕਿ ਕੇਂਦਰ ਸਰਕਾਰ ਅਮਨ-ਕਾਨੂੰਨ ਅਤੇ ਜਮਹੂਰੀ ਚੋਣ ਪ੍ਰਕਿਰਿਆ ਭੰਗ ਹੋਣ ਦੇ ਬਹਾਨੇ ਰਾਸ਼ਟਰਪਤੀ ਰਾਜ ਲਗਾ ਕੇ ਅਸਿੱਧੇ ਤੌਰ ਤੇ ਸੱਤਾ ਉੱਤੇ ਕਾਬਜ਼ ਹੋ ਸਕਦੀ ਹੈ। ਇਸੇ ਲਈ ਸਿਆਸੀ ਪਾਰਟੀਆਂ ਨੂੰ ਵੀ ਅਜੇ ਚੋਣ ਪ੍ਰਚਾਰ ਦੀ ਬਜਾਇ ਕਿਸਾਨ ਮੰਗਾਂ ਲਈ ਕੇਂਦਰ ਸਰਕਾਰ ਖਿਲਾਫ ਪੱਕਾ ਮੋਰਚਾ ਲਾਉਣਾ ਚਾਹੀਦਾ ਹੈ।

ਜਿਸ ਤਰ੍ਹਾਂ ਕੇਂਦਰ ਸਰਕਾਰ ਸੰਵਿਧਾਨ, ਜਮਹੂਰੀਅਤ ਅਤੇ ਫੈਡਰਲ ਢਾਂਚਾ ਖਤਮ ਕਰਨ ਵਾਲੀਆਂ ਨੀਤੀਆਂ ਲਾਗੂ ਕਰ ਰਹੀ ਹੈ, ਉਨ੍ਹਾਂ ਉਤੇ ਰੋਕ ਅਤੇ ਕਿਸਾਨੀ ਮੋਰਚੇ ਦੀਆਂ ਮੰਗਾਂ ਦੀ ਪੂਰਤੀ ਲਈ ਹੁਣ ਸੁਪਰੀਮ ਕੋਰਟ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਤਾਂ ਕਿ ਆਮ ਜਨਤਾ ਦੇ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਈ ਜਾ ਸਕੇ।

# ਅਫਗਾਨਿਸਤਾਨ: ਸੱਤਾ ਤਬਾਦਲੇ ਪਿੱਛੋਂ ਸੰਸਾਰ ਸਥਿਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਫਗਾਨਿਸਤਾਨ ਵਿਚੋਂ ਅਮਰੀਕੀ ਫੌਜ ਨਿਕਲੀ ਨੂੰ ਅਤੇ ਤਾਲਿਬਾਨ ਦੀ ਧਾੜ ਉਥੇ ਕਾਬਜ਼ ਹੋਈ ਨੂੰ ਇੱਕ ਮਹੀਨੇ ਤੋਂ ਉੱਪਰ ਹੋ ਚੁਕਾ ਹੈ। ਸਾਰੇ ਸੰਸਾਰ ਵਿਚ ਇਸ ਤਬਦੀਲੀ ਦੀ ਧੁੰਮ ਪੈਣ ਦੇ ਨਾਲ ਅਮਰੀਕਾ ਵਿਚ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਇਸ ਦੂਸ਼ਣਬਾਜ਼ੀ ਦੀ ਖੇਡ ਸ਼ੁਰੂ ਹੋ ਗਈ ਹੈ ਕਿ ਆਪਣੇ ਦੇਸ਼ ਦੀ ਵੱਧ ਬੇਇੱਜ਼ਤੀ ਕਰਾਉਣ ਦਾ ਕੌਣ ਜ਼ਿੰਮੇਵਾਰ ਹੈ ਅਤੇ ਇਹ ਖੇਡ ਵੀਹ ਸਾਲ ਪਹਿਲਾਂ ਵਰਲਡ ਟਰੇਡ ਸੈਂਟਰ ਦੀ ਘਟਨਾ ਦੇ ਦਸਤਾਵੇਜ਼ ਜਾਰੀ ਕਰਨ ਤੱਕ ਵੀ ਚਲੀ ਗਈ ਹੈ। ਸਾਊਦੀ ਅਰਬ ਬਾਰੇ ਅਮਰੀਕੀ ਹਕੂਮਤ ਨੂੰ ਉਸ ਘਟਨਾ ਦੇ ਬਾਅਦ ਲਗਾਤਾਰ ਇਹ ਸ਼ੱਕ ਸੀ ਕਿ ਉਸ ਵਿਚ ਸ਼ਾਮਲ ਹੋਏ ਅਤਿਵਾਦੀਆਂ ਵਿਚੋਂ ਜਿਹੜੇ ਪਿੱਛੋਂ ਸਾਊਦੀ ਅਰਬ ਦੇ ਸਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਸ ਦੇਸ਼ ਤੋਂ ਮਦਦ ਮਿਲਦੀ ਸੀ, ਪਰ ਇਸ ਦੇ ਬਾਵਜੂਦ ਅਮਰੀਕਾ ਨੇ ਰਿਸ਼ਤਿਆਂ ਵਿਚ ਏਦਾਂ ਦੀ ਕੋਈ ਕੁੜੱਤਣ ਨਹੀਂ ਸੀ ਆਉਣ ਦਿੱਤੀ। ਅਫਗਾਨਿਸਤਾਨ ਦੇ ਪੰਦਰਾਂ ਅਗਸਤ ਤੋਂ ਬਾਅਦ ਦੇ ਹਾਲਾਤ ਨੇ ਇਸ ਰਿਸ਼ਤੇਦਾਰੀ ਵਿਚ ਇੱਕ ਖਾਸ ਤਰ੍ਹਾਂ ਦੀ ਕੌੜ ਸ਼ੁਰੂ ਕਰ ਦਿੱਤੀ ਹੈ, ਜਿਸ ਦੀ ਜੜ੍ਹ ਵਰਲਡ ਟਰੇਡ ਸੈਂਟਰ ਦੀ ਘਟਨਾ ਦੇ ਦਸਤਾਵੇਜ਼ ਜਾਰੀ ਕਰਨ ਵਿਚੋਂ ਨਿਕਲਦੀ ਹੈ, ਜਿਨ੍ਹਾਂ ਵਿਚ ਲਿਖਿਆ ਹੈ ਕਿ ਉਨ੍ਹਾਂ ਦੋਸ਼ੀਆਂ ਦੀ ਮਦਦ ਇਸ ਦੇਸ਼ ਦੇ ਕੁਝ ਡਿਪਲੋਮੇਟਾਂ ਨੇ ਕੀਤੀ ਸੀ। ਸਿੱਧਾ ਦੋਸ਼ ਸਾਊਦੀ ਅਰਬ ਉੱਤੇ ਲਾਇਆ ਨਹੀਂ ਗਿਆ, ਪਰ ਜਿੰਨੀ ਵੀ ਗੱਲ ਵਲਾਵਾਂ ਪਾ ਕੇ ਕਹੀ ਗਈ ਹੈ, ਉਸ ਦੇ ਕਾਰਨ ਪਹਿਲਾਂ ਵਰਗੇ ਸਬੰਧ ਕਾਇਮ ਰਹਿਣ ਦੀ ਗੁੰਜਾਇਸ਼ ਬਹੁਤ ਘਟ ਗਈ ਹੈ।

ਦੂਸਰਾ ਅਸਰ ਅਫਗਾਨਿਸਤਾਨ ਦੇ ਹਾਲਾਤ ਦਾ ਉਸ ਪਾਕਿਸਤਾਨ ਵੱਲ ਪਿਆ ਹੈ, ਜਿਹੜਾ ਪਿਛਲੇ ਵੀਹ ਸਾਲਾਂ ਤੋਂ ਇੱਕੋ ਵਕਤ ਆਪਸ ਵਿਚ ਲੜਦੀਆਂ ਦੋ ਧਿਰਾਂ ਅਮਰੀਕਾ ਅਤੇ ਤਾਲਿਬਾਨ ਨਾਲ ਦੋਹਾਂ ਤੋਂ ਓਹਲਾ ਰੱਖ ਕੇ ਬਹੁਤ ਚੁਸਤੀ ਵਾਲੀ ਸਾਂਝ ਨਿਭਾਉਂਦਾ ਰਿਹਾ ਸੀ। ਉਹ ਸਮਝਦਾ ਸੀ ਕਿ ਅਮਰੀਕਾ ਵਾਲੇ ਉਸ ਨੂੰ ਤਾਲਿਬਾਨ ਦੇ ਖਿਲਾਫ ਆਪਣਾ ਸਾਥੀ ਮੰਨਦੇ ਹੋਣਗੇ ਅਤੇ ਤਾਲਿਬਾਨ ਉਸ ਨੂੰ ਅਮਰੀਕਾ ਦੀ ਬੁੱਕਲ ਦਾ ਸੱਪ ਮੰਨ ਕੇ ਆਪਣਾ ਸਾਥੀ ਸਮਝਦੇ ਹੋਣਗੇ, ਪਰ ਇਸ ਤੋਂ ਉਲਟ ਦੋਹਾਂ ਧਿਰਾਂ ਨੂੰ ਇਸ ਵਿਚੋਂ ਪਾਕਿਸਤਾਨ ਦੀ ਨੀਤੀ ਦਾ ਦੋਗਲਾਪਣ ਅਤੇ ਦੋਹਾਂ ਦੇ ਭੇੜ ਵਿਚੋਂ ਆਪਣੇ ਹਿੱਤਾਂ ਵਾਲੀ ਖੇਡ ਖੇਡੀ ਜਾਂਦੀ ਦਿੱਸ ਪਈ। ਨਤੀਜਾ ਇਸ ਦਾ ਇਹ ਹੋਇਆ ਕਿ ਅਮਰੀਕਾ ਨਾਲ ਸਮਝੌਤਾ ਕਰ ਕੇ ਉਨ੍ਹਾਂ ਉਸ ਦੇਸ਼ ਵਿਚੋਂ ਅਮਰੀਕੀ ਫੌਜ ਨਿਕਲ ਜਾਣ ਦਾ ਮੌਕਾ ਬਣਾਇਆ ਅਤੇ ਉਸ ਦੇ ਜਾਂਦੇ ਸਾਰ ਦੇਸ਼ ਉੱਤੇ ਕਬਜ਼ਾ ਕਰਨ ਵਿਚ ਕੋਈ ਦੇਰੀ ਨਹੀਂ ਸੀ ਕੀਤੀ। ਦੂਸਰੇ ਪਾਸੇ ਉਨ੍ਹਾਂ ਨੇ ਪਾਕਿਸਤਾਨੀ



ਹਕੂਮਤ ਨੂੰ ਇਥੋਂ ਤੱਕ ਤਾਂ ਬਰਦਾਸ਼ਤ ਕਰ ਲਿਆ ਕਿ ਆਪਣੀ ਸਰਕਾਰ ਬਣਾਉਣ ਵਾਸਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐੱਸ. ਆਈ. ਅਤੇ ਉਥੋਂ ਦੀ ਫੌਜ ਦੀਆਂ ਕੁਝ ਸੇਧਾਂ ਮੰਨ ਲਈਆਂ, ਪਰ ਭਵਿੱਖ ਦੇ ਦੁਵੱਲੇ ਕਾਰੋਬਾਰ ਜਾਂ ਦੂਸਰੇ ਦੇਸ਼ਾਂ ਨਾਲ ਦੁਵੱਲੇ ਸਬੰਧ ਪਾਕਿਸਤਾਨੀ ਹਾਕਮਾਂ ਦੇ ਕਹੇ ਮੁਤਾਬਕ ਰੱਖਣ ਵਾਲੀ ਗੱਲ ਨੂੰ ਅੱਖੋਂ ਪਰੋਖੇ ਕਰਨ ਲੱਗ ਪਏ। ਉਲਟਾ ਅਸਰ ਇਹ ਪਿਆ ਕਿ ਪਾਕਿਸਤਾਨ ਦੇ ਲੋਕਾਂ ਵਿਚ ਵੀ ਤਾਲਿਬਾਨ ਵਾਲੀ ਸੋਚ ਭਾਰੂ ਹੋਣ ਲੱਗ ਪਈ ਤੇ ਇੱਕ ਸਰਵੇ ਅਨੁਸਾਰ ਦੋ-ਤਿਹਾਈ ਆਬਾਦੀ ਨੇ ਇਹ ਕਹਿਣ ਵਿਚ ਦੇਰ ਨਹੀਂ ਲਾਈ ਕਿ ਇਥੇ ਵੀ ਤਾਲਿਬਾਨ ਵਰਗਾ ਇਸਲਾਮੀ ਰਾਜ ਚਾਹੀਦਾ ਹੈ। ਪਾਕਿਸਤਾਨ ਦੇ ਹਾਕਮ ਨਵੀਂ ਸਥਿਤੀ ਤੋਂ ਅੰਦਰੋ-ਅੰਦਰੀ ਘਬਰਾਹਟ ਵਿਚ ਹਨ ਅਤੇ ਉਥੇ ਏਦਾਂ ਦੀ ਉਠਾਣ ਦਾ ਸੰਕੇਤ ਤਹਿਰੀਕ-ਏ-ਲਬੈਕ ਵਰਗੀ ਕੱਟੜਪੰਥੀ ਧਿਰ ਵੱਲੋਂ ਸਰਕਾਰ ਵਿਰੁੱਧ ਧਰਨੇ ਮਾਰ ਕੇ ਉਸ ਨੂੰ ਆਪਣੀਆਂ ਗੱਲਾਂ ਮਨਾਉਣ ਦੇ ਨਾਲ ਉਨ੍ਹਾਂ ਨੂੰ ਮਿਲ ਚੁਕਾ ਹੈ। ਇਸ ਦੇ ਬਾਅਦ ਪਾਕਿਸਤਾਨ ਦਾ ਹਰ ਆਗੂ ਸੋਚ-ਸੋਚ ਕੇ ਬੋਲਦਾ ਪਿਆ ਹੈ। ਅਗਲਾ ਸਮਾਂ ਉਸ ਦੇਸ਼ ਵਿਚ ਕਿੱਦਾਂ ਦਾ ਹੋਵੇਗਾ, ਹਾਲ ਦੀ ਘੜੀ ਪਾਕਿਸਤਾਨ ਦੀ ਸਰਕਾਰ ਤੇ ਸਿਆਸਤ ਦੇ ਧੁਰੰਤਰ ਵੀ ਨਹੀਂ ਜਾਣ ਸਕਦੇ, ਪਰ ਹਾਲਾਤ ਦੀ ਚੀਰ-ਪਾੜ ਕਰਨ ਵਾਲੇ ਸੰਸਾਰ ਪੱਧਰ ਦੇ ਮਾਹਰ ਕਹਿੰਦੇ ਹਨ ਕਿ ਭਵਿੱਖ ਚੰਗੇ ਸੰਕੇਤ ਨਹੀਂ ਦੇ ਰਿਹਾ।

ਅਫਗਾਨਿਸਤਾਨ ਵਿਚ ਸੱਤਾ ਤਬਦੀਲੀ ਤੇ ਉਸ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਜਾਂ ਪਾਕਿਸਤਾਨ ਦੇ ਅੰਦਰ ਵਾਲੇ ਹਾਲਾਤ ਦਾ ਅਸਰ ਭਾਰਤ ਉੱਤੇ ਵੀ ਪੈਣ ਦੇ ਸੰਕੇਤ ਵੀ ਮਿਲਣ ਲੱਗੇ ਹਨ। ਅਮਰੀਕੀ ਸਰਕਾਰ ਨੇ ਆਪਣੀ ਫੌਜ ਅਫਗਾਨਿਸਤਾਨ ਤੋਂ ਨਿਕਲਣ ਪਿੱਛੋਂ ਇੱਕ ਮਹੀਨਾ ਵੀ ਨਹੀਂ ਛੱਡਿਆ ਅਤੇ ਆਸਟਰੇਲੀਆ ਤੇ ਬ੍ਰਿਟੇਨ ਨਾਲ ਮਿਲ ਕੇ ਇੱਕ 'ਆਸਟਰੇਲੀਆ, ਬ੍ਰਿਟੇਨ, ਅਮਰੀਕਾ' (ਏ, ਯੂ. ਕੇ., ਯੂ. ਐੱਸ. ਜਾਂ ਆਕੱਸ) ਵਾਲਾ ਗੱਠਜੋੜ ਬਣਾ ਲਿਆ ਹੈ। ਇਸ ਦੇ ਪਿੱਛੇ ਲੁਕੀ ਹੋਈ ਨੀਤੀ ਭਾਰਤ ਨੂੰ ਵੇਲੇ ਸਿਰ ਵੇਖਣੀ ਚਾਹੀਦੀ ਹੈ। ਮਿਲੀਆਂ ਖਬਰਾਂ ਮੁਤਾਬਕ ਨਵਾਂ ਗੱਠਜੋੜ ਇੰਡੋ-ਪੈਸੇਫਿਕ ਰੀਜਨ ਵਿਚ ਚੀਨ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਬਣਿਆ ਹੈ, ਪਰ ਬਹੁਤ ਲੰਮੇ ਇੰਡੋ-ਪੈਸੇਫਿਕ ਖੇਤਰ ਵਿਚੋਂ ਇਸ ਦੀ ਬਹੁਤੀ ਨੀਤੀ ਸੈਂਟਰਲ ਇੰਡੋ-ਪੈਸੇਫਿਕ ਤੱਕ ਸੀਮਤ ਰੱਖਣ ਦੀ ਨੀਤ ਜਾਪਦੀ ਹੈ। ਭਾਰਤ-ਅਮਰੀਕਾ ਦੇ ਸਬੰਧ ਇਸ ਵਕਤ ਉਸ ਤੋਂ ਵੱਧ ਨਿੱਘੇ ਨਜ਼ਰ ਆ ਰਹੇ ਹਨ, ਜਿੰਨੇ ਕਿਸੇ ਵਕਤ ਭਾਰਤ ਤੇ ਰੂਸ ਵਿਚਾਲੇ ਹੁੰਦੇ ਸਨ। ਉਦੋਂ ਰੂਸ ਤੇ ਭਾਰਤ ਦਾ ਜੰਗੀ ਸਮਝੌਤਾ ਹੋਣ ਕਾਰਨ ਜਦੋਂ ਬੰਗਲਾ ਦੇਸ਼ ਦੀ ਲੜਾਈ ਵਿਚ ਭਾਰਤ ਕੁੱਦਿਆ ਤਾਂ ਅਮਰੀਕਾ ਦਾ ਜੰਗੀ ਬੇੜਾ ਪਾਕਿਸਤਾਨੀ ਫੌਜ ਦੀ ਮਦਦ ਵਾਸਤੇ ਤੁਰਦਾ ਵੇਖਦੇ ਸਾਰ ਸੋਵੀਅਤ ਰੂਸ ਨੇ ਭਾਰਤ ਦੀ ਮਦਦ ਲਈ ਆਪਣਾ ਬੇੜਾ ਅੱਗਲਵਾਂਢੀ ਰਾਹ ਰੋਕਣ ਵਾਸਤੇ ਠੇਲ੍ਹ ਦਿੱਤਾ ਸੀ ਅਤੇ ਅਮਰੀਕਾ ਵਾਲੇ ਭਾਰਤ ਤੋਂ ਡਰ ਕੇ ਨਹੀਂ, ਰੂਸ ਨਾਲ ਪੇਚਾ ਪੈਂਦਾ ਟਾਲਣ ਲਈ ਪਿੱਛੇ ਮੁੜ ਗਏ ਸਨ। ਉਦੋਂ ਦੀ ਕਹਾਣੀ ਅੱਜ ਏਨੀ ਬਦਲ ਗਈ ਹੈ ਕਿ ਉਸ ਵਿਚ ਜਿਹੜੀ ਥਾਂ ਰੂਸ ਲਿਖਿਆ ਹੁੰਦਾ ਸੀ, ਅੱਜ ਉਥੇ ਅਮਰੀਕਾ ਲਿਖਿਆ ਦਿੱਸਣ ਲੱਗ ਪਿਆ ਹੈ। ਇਹੋ ਗੱਲ ਅਫਗਾਨਿਸਤਾਨ ਵਿਚਲੀ ਸੱਤਾ ਤਬਦੀਲੀ ਤੋਂ ਬਾਅਦ ਭਾਰਤ ਦੇ ਲੋਕਾਂ ਵਾਸਤੇ ਚਿੰਤਾ ਵਾਲੀ ਹੋ ਸਕਦੀ ਹੈ, ਪਰ ਭਾਰਤ ਦੀ ਸਰਕਾਰ ਇਹੋ ਜਿਹੀ ਚਿੰਤਾ ਵੱਲ ਕਿਸੇ ਦਾ ਧਿਆਨ ਨਾ ਜਾਣ ਦੇਣ ਲਈ ਨਿੱਤ ਦਿਨ ਦੂਸਰੇ ਮੁੱਦੇ ਉਛਾਲਣ ਲੱਗੀ ਰਹਿੰਦੀ ਹੈ। ਬਹੁਤ ਘੱਟ ਲੋਕ ਇਹ ਗੱਲ ਸਮਝਦੇ ਹਨ ਕਿ ਪਾਕਿਸਤਾਨ ਨਾਲ ਨੇੜਲੇ ਸਬੰਧ ਟੁੱਟ ਜਾਣ ਮਗਰੋਂ ਅਮਰੀਕਾ ਵਾਲੇ ਜਿਨ੍ਹਾਂ ਲੋੜਾਂ ਲਈ ਅਜੇ ਤੱਕ ਪਾਕਿਸਤਾਨ ਨੂੰ ਵਰਤਦੇ ਹੁੰਦੇ ਸਨ, ਉਨ੍ਹਾਂ ਲੋੜਾਂ ਦੀ ਪੂਰਤੀ ਲਈ ਅਗਲੇ ਸਮੇਂ ਵਿਚ ਭਾਰਤ ਨੂੰ ਵਰਤਣ ਵਾਲੇ ਹਾਲਾਤ ਚੁੱਪ-ਚੁਪੀਤੇ ਬਣਾਈ ਬੈਠੇ ਜਾਪਦੇ ਹਨ। ਇਹ ਗੱਲ ਸਾਡੇ ਲੋਕਾਂ ਨੂੰ ਸਮਝਣੀ ਪੈ ਸਕਦੀ ਹੈ।

ਪਿਛਲੇ ਦਿਨਾਂ ਵਿਚ ਭਾਰਤ ਦੇ ਕੁਝ ਹਾਈਵੇਜ਼ ਨੂੰ ਐਮਰਜੈਂਸੀ ਲੋੜਾਂ ਲਈ ਹਵਾਈ ਜਹਾਜ਼ ਉਤਾਰਨ ਜੋਗੇ ਰੰਨਵੇ ਬਣਾ ਦੇਣ ਦੀਆਂ ਕਈ ਖਬਰਾਂ ਅਸੀਂ ਲੋਕਾਂ ਨੇ ਸੁਣੀਆਂ ਅਤੇ ਪੜ੍ਹੀਆਂ ਸਨ। ਹਾਈਵੇਜ਼ ਨੂੰ ਰੰਨਵੇ ਵਰਗਾ ਬਣਾਉਣ ਵਾਲਾ ਕੰਮ ਕੋਈ ਇਸੇ ਸਾਲ ਨਹੀਂ ਹੋਇਆ, ਇਸ ਦੀ ਸ਼ੁਰੂਆਤ ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਸਿੰਘ ਦੀ ਸਰਕਾਰ ਦੌਰਾਨ ਹੀ ਹੋ ਗਈ ਸੀ ਅਤੇ ਏਦਾਂ ਦੇ ਪਹਿਲੇ ਰੰਨਵੇ ਦੀ ਟੈੱਸਟਿੰਗ ਵੇਲੇ ਉਹ ਸਮਾਗਮ ਦਾ ਮੁੱਖ ਮਹਿਮਾਨ ਬਣਿਆ ਸੀ, ਪਰ ਭਾਰਤ ਦੇ ਲੋਕਾਂ ਨੂੰ ਉਦੋਂ ਤੱਕ ਵਿਚਲੀ ਗੱਲ ਦਾ ਅਹਿਸਾਸ ਨਹੀਂ ਸੀ ਹੋ ਰਿਹਾ। ਅੱਜ ਕੱਲ੍ਹ ਜਦੋਂ ਕਿਸੇ ਥਾਂ ਏਦਾਂ ਦੇ ਹਾਈਵੇਜ਼ ਨੂੰ ਐਮਰਜੈਂਸੀ ਰੰਨਵੇ ਵਾਂਗ ਵਰਤਣ ਦੇ ਯੋਗ ਬਣਾਇਆ ਅਤੇ ਪ੍ਰਚਾਰਿਆ ਜਾਂਦਾ ਹੈ ਤਾਂ ਨਾਲ ਹੀ ਸਰਕਾਰ ਪੱਖੀ ਚੈਨਲਾਂ ਦੇ ਐਂਕਰ ਇਹ ਗੱਲ ਮੁੜ-ਮੁੜ ਆਖਦੇ ਹਨ ਕਿ ਭਾਰਤ ਦੇ ਇਹ ਐਮਰਜੈਂਸੀ ਰੰਨਵੇ ਅਮਰੀਕਾ ਦੇ ਉਨ੍ਹਾਂ ਹਾਈਵੇਜ਼ ਵਰਗੇ ਬਣੇ ਹਨ, ਜਿਨ੍ਹਾਂ ਉੱਤੇ ਅਮਰੀਕੀ ਹਵਾਈ ਫੌਜ ਦੇ ਜਹਾਜ਼ ਕਿਸੇ ਵੇਲੇ ਵੀ ਉਤਰ ਸਕਦੇ ਹਨ। ਇਹ ਜ਼ਿਕਰ ਸੁੱਤੇ ਸਿੱਧ ਨਹੀਂ ਹੁੰਦਾ, ਇਸ ਦੇ ਪਿੱਛੇ ਲੋਕਾਂ ਨੂੰ ਇੱਕ ਤਰ੍ਹਾਂ ਮਾਨਸਿਕ ਤੌਰ ਉੱਤੇ ਤਿਆਰ ਕਰਨ ਦੀ ਖੇਡ ਹੈ, ਤਾਂ ਕਿ ਭਲਕ ਨੂੰ ਜਦੋਂ ਕਿਤੇ ਇਹੋ ਜਿਹੇ ਜਹਾਜ਼ ਸੜਕਾਂ ਉੱਤੇ ਉਤਾਰਨ ਦੀ ਘੜੀ ਆਵੇ ਤਾਂ ਲੋਕਾਂ ਦੀ ਸੋਚ ਨੂੰ ਝਟਕਾ ਨਾ ਲੱਗੇ।

ਉਨੀਵੀਂ ਸਦੀ ਦੇ ਅੰਤ ਵਿਚ ਜਦੋਂ ਕੁਝ ਪੱਛਮੀ ਦੇਸ਼ਾਂ ਵਿਚ ਸੜਕਾਂ ਨੂੰ ਚੌੜੀਆਂ ਕਰਨ ਤੇ ਨਾਲੋ ਨਾਲ ਰਾਹਾਂ ਵਿਚ ਕੁਝ ਦੇਰ ਪੜਾਅ ਕਰਨ ਦੇ ਟਿਕਾਣੇ ਬਣਾਉਣ ਦਾ ਕੰਮ ਸ਼ੁਰੂ ਹੋਇਆ ਸੀ ਤਾਂ ਰਣਨੀਤਕ ਮਾਹਰਾਂ ਨੇ ਉਦੋਂ ਹੀ ਕਹਿ ਦਿੱਤਾ ਸੀ ਕਿ ਕਿਸੇ ਵੱਡੀ ਜੰਗ ਦੀਆਂ ਤਿਆਰੀਆਂ ਹੁੰਦੀਆਂ ਜਾਪਦੀਆਂ ਹਨ। ਬਾਅਦ ਵਿਚ ਦੋ ਏਦਾਂ ਦੀਆਂ ਸੰਸਾਰ ਜੰਗਾਂ ਲੱਗਣ ਦੀ ਬਦਕਿਸਮਤ ਘੜੀ ਆ ਗਈ ਸੀ, ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਸੋਚਿਆ ਨਹੀਂ ਸੀ। ਅਫਗਾਨਿਸਤਾਨ ਵਿਚਲੀ ਸੱਤਾ ਤਬਦੀਲੀ ਤੋਂ ਬਾਅਦ ਅਮਰੀਕਾ ਦਾ ਪਾਕਿਸਤਾਨ ਨੂੰ ਇੱਕਦਮ ਛੰਡ ਕੇ ਪਿਛਾਂਹ ਕਰਨਾ ਅਤੇ ਸਾਊਦੀ ਅਰਬ ਤੋਂ ਆਪਣੀ ਨਿਗਾਹ ਘੁੰਮਾ ਕੇ ਅਚਾਨਕ ਆਸਟਰੇਲੀਆ ਅਤੇ ਬ੍ਰਿਟੇਨ ਨਾਲ ਮਿਲ ਕੇ ਨਵਾਂ 'ਆਕੱਸ' ਵਾਲਾ ਗੱਠਜੋੜ ਬਣਾ ਲੈਣਾ ਕੁਝ ਖਾਸ ਇਸ਼ਾਰੇ ਕਰ ਸਕਦਾ ਹੈ। ਸੰਸਾਰ ਰਣਨੀਤੀ ਵਿਚ ਸਾਰਾ ਕੁਝ ਕਿਹਾ ਨਹੀਂ ਜਾਂਦਾ, ਕਈ ਗੱਲਾਂ ਦੇ ਇਸ਼ਾਰੇ ਸਮਝਣੇ ਪੈਂਦੇ ਹਨ ਅਤੇ ਇਸ ਵਕਤ ਵੀ ਸੰਸਾਰ ਦੀ ਰਣਨੀਤੀ ਕੁਝ ਇਸ਼ਾਰੇ ਜਿਹੇ ਕਰਦੀ ਜਾਪਦੀ ਹੈ।

# ਚਣਕੋਆ ਕਤਲ ਕਾਂਡ ਦਾ ਦਾਗ ਧੋਇਆ ਨਹੀਂ ਜਾ ਸਕੇਗਾ

## ਦੁਖਦਾਈ ਯਾਦ

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: +0061411218801

ਬਲਾਚੌਰ ਤੋਂ ਗੜ੍ਹਸ਼ੰਕਰ ਜਾਣ ਵਾਲੀ ਮੁੱਖ ਸੜਕ ਦੇ ਸੱਤਵੇਂ ਕਿਲੋਮੀਟਰ 'ਤੇ ਸੱਜੇ ਪਾਸੇ 1947 ਵਿਚ ਉੱਜੜ ਕੇ ਵਸਿਆ ਇੱਕ ਪਿੰਡ ਹੈ ਚਣਕੋਆ। ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਮੁਸਲਮਾਨਾਂ ਦਾ ਘੁੱਗ ਵਸਦਾ ਪਿੰਡ ਹੁੰਦਾ ਸੀ। ਇਸ ਇਲਾਕੇ ਵਿਚ ਮੁਸਲਮਾਨ ਬਹੁ ਗਿਣਤੀ ਵਾਲੇ ਟਾਵੇਂ ਟਾਵੇਂ ਹੋਰ ਪਿੰਡ ਵੀ ਸਨ। ਕਰਾਵਰ, ਰੁੜਕੀ ਮੁਗਲਾਂ, ਚਣਕੋਈ ਅਤੇ ਸਾਹਿਬਾ ਆਦਿ। ਉਂਜ 2-4 ਘਰ ਮੁਸਲਮਾਨ ਤੇਲੀਆਂ ਅਤੇ ਜੁਲਾਹਿਆਂ ਦੇ ਕਰੀਬ ਹਰ ਪਿੰਡ ਵਿਚ ਸਨ। ਮੁਸਲਮਾਨਾਂ ਦਾ ਹਿੰਦੂ ਅਤੇ ਸਿੱਖਾਂ ਦੇ ਪਿੰਡਾਂ ਨਾਲ ਬਹੁਤ ਸਹਿਚਾਰ ਸੀ। ਸਾਰੇ ਇੱਕ ਦੂਜੇ ਦੀ ਇੱਜਤ ਦੇ ਸਾਂਝੀ ਸਨ। ਰਹਿਮਤ ਖਾਂ (ਰਹਿਮਾ) ਦੀ ਸਖਾਵਤ ਦੀਆਂ ਗੱਲਾਂ ਬਜ਼ੁਰਗਾਂ ਨੂੰ ਕਰਦੇ ਅਕਸਰ ਸੁਣਦੇ ਰਹੇ ਹਾਂ। ਇਥੋਂ ਦਾ ਪ੍ਰਾਇਮਰੀ ਸਕੂਲ 1947 ਤੋਂ ਪਹਿਲਾਂ ਦਾ ਹੈ। ਇਥੋਂ ਦੇ ਅਧਿਆਪਕ ਫਤਿਹ ਮੁਹੰਮਦ ਨੂੰ ਕੌਣ ਨਹੀਂ ਸੀ ਜਾਣਦਾ! ਇਸ ਹਲਕੇ ਦੇ ਸਾਰੇ ਸਥਾਨਕ ਆਗੂ ਉਸ ਦੇ ਸ਼ਾਗਿਰਦ ਸਨ। ਹੁਣ ਸ਼ਾਇਦ ਉਹਦਾ ਕੋਈ ਸ਼ਾਹਿਰਦ ਜਿਉਂਦਾ ਨਹੀਂ ਹੋਵੇਗਾ।

ਤੱਤੀਆਂ ਹਵਾਵਾਂ ਚੱਲਦਿਆਂ ਦੇਰ ਨਹੀਂ ਲੱਗਦੀ। ਆਜ਼ਾਦੀ ਤੋਂ 2-3 ਸਾਲ ਪਹਿਲਾਂ ਪਾਕਿਸਤਾਨ ਬਣਨ ਦੀਆਂ ਕਨਸੋਆਂ ਪੰਜਾਬ ਦੇ ਹਰ ਪਿੰਡ ਵਿਚ ਪਹੁੰਚ ਗਈਆਂ ਸਨ। ਦੇਖਦੇ ਹੀ ਦੇਖਦੇ ਲੋਕਾਂ ਦੇ ਚਿਹਰਿਆਂ ਦਾ ਰੰਗ ਬਦਲਣ ਲੱਗ ਪਿਆ। ਭਰਾਵਾਂ ਵਾਂਗ ਰਹਿੰਦੇ ਲੋਕ ਇੱਕ ਦੂਜੇ ਵਲ ਕੌੜਾ ਕੌੜਾ ਝਾਕਣ ਲੱਗ ਪਏ। ਮੁਸਲਮਾਨ ਅਤੇ ਹਿੰਦੂ-ਸਿੱਖ ਫਿਰਕਿਆਂ ਦਰਮਿਆਨ ਬੇਯਕੀਨੀ ਦੀ ਇੱਕ ਕੰਧ ਉਸਰਨ ਲੱਗ ਪਈ। ਫਿਰਕਾਪ੍ਰਸਤੀ ਦਾ ਭੂਤ ਲੋਕਾਂ ਦੇ ਸਿਰ ਚੜ੍ਹ ਕੇ ਬੋਲਣ ਲੱਗ ਪਿਆ। ਰਾਤ ਨੂੰ ਸੁੱਤੇ ਪਿਆਂ ਦੇ ਕੰਨਾਂ ਵਿਚ "ਬੋਲੇ ਸੋ ਨਿਹਾਲ" ਅਤੇ "ਅੱਲਾ ਹੂ ਅਕਬਰ" ਦੇ ਆਵਾਜ਼ੇ ਗੂੰਜਣ ਲੱਗ ਪਏ। ਦਿਨ ਚੜ੍ਹਦਿਆਂ ਚਾਰੇ ਪਾਸੇ ਕਬਰਾਂ ਵਰਗੀ ਚੁੱਪ ਛਾ ਜਾਂਦੀ। ਅਸਲ ਵਿਚ ਇਹ ਤੂਫਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਹੁੰਦੀ ਸੀ। ਲੋਕਾਂ ਦੇ ਚਿਹਰਿਆਂ ਉੱਤੇ ਤਣਾਅ ਸਪਸ਼ਟ ਦਿਖਾਈ ਦਿੰਦਾ ਸੀ। ਮਹੌਲ ਵਿਚ ਅਜੀਬ ਤਰਾਂ ਦੀ ਘੁਟਣ ਸੀ। ਦੋਹਾਂ ਫਿਰਕਿਆਂ ਦੇ ਲੋਕ ਟੋਲੀਆਂ ਬੰਨ੍ਹ ਬੰਨ੍ਹ ਕੇ ਭੇਤ ਭਰੀਆਂ ਗੱਲਾਂ ਕਰਦੇ। ਲੁਹਾਰ ਦੇਰ ਰਾਤ ਤੱਕ ਆਪਣੀਆਂ ਆਰਨ ਹਾਲੀਆਂ ਤੇ ਬਰਛੇ, ਦਾਤਰ ਛਵੀਆ ਅਤੇ ਗੰਡਾਸੇ ਬਣਾਉਂਦੇ ਰਹਿੰਦੇ। ਹਰ ਫਿਰਕੇ ਦਾ ਮਰਦ ਵੇਲੇ-ਕੁਵੇਲੇ ਘਰੋਂ ਬਾਹਰ ਜਾਣ ਵੇਲੇ ਆਪਣੇ ਕੋਲ ਹਥਿਆਰ ਰੱਖਣ ਲੱਗ ਪਿਆ ਸੀ। ਵੰਡ ਤੋਂ 3-4 ਮਹੀਨੇ ਪਹਿਲਾਂ ਹਿੰਦੂ-ਸਿੱਖ ਅਤੇ ਮੁਸਲਮਾਨ ਦੋਵੇਂ ਧਿਰਾਂ ਕਿਸੇ ਸੰਭਾਵੀ ਜੰਗ ਦੀ ਖੁਫੀਆ ਤਿਆਰੀ ਕਰਦੀਆਂ ਰਹੀਆਂ। ਪਿੰਡ ਪਿੰਡ ਲੋਹਾ ਕੁੱਟਿਆ ਜਾਣ ਲੱਗਾ। ਆਖਰ ਉਹ ਮਨਹੂਸ ਘੜੀ ਆਣ ਪਹੁੰਚੀ, ਜਿਸ ਦਾ ਧੁੜਕੂ ਦੋਹਾਂ ਧਿਰਾਂ ਨੂੰ ਲੱਗਿਆ ਰਹਿੰਦਾ ਸੀ। ਦੇਸ਼ ਆਜ਼ਾਦ ਹੋ ਗਿਆ ਅਤੇ ਪੰਜਾਬ ਉਜਾੜੇ ਦੀ ਰਾਹ ਪੈ ਗਿਆ। ਮਜ਼੍ਹਬੀ ਜੰਗ ਦੀ ਆੜ ਹੇਠ ਲੁਟੇਰਿਆਂ ਅਤੇ ਸਮਾਜ ਵਿਰੋਧੀ ਤੱਤਾਂ ਨੇ ਅੱਤ ਚੁੱਕ ਲਈ।

ਸੰਨ 1952 ਵਿਚ ਬਤੌਰ ਅਧਿਆਪਕ ਸੇਵਾ ਮੁਕਤ ਹੋਏ ਮੇਰੇ ਬਾਬਾ ਮਾਸਟਰ ਬੰਤਾ ਰਾਮ ਛੋਕਰ ਅਤੇ ਇਲਾਕੇ ਦੇ ਹੋਰ ਅਨੇਕਾਂ ਬਜ਼ੁਰਗਾਂ ਤੋਂ ਸੁਣੀਆਂ ਗੱਲਾਂ ਅਨੁਸਾਰ ਸੰਨ 1947 ਦੀ ਭਾਦੋਂ ਦਾ ਪਹਿਲਾ ਪੱਖ ਸੀ। ਮੱਕੀ ਦੀ ਫਸਲ ਨੂੰ ਦਾਣਾ ਪੈਣਾ ਸ਼ੁਰੂ ਹੋ ਚੁਕਾ ਸੀ। ਬਲਾਚੌਰ ਹਲਕੇ ਨਾਲ ਸਬੰਧਤ ਮੁਸਲਮਾਨਾਂ ਦੇ 13 ਪਿੰਡਾਂ ਦਾ ਬੱਚਾ ਬੱਚਾ ਮੁੱਖ ਸੜਕ 'ਤੇ ਪੈਂਦੇ ਉਪਰੋਕਤ ਪਿੰਡ ਵਿਚ ਇਕੱਠਾ ਹੋ ਗਿਆ ਤਾਂ ਕਿ ਕੋਈ ਸੁਰੱਖਿਅਤ ਮੌਕਾ ਦੇਖ ਕੇ ਫੌਜ ਜਾਂ ਪੁਲਿਸ ਦੀ ਨਿਗਰਾਨੀ ਹੇਠ ਇਥੋਂ 20 ਕਿਲੋਮੀਟਰ ਦੂਰ ਗੜ੍ਹਸ਼ੰਕਰ ਵਿਖੇ ਲੱਗੇ ਸ਼ਰਨਾਰਥੀ ਕੈਂਪ ਵਿਚ ਪਹੁੰਚਿਆ ਜਾ ਸਕੇ। ਇਹ ਇਕੱਠ ਇੱਕ ਤਰ੍ਹਾਂ ਨਾਲ ਸ਼ਿਕਾਰੀਆਂ ਤੋਂ ਬਚਣ ਲਈ ਸ਼ਿਕਾਰ ਹੋਣ ਵਾਲਿਆਂ ਦਾ ਇਕੱਠ ਸੀ। ਇਸ ਇਕੱਠ ਨੇ ਅਫਵਾਹਾਂ ਦਾ ਬਾਜ਼ਾਰ ਗਰਮ ਕਰ ਦਿੱਤਾ। ਖੰਭਾਂ ਦੀਆਂ ਡਾਰਾਂ ਬਣ ਗਈਆਂ। ਹਿੰਦੂ-ਸਿੱਖਾਂ ਦੇ ਪਿੰਡਾਂ ਵਿਚ ਇਹ ਅਫਵਾਹ ਫੈਲ ਗਈ ਕਿ ਸਾਰੇ ਇਲਾਕੇ ਦੇ 'ਕੱਠੇ ਹੋਏ ਮੁਸਲਮਾਨ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਕਿਸੇ ਵੇਲੇ ਵੀ ਉਨ੍ਹਾਂ ਦੇ ਪਿੰਡਾਂ ਉੱਤੇ ਹਮਲਾ ਕਰ ਸਕਦੇ ਹਨ।

ਚਣਕੋਆ ਤੋਂ ਲਹਿੰਦੇ ਪਾਸੇ ਡੇਢ ਕਿਲੋਮੀਟਰ ਦੀ ਵਿੱਥ 'ਤੇ ਇੱਕ ਪਿੰਡ ਹੈ, ਸਿੰਬਲ ਮਜਾਰਾ। ਸਿੰਬਲ ਮਜਾਰਾ ਦੇ ਉੱਤਰ ਵਾਲੇ ਪਾਸੇ ਉਸ ਸਮੇ ਅੰਬਾਂ ਦਾ ਬਹੁਤ ਵੱਡਾ ਬਾਗ ਸੀ। ਇਸ ਬਾਗ ਦੀ ਰਹਿੰਦ-ਖੂੰਹਦ ਅਜੇ ਵੀ ਬਾਕੀ ਹੈ। "ਸੰਤ" ਬਖਤਾਵਰ ਸਿੰਘ ਪਿੰਡ ਬੀਰੋਵਾਲ ਨੇ ਇਸ ਬਾਗ ਵਿਚ ਭਾਦੋਂ ਦੇ ਪਹਿਲੇ ਪੱਖ ਦੇ ਕਿਸੇ ਦਿਨ (ਤਾਰੀਖ ਦਾ ਪਤਾ ਨਹੀਂ ਲੱਗ ਸਕਿਆ) ਇਲਾਕੇ ਦੇ ਹਿੰਦੂਆਂ-ਸਿੱਖਾਂ ਦਾ ਇੱਕ ਬਹੁਤ ਵੱਡਾ ਇਕੱਠ ਕੀਤਾ। ਇਲਾਕੇ ਦੇ ਦਰਜਨਾਂ ਪਿੰਡਾਂ ਵਿਚ ਸੁਨੇਹੇ ਭੇਜੇ ਗਏ ਕਿ ਇਕੱਠ ਵਿਚ ਸ਼ਾਮਲ ਹੋਣ ਵਾਲੇ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਆਉਣ। ਸੁਨੇਹਾ ਦੇਣ ਵਾਲਿਆਂ ਵਿਚ ਮੇਰੇ ਪਿੰਡ ਗੁਲਪੁਰ ਦਾ ਮੇਹਰੂ ਪੁੱਤਰ ਅਮੀਆ ਵੀ ਸੀ। ਮਿੱਥੇ ਹੋਏ ਸਮੇਂ 'ਤੇ ਬਹੁਤ ਵੱਡਾ ਇਕੱਠ ਹੋ ਗਿਆ, ਜਿਨ੍ਹਾਂ ਵਿਚ ਵੱਡੀ ਗਿਣਤੀ ਲੁਟੇਰਿਆਂ ਅਤੇ ਤਮਾਸ਼ਬੀਨਾਂ ਦੀ ਸੀ। ਇਸ ਇਕੱਠ ਵਿਚ ਕੋਈ ਸ਼ਾਂਤਮਈ ਰਾਹ ਕੱਢਣ ਦੀ ਥਾਂ ਫਿਰਕੂ ਭਾਵਨਾਵਾਂ ਨੂੰ ਇਸ ਕਦਰ ਭੜਕਾਇਆ ਗਿਆ ਕਿ ਉਸੇ ਵੇਲੇ ਪਿੰਡ ਚਣਕੋਆ ਉੱਤੇ ਹਮਲਾ ਕਰਨ ਦਾ ਫੈਸਲਾ ਹੋ ਗਿਆ। ਹਮਲਾ ਕਰਨ ਦਾ ਆਧਾਰ ਇਸ ਅਫਵਾਹ ਨੂੰ ਬਣਾਇਆ ਗਿਆ ਕਿ ਜੇ ਅੱਜ ਹੀ ਹਮਲਾ ਨਾ ਕੀਤਾ ਗਿਆ ਤਾਂ ਆਉਣ ਵਾਲੀ ਰਾਤ ਨੂੰ ਮੁਸਲਮਾਨ ਹਮਲਾ ਕਰ ਦੇਣਗੇ ਅਤੇ ਪਿੰਡਾਂ ਨੂੰ ਅੱਗਾਂ ਲਾ ਦੇਣਗੇ। ਅਜਿਹੇ ਮੌਕਿਆਂ ਉੱਤੇ ਅਕਲ ਦੀ ਗੱਲ ਨਾ ਕੋਈ ਕਰਦਾ ਹੁੰਦਾ ਹੈ ਤੇ ਨਾ ਕੋਈ ਸੁਣਦਾ ਹੁੰਦਾ ਹੈ। ਕਈ ਮਹੀਨਿਆਂ ਤੋਂ ਮੁਸਲਮਾਨਾਂ ਨੂੰ ਲੁੱਟਣ ਦੀਆਂ ਵਿਉਂਤਾਂ ਬਣਾ ਰਹੇ ਗੁੰਡੇ ਇਸ ਮੌਕੇ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੇ ਸਨ। ਸਭ ਤੋਂ ਵੱਡੀ ਗੱਲ ਕਿ ਅਖੌਤੀ ਸੰਤ ਦੀ ਨੀਅਤ ਮਾੜੀ ਸੀ।

ਬਤੌਰ ਪ੍ਰੋ. ਅਵਤਾਰ ਸਿੰਘ ਦੁਪਾਲਪੁਰ, ਚਣਕੋਆ ਤੋਂ ਕਰੀਬ 7-8 ਕਿਲੋਮੀਟਰ ਦੂਰ ਬੇਟ ਇਲਾਕੇ ਵਿਚ ਪੈਂਦੇ ਪਿੰਡ ਮੀਰਪੁਰ ਨੂੰ ਅੱਗ ਲਾਉਣ ਲਈ ਵੀ ਇਹੋ 'ਸੂਰਮਾ ਸੰਤ' ਜ਼ਿੰਮੇਵਾਰ ਸੀ। ਬੰਦੂਕਾਂ ਨਾਲ ਲੈਸ 'ਸੰਤ' ਬਖਤਾਵਤਰ ਸਿੰਘ ਦੀ ਅਗਵਾਈ ਹੇਠ ਸੈਂਕੜੇ ਵਿਅਕਤੀਆਂ ਨੇ ਬਰਛਿਆਂ, ਕਿਰਪਾਨਾਂ ਅਤੇ ਹੋਰ ਤੇਜ ਧਾਰ ਹਥਿਆਰਾਂ ਨਾਲ ਹਥਿਆਰਬੰਦ ਹੋ ਕੇ ਪਿੰਡ ਚਣਕੋਏ ਵਿਚ ਇਕੱਠੇ ਹੋਏ ਮੁਸਲਮਾਨਾਂ ਉੱਤੇ ਹੱਲਾ ਬੋਲ ਦਿੱਤਾ। ਇਸ ਹੱਲੇ ਵਿਚ ਖੁਦ ਹਿੱਸਾ ਲੈਣ ਵਾਲੇ ਲੋਕਾਂ (ਜਿਹੜੇ ਉਸ ਸਮੇਂ ਜੁਆਨ ਸਨ) ਅਨੁਸਾਰ ਕਈ ਘੰਟੇ ਗਹਿਗੱਚ ਲੜਾਈ ਹੋਈ, ਜਿਸ ਵਿਚ ਸੈਂਕੜੇ ਬੱਚੇ, ਬੁੱਢੇ, ਮਰਦ-ਔਰਤਾਂ ਕਤਲ ਕਰ ਦਿੱਤੇ ਗਏ। ਅਨੇਕਾਂ ਜਵਾਨ ਜਹਾਨ ਔਰਤਾਂ ਨੇ ਆਪਣੀ ਆਬਰੂ ਬਚਾਉਣ ਲਈ ਮਸੀਤ ਨੇੜਲੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਸਨ। ਕਈ ਸਾਲ ਪਹਿਲਾਂ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਮੈਨੂੰ ਨਾਲ ਲੈ ਕੇ ਇਸ ਖਸਤਾ ਹਾਲ ਖੂਹ ਦੀਆਂ ਤਸਵੀਰਾਂ ਖਿੱਚੀਆਂ ਸਨ। ਹੁਣ ਉਹ ਖੂਹ ਪੂਰ ਦਿੱਤਾ ਗਿਆ ਹੈ। ਉਪਰੋਂ ਰਾਤ ਪੈ ਗਈ ਸੀ। ਵੱਡੀ ਗਿਣਤੀ ਵਿਚ ਮੁਸਲਮਾਨ ਹਥਿਆਰਾਂ ਦੇ ਜੋਰ ਨਾਲ ਹਨੇਰੇ ਦੀ ਓਟ ਵਿਚ ਪਿੰਡੋਂ ਨਿਕਲ ਗਏ। ਖੁਸ਼ਕਿਸਮਤ ਲੋਕ ਫਸਲਾਂ ਵਿਚ ਲੁਕਦੇ ਛਿਪਦੇ ਇਥੋਂ 20 ਕਿਲੋਮੀਟਰ ਦੂਰ ਪੈਂਦੇ ਗੜ੍ਹਸ਼ੰਕਰ ਵਿਚ ਲੱਗੇ ਸ਼ਰਨਾਰਥੀ ਕੈਂਪ ਵਿਚ ਪਹੁੰਚ ਗਏ। ਬਹੁਤ ਸਾਰੇ ਰਾਹ ਵਿਚ ਜਨੂੰਨੀਆਂ ਹੱਥੋਂ ਮਾਰੇ ਗਏ। ਸਰਕਾਰ ਦੇ ਹਰਕਤ ਵਿਚ ਆਉਣ ਤੱਕ ਲੱਭ ਲੱਭ ਕੇ ਲੋਕਾਂ ਦਾ ਸ਼ਿਕਾਰ ਖੇਡਿਆ ਗਿਆ। ਬਹੁਤ ਸਾਰੇ ਧਾੜਵੀਆਂ ਨੇ ਬੇਸਹਾਰਾ ਅਤੇ ਮਜਬੂਰ ਔਰਤਾਂ ਨੂੰ ਜ਼ਬਰਦਸਤੀ ਰੱਖ ਲਿਆ। ਉਸ ਰਾਤ ਲੁਟੇਰਿਆਂ ਨੇ ਪਿੰਡ ਨੂੰ ਰੱਜ ਕੇ ਲੁੱਟਿਆ। ਰਹਿਮੇ ਨੂੰ ਆਸ-ਪਾਸ ਲਗਦੇ ਪਿੰਡਾਂ ਦੇ ਉਨ੍ਹਾਂ ਲੋਕਾਂ ਨੇ ਹੀ ਪਰਿਵਾਰ ਸਮੇਤ ਕਤਲ ਕਰ ਦਿੱਤਾ, ਜਿਨ੍ਹਾਂ ਨੇ ਆਪਣੀਆਂ ਗਰਜਾਂ ਪੂਰੀਆਂ ਕਰਨ ਲਈ ਉਸ ਤੋਂ ਉਧਰ ਪੈਸੇ ਲਏ ਹੋਏ ਸਨ। ਸਿਰਫ ਉਧਾਰ ਮਾਰਨ ਦੀ ਨੀਅਤ ਨਾਲ ਮਾਨਵਤਾ ਨੂੰ ਦਾਗਦਾਰ ਕਰ ਦਿੱਤਾ ਗਿਆ। ਪਿੰਡ ਮਜਾਰੀ ਦਾ ਤੇਲੀ ਭਲਵਾਨ (ਨਾਮ ਯਾਦ ਨਹੀਂ ਰਿਹਾ) ਫਸਲਾਂ 'ਚੋਂ ਕੱਢ ਕੇ ਸਮੇਤ ਪਰਿਵਾਰ ਤਰਲੇ ਮਿੰਨਤਾਂ ਕਰਦਾ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਸਾਡੇ ਗੁਆਂਢੀ ਮੁਸਲਮਾਨੀ ਪਿੰਡ ਕਰਾਵਰ ਦੇ ਕਿਸੇ ਕੋਠੇ ਦੇ ਖੱਲ ਖੂੰਜੇ ਲੁਕ ਕੇ ਬੈਠੇ ਨਿਜਾਮੂ ਅਤੇ ਉਸ ਦੇ 9-10 ਸਾਲਾ ਲੜਕੇ ਨੂੰ ਉਸ ਸਮੇਂ ਮੇਰੇ ਪਿੰਡ ਕੋਲੋਂ ਲੰਘਦੀ ਖੱਡ ਵਿਚ ਲਿਆ ਕੇ ਕਤਲ ਕਰ ਦਿੱਤਾ ਗਿਆ। (ਕਾਤਲਾਂ ਦੇ ਨਾਮ ਮੈਂ ਜਾਣ-ਬੁੱਝ ਕੇ ਨਹੀਂ ਲਿਖ ਰਿਹਾ।)

ਕਤਲਾਂ ਅਤੇ ਮਾਰ ਧਾੜ ਦਾ ਇਹ ਸਿਲਸਿਲਾ 3-4 ਦਿਨਾਂ ਤੱਕ ਚਲਦਾ ਰਿਹਾ। ਇੰਨੀ ਕਤਲੋਗਾਰਤ ਹੋਣ ਦੇ ਬਾਵਜੂਦ ਪਿੰਡ ਸਾਹਦੜਾ, ਸਾਹਿਬਾ ਅਤੇ ਜੈਨਪੁਰ ਆਦਿ ਪਿੰਡਾਂ ਵਿਚ ਤੇਲੀ ਮੁਸਲਮਾਨਾਂ ਦੇ ਪਰਿਵਾਰ ਬਿਲਕੁਲ ਸੁਰੱਖਿਅਤ ਰਹੇ। ਇਹ ਰਹੱਸ ਅਜੇ ਤੱਕ ਬਣਿਆ ਹੋਇਆ ਹੈ। ਇਲਾਕੇ 'ਚ ਅਮਨ ਸਥਾਪਤ ਹੋਣ ਤੋਂ ਬਾਅਦ ਵੀ ਕਾਫੀ ਸਮਾਂ ਖੇਤਾਂ ਵਿਚੋਂ ਗਲੀਆਂ ਸੜੀਆਂ ਲਾਸ਼ਾਂ ਮਿਲਦੀਆਂ ਰਹੀਆਂ ਸਨ। ਇਸ ਫਸਾਦ ਵਿਚ ਮੇਰੇ ਪਿੰਡ ਗੁਲਪੁਰ ਦੇ ਦੋ ਵਿਅਕਤੀ ਮੇਹਰੂ ਪੁੱਤਰ ਅੰਮੀਆ (ਸੁਨੇਹੇ ਦੇਣ ਵਾਲਾ) ਅਤੇ ਅਮਰ ਸਿੰਘ ਪੁੱਤਰ ਲੱਖਾ ਸਿੰਘ ਵੀ ਮਾਰੇ ਗਏ ਸਨ। ਠਠਿਆਲਾ ਸਮੇਤ ਕੁਝ ਹੋਰ ਪਿੰਡਾਂ ਦੇ ਵੀ ਇੱਕਾ-ਦੁੱਕਾ ਲੋਕ ਮਾਰੇ ਗਏ ਸਨ। ਜਦੋਂ ਇਸ ਦੁਖਦਾਈ ਅਤੇ ਘਿਨਾਉਣੀ ਘਟਨਾ ਦਾ ਜ਼ਿਕਰ ਉਨ੍ਹਾਂ ਬਜ਼ੁਰਗਾਂ (ਜੋ ਹੁਣ ਨਹੀਂ ਰਹੇ) ਸਾਹਮਣੇ ਛਿੜਦਾ ਸੀ, ਜਿਹੜੇ ਇਸ ਵਿਚ ਸਿੱਧੇ ਜਾ ਅਸਿੱਧੇ ਤੌਰ 'ਤੇ ਸ਼ਾਮਲ ਹੋਏ ਸਨ ਤਾਂ ਉਨ੍ਹਾਂ ਦੇ ਚਿਹਰਿਆਂ ਉੱਤੇ ਪਸ਼ਚਾਤਾਪ ਦਾ ਪਰਛਾਵਾਂ ਅਤੇ ਪੀੜ ਦਾ ਅਹਿਸਾਸ ਸਪਸ਼ਟ ਦੇਖਿਆ ਜਾ ਸਕਦਾ ਸੀ।

ਹਲਚਲ

# ਆਮ ਆਦਮੀ ਪਾਰਟੀ ਪੰਜਾਬ ਦਾ ਸੰਕਟ



ਨਰਿੰਦਰ ਸਿੰਘ ਢਿੱਲੋਂ
ਫੋਨ: 587-436-4032

ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਦਾ ਸਮਾਂ ਜਿਉਂ ਜਿਉਂ ਨੇੜੇ ਆ ਰਿਹਾ ਹੈ, ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਸਿਆਸਤ ਵਿਚ ਦਿਲਚਸਪੀ ਰੱਖਣ ਵਾਲੇ ਲੋਕ ਵੱਖ ਵੱਖ ਪਾਰਟੀਆਂ ਵੱਲੋਂ ਲੋਕਾਂ ਦੇ ਹਿੱਤ ਵਿਚ ਕੀਤੇ ਜਾਂਦੇ ਵਾਅਦਿਆਂ ਅਤੇ ਦਾਅਵਿਆਂ ਦੀ ਪੁਣ-ਛਾਣ ਕਰ ਰਹੇ ਹਨ, ਪਰ ਬਹੁਗਿਣਤੀ ਲੋਕ ਇਨ੍ਹਾਂ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਵਿਖਾਈ ਦੇ ਰਹੇ ਹਨ। ਆ ਰਹੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਕੁਰਸੀ ਹਾਸਲ ਕਰਨ ਲਈ ਜਿੱਥੇ ਦੂਸਰੀਆਂ ਪਾਰਟੀਆਂ ਆਪਣੇ ਆਪਣੇ ਅੰਦਰੂਨੀ ਵਿਰੋਧ ਦਾ ਸਾਹਮਣਾ ਕਰ ਰਹੀਆਂ ਹਨ, ਉਥੇ ਆਮ ਆਦਮੀ ਪਾਰਟੀ ('ਆਪ') ਵੀ ਆਪਣੀਆਂ ਅੰਦਰੂਨੀ ਵਿਰੋਧਾਂ ਦਾ ਸਾਹਮਣਾ ਕਰਦਿਆਂ ਸੰਕਟ ਦਾ ਸ਼ਿਕਾਰ ਹੈ।

2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ 'ਆਪ' ਦੇ ਹੱਕ ਵਿਚ ਲੋਕਾਂ ਦਾ ਬਹੁਤ ਉਭਾਰ ਸੀ ਤੇ ਇਹ ਅੰਦਾਜ਼ੇ ਲਾਏ ਜਾ ਰਹੇ ਸਨ ਕਿ ਸ਼ਾਇਦ 'ਆਪ' ਦੀ ਹੀ ਸਰਕਾਰ ਬਣੇਗੀ, ਪਰ ਪਾਰਟੀ ਲੀਡਰਸ਼ਿਪ ਦੀ ਗਲਤੀ-ਦਰ-ਗਲਤੀ ਕਰਕੇ ਪਾਰਟੀ ਦਾ ਗ੍ਰਾਫ ਹੇਠਾਂ ਡਿੱਗਦਾ ਗਿਆ ਅਤੇ ਜੋ ਪਾਰਟੀ ਸੌ ਸੀਟਾਂ ਜਿੱਤਣ ਦਾ ਦਾਅਵਾ ਕਰਦੀ ਸੀ, ਉਹ ਵੀਹ ਸੀਟਾਂ 'ਤੇ ਹੀ ਸਿਮਟ ਗਈ। ਵੈਸੇ ਉਹ ਪਾਰਟੀ ਜਿਹੜੀ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੜਨ ਲਈ ਮੈਦਾਨ ਵਿਚ ਉੱਤਰੀ ਹੋਵੇ ਤੇ ਹੇਠਾਂ ਤੱਕ ਉਹਦਾ ਕੋਈ ਜਥੇਬੰਦਕ ਢਾਂਚਾ ਵੀ ਨਾ ਹੋਵੇ, ਉਸ ਵੱਲੋਂ ਵੀਹ ਸੀਟਾਂ ਜਿੱਤ ਲੈਣੀਆਂ ਵੀ ਇੱਕ ਪ੍ਰਾਪਤੀ ਹੀ ਸੀ, ਪਰ ਕਿਉਂਕਿ ਟੀਚਾ ਬਹੁਤ ਵੱਡਾ ਮਿਥ ਲਿਆ ਗਿਆ ਸੀ, ਜੋ ਪਾਰਟੀ ਦੀ ਸ਼ਕਤੀ ਤੋਂ ਬਹੁਤ ਉੱਚਾ ਸੀ, ਪੂਰਾ ਨਾ ਹੋਣ 'ਤੇ ਨਿਰਾਸ਼ਾ ਵੀ ਉਨੀ ਹੀ ਵੱਧ ਵੇਖੀ ਗਈ। ਉਸ ਚੋਣ ਵਿਚ ਪਰਵਾਸੀਆਂ ਨੇ ਖੁਦ ਪੰਜਾਬ ਜਾ ਕੇ ਅਤੇ ਪੈਸੇ ਨਾਲ ਵੀ ਬਹੁਤ ਮਦਦ ਕੀਤੀ ਤੇ 'ਆਪ' ਦੀ ਸਰਕਾਰ ਬਣਨ ਲਈ ਆਸਵੰਦ ਸਨ, ਪਰ ਜਦ ਮਨ ਭਾਉਂਦਾ ਸਿੱਟਾ ਨਾ ਨਿਕਲਿਆ ਤਾਂ ਉਨ੍ਹਾਂ ਵਿਚ ਵੀ ਬਹੁਤ ਨਿਰਾਸ਼ਾ ਵੇਖੀ ਗਈ।

ਚੋਣਾਂ ਤੋਂ ਪਹਿਲਾਂ ਪਾਰਟੀ ਲਈ ਦਿਨ ਰਾਤ ਕੰਮ ਕਰਨ ਵਾਲੇ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਕੁਝ ਦੋਸ਼ ਲਾ ਕੇ ਕਨਵੀਨਰ ਦੀ ਪੁਜੀਸ਼ਨ ਤੋਂ ਵੱਖ ਕਰ ਕੇ ਜਾਂਚ ਕਰਨ ਦੇ ਫੈਸਲੇ ਨਾਲ ਇੱਕ ਵਾਰ ਪਾਰਟੀ ਦਾ ਸਾਰਾ ਢਾਂਚਾ ਹਿੱਲ ਗਿਆ ਅਤੇ ਛੋਟੇਪੁਰ ਵੱਲੋਂ ਪਾਰਟੀ ਤੋਂ ਬਾਹਰ ਹੋਣ ਨਾਲ ਬਹੁਤ ਸਾਰੇ ਸਿਰਕੱਢ ਵਾਲੰਟੀਅਰ ਛੋਟੇਪੁਰ ਦੇ ਹੱਕ ਵਿਚ ਖਲੋ ਗਏ। ਉਸ ਸਮੇਂ ਛੋਟੇਪੁਰ 'ਤੇ ਜੋ ਦੋਸ਼ ਲਾਏ ਗਏ ਸਨ, ਉਹ ਨਾ ਉਦੋਂ ਜਨਤਕ ਕੀਤੇ ਗਏ ਤੇ ਨਾ ਅੱਜ ਤੱਕ ਹੀ ਜਨਤਕ ਕੀਤੇ ਗਏ ਹਨ। ਇਸ ਤੋਂ ਲੋਕਾਂ ਵਿਚ ਇਹ ਪ੍ਰਭਾਵ ਗਿਆ ਕਿ ਪਾਰਟੀ ਨੇ ਛੋਟੇਪੁਰ 'ਤੇ ਝੂਠੇ ਦੋਸ਼ ਲਾ ਕੇ ਉਸ ਨੂੰ ਪਾਸੇ ਕਰਨ ਦਾ ਬਹਾਨਾ ਹੀ ਬਣਾਇਆ ਹੈ। ਪਾਰਟੀ ਵਿਚ ਸ਼ਾਮਲ ਹੋਏ ਕਈ ਪ੍ਰਮੁੱਖ ਵਿਅਕਤੀ, ਜਿਨ੍ਹਾਂ ਨੂੰ ਪਾਰਟੀ ਵਿਚ ਸ਼ਾਮਿਲ ਹੀ ਟਿਕਟ ਦੇਣ ਦਾ ਵਾਅਦਾ ਕਰਕੇ ਕੀਤਾ ਸੀ, ਨੂੰ ਨਜ਼ਰਅੰਦਾਜ਼ ਕਰਕੇ ਗੈਰ ਮਹੱਤਵ ਵਾਲੇ ਵਿਅਕਤੀਆਂ ਨੂੰ ਟਿਕਟਾਂ ਦੇਣ ਨਾਲ ਪਾਰਟੀ ਵਿਚ ਦਿੱਲੀ ਤੋਂ ਆਏ ਆਗੂਆਂ 'ਤੇ ਪੈਸੇ ਲੈ ਕੇ ਟਿਕਟਾਂ ਵੇਚਣ ਦੇ ਦੋਸ਼ਾਂ ਦੀ ਚਰਚਾ ਹੋਣ ਲੱਗ ਪਈ।

ਇਸ ਸਾਰੇ ਘਟਨਾਕ੍ਰਮ ਦੌਰਾਨ ਇਹ ਵੀ ਚਰਚਾ ਸੁਣੀ ਗਈ ਕਿ ਵੋਟਾਂ ਤੋਂ ਬਾਅਦ ਸਰਕਾਰ 'ਆਪ' ਦੀ ਬਣਨੀ ਹੈ ਤੇ ਕਿਤੇ ਸੁੱਚਾ ਸਿੰਘ ਛੋਟੇਪੁਰ ਮੁੱਖ ਮੰਤਰੀ ਦਾ ਦਾਅਵੇਦਾਰ ਨਾ ਬਣ ਜਾਵੇ, ਇਸ ਲਈ ਭਗਵੰਤ ਮਾਨ ਅਤੇ ਦਿੱਲੀ ਦੀ ਲੀਡਰਸ਼ਿਪ ਦੀ ਮਿਲੀਭੁਗਤ ਨਾਲ ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਲਾਂਭੇ ਕਰਕੇ ਭਗਵੰਤ ਮਾਨ ਦਾ ਮੁੱਖ ਮੰਤਰੀ ਬਣਨ ਦਾ ਰਾਹ ਪੱਧਰਾ ਕੀਤਾ ਹੈ। ਆਮ ਆਦਮੀ ਪਾਰਟੀ ਵਿਚ ਇਹ ਵੀ ਚਰਚਾ ਸੀ ਕਿ ਭਗਵੰਤ ਮਾਨ ਚਾਹੁੰਦਾ ਸੀ ਕਿ ਕੋਈ ਉਸ ਤੋਂ ਵੱਡੇ ਸਿਆਸੀ ਕੱਦ ਵਾਲਾ ਨੇਤਾ ਪਾਰਟੀ ਵਿਚ ਨਾ ਆਵੇ, ਇਸ ਕਰਕੇ ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ ਅਤੇ ਪਰਗਟ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਨਾ ਕੀਤਾ ਗਿਆ। ਚੋਣਾਂ ਪਿਛੋਂ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਨੂੰ ਆਪਹੁਦਰੇ ਢੰਗ ਨਾਲ ਕਨਵੀਨਰ ਦੀ ਪੁਜੀਸ਼ਨ ਤੋਂ ਲਾਂਭੇ ਵੀ ਭਗਵੰਤ ਮਾਨ ਦੇ ਕਹਿਣ 'ਤੇ ਕੀਤਾ ਗਿਆ ਤਾਂ ਜੋ ਉਹ (ਮਾਨ) ਸੂਬਾਈ ਪ੍ਰਧਾਨ ਬਣ ਸਕੇ।

ਚੋਣਾਂ ਤੋਂ ਬਾਅਦ ਪਾਰਟੀ ਵੀਹ ਵਿਧਾਇਕਾਂ ਨੂੰ ਵੀ ਸਾਂਭ ਨਾ ਸਕੀ ਅਤੇ ਹੁਣ ਤਕ ਪਾਰਟੀ ਵਿਚ ਘਮਸਾਣ ਮੱਚਿਆ ਰਿਹਾ ਹੈ। ਸ੍ਰੀ ਹਰਵਿੰਦਰ ਸਿੰਘ ਫੂਲਕਾ ਦੇ ਅਸਤੀਫੇ ਤੋਂ ਬਾਅਦ ਸੁਖਪਾਲ ਸਿੰਘ ਖਹਿਰਾ ਨੂੰ ਵਿਧਾਇਕ ਦਲ ਦਾ ਨੇਤਾ ਬਣਾਇਆ ਗਿਆ, ਜਿਸ ਨੇ ਕੰਮ ਕਰਨ ਦੇ ਕੁਝ ਕੁ ਆਪਹੁਦਰੇ ਢੰਗ ਹੋਣ ਦੇ ਬਾਵਜੂਦ ਵਿਧਾਨ ਸਭਾ ਵਿਚ ਬਤੌਰ ਵਿਰੋਧੀ ਧਿਰ ਦੇ ਲੀਡਰ, ਵਧੀਆ ਕੰਮ ਕੀਤਾ। ਉਸ ਨੂੰ ਵੀ ਬਿਨਾ ਕਿਸੇ ਗੱਲਬਾਤ ਤੋਂ ਦਿੱਲੀ ਦੀ ਲੀਡਰਸ਼ਿਪ ਨੇ ਅਚਾਨਕ ਹੀ ਚੁੱਪ-ਚੁਪੀਤੇ ਇੱਕੋ ਝਟਕੇ ਨਾਲ ਅਹੁਦੇ ਤੋਂ ਲਾਹ ਦਿੱਤਾ। ਪਾਰਟੀ ਵਿਚ ਗੁੱਟਬੰਦੀ ਵੀ ਉਦੋਂ ਸਾਹਮਣੇ ਆਈ, ਜਦ ਅਮਨ ਅਰੋੜਾ ਨੂੰ ਕੁਝ ਸਮਾਂ ਬਿਨਾ ਵਜ੍ਹਾ ਕਿਸੇ ਨਾ ਕਿਸੇ ਮੁੱਦੇ ਉੱਤੇ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਅਤੇ ਅਮਨ ਅਰੋੜਾ ਕੁਝ ਸਮਾਂ ਨੁੱਕਰੇ ਲੱਗੇ ਰਹੇ ਤੇ ਚੁੱਪ ਰਹੇ। ਹੁਣ ਇਸ ਵਕਤ ਪਾਰਟੀ ਦੀ ਪੁਜ਼ੀਸ਼ਨ ਇਹ ਹੈ ਕਿ ਹਰਵਿੰਦਰ ਸਿੰਘ ਫੂਲਕਾ ਅਸਤੀਫਾ ਦੇ ਚੁਕੇ ਹਨ, ਚਾਰ ਵਿਧਾਇਕ ਕਾਂਗਰਸ ਵਿਚ ਸ਼ਾਮਲ ਹੋ ਗਏ, ਦੋ ਦੂਜੀਆਂ ਪਾਰਟੀਆਂ ਵਿਚ ਜਾ ਕੇ ਫਿਰ ਮੁੜ ਆਏ, ਕੰਵਰ ਸੰਧੂ ਸਸਪੈਂਡ ਹੈ ਤੇ ਲੰਮੇ ਸਮੇਂ ਤੋਂ ਚੁੱਪ ਹੈ। ਅਗਾਂਹ 2022 ਦੀਆਂ ਚੋਣਾਂ ਤਕ ਪਤਾ ਨਹੀਂ ਕੀ ਕੀ ਵਾਪਰੇਗਾ!

ਇਹ ਪਿਛੋਕੜ ਦੱਸਣ ਤੋਂ ਮੇਰਾ ਭਾਵ ਇਹ ਹੈ ਕਿ ਬੀਤਿਆ ਸਮਾਂ ਪਛਤਾਉਣ ਲਈ ਨਹੀਂ, ਚਿੰਤਨ ਦੀ ਮੰਗ ਕਰਦਾ ਹੈ, ਪਰ ਆਮ ਆਦਮੀ ਪਾਰਟੀ ਨੇ ਆਪਣੀਆਂ ਗਲਤੀਆਂ 'ਤੇ ਕੋਈ ਚਿੰਤਨ ਨਹੀਂ ਕੀਤਾ ਜਾਪਦਾ ਅਤੇ ਇਸੇ ਕਰਕੇ ਹੁਣ ਜਦੋਂ ਚੋਣਾਂ ਆ ਰਹੀਆਂ ਹਨ ਤਾਂ ਇਹ ਪਾਰਟੀ ਆਪਣੇ ਅੰਦਰੂਨੀ ਸੰਕਟ ਦੀ ਬੁਰੀ ਤਰ੍ਹਾਂ ਸ਼ਿਕਾਰ ਹੈ।

ਮੀਡੀਆ ਤੋਂ ਪ੍ਰਾਪਤ ਰਿਪੋਰਟਾਂ ਮੁਤਾਬਕ ਪਾਰਟੀ ਵਿਚ ਹੁਣ ਆ ਰਹੀਆਂ ਚੋਣਾਂ ਸਮੇਂ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਫਿਰ ਵਿਵਾਦ ਸਿਖਰਾਂ 'ਤੇ ਹੈ। ਸ੍ਰੀ ਅਰਵਿੰਦ ਕੇਜਰੀਵਾਲ ਨੇ ਇਹ ਐਲਾਨ ਕੀਤਾ ਸੀ ਕਿ ਪੰਜਾਬ ਵਿਚ ਮੁੱਖ ਮੰਤਰੀ ਦਾ ਚਿਹਰਾ ਪੰਜਾਬ ਤੋਂ ਸਿੱਖ ਚਿਹਰਾ ਹੀ ਹੋਵੇਗਾ। ਮੀਡੀਆ ਵਿਚ ਚਰਚਾ ਹੈ ਕਿ ਅਰਵਿੰਦ ਕੇਜਰੀਵਾਲ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਨਹੀਂ ਚਾਹੁੰਦਾ, ਜਿਸ ਕਰਕੇ ਭਗਵੰਤ ਮਾਨ ਕੇਜਰੀਵਾਲ ਨਾਲ ਨਾਰਾਜ਼ ਹੈ, ਚੁੱਪ ਅਤੇ ਗੈਰ-ਸਰਗਰਮ ਹੈ। ਇਸ ਮੁੱਦੇ 'ਤੇ 'ਆਪ' ਦੇ ਵਿਧਾਇਕ ਵੀ ਪਿੱਛੇ ਹਟ ਗਏ ਹਨ ਅਤੇ ਉਹ ਦਿੱਲੀ ਦੀ ਲੀਡਰਸ਼ਿਪ ਵੱਲ ਵੇਖ ਰਹੇ ਹਨ। ਪਾਰਟੀ ਅੰਦਰ ਹੋ ਰਹੀ ਨਵੀਂ ਸਫਬੰਦੀ ਵਿਚ ਭਗਵੰਤ ਮਾਨ ਹਾਲ ਦੀ ਘੜੀ ਨਿੱਖੜਿਆ ਹੋਇਆ ਜਾਪਦਾ ਹੈ ਅਤੇ ਕੋਈ ਵੀ ਵਿਧਾਇਕ ਉਸ ਦੀ ਹਮਾਇਤ ਵਿਚ ਨਹੀਂ ਬੋਲ ਰਿਹਾ। ਬਿਨਾ ਸ਼ੱਕ ਭਗਵੰਤ ਮਾਨ ਦੂਜੀ ਵਾਰ ਐੱਮ. ਪੀ. ਬਣਿਆ ਹੈ, ਇਹ ਵੀ ਸੱਚ ਹੈ ਕਿ ਹਲਕੇ ਵਿਚ ਕੰਮ ਕਰਦਿਆਂ ਉਸ ਨੇ ਪਾਰਦਰਸ਼ਤਾ ਰੱਖੀ ਹੈ ਅਤੇ ਸਿਆਸੀ ਵਿਤਕਰੇ ਦੀਆਂ ਖਬਰਾਂ ਨਹੀਂ ਮਿਲੀਆਂ। ਇਹ ਵੀ ਸੱਚ ਹੈ ਕਿ ਉਸ ਦੀ ਪਾਰਲੀਮੈਂਟ ਵਿਚ ਭੂਮਿਕਾ ਵਧੀਆ ਰਹੀ ਹੈ; ਇਹ ਵੀ ਸੱਚ ਹੈ ਕਿ ਉਹ ਵਿਰੋਧੀ ਪਾਰਟੀਆਂ ਉੱਤੇ ਖੂਬ ਵਿਅੰਗ ਕਰ ਸਕਦਾ ਹੈ, ਚੰਗਾ ਬੁਲਾਰਾ ਹੈ ਅਤੇ ਮੁਹਿੰਮਬਾਜ਼ ਵੀ ਹੈ। ਉਹ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਸਮੇਤ ਸਾਰੇ ਭਾਜਪਾ ਲੀਡਰਾਂ ਦੇ ਸਾਹਮਣੇ ਖਲੋ ਕੇ ਅਤੇ ਅੱਖਾਂ ਵਿਚ ਅੱਖਾਂ ਪਾ ਕੇ ਲੋਕ ਸਭਾ ਵਿਚ ਭਾਜਪਾ ਦੀਆਂ ਨੀਤੀਆਂ 'ਤੇ ਤਿੱਖੇ ਸਿਆਸੀ ਹਮਲੇ ਕਰਦਾ ਰਿਹਾ ਹੈ ਤੇ ਕਦੇ ਡਰਿਆ ਨਹੀਂ। ਉਹ ਭੀੜ ਇਕੱਠੀ ਕਰ ਸਕਦਾ ਹੈ ਤੇ ਆਪਣੀ ਗੱਲ ਸੁਣਾਉਣ ਲਈ ਭੀੜ ਨੂੰ ਰੋਕ ਸਕਦਾ ਹੈ। ਪ੍ਰਚਾਰ ਦੇ ਪੱਖ ਤੋਂ ਉਹ ਕੈਪਟਨ, ਨਵਜੋਤ ਸਿੱਧੂ ਅਤੇ ਸੁਖਬੀਰ ਬਾਦਲ ਦੇ ਬਰਾਬਰ ਹੈ। ਹੇਠਲੇ ਸਭ ਵਰਕਰ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਚਿਹਰੇ ਦੇ ਤੌਰ 'ਤੇ ਪਸੰਦ ਕਰਦੇ ਹਨ, ਪਰ ਇਹ ਵੀ ਸੱਚ ਹੈ ਕਿ ਪੰਜਾਬ ਦਾ ਪ੍ਰਧਾਨ ਹੁੰਦਿਆਂ ਸੰਗਰੂਰ ਤੋਂ ਬਾਹਰ ਉਹ ਆਪਣੇ ਆਪ ਨੂੰ ਪ੍ਰਧਾਨ ਸਥਾਪਤ ਨਹੀਂ ਕਰ ਸਕਿਆ ਅਤੇ ਨਾ ਹੀ ਉਸ ਨੇ ਦੂਸਰੇ ਹਲਕਿਆਂ ਵਿਚ ਕੋਈ ਗਿਣਨਯੋਗ ਕੰਮ ਕੀਤਾ ਹੈ। ਸੂਬਾਈ ਪ੍ਰਧਾਨ ਨੇ ਸਿਰਫ ਆਪਣੇ ਹਲਕੇ ਵਿਚ ਹੀ ਕੰਮ ਨਹੀਂ ਕਰਨਾ ਹੁੰਦਾ, ਸਗੋਂ ਉਸ ਨੇ ਸਮੁੱਚੇ ਰਾਜ ਵਿਚ ਜਥੇਬੰਦਕ ਢਾਂਚਾ ਉਸਾਰਨਾ ਹੁੰਦਾ ਹੈ ਤੇ ਲੋਕਾਂ ਨੂੰ ਪਾਰਟੀ ਨਾਲ ਜੋੜਨਾ ਹੁੰਦਾ ਹੈ, ਜੋ ਭਗਵੰਤ ਮਾਨ ਨੇ ਉੱਕਾ ਹੀ ਨਹੀਂ ਕੀਤਾ ਅਤੇ ਲੋਕਾਂ ਨੂੰ ਉਨ੍ਹਾਂ ਦੇ ਹਾਲ ਦੇ ਉੱਤੇ ਹੀ ਛੱਡ ਦਿੱਤਾ। ਫਿਰ ਵੀ ਕੰਮ ਵਿਚ ਕੁਝ ਘਾਟਾਂ ਅਤੇ ਨਿੱਜੀ ਕਮਜ਼ੋਰੀਆਂ ਦੇ ਬਾਵਜੂਦ ਭਗਵੰਤ ਮਾਨ ਦੀ ਪਾਰਟੀ ਵਿਚ ਅਹਿਮ ਥਾਂ ਹੈ, ਪੰਜਾਬ ਦੇ ਹਰ ਘਰ ਅਤੇ ਹਰ ਗਲੀ ਵਿਚ ਉਸ ਨੂੰ ਜਾਣਿਆ ਜਾਂਦਾ ਹੈ, ਜਿਸ ਕਰ ਕੇ ਉਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪਾਰਟੀ ਵਿਚ ਜੇ ਇਹ ਸੰਕਟ ਹੱਲ ਨਾ ਕੀਤਾ





**ਪਾਰਟੀ ਨੂੰ ਇਕ ਹੋਰ ਸੰਕਟ ਦਰਪੇਸ਼ ਹੈ ਕਿ ਇਸ ਦੇ ਬਹੁਤੇ ਵਿਧਾਇਕਾਂ ਅਤੇ ਹੋਰ ਨੇਤਾਵਾਂ ਦੀ ਪੰਜਾਬ ਅਤੇ ਦੇਸ਼ ਦੇ ਮੁੱਦਿਆਂ 'ਤੇ ਪਕੜ ਨਹੀਂ ਹੈ ਅਤੇ ਕਈ ਵਿਧਾਇਕ ਐਸੇ ਵੀ ਹਨ, ਜਿਨ੍ਹਾਂ ਨੇ ਆਪਣੇ ਹਲਕੇ ਵਿਚ ਬਹੁਤੀ ਸਰਗਰਮੀ ਨਹੀਂ ਰੱਖੀ, ਜਿਸ ਕਰਕੇ ਹਲਕੇ ਵਿਚ ਉਨ੍ਹਾਂ ਦਾ ਠੋਸ ਆਧਾਰ ਨਹੀਂ ਹੈ, ਜੋ ਆ ਰਹੀਆਂ ਚੋਣਾਂ ਵਿਚ ਧਿਰ ਬਣ ਕੇ ਉਨ੍ਹਾਂ ਦੇ ਨਾਲ ਖੜ੍ਹਾ ਰਹੇ।**

ਗਿਆ ਤਾਂ 'ਆਪ' ਦੀ ਪ੍ਰਗਤੀ ਜ਼ੀਰੋ ਵੱਲ ਨੂੰ ਹੀ ਜਾਵੇਗੀ, ਉੱਪਰ ਨੂੰ ਨਹੀਂ। ਪਿੱਛੇ ਜ਼ਿਕਰ ਕੀਤੇ ਗਏ ਭਗਵੰਤ ਮਾਨ ਅਤੇ ਦਿੱਲੀ ਦੀ ਕੇਂਦਰੀ ਲੀਡਰਸ਼ਿਪ 'ਤੇ ਲੱਗਦੇ ਦੋਸ਼ ਜੇ ਸਹੀ ਹਨ, ਜਿਨ੍ਹਾਂ ਲਈ ਦਿੱਲੀ ਦੀ ਕੇਂਦਰੀ ਲੀਡਰਸ਼ਿਪ ਹੀ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ, ਤਾਂ ਪਾਰਟੀ ਨੂੰ ਆਪਣੀ ਕਾਰਜਸ਼ੈਲੀ 'ਤੇ ਮੁੜ ਵਿਚਾਰ ਕਰਕੇ ਸੋਧ ਕਰਨੀ ਚਾਹੀਦੀ ਹੈ; ਨਹੀਂ ਤਾਂ ਅੱਜ ਦੇ ਹਾਲਾਤ ਮੁਤਾਬਕ ਪਾਰਟੀ ਵੀਹ ਸੀਟਾਂ ਵੀ ਨਹੀਂ ਜਿੱਤ ਸਕੇਗੀ ਅਤੇ ਮੌਜੂਦਾ ਵਿਧਾਇਕਾਂ ਵਿਚੋਂ ਵੀ ਕਈ ਵਿਧਾਇਕ ਜਿੱਤ ਤੱਕ ਨਹੀਂ ਪਹੁੰਚ ਸਕਣਗੇ। ਇਸ ਤਰ੍ਹਾਂ ਸਰਕਾਰ ਬਣਾਉਣ ਲਈ 'ਆਪ' ਲਈ ਅਜੇ ਦਿੱਲੀ ਦੂਰ ਹੈ।

ਇਹ ਵੀ ਗੱਲ ਵਿਚਾਰਨਯੋਗ ਹੈ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਵਧੀਆ ਕਾਰਗੁਜ਼ਾਰੀ ਦਿਖਾਈ ਹੈ ਤੇ ਇਸੇ ਕਰਕੇ ਉਹ ਮੁੜ ਤੀਜੀ ਵਾਰ ਜ਼ਬਰਦਸਤ ਜਿੱਤ ਪ੍ਰਾਪਤ ਕਰ ਕੇ ਮੁੱਖ ਮੰਤਰੀ ਬਣਿਆ ਹੈ, ਪਰ ਪੰਜਾਬ ਵਿਚ ਪਾਰਟੀ ਨੂੰ ਚਲਾਉਣ ਲਈ ਉਹਦੇ ਤਾਨਾਸ਼ਾਹੀ ਰਵੱਈਏ ਨੇ ਪਹਿਲਾਂ ਵੀ ਨੁਕਸਾਨ ਕੀਤਾ ਸੀ ਤੇ ਜੇ ਇਹ ਰਵੱਈਆ ਜਾਰੀ ਰਿਹਾ ਤਾਂ ਅਗਾਂਹ ਵੀ ਨੁਕਸਾਨ ਹੋ ਸਕਦਾ ਹੈ। ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਿਚੋਂ ਭਗਵੰਤ ਮਾਨ ਨੂੰ ਮਨਫੀ ਕਰਨਾ ਬਹੁਤ ਨੁਕਸਾਨਦੇਹ ਸਾਬਤ ਹੋਵੇਗਾ। ਮੇਰੇ ਕਹਿਣ ਦਾ ਭਾਵ ਇਹ ਬਿਲਕੁਲ ਨਹੀਂ ਕਿ ਭਗਵੰਤ ਮਾਨ ਨੂੰ ਹੀ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇ ਜਾਂ ਨਾ ਐਲਾਨਿਆ ਜਾਵੇ, ਮੇਰਾ ਭਾਵ ਇਹ ਹੈ ਕਿ ਇਸ ਮੁੱਦੇ 'ਤੇ ਉਸ ਨੂੰ ਵਿਸ਼ਵਾਸ ਵਿਚ ਰੱਖਿਆ ਜਾਵੇ ਅਤੇ ਉਸ ਨੂੰ ਗੁੱਠੇ ਲਾਉਣ ਦੀ ਨੀਤੀ ਬੰਦ ਕੀਤੀ ਜਾਵੇ। ਪੰਜਾਬ ਲਈ ਅਰਵਿੰਦ ਕੇਜਰੀਵਾਲ ਦੀ ਪਾਰਟੀ ਉਸਾਰੀ ਲਈ ਨੀਤੀ ਉਸਾਰੂ ਨਹੀਂ ਹੈ। ਇਸੇ ਕਰਕੇ ਜਦ ਕਿਸੇ ਮੁੱਦੇ 'ਤੇ ਪ੍ਰਸ਼ਾਂਤ ਭੂਸ਼ਣ ਅਤੇ ਯੋਗਿੰਦਰ ਯਾਦਵ ਨਾਲ ਵਿਵਾਦ ਸ਼ੁਰੂ ਹੋਇਆ ਸੀ, ਜਿਸ 'ਚ ਡਾ. ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ-ਦੋਵੇਂ ਮੈਂਬਰ ਪਾਰਲੀਮੈਂਟ ਪ੍ਰਸ਼ਾਂਤ ਭੂਸ਼ਣ ਤੇ ਯੋਗੇਂਦਰ ਯਾਦਵ ਨਾਲ ਸਹਿਮਤ ਸਨ ਤਾਂ ਉਨ੍ਹਾਂ ਨਾਲ ਮੁੱਦਾ ਵਿਚਾਰਨ ਦੀ ਥਾਂ ਉਨ੍ਹਾਂ ਨੂੰ ਇਕਦਮ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ, ਜਦ ਕਿ ਡਾ. ਗਾਂਧੀ ਉਸ ਸਮੇਂ ਪਾਰਲੀਮੈਂਟ ਵਿਚ 'ਆਪ' ਦੇ ਲੀਡਰ ਸਨ। ਡਾ. ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਨੂੰ ਵੀ ਸਿੱਧਾ ਮੀਡੀਏ ਵਿਚ ਜਾ ਕੇ ਪਾਰਟੀ ਵਿਰੋਧੀ ਸਟੈਂਡ ਨਹੀਂ ਸੀ ਲੈਣਾ ਚਾਹੀਦਾ ਅਤੇ ਅਨੁਸ਼ਾਸਨ ਭੰਗ ਨਹੀਂ ਸੀ ਕਰਨਾ ਚਾਹੀਦਾ। ਪਾਰਟੀ ਅਨੁਸ਼ਾਸਨ ਭੰਗ ਹੋਣ ਦੀ ਸੂਰਤ ਵਿਚ ਸੰਕਟ ਨੂੰ ਹੱਲ ਕਰਨ ਲਈ ਸਬੰਧਤ ਵਿਅਕਤੀਆਂ ਨਾਲ ਸੰਵਾਦ ਰਚਾਇਆ ਜਾਣਾ ਚਾਹੀਦਾ ਹੈ, ਪਰ ਤਜਰਬੇ ਵਿਚ ਵੇਖਣ ਵਿਚ ਆਇਆ ਹੈ ਕਿ ਅਰਵਿੰਦ ਕੇਜਰੀਵਾਲ ਸੰਵਾਦ ਰਚਾਉਣ ਦੀ ਨੀਤੀ ਤੋਂ ਕੋਹਾਂ ਦੂਰ ਹੈ। ਇਸੇ ਤਰ੍ਹਾਂ ਜਦ ਦਿੱਲੀ ਵਿਚੋਂ ਰਾਜ ਸਭਾ ਲਈ ਤਿੰਨ ਮੈਂਬਰਾਂ ਦੀ ਚੋਣ ਕਰਨੀ ਸੀ ਤਾਂ ਸੰਜੇ ਸਿੰਘ ਤੋਂ ਇਲਾਵਾ ਪਾਰਟੀ ਲਈ ਦਿਨ ਰਾਤ ਕੰਮ ਕਰਨ ਵਾਲੇ ਲੀਡਰਾਂ ਨੂੰ ਛੱਡ ਕੇ ਦੋ ਉਹ ਮੈਂਬਰ ਚੁਣੇ ਗਏ, ਜਿਨ੍ਹਾਂ ਦਾ ਪਾਰਟੀ ਲਈ ਕੋਈ ਯੋਗਦਾਨ ਨਹੀਂ ਸੀ ਤੇ ਅੱਜ ਤੱਕ ਵੀ ਉਨ੍ਹਾਂ ਦੀ ਪਾਰਟੀ ਲਈ ਕੋਈ ਠੋਸ ਭੂਮਿਕਾ ਸਾਹਮਣੇ ਨਹੀਂ ਆਈ। ਪਾਰਟੀ ਲਈ ਦਿਨ ਰਾਤ ਕੰਮ ਕਰਨ ਵਾਲੇ ਲੀਡਰ ਹੱਕੇ-ਬੱਕੇ ਰਹਿ ਗਏ ਅਤੇ ਕੇਜਰੀਵਾਲ ਦੀ ਇਸ ਨੀਤੀ ਕਰਕੇ ਆਸ਼ੂਤੋਸ਼, ਅਸ਼ੀਸ਼ ਖੇਤਾਨ, ਕੁਮਾਰ ਵਿਸ਼ਵਾਸ ਅਤੇ ਵਕੀਲ ਮਿਸਟਰ ਮਹਿਰਾ ਆਦਿ ਨੇਤਾ ਇਕ ਇਕ ਕਰਕੇ ਪਾਰਟੀ ਛੱਡਦੇ ਗਏ। ਇੰਜ ਜਾਪਦਾ ਹੈ ਕਿ ਜਿਵੇਂ ਕੇਜਰੀਵਾਲ ਪੰਜਾਬ ਦਾ ਕੋਈ ਚਿਹਰਾ ਆਪਣੇ ਬਰਾਬਰ ਬਣਨ ਨਹੀਂ ਦੇਣਾ ਚਾਹੁੰਦੇ। ਕਨਸੋਆਂ ਤੋਂ ਜਾਪਦਾ ਹੈ ਕਿ ਭਗਵੰਤ ਮਾਨ ਨਾਲ ਵੀ ਸੁੱਚਾ ਸਿੰਘ ਛੋਟੇਪੁਰ ਵਾਲੀ ਹੋ ਸਕਦੀ ਹੈ।

ਪਿਛਲੇ ਸਾਢੇ ਚਾਰ ਸਾਲ ਪਾਰਟੀ ਕੋਲ ਹੇਠਲੇ ਪੱਧਰ 'ਤੇ ਜਥੇਬੰਦਕ ਢਾਂਚਾ ਉਸਾਰਨ ਲਈ ਵਧੀਆ ਮੌਕਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਨਾ ਕਰਕੇ ਲੋਕਾਂ ਨਾਲ ਧੋਖਾ ਕੀਤਾ ਹੈ। ਉਹ ਸ਼ਾਇਦ ਹੀ ਚਾਰ ਪੰਜ ਵਾਰ ਪੰਜਾਬ ਦੇ ਦੌਰੇ 'ਤੇ ਨਿਕਲੇ ਹੋਣ, ਨਹੀਂ ਤਾਂ ਸ਼ਾਹੀ ਆਰਾਮ ਕਰਦੇ ਰਹੇ ਹਨ। ਅਕਾਲੀ ਪਾਰਟੀ ਨੂੰ ਵੀ ਹੁਣ ਤੱਕ ਲੋਕਾਂ ਮੂੰਹ ਨਹੀਂ ਲਾਇਆ, ਪਰ ਅਗਾਂਹ ਉਹ ਆਪਣਾ ਮੂੰਹ ਮੱਥਾ ਸੰਵਾਰਨ ਲਈ ਅਮਰਿੰਦਰ ਸਿੰਘ ਦੀ ਲੋਕਾਂ ਨਾਲ ਕੀਤੀ ਵਾਅਦਾ-ਖਿਲਾਫੀ ਦਾ ਲਾਭ ਲੈਣ ਦੇ ਯਤਨ ਵਿਚ ਹਨ। ਕੈਪਟਨ ਸਰਕਾਰ ਸਰਕਾਰੀ ਵਿਭਾਗਾਂ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ। ਕੇਂਦਰ ਸਰਕਾਰ ਸਰਕਾਰੀ ਅਦਾਰੇ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀ ਹੈ, ਜਿਸ ਵਿਰੁੱਧ ਪੰਜਾਬ ਵਿਚ ਨਾ ਹੀ ਕਾਂਗਰਸ ਅਤੇ ਨਾ ਹੀ ਅਕਾਲੀ ਬੋਲ ਰਹੇ ਹਨ। ਦੇਸ਼ ਵਿਚ ਭਾਜਪਾ ਵੱਲੋਂ ਪੈਦਾ ਕੀਤੇ ਜਾ ਰਹੇ ਫਿਰਕੂ ਤਣਾਅ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਪੈਦਾ ਕੀਤੇ ਖਤਰੇ ਵਿਰੁੱਧ 'ਆਪ' ਨੂੰ ਦੇਸ਼ ਵਿਚ ਫਿਰਕੂ ਸਦਭਾਵਨਾ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹੱਕ ਵਿਚ ਖਲੋਣਾ ਚਾਹੀਦਾ ਹੈ। ਖੇਤੀਬਾੜੀ ਸਬੰਧੀ ਤਿੰਨ ਕਾਲੇ ਕਾਨੂੰਨ, ਮਹਿੰਗਾਈ, ਬੇਰੁਜ਼ਗਾਰੀ ਅਤੇ ਰਿਸ਼ਵਤਖੋਰੀ ਬੜੇ ਵੱਡੇ ਕੌਮੀ ਮੁੱਦੇ ਹਨ। 'ਆਪ' ਨੂੰ ਦੇਸ਼ ਅਤੇ ਪੰਜਾਬ ਨੂੰ ਦਰਪੇਸ਼ ਮੁੱਦੇ ਉਭਾਰ ਕੇ ਸਥਿਤੀ ਦਾ ਲਾਭ ਲੈਣਾ ਚਾਹੀਦਾ ਸੀ, ਜੋ ਨਹੀਂ ਲਿਆ ਗਿਆ।

ਪਾਰਟੀ ਨੂੰ ਇਕ ਹੋਰ ਸੰਕਟ ਦਰਪੇਸ਼ ਹੈ ਕਿ ਇਸ ਦੇ ਬਹੁਤੇ ਵਿਧਾਇਕਾਂ ਅਤੇ ਹੋਰ ਨੇਤਾਵਾਂ ਦੀ ਪੰਜਾਬ ਅਤੇ ਦੇਸ਼ ਦੇ ਮੁੱਦਿਆਂ 'ਤੇ ਪਕੜ ਨਹੀਂ ਹੈ ਅਤੇ ਕਈ ਵਿਧਾਇਕ ਐਸੇ ਵੀ ਹਨ, ਜਿਨ੍ਹਾਂ ਨੇ ਆਪਣੇ ਹਲਕੇ ਵਿਚ ਬਹੁਤੀ ਸਰਗਰਮੀ ਨਹੀਂ ਰੱਖੀ, ਜਿਸ ਕਰਕੇ ਹਲਕੇ ਵਿਚ ਉਨ੍ਹਾਂ ਦਾ ਠੋਸ ਆਧਾਰ ਨਹੀਂ ਹੈ, ਜੋ ਆ ਰਹੀਆਂ ਚੋਣਾਂ ਵਿਚ ਧਿਰ ਬਣ ਕੇ ਉਨ੍ਹਾਂ ਦੇ ਨਾਲ ਖੜ੍ਹਾ ਰਹੇ। ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਨਾਲ ਕੀਤੇ ਧ੍ਰੋਹ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਕੇ ਹੀ 'ਆਪ' ਨੂੰ ਮਜ਼ਬੂਤ ਕੀਤੀ ਜਾ ਸਕਦੀ ਸੀ, ਜਿਸ ਨਾਲ ਨਵੇਂ ਪਾਰਟੀ ਵਰਕਰ ਵੀ ਸਾਹਮਣੇ ਆਉਣੇ ਸਨ, ਪਰ ਉਸ ਸਮੇਂ ਨੂੰ ਵਰਤਿਆ ਨਹੀਂ ਗਿਆ। ਹੁਣ ਚੋਣਾਂ ਨੇੜੇ ਹੋਣ ਕਰਕੇ ਜੋ ਮਰਜ਼ੀ ਦਾਅਵੇ ਅਤੇ ਵਾਅਦੇ ਕਰੀ ਜਾਓ, ਉਹ ਪ੍ਰਭਾਵ ਨਹੀਂ ਬਣਦਾ, ਜੋ ਪਿਛਲੇ ਸਾਢੇ ਚਾਰ ਸਾਲਾਂ ਵਿਚ ਬਣਨਾ ਸੀ। ਹੁਣ ਵੀ ਪਾਰਟੀ ਨੂੰ ਪੰਜਾਬ ਅਤੇ ਦੇਸ਼ ਨੂੰ ਦਰਪੇਸ਼ ਮੁੱਦਿਆਂ 'ਤੇ ਮੁਹਿੰਮ ਲਾਮਬੰਦੀ ਕਰਨੀ ਚਾਹੀਦੀ ਹੈ, ਜਿਸ ਵਿਚ ਇਹ ਦੱਸਣਾ ਚਾਹੀਦਾ ਹੈ ਕਿ ਜੇ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਪੰਜਾਬ ਨੂੰ ਕਰਜ਼ਾ ਮੁਕਤ ਕਿਵੇਂ ਕਰਨਗੇ, ਬੇਅਦਬੀ ਕਾਂਡ, ਬਿਜਲੀ ਦੇ ਘਾਟੇਵੰਦੇ ਸਮਝੌਤੇ ਆਦਿ ਦਾ ਕਿਵੇਂ ਹੱਲ ਕਰਨਗੇ? ਟਰਾਂਸਪੋਰਟ, ਮਾਈਨਿੰਗ, ਕੇਬਲ, ਡਰੱਗ, ਲੈਂਡ, ਸ਼ਰਾਬ ਅਤੇ ਹੋਰ ਕਈ ਤਰ੍ਹਾਂ ਦਾ ਮਾਫੀਆ ਕਿਵੇਂ ਖਤਮ ਕਰਨਗੇ? ਸਿੱਖਿਆ ਅਤੇ ਸਿਹਤ ਸਹੂਲਤਾਂ ਕਿਵੇਂ ਲੀਹ ਉੱਤੇ ਲਿਆਉਣਗੇ ਅਤੇ ਬੇਰੁਜ਼ਗਾਰੀ ਆਦਿ ਦਾ ਕੀ ਹੱਲ ਕਰਨਗੇ?

'ਆਪ' ਨੂੰ ਦੂਜੀਆਂ ਪਾਰਟੀਆਂ ਵਾਂਗ ਇਕ ਦੂਜੇ ਨਾਲ ਮਿਹਣੋ-ਮਿਹਣੀ ਹੋਣ ਦੀ ਰਾਜਨੀਤੀ ਛੱਡ ਦੇਣੀ ਚਾਹੀਦੀ ਹੈ ਅਤੇ ਮੁੱਦਿਆਂ ਆਧਾਰਤ ਰਾਜਨੀਤੀ ਕਰਨੀ ਚਾਹੀਦੀ ਹੈ। ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਕਾਰਪੋਰੇਟ ਏਜੰਡੇ ਉੱਤੇ ਹੀ ਚੱਲ ਰਹੇ ਹਨ, ਪਰ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਲੋਕਾਂ ਦਾ ਏਜੰਡਾ ਲੈ ਕੇ ਅੱਗੇ ਆਉਣਾ ਚਾਹੀਦਾ ਹੈ। ਜਦ ਆਮ ਆਦਮੀ ਪਾਰਟੀ ਹੋਂਦ ਵਿਚ ਆਈ ਸੀ ਤਾਂ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਉਹ ਰਾਜ ਸੱਤਾ ਲੈਣ ਨਹੀਂ, ਰਾਜਨੀਤੀ ਬਦਲਣ ਲਈ ਆਏ ਹਨ, ਪਰ ਅੱਜ ਦੀ ਸਥਿਤੀ ਵਿਚ ਅਸੀਂ ਕਹਿ ਸਕਦੇ ਹਾਂ ਕਿ 'ਆਪ' ਨੇ ਕੁਝ ਵੀ ਨਵਾਂ ਨਹੀਂ ਕੀਤਾ ਅਤੇ ਉਹ ਵੀ ਦੂਜੀਆਂ ਪਾਰਟੀਆਂ ਵਾਂਗ ਹਲਕੀ ਰਾਜਨੀਤੀ 'ਤੇ ਉੱਤਰ ਆਏ ਹਨ।

ਆਪ ਪਾਰਟੀ ਨੂੰ ਫੋਕੇ ਵਾਇਦਿਆਂ ਦੀ ਝੜੀ ਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਲੋਕਾਂ ਨੂੰ ਮੁਫਤਖੋਰੇ ਬਣਾਉਣ ਦੀ ਥਾਂ ਮੁਫਤ ਆਟਾ-ਦਾਲ ਲੈਣ ਵਾਲਿਆਂ ਦੀ ਗਿਣਤੀ, ਜੋ ਹਰ ਰੋਜ਼ ਵਧਦੀ ਜਾ ਰਹੀ ਹੈ, ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਇਹ ਯੋਜਨਾ ਲੋਕਾਂ ਵਿਚ ਲੈ ਕੇ ਜਾਣੀ ਚਾਹੀਦੀ ਹੈ। ਕਈ ਮੁੱਦਿਆਂ 'ਤੇ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਹੋਰ ਸਟੈਂਡ ਲੈਂਦਾ ਹੈ ਤੇ ਦਿੱਲੀ ਵਿਚ ਹੋਰ (ਜਿਵੇਂ ਕਿ ਪੰਜਾਬ ਦੇ ਪਾਣੀਆਂ ਦਾ ਮੁੱਦਾ ਹੈ) ਇਹ ਕਿਉਂ ਹੈ? ਜੇ 'ਆਪ' ਰਾਜ ਦੇ ਵੱਧ ਅਧਿਕਾਰਾਂ ਦੀ ਮੰਗ 'ਤੇ ਖਲੋਂਦੀ ਹੈ ਤਾਂ ਜੰਮੂ ਅਤੇ ਕਸ਼ਮੀਰ ਬਾਰੇ ਪਾਰਟੀ ਦਾ ਸਟੈਂਡ ਵੱਖਰਾ ਕਿਉਂ ਹੈ? ਇਕ ਪਾਸੇ ਪਾਰਟੀ ਦਾ ਸਟੈਂਡ ਇਹ ਹੈ ਕਿ ਉਹ ਧਰਮ ਅਤੇ ਜਾਤ ਆਧਾਰਤ ਰਾਜਨੀਤੀ ਨਹੀਂ ਕਰਨਗੇ, ਪਰ ਦੂਜੇ ਪਾਸੇ ਇਹ ਕਹਿੰਦੇ ਹਨ ਕਿ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਇਸ ਕਰਕੇ ਹਟਾਇਆ ਗਿਆ ਕਿ ਦਲਿਤ ਚਿਹਰਾ ਹਰਪਾਲ ਸਿੰਘ ਚੀਮਾ ਨੂੰ ਇਸ ਅਹੁਦੇ 'ਤੇ ਬਿਠਾਇਆ ਜਾਣਾ ਸੀ।

'ਆਪ' ਵਿਚ ਪਹਿਲਾਂ ਰਹੇ ਅਤੇ ਮੌਜੂਦਾ ਸੰਕਟ ਮੁੱਖ ਤੌਰ 'ਤੇ ਕੇਂਦਰੀ ਲੀਡਰਸ਼ਿਪ ਵੱਲੋਂ ਠੀਕ ਢੰਗ ਨਾਲ ਫੈਸਲੇ ਨਾ ਲੈਣ ਕਰਕੇ ਪੈਦਾ ਹੋਏ ਹਨ। ਰਾਜਨੀਤੀ ਵਿਚ ਮੌਕਾਪ੍ਰਸਤੀ ਵੀ ਇਹੋ ਜਿਹੇ ਸੰਕਟ ਨੂੰ ਜਨਮ ਦਿੰਦੀ ਹੈ। ਅੱਜ ਭਗਵੰਤ ਮਾਨ ਨੂੰ ਲਾਂਭੇ ਕਰਕੇ ਤਿੰਨ-ਚਾਰ ਹੋਰ ਚਿਹਰੇ ਮੁੱਖ ਮੰਤਰੀ ਦਾ ਚਿਹਰਾ ਬਣਨ ਦੀ ਤਾਕ ਵਿਚ ਮੀਡੀਆ ਦੀ ਚਰਚਾ ਅਧੀਨ ਹਨ। ਇਸੇ ਤਰ੍ਹਾਂ ਜਦੋਂ ਸੁਖਪਾਲ ਸਿੰਘ ਖਹਿਰਾ ਵਿਰੋਧੀ ਧਿਰ ਦੇ ਲੀਡਰ ਸਨ ਤਾਂ ਉਹਨੂੰ ਇਸ ਅਹੁਦੇ ਤੋਂ ਲਾਹ ਕੇ ਵੀ ਕੁਝ ਚਿਹਰੇ ਆਪ ਵਿਰੋਧੀ ਧਿਰ ਦੇ ਲੀਡਰ ਬਣਨ ਲਈ ਕਾਹਲੇ ਸਨ। ਪੰਜਾਬ ਦੇ ਲੋਕਾਂ ਨੇ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਵੇਖ ਲਈਆਂ ਹਨ, ਜਿਨ੍ਹਾਂ ਦੀਆਂ ਨੀਤੀਆਂ ਨਾਲ ਪੰਜਾਬ ਕੰਗਾਲੀ ਦੀ ਹੱਦ 'ਤੇ ਪੁੱਜ ਗਿਆ ਹੈ। ਲੋਕਾਂ ਨੂੰ ਅਜੇ ਵੀ ਆਮ ਆਦਮੀ ਪਾਰਟੀ ਤੋਂ ਬਹੁਤ ਆਸਾਂ ਹਨ। ਅਜੇ ਆ ਰਹੀ 2022 ਦੀਆਂ ਵਿਧਾਨ ਸਭਾ ਚੋਣਾਂ ਵਾਸਤੇ ਉਮੀਦਵਾਰਾਂ ਦੀ ਚੋਣ ਵੇਲੇ ਵੀ ਕਈ ਵਿਵਾਦ ਖੜ੍ਹੇ ਹੋਣਗੇ। ਪਾਰਟੀ ਦੇ ਦਿੱਲੀ ਤੋਂ ਆਏ ਨਵੇਂ ਲੀਡਰਾਂ ਉੱਤੇ ਪੈਸੇ ਇਕੱਠੇ ਕਰਨ ਦੇ ਦੋਸ਼ ਮੁੜ ਨਾ ਲੱਗਣ, ਇਸ ਗੱਲ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਜੇ ਪਾਰਟੀ ਨੇ ਆਪਣੀ ਕਾਰਜਸ਼ੈਲੀ ਵਿਚ ਸੋਧ ਨਾ ਕੀਤੀ ਤਾਂ ਪਾਰਟੀ ਲਈ ਹੋਰ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ। ਪਾਰਟੀ ਦੀ ਲੀਡਰਸ਼ਿਪ ਨੂੰ ਸੰਜੀਦਗੀ ਨਾਲ ਸਾਰੇ ਸੰਕਟ ਦਾ ਹੱਲ ਕਰਨਾ ਚਾਹੀਦਾ ਹੈ।

# Sher-E-Punjab Sports & Cultural Society
# Cincinnati, Dayton, Lima, Columbus (OH)

## Sher-E-Punjab Khed Mela X

## October 2nd, 2021

(Saturday, 8am-6pm)

*Open Invitation To All*

WE SUPPORT OUR FARMERS
NO FARMERS NO FOOD

SHER-E-PUNJAB SPORTS & CULTURAL SOCIETY INC.

*Address For Event*

6459 Manchester Rd, Franklin, OH 45005

**Sports, Entertainment and a lot more**

**Sports:** Athletics Games for Men, Women & Kids

Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

**Lucky Draw**

1st Prize Motercycle
2nd Prize Laptop
*Entry fee $100*





**Free Entry, Free Parking & Free Food**

**No alcohol allowed.**

*Drug Free Games.*




*Anchor Janamjeet Kaur Chahal*

Nimma Dallewala

| Kabaddi 1st Prize Sponsers | | | Kabaddi 2nd Prize Sponser | | Cricket: 1st & 2nd Prize Sponsors | | Volleyball 1st Prize Sponsor | |
|---|---|---|---|---|---|---|---|---|
| Chirmal Singh Tother | Nirmal Singh Tother | Parampal Singh Nangal | Devinder Singh Khalon | Sonu Sirhand Cleveland, Ohio | Ravi | Iqbal Singh | Jivan Waraich | Sehaj Sidhu |



*(Mr. Singh Transport)*

## Event Contacts:

**Kabaddi Contact:**
Surjeet S. Mavi 513-616-4530
Amarik S. Tiwana 513-410-4101
Happy Matot 513-484-7879
Palwinder Dhillon 718-578-5372

**Volleyball Contact:**
Happy Mundi 513-816-2636
Gurminder Sandhu 513-550-6134
Gurpreet Gill 513-510-1913

**Shoot Volleyball Contact:**
Hardeep Saran 937-545-1960
Surinder Cheema 513-324-9043
Kuldeep Deol 937-604-7317

**Cricket Contact:**
Iqbal Sabi 513-516-6527
Simranjit Malhi 513-212-1893
Narider Tatla 937-581-5005

**Soccer Contact:**
Goldy Mundi 732-208-2216
Daljeet Dali 513-720-4375
Parmjit Garcha 228-263-2222

## Prize

**Kabaddi**
1st Prize $18,000
2nd Prize $15,000
3rd Prize $12,000
4th Prize $10,000

**Volleyball**
1st Prize $3100
2nd $2100

**Cricket**
1st $3100; 2nd $2100

**Soccer**
1st $3100; 2nd $2100

**Shoot Volleyball**
1st $1500
2nd $1100

**Kids Game (Cash Prizes)**
1st $100 and 2nd $50
Participant $10

**Media Sponsor**

Radio Chann Pardesi

**For More Information, Please contact at: Sherepunjabsociety@gmail.com**
**Charanjit S. Brar 317-903-7400 and Surjeet S. Mavi 513-616-4530**

HACKNEY Since 1891

Khan SIGNS & AWNINGS

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi EXPRESS INC.
FREIGHT SOLUTIONS

GEMINI JEWELERS
Manufacturers & Wholesalers of Exquisite 22k Jewelry
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

COMING SOON
@ NEW LOCATION
SATYA WHOLESALE
CONVENIENCE STORE CASH & CARRY
8100 READING RD CINCINNATI OH
CELL: 513-266-6175

## President of Sher-e-Punjab



Charanjit Singh Brar

## Chief Guest (Salhan Family)



Jathedar Tara Singh Salhan | Baldev Singh Salhan | Gurmit Singh Salhan | Sarabjit Singh Salhan



Harry Ghoman & Amarveer Ghoman | Harvinder Walia Founder President

## Guest of Honor



Lakha Dhindsa

## Platinum Sponsors



Surjeet S. Mavi | Amrik Tiwana | Harinder Kang | Jaswant S Jassi | Gurminder Sandhu | Palwinder Dhillon | Amarjit Aggarwal | Gurpreet Gill | Pritampaul Singh | Jaspreet Singh *Attorney At Law*



Harvinder S. Kang | Happy Matot | Narinder Pal Tatla | Happy Mundi | Sukhdev Singh Garcha | Vineet Gupta | Pamma Dhilwan | Neetu Garcha | Hardeep Tiwana | Onkar Singh Jalalpur

## Diamond Sponsors



Late Bahadur Singh Mundi | Balbir Batth | Gurmail S. Fagura | Kuldeep S. Whiskey | Pushpinder Bhatti | Ravinder Pal Shalimar | Sukhminder Pandher | Jas *(Amber India)* | Manpreet *(Happy Tibbi)* | Dharminder Singh | Kavita Goyal

## Gold Sponsors



*Dalbir Gill | Agyapal Singh Batth | Gurcharan S. Kang | Palwinder Gill | Gucharan singh | Bobby New Krishna | Inderjit Begowal | Rajinder Multani | Dr. Kalyan Singh | Rajesh Rawal | Jasbir Singh Dipty | Surinder Cheema | Jatinder Bhatti | BC Trucking and Quality liquor | Jagpal S Nagra | Nippy Tiwana | Makhan Badesha | Malkit S. Uppal | Prithpal Ghotra*



*Pal Khalil | Gurminder Hansra | Gurjinder Mundi | Rajan Sehdev (Raj) | Lakhvir Singh | Sam Moreb | Mani Ram | Satwant Deol | Gurwinder Guraya | J S Cheema | Jagir Singh | Raju Gill | Gurbir Dharni | Mandeep Kang | Gurdeep S. Sidhu | Paramjit Dhillon | Cherry Tiwana | Ravi Singh | Kurban Singh | SP Singh*

## Silver Sponsors



*Simranjit Malhi | Avtar S. Sohal | Mandeep Badesha | Kamaljit Singh | Nishan Singh | Sohan Gill | Kuldeep Deol | Sohan Lal Gaba | Kultar Singh*

**Sponsors:** Rupinder Batth, Sonu Cheema, Dr. Baljinder Singh, Dr. Ravinder Mann, Gurmeet Bhatti, Gurpreet Cheema, Buta Singh, Nardeep Mavi, Jagtar Singh Xenia, Moreb Wholesale, Makhan Gill, Kirpal Gill, Harpal Gill, Paul Takhar and Randy Takhar, Ranjit Singh Columbus, Surinder Singh Columbus. **Restaurants:** Brar indian Restaurant, India Fusion, New Krishna, Raja India, Brij Mohan, Krishna Carryout, Aangan Sweets, Spice Train, Curries, Amber India, Guru India, Baba India.

**Supporting Organizations:** Shere Punjab Sports & Cultural Club Chicago, Punjab Sports Club Midwest, Punjab Sports & Cultural Club, Punjabi Heritage Organization, Five River Entertainment, Meeri Peeri Sports Club Greenwood, Punjab Sports & Cultural Organization, PCS Kalamazoo, Punjab Sports Club Cleveland, Punjabi Heritage Society Kalamazoo.

## Guests



*Sarwan Tiwana | Amarjit Dhindsa | Didar Dhanoa | Gurwinder Babbu | Sarbjit Sidhu | Rimpy Khatra | Dharminder Khatra | Kuldip Lang | Pyara S. Bhatti | Gurmit Batth | Mandip Bhura | Nidhan Matot | Darshan Darar | Varinder Sahi | Happy Heer | Harjinder Khaira | Jaskarn Dhaliwal | Parwinder Aujla | Ranjit Kalhon | Babbi Mianni | Rajan Sidhu | Vikas Madam | Pappi Badasha | Jagir Sabji Mandi*

# ਕਵੀਸ਼ਰੀ ਦਾ ਅਨਮੋਲ ਰਤਨ

ਕਲਾ ਪਰਿਕਰਮਾ

**ਸੁਖਵਿੰਦਰ ਸਿੰਘ ਮੁੱਲਾਂਪੁਰ**

1947 ਵਿਚ ਦੇਸ਼ ਦੀ ਧਰਮ ਦੇ ਨਾਂ 'ਤੇ ਹੋਈ ਵੰਡ ਕਰਕੇ ਬਹੁਤ ਲੋਕਾਂ ਨੂੰ ਘਰ-ਬਾਰ ਛੱਡ ਕੇ ਦੋ ਮੁਲਕਾਂ ਵਿਚਾਲੇ ਖਿੱਚੀ ਲਕੀਰ ਦੇ ਆਰ ਪਾਰ ਜਾਣਾ ਪਿਆ। ਇਸ ਤਰ੍ਹਾਂ ਹੀ ਕਵੀਸ਼ਰੀ ਦੇ ਬਾਦਸ਼ਾਹ ਬਾਬੂ ਰਜਬ ਅਲੀ ਨੂੰ ਆਪਣਾ ਘਰ-ਬਾਰ ਛੱਡ ਕੇ ਭਾਰਤ ਤੋਂ ਪਾਕਿਸਤਾਨ ਜਾਣਾ ਪਿਆ। ਬਾਬੂ ਰਜਬ ਅਲੀ ਦਾ ਜਨਮ ਪਿਤਾ ਧਮਾਲੀ ਖਾਂ ਅਤੇ ਮਾਤਾ ਜਿਊਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਮੋਗਾ ਵਿਖੇ 10 ਅਗਸਤ 1894 ਨੂੰ ਰਾਜਪੂਤ ਪਰਿਵਾਰ ਵਿਚ ਹੋਇਆ।

ਬਾਬੂ ਰਜਬ ਅਲੀ ਹੋਰੀਂ ਪੰਜ ਭੈਣ ਭਰਾ ਸਨ। ਵੱਡੀਆਂ ਚਾਰ ਭੈਣਾਂ ਤੇ ਸਭ ਤੋਂ ਛੋਟਾ ਬਾਬੂ ਰਜਬ ਅਲੀ ਸੀ। ਛੋਟਾ ਹੋਣ ਕਰਕੇ ਸਾਰੇ ਉਸ ਨੂੰ ਬਹੁਤ ਲਾਡ ਕਰਦੇ ਸਨ। ਜਦੋਂ ਰਜਬ ਅਲੀ ਪੰਜ ਸਾਲ ਦਾ ਹੋਇਆ ਤਾਂ ਪਿੰਡ ਤੋਂ ਡੇਢ ਮੀਲ ਦੀ ਦੂਰੀ 'ਤੇ ਪਿੰਡ ਬੰਬੀਬਾ ਵਿਚ ਪੜ੍ਹਨ ਲਾ ਦਿੱਤਾ। ਪਿਤਾ ਧਮਾਲੀ ਖਾਂ ਰਜਬ ਅਲੀ ਨੂੰ ਮੋਢਿਆਂ 'ਤੇ ਬਿਠਾ ਕੇ ਸਕੂਲ ਲੈ ਕੇ ਆਇਆ ਜਾਇਆ ਕਰਦਾ ਸੀ ਤਾਂ ਸੱਥ ਵਿਚ ਬੈਠੇ ਵਿਅਕਤੀਆਂ ਵਿਚੋਂ ਕਿਸੇ ਨੇ ਕਹਿ ਦਿੱਤਾ, "ਧਮਾਲੀ! ਕਿਉਂ ਇੰਨੀ ਔਖ ਸੌਖ ਭਰਦਾ ਏ, ਵੱਡਾ ਹੋ ਕੇ ਇਹਨੇ ਕਹਿੜਾ ਬਾਬੂ ਲੱਗਣਾ?" ਧਮਾਲੀ ਨੇ ਕਿਹਾ, "ਜੇਕਰ ਮੇਰੀ ਜ਼ਿੰਦਗੀ ਰਹਿ ਗਈ ਤਾਂ ਇਸ ਨੂੰ ਬਾਬੂ ਵੀ ਬਣਾ ਦੇਊਂ।" ਧਮਾਲੀ ਖਾਂ ਨੇ ਇਹ ਗੱਲ ਸੱਚ ਕਰ ਦਿਖਾਈ।

ਉਥੋਂ ਰਜਬ ਅਲੀ ਨੇ ਪੰਜ ਜਮਾਤਾਂ ਪਾਸ ਕਰਕੇ ਅੱਠਵੀਂ ਜਮਾਤ ਮੋਗੇ ਤੋਂ ਅਤੇ 1912 ਵਿਚ ਦਸਵੀਂ ਜਮਾਤ ਬਰਜਿੰਦਰਾ ਹਾਈ ਸਕੂਲ ਫਰੀਦਕੋਟ ਤੋਂ ਚੰਗੇ ਨੰਬਰਾਂ ਵਿਚ ਪਾਸ ਕੀਤੀ। ਗੁਜਰਾਤ ਵਿਚ ਰਸੂਲੋਂ ਓਵਰਸੀਅਰ ਦਾ ਡਿਪਲੋਮਾ ਪਾਸ ਕੀਤਾ। ਬਾਬੂ ਰਜਬ ਅਲੀ ਵਧੀਆ ਅਥਲੀਟ ਅਤੇ ਕ੍ਰਿਕਟ ਦਾ ਕਪਤਾਨ ਸੀ। ਉਹ ਹੋਰ ਵੀ ਕਈ ਖੇਡਾਂ ਦਾ ਵਧੀਆ ਖਿਡਾਰੀ ਸੀ। ਓਵਰਸੀਅਰ ਪਾਸ ਕਰਕੇ ਉਸ ਦੀ ਨਿਯੁਕਤੀ ਨਹਿਰੀ ਵਿਭਾਗ ਵਿਚ ਓਵਰਸੀਅਰ ਵਜੋਂ ਜ਼ਿਲ੍ਹਾ ਪੇਸ਼ਾਵਰ ਵਿਚ ਹੋਈ। ਨਹਿਰੀ ਵਿਭਾਗ ਵਿਚ ਓਵਰਸੀਅਰ ਨੂੰ 'ਬਾਬੂ ਜੀ' ਕਿਹਾ ਜਾਂਦਾ ਸੀ। ਇਸ ਕਰਕੇ ਉਨ੍ਹਾਂ ਦੇ ਨਾਮ ਨਾਲ ਬਾਬੂ ਲੱਗ ਗਿਆ।

1914 ਵਿਚ ਬਾਬੂ ਰਜਬ ਅਲੀ ਨੇ ਆਪਣੀ ਪਹਿਲੀ ਰਚਨਾ 'ਹੀਰ ਰਜਬ ਅਲੀ' ਲਿਖ ਕੇ ਕਵੀਸ਼ਰੀ ਵਿਚ ਪ੍ਰਵੇਸ਼ ਕੀਤਾ। ਪੇਸ਼ਾਵਰ ਤੋਂ ਬਦਲੀ ਕਰਵਾ ਕੇ 1915 ਵਿਚ ਉਸ ਨੇ ਮਾਲਵੇ ਵਿਚ ਸਰਹੰਦ ਬਰਾਂਚ ਨਹਿਰ 'ਤੇ ਅਖਾੜਾ ਨਹਿਰੀ ਕੋਠੀ ਤੋਂ ਨੌਕਰੀ ਸ਼ੁਰੂ ਕੀਤੀ। ਇੱਥੋਂ ਨੌਕਰੀ ਛੱਡ ਕੇ ਉਸ ਨੇ ਲੰਮਾ ਸਮਾਂ ਫੌਜ ਵਿਚ ਇੰਜਨੀਅਰ ਦੇ ਤੌਰ 'ਤੇ ਨੌਕਰੀ ਕੀਤੀ। ਉਥੋਂ ਆ ਕੇ ਫਿਰ ਨਹਿਰੀ ਵਿਭਾਗ ਵਿਚ ਸਰਹੰਦ ਨਹਿਰ 'ਤੇ ਨੌਕਰੀ ਕਰ ਲਈ। ਨੌਕਰੀ ਦੌਰਾਨ ਉਨ੍ਹਾਂ ਨੇ ਸਾਰੇ ਮਾਲਵੇ ਦੇ ਇਲਾਕੇ ਨੂੰ ਚੰਗੀ ਤਰ੍ਹਾਂ ਜਾਣਿਆ।

ਉਨ੍ਹਾਂ ਨੇ ਆਪਣੇ ਸਕੂਲ ਦੇ ਮੁੱਖ ਅਧਿਆਪਕ ਪੰਡਤ ਰਾਮ ਨਿਵਾਸ ਤੋਂ ਕਾਵਿ ਬੋਧ ਪ੍ਰਾਪਤ ਕੀਤਾ। ਪੰਜਾਬੀ, ਫ਼ਾਰਸੀ, ਉਰਦੂ ਅਤੇ ਪਿੰਗਲ ਦਾ ਚੰਗੀ ਤਰ੍ਹਾਂ ਗਿਆਨ ਪ੍ਰਾਪਤ ਕੀਤਾ। 1921 ਵਿਚ ਬਾਬੂ ਜੀ ਨੇ ਪ੍ਰਸਿੱਧ ਕਵੀਸ਼ਰ ਮਾਨ ਸਿੰਘ ਨੂੰ ਪੱਗ ਦੀ ਰਸਮ ਨਾਲ ਉਸਤਾਦ ਧਾਰਿਆ।

ਬਾਬੂ ਜੀ ਨੇ ਇਸਲਾਮ ਧਰਮ ਅਨੁਸਾਰ ਚਾਰ ਵਿਆਹ ਰਚਾਏ। ਉਨ੍ਹਾਂ ਦੇ ਘਰ ਚਾਰ ਪੁੱਤਰਾਂ ਆਕਲ ਖਾਂ, ਸ਼ਮਸ਼ੇਰ ਖਾਂ, ਅਦਾਲਤ ਖਾਂ, ਅਲੀ ਸਰਦਾਰ ਅਤੇ ਦੋ ਬੇਟੀਆਂ ਸ਼ਮਸ਼ਾਦ ਬੇਗਮ ਅਤੇ ਗੁਲਜ਼ਾਰ ਬੇਗਮ ਨੇ ਜਨਮ ਲਿਆ। 1940 ਵਿਚ ਬਾਬੂ ਜੀ ਨੇ ਆਪਣੀ ਰਿਹਾਇਸ਼ ਕਾਲਾ ਟਿੱਬਾ ਵਿਖੇ ਕਰ ਲਈ, ਫਿਰ ਉਹ ਦੇਸ਼ ਦੀ ਵੰਡ ਤਕ ਉਥੇ ਹੀ ਰਹੇ। 1947 ਵਿਚ ਦੇਸ਼ ਆਜ਼ਾਦ ਹੋ ਗਿਆ ਪਰ ਦੇਸ਼ ਦੀ ਵੰਡ ਹੋ ਗਈ। ਇਸ ਦਾ ਸ਼ਿਕਾਰ ਬਾਬੂ ਰਜਬ ਅਲੀ ਨੂੰ ਵੀ ਪਰਿਵਾਰ ਸਮੇਤ ਹੋਣਾ ਪਿਆ। ਉਹ ਆਪਣੇ ਪਿੰਡ ਸਾਹੋਕੇ ਨੂੰ ਛੱਡ ਕੇ ਨਹੀਂ ਜਾਣਾ ਚਾਹੁੰਦੇ ਸਨ ਪਰ ਜਬਰਨ ਪਾਕਿਸਤਾਨ ਜਾਣਾ ਪਿਆ। ਉਥੇ ਉਨ੍ਹਾਂ ਨੂੰ ਚੱਕ ਨੰਬਰ ਬੱਤੀ ਜ਼ਿਲ੍ਹਾ ਉਕਾੜਾ ਵਿਚ ਚਾਲੀ ਏਕੜ ਜ਼ਮੀਨ ਅਤੇ ਘਰ ਅਲਾਟ ਹੋ ਗਿਆ।



ਬਾਬੂ ਰਜਬ ਅਲੀ



ਬਾਬੂ ਰਜਬ ਅਲੀ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਸਾਹੋਕੇ (ਮੋਗਾ) ਵਿਚ ਬਣਾਈ ਉਨ੍ਹਾਂ ਦੀ ਯਾਦਗਾਰ।

ਉਥੇ ਰਹਿ ਕੇ ਆਪਣੇ ਪਿੰਡ ਮਿਲਣ ਆਉਣ ਦੀ ਤਾਂਘ ਹਮੇਸ਼ਾ ਉਨ੍ਹਾਂ ਦੇ ਦਿਲ ਵਿਚ ਰਹਿੰਦੀ ਸੀ। 11 ਫਰਵਰੀ 1965 ਨੂੰ ਪਾਕਿਸਤਾਨ ਸਰਕਾਰ ਨੇ ਭਾਰਤ ਆਉਣ ਲਈ ਵੀਜ਼ਾ ਲਗਾ ਦਿੱਤਾ। ਬਾਬੂ ਜੀ ਆਪਣੇ ਛੋਟੇ ਪੁੱਤਰ ਸ਼ਮਸ਼ੇਰ ਖਾਂ ਨਾਲ 15 ਮਾਰਚ 1965 ਨੂੰ ਇਕ ਮਹੀਨੇ ਲਈ ਭਾਰਤ ਆਏ। ਜਦੋਂ ਉਨ੍ਹਾਂ ਦੇ ਆਉਣ ਦੀ ਖਬਰ ਪਿੰਡ ਸਾਹੋਕੇ ਪੁੱਜੀ ਤਾਂ ਸਾਰਾ ਪਿੰਡ ਖੁਸ਼ ਹੋ ਗਿਆ। ਬਾਬੂ ਰਜਬ ਅਲੀ ਦੇ ਪਿੰਡ ਪਹੁੰਚਣ ਤੋਂ ਪਹਿਲਾਂ ਉਡੀਕ ਵਿਚ ਪਿੰਡ ਦੇ ਲੋਕ, ਸ਼ਾਗਿਰਦ ਅਤੇ ਪ੍ਰਸੰਸਕ ਖੜ੍ਹੇ ਸਨ। ਬਾਬੂ ਜੀ ਨੂੰ ਪਿੰਡ ਦੇ ਚਾਰ ਪੰਜ ਬੰਦੇ ਮੂਹਰੇ ਜਾ ਕੇ ਫਿਰੋਜ਼ਪੁਰ ਤੋ ਪਿੰਡ ਲੈ ਕੇ ਆਏ। ਆਉਣ 'ਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ। ਸ਼ਾਗਿਰਦਾਂ ਨੇ ਆਪੋ ਆਪਣੇ ਲਿਖੇ ਛੰਦ ਗਾ ਕੇ ਬਾਬੂ ਜੀ ਦੀ ਉਪਮਾ ਕੀਤੀ। ਬਾਬੂ ਜੀ ਦੇ ਕੋਲ ਰੋਜ਼ਾਨਾ ਸ਼ਾਗਿਰਦਾਂ ਦੇ ਲਗਭਗ ਪੰਜਾਹ ਜਥੇ ਰਹਿੰਦੇ ਸਨ ਜਿਨ੍ਹਾਂ ਦੀ ਗਿਣਤੀ ਲਗਭਗ ਡੇਢ ਸੌ ਬਣਦੀ ਸੀ। ਬਾਬੂ ਜੀ ਦੇ ਸਰੋਤੇ ਅਤੇ ਪਿੰਡ ਦੇ ਵਿਅਕਤੀ ਸਾਰੇ ਰਲਾ ਕੇ ਪੰਜ ਕੁ ਸੌ ਦਾ ਇਕੱਠ ਰੋਜ਼ਾਨਾ ਹੋ ਜਾਂਦਾ ਸੀ। ਪਿੰਡ ਦੇ ਘਰ ਇੰਨੇ ਬੰਦਿਆਂ ਨੂੰ ਰੋਟੀ ਪਾਣੀ ਖਵਾਉਣ ਦੀ ਸੇਵਾ ਦਾ ਸਮਾਂ ਮੰਗ ਕੇ ਲੈਂਦੇ ਸਨ। ਰੋਜ਼ਾਨਾ ਵੱਖਰੇ ਘਰ ਰੋਟੀ ਖਵਾਉਣ ਦਾ ਮੌਕਾ ਦਿੱਤਾ ਜਾਂਦਾ। ਰੋਟੀ ਖਵਾਉਣ ਵਾਲੇ ਜ਼ਿਆਦਾ ਘਰ ਸਨ ਪਰ ਬਾਬੂ ਜੀ ਕੋਲ ਸਮਾਂ ਘੱਟ ਸੀ। ਪਿੰਡ ਦੇ ਲੋਕ ਰਜਬ ਅਲੀ ਨੂੰ ਪਿਆਰ ਦਿੰਦੇ ਕਹਿ ਰਹੇ ਸਨ ਬਾਬੂ ਜੀ ਸਾਡੀ ਦੇਹਲੀ ਉਪਰ ਇਕ ਵਾਰ ਪੈਰ ਜ਼ਰੂਰ ਰੱਖ ਕੇ ਜਾਵੋ। ਇਸ ਕਰਕੇ ਹਰ ਘਰ ਵਿਚ ਬਾਬੂ ਜੀ ਲੋਕਾਂ ਨੂੰ ਮਿਲ ਕੇ ਗਏ। ਇਨ੍ਹਾਂ ਦੀ ਹਾਜ਼ਰੀ ਵਿਚ ਪਿੰਡ ਵਿਚ ਇਕ ਭਾਰੀ ਮੇਲਾ ਵੀ ਕਰਵਾਇਆ ਗਿਆ। ਭਾਰਤ ਪਾਕਿਸਤਾਨ ਦੀ ਰਣਕੱਛ ਖੇਤਰ ਵਿਚ ਲੜਾਈ ਲੱਗ ਜਾਣ ਕਰਕੇ ਉਨ੍ਹਾਂ ਨੂੰ 26 ਮਾਰਚ ਨੂੰ ਗਿਆਰਾਂ ਦਿਨ ਬਾਅਦ ਹੀ ਮੁੜਨਾ ਪਿਆ। ਜਦੋਂ ਉਹ ਸਵੇਰ ਵੇਲੇ ਸਾਹੋਕੇ ਤੋਂ ਤੁਰਨ ਲੱਗੇ ਤਾਂ ਸਾਰਾ ਪਿੰਡ ਖੜ੍ਹਾ ਵਿਰਲਾਪ ਕਰ ਰਿਹਾ ਸੀ। ਬਾਬੂ ਜੀ ਇਸਲਾਮ ਧਰਮ ਨਾਲ ਸਬੰਧ ਰੱਖਦੇ ਸੀ, ਪਰ ਉਨ੍ਹਾਂ ਨੇ ਸਭ ਧਰਮਾਂ 'ਤੇ ਲਿਖਿਆ। ਪੰਜਵੇ ਪਾਤਸ਼ਾਹ ਦੀ ਸ਼ਹੀਦੀ, ਬਾਬਾ ਦੀਪ ਸਿੰਘ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਬੰਦਾ ਸਿੰਘ ਬਹਾਦਰ, ਦਸ ਗੁਰੂ ਸਾਹਿਬਾਨ ਆਦਿ ਪ੍ਰਸੰਗ ਅਤੇ ਕਵੀਸ਼ਰੀ ਲਿਖੀ। ਪ੍ਰਹਲਾਦ ਭਗਤ, ਕ੍ਰਿਸ਼ਨ ਅਵਤਾਰ ਸਬੰਧੀ ਵੀ ਲਿਖਿਆ। ਬਾਬੂ ਜੀ ਨੇ ਲਗਭਗ 85 ਕਿੱਸੇ ਲਿਖੇ। ਬਹੱਤਰ ਕਲਾ ਛੰਦ ਅਤੇ ਹੋਰ ਬਹੁਤ ਸਾਰੇ ਛੰਦ ਪੰਜਾਬੀ ਸਾਹਿਤ ਨੂੰ ਦੇਣ ਹੈ। ਬਾਬੂ ਜੀ ਨੇ ਬਹੁਤਾ ਸਾਹਿਤ ਪੰਜਾਬੀ ਵਿਚ ਅਤੇ ਮਾਲਵੇ ਲਈ ਲਿਖਿਆ। ਕਵੀਸ਼ਰ ਸੁਖਵਿੰਦਰ ਸਿੰਘ ਪੱਕਾ ਕਲਾਂ ਨੇ ਉਨ੍ਹਾਂ ਦੀ ਜ਼ਿੰਦਗੀ ਅਤੇ ਕੰਮਾਂ 'ਤੇ ਸੰਗਮ ਪਬਲੀਕੇਸ਼ਨਜ਼ ਸਮਾਣਾ ਰਾਹੀਂ ਕਈ ਕਿਤਾਬਾਂ ਛਪਵਾਈਆਂ ਜਿਵੇਂ 'ਅਨਮੋਲ ਰਜਬ ਅਲੀ', 'ਅਣਖੀਲਾ ਰਜਬ ਅਲੀ', 'ਅਨੋਖਾ ਰਜਬ ਅਲੀ', 'ਰੰਗੀਲਾ ਰਜਬ ਅਲੀ', 'ਅਲਬੇਲਾ ਰਜਬ ਅਲੀ', 'ਦਸਮੇਸ਼ ਮਹਿਮਾ', 'ਬਾਬੂ ਰਜਬ ਅਲੀ ਦੇ ਕਿੱਸੇ' ਆਦਿ। ਇਕੱਲੇ ਕਵੀਸ਼ਰਾਂ ਨੇ ਹੀ ਬਾਬੂ ਰਜਬ ਅਲੀ ਨੂੰ ਨਹੀਂ ਗਾਇਆ, ਬਲਕਿ ਕਈ ਕਲਾਕਾਰਾਂ ਨੇ ਆਪਣੀ ਆਵਾਜ਼ ਵਿਚ ਗਾ ਕੇ ਵੀ ਸ਼ੋਹਰਤ ਖੱਟੀ। ਮੁਹੰਮਦ ਸਦੀਕ ਅਤੇ ਰਣਜੀਤ ਕੌਰ ਨੇ ਬਾਬੂ ਜੀ ਦਾ ਲਿਖਿਆ ਗੀਤ:

ਰਾਣੀ ਸੁੰਦਰਾਂ ਮਹਿਲ 'ਤੇ ਚੜ੍ਹ ਕੇ
ਭੁੱਖ ਦਿਲ 'ਚ ਪਿਆਰ ਵਾਲੀ ਰੜਕੇ
ਸੁਬ੍ਹਾ ਉਠ ਕੇ ਪਹਿਰ ਦੇ ਤੜਕੇ
ਰਣਜੀਤ ਕੌਰ ਦਾ ਗਾਇਆ ਗੀਤ :
ਲੈ ਖਬਰ ਨਿਆਣੀ ਦੀ,
ਬਾਬਲਾ ਦਰਦ ਵੰਡਾ ਲੈ ਧੀ ਦੇ

ਇਹ ਗੀਤ ਰਣਜੀਤ ਕੌਰ ਦਾ ਗਾਇਆ ਹੋਇਆ ਹੈ।

ਬਾਬੂ ਰਜਬ ਅਲੀ ਨੇ ਪਾਕਿਸਤਾਨ ਜਾ ਕੇ ਜਿੰਨੀ ਰਚਨਾ ਕੀਤੀ, ਉਸ ਵਿਚ ਮਾਲਵੇ ਦਾ ਵਿਯੋਗ ਤੇ ਪਿੰਡ ਦੀ ਮਿੱਟੀ ਦਾ ਵਿਯੋਗ ਲਿਖਿਆ ਹੈ। ਉਨ੍ਹਾਂ ਨੇ ਉਥੇ ਜਾ ਕੇ ਇਕ ਕਿਤਾਬ 'ਉਜਾੜਾ' ਵੀ ਲਿਖੀ। ਉਥੇ ਜਾ ਕੇ ਮਨ ਨਾ ਲੱਗਣ ਬਾਰੇ ਉਨ੍ਹਾਂ ਨੇ ਲਿਖਿਆ:

ਮੰਨ ਲਈਂ ਜੋ ਕਰਦਾ ਰੱਬ ਪਾਕ ਏ।
ਆਉਂਦੀ ਯਾਦ ਵਤਨ ਦੀ ਖਾਕ ਏ।
ਟੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ।
ਹਾਏ! ਮੈਂ ਭੁੱਜ ਗਿਆ ਵਾਂਗੂ ਖਿੱਲ ਦੇ।
ਭੜਥਾ ਬਣ ਗਈ ਦੇਹੀ ਐ।
ਵਿੱਛੜੇ ਯਾਰ ਪਿਆਰੇ, ਬਣੀ ਮਸੀਬਤ ਕੇਹੀ ਐ।

ਮੈਨੂੰ ਉਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਘਾਂ।

ਬਾਬੂ ਰਜਬ ਅਲੀ ਜੀ ਨੇ ਮੌਤ ਬਾਰੇ ਇੰਜ ਲਿਖਿਆ ਸੀ:

ਰਜਬ ਅਲੀ ਜ਼ਿੰਦਗੀ ਚਾਰ ਦਿਨ ਦੀ
ਢਹਿ ਜਾਊ ਉਸਰਿਆ
ਬੁਰਜ ਸਰੀਰ ਦਾ ਜੀ।

ਬਾਬੂ ਰਜਬ ਅਲੀ ਦਾ 6 ਜੂਨ 1979 ਨੂੰ ਪਾਕਿਸਤਾਨ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਯਾਦਗਾਰ ਉਨ੍ਹਾਂ ਦੇ ਪਿੰਡ ਸਾਹੋਕੇ (ਮੋਗਾ) ਵਿਚ ਬਣਾਈ ਹੋਈ ਹੈ। ਉਥੇ 6 ਜੂਨ ਨੂੰ ਬਾਬੂ ਰਜਬ ਅਲੀ ਨੂੰ ਯਾਦ ਕੀਤਾ ਜਾਂਦਾ ਹੈ ਜਿਸ ਵਿਚ ਬਹੁਤ ਸਾਰੇ ਕਵੀਸ਼ਰ ਪਹੁੰਚਦੇ ਹਨ। ਪਾਕਿਸਤਾਨ ਵਿਚ ਵੀ ਉਨ੍ਹਾਂ ਨੂੰ ਬੜੇ ਪਿਆਰ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਅਕਤੂਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-501



*ਇਹ ਜੋ ਵਰ੍ਹਦੀਆਂ ਧੁੱਪਾਂ 'ਚ ਛਤਰੀ ਤਾਣਦੀ ਹੈ।*
*ਇਹ ਜੋ ਸੀਤ ਨੂੰ ਨਿੱਘ ਵਿਚ ਵਟਾਉਣਾ ਜਾਣਦੀ ਹੈ।*
*ਕੋਈ ਪੁੱਛਦਾ ਫਿਰੇ ਇਹ ਰਾਜ਼ ਲੱਭਦਾ ਨਹੀਂ ਕਿਤੇ ਵੀ,*
*ਇਹ ਮਮਤਾ ਹੈ ਜੋ ਜੀਵਨ ਰੱਜ-ਰਜਾ ਕੇ ਮਾਣਦੀ ਹੈ।*

### ਕੈਪਸ਼ਨ ਮੁਕਾਬਲਾ-499



ਵਿਚ ਖਤਰੇ ਦੇ ਵਿਰਸਾ ਸਾਡਾ
ਸਮਾਰਕ ਸਾਡੇ ਰੁਲਦੇ ਜਾਵਣ।
ਬੱਚਿਆਂ ਵਾਲੇ ਮਨ ਪ੍ਰਚਾਵੇ
ਕਦੇ ਕਦੇ ਹੁਣ ਨਜ਼ਰੀਂ ਆਵਣ।
ਚੱਕਰਾਂ ਦੇ ਵਿਚ ਫਸਿਆ ਜੀਵਨ
ਗੁੰਝਲ, ਲੋਕੀਂ ਖੋਲ੍ਹ ਨਾ ਪਾਵਣ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਝੱਖੜਾਂ ਤੁਫਾਨਾਂ ਨੇ ਸਮੇਂ ਨਾਲ
ਵਿਰਾਸਤੀ ਧਰੋਹਰਾਂ ਦੇ ਹੁਲੀਏ ਵਿਗਾੜ'ਤੇ।
ਜਿਨ੍ਹਾਂ ਦੇ ਦਿਲਾਂ 'ਚ ਦਰਦ ਇਤਿਹਾਸ ਦਾ
ਉਹ ਫਿਰਦੇ ਇਨ੍ਹਾਂ ਨੂੰ ਸੰਭਾਲਦੇ।
ਲੋਕਾਂ ਦੀ ਰੁਚੀ ਵਧਾਉਣ ਲਈ
ਬੱਚਿਆਂ ਲਈ ਚੰਡੋਲ-ਝੂਟੇ ਆ ਗਏ।
ਅਲੋਪ ਹੋ ਰਹੇ ਕਿਲਿਆਂ ਅਤੇ
ਘੋੜਿਆਂ ਦੇ ਦਰਸ਼ਨ ਕਰਵਾ ਰਹੇ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਤਖਤ ਉਲਟ ਜਾਂਦੇ ਹਕੂਮਤਾਂ ਬਦਲ ਜਾਂਦੀਆਂ
ਆ ਕੱਟੜਤਾ ਸਿਧਾਂਤਾਂ 'ਚ ਸਭ ਕੁਝ
ਖੁਰਾ ਖੋਜ ਦਿੱਤਾ ਜਾਂਦਾ ਮਿਟਾ
ਰਹਿ ਜਾਂਦੀ ਕੱਲ੍ਹ ਦੀ ਗੱਲ
ਨਹੀਂ ਕੀਤੀ ਜਾ ਸਕਦੀ ਜ਼ਿਦ
ਜਦ ਮੋਢੇ 'ਤੇ ਸੰਗੀਨ ਲੈ ਕੇ ਖੜ੍ਹਾ
ਮੌਤ ਜਾਂ ਐਸ਼ੋ ਆਰਾਮ ਚੋਹਲ।

*-ਦਰਸ਼ਨਪਾਲ ਦੋਸਾਂਝ*

---

ਕਿਲ੍ਹਾ ਵਿਖਾਉਣ ਲਿਆਏ ਮਾਪੇ,
ਨਿਆਣੇ ਝੂਲਾ ਵੇਖ ਕੇ ਅੜ ਗਏ।
ਅਸੀਂ ਨਹੀਂ ਵੇਖਣਾ, ਤੁਸੀਂ ਵੇਖ ਲਓ,
ਮੱਲੋ ਮੱਲੀ ਘੋੜਿਆਂ 'ਤੇ ਚੜ੍ਹ ਗਏ।
ਦੇ ਕੇ ਗੇੜਾ ਸਭ ਦਾ ਮਨ ਪਰਚਾਇਆ।
ਕਿਰਤੀ ਨੇ ਰੋਟੀ ਦਾ ਜੁਗਾੜ ਬਣਾਇਆ।

*-ਗੁਰਦੇਵ ਸਿੰਘ ਢਪਾਲੀ, ਬਠਿੰਡਾ*
*ਫੋਨ: 91-94176-49275*

---

ਪੁਰਾਣੇ ਕਿਲੇ ਦਾ ਓਟ-ਆਸਰਾ ਤਕਾ ਲਿਆ
ਕਰਕੇ ਜੁਗਾੜ ਝੂਲਾ ਦੇਸੀ ਇੱਥੇ ਲਾ ਲਿਆ।
ਸਮੇਂ ਦੀਆਂ ਔਕੜਾਂ ਦੀ ਬਣੀ ਮਜ਼ਬੂਰੀ ਏ
ਬੱਚਿਆਂ ਦਾ ਮਨ ਪਰਚਾਵਾ ਵੀ ਜਰੂਰੀ ਏ।
ਸਰੀਰ ਨੂੰ ਲੁਕਾ ਕੇ ਪੈਂਦਾ ਚਾਦਰਾਂ 'ਚ ਰੱਖਣਾ
ਗੁਲਾਮੀ ਵਾਲਾ ਜੂਲਾ ਨਹੀਂ ਨਾਰੀ ਕੋਲੋਂ ਲੱਥਣਾ।

*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਸਮਾਂ ਵੀ ਬਦਲਦਾ, ਵਾਂਗ ਹਵਾ ਦੇ ਬੁੱਲੇ
ਨਾ ਰਿਹਾ ਪੁਰਾਣਾ ਸਮਾਂ
ਤੇ ਨਾ ਰਹੇ ਪੁਰਾਣੇ ਝੂਲੇ।
ਜੋ ਅੱਜ ਹੈ, ਉਹ ਕੱਲ੍ਹ ਨਹੀਂ ਰਹਿਣਾ
ਸਮੇਂ ਨੂੰ ਕੋਈ ਥੰਮ ਨਹੀਂ ਸਕਦਾ
ਸੱਚ ਸਿਆਣਿਆਂ ਦਾ ਕਹਿਣਾ।
ਸਾਡੀਆਂ ਬਚਪਨ ਦੀਆਂ ਖੁਸ਼ੀਆਂ
ਇਸੇ ਵਿਚ ਸੀ ਸਮਾਈਆਂ।
ਹੁਣ ਨਹੀਂ ਰਹੇ ਹੱਥ ਵਾਲੇ ਝੂਲੇ
ਸਭ ਨਵੀਆਂ ਤਕਨੀਕਾਂ ਆਈਆਂ।
ਵੇਖ ਫੋਟੋ ਨੂੰ, ਚੇਤੇ ਆ ਗਿਆ
ਬੀਤਿਆ ਬਚਪਨ ਪਿਆਰਾ।
ਜੋ ਭੁੱਲ ਕੇ ਵੀ ਨਹੀਂ ਜਾਂਦਾ ਭੁਲਾਇਆ।
ਪਿੰਡ ਦੀ ਛਿੰਝ 'ਚ ਇਕੱਠੇ ਝੂਲਾ ਝੂਲਦੇ ਸੀ
ਮੈਂ ਤੇ ਮੇਰੇ ਚਾਚੇ ਪੁੱਤ 'ਲਭਾਇਆ।'

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

---

ਕਿਲ੍ਹੇ ਦੇ ਥੇਹ ਦੇ ਅੱਗੇ
ਚੰਡੋਲ ਜਾਪਦੈ ਗੱਡਿਆ,
ਬੱਚੇ ਦੇਖ ਝੂਟਣ ਲੱਗੇ
ਅਖੇ ਅੱਗੇ ਕੀ ਰੱਖਿਆ?
ਖੂਨ ਚੂਸ ਗਰੀਬਾਂ ਦਾ
ਮਿਹਨਤ ਮੁਸ਼ੱਕਤ ਲੁੱਟੇ,
ਸੁਣੇ ਚੀਕ ਮਾਸੂਮ ਦੀ
ਜੋ ਫੜ੍ਹ ਕੈਦਾਂ ਵਿਚ ਸੁੱਟੇ।

*-ਸੇਵਾ ਸਿੰਘ ਨੂਰਪੁਰੀ*

# ਕਮਾਂਡਰ ਕਫਤਾਰ ਅਤੇ ਅਫਗਾਨ ਸਿਆਸਤ

***ਕਮਾਂਡਰ ਕਫਤਾਰ ਅਫਗਾਨਿਸਤਾਨ ਦੇ ਉਤਰ ਵਿਚ ਪੈਂਦੇ ਸੂਬੇ ਬਗਲਾਨ ਦੇ ਪਿੰਡ ਗਾਵੀ ਵਿਚ ਸੰਨ 1960 ਨੂੰ ਇਕ ਤਾਜਿਕ ਕਬੀਲੇ ਦੇ ਸਰਦਾਰ ਹਾਜੀ ਦਾਵਤ ਦੇ ਘਰ ਪੈਦਾ ਹੋਈ। ਉਹ ਬਚਪਨ ਤੋਂ ਹੀ ਆਪਣੇ ਪਿਤਾ ਦੀ ਬਹੁਤ ਅਜ਼ੀਜ਼ ਸੀ ਅਤੇ ਉਸ ਦੀ ਪਰਵਰਿਸ਼ ਪੁੱਤਾਂ ਵਾਂਗ ਹੀ ਹੋਈ ਪਰ ਔਰਤ ਪ੍ਰਤੀ ਸਥਾਨਕ ਵਰਤਾਰੇ ਅਨੁਸਾਰ ਮਹਿਜ਼ 15 ਸਾਲ ਦੀ ਉਮਰ ਵਿਚ ਹੀ ਉਸ ਦਾ ਨਿਕਾਹ ਹੋ ਗਿਆ। ਅਜੇ ਉਸ ਦੇ ਵਿਆਹ ਨੂੰ ਚਾਰ ਕੁ ਸਾਲ ਹੀ ਬੀਤੇ ਸਨ ਕਿ 1979 ਦੀ ਕ੍ਰਿਸਮਸ ਨੂੰ ਸੋਵੀਅਤ ਰੂਸ ਦੀ ਸੈਨਾ ਨੇ ਅਫਗਾਨਿਸਤਾਨ ਦੀ ਧਰਤੀ 'ਤੇ ਆਪਣੀ ਸੈਨਾ ਭੇਜ ਦਿੱਤੀ। ਅਫਗਾਨ ਜਦੋਂ ਰੂਸੀਆਂ ਖਿਲਾਫ ਉਠੇ ਤਾਂ ਕਫਤਾਰ ਛੇਤੀ ਹੀ ਮੁਜਾਹਿਦੀਨ ਕਮਾਂਡਰ ਬਣ ਕੇ ਉਭਰੀ। ਰੂਸ ਦੀ ਵਾਪਸੀ ਤੋਂ ਬਾਅਦ 1990ਵਿਆਂ ਜਦੋਂ ਤਾਲਿਬਾਨ ਹੋਂਦ ਵਿਚ ਆਏ ਤਾਂ ਉਸ ਦੇ ਸਾਥੀਆਂ ਨੇ ਇਨ੍ਹਾਂ ਖਿਲਾਫ ਵੀ ਲੋਹਾ ਲਿਆ। ਹੁਣ ਜਦੋਂ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ ਹੈ ਤਾਂ ਕਫਤਾਰ ਦੇ ਜੀਵਨ ਬਾਰੇ ਗੱਲਾਂ ਇਕ ਵਾਰ ਫਿਰ ਤੁਰੀਆਂ ਹਨ। ਇਸ ਔਰਤ ਕਮਾਂਡਰ ਬਾਰੇ ਚਰਚਾ ਆਸਟਰੇਲੀਆ ਵੱਸਦੇ ਸ਼ਾਇਰ ਸਰਬਜੀਤ ਸੋਹੀ ਨੇ ਆਪਣੇ ਲੇਖ ਵਿਚ ਕੀਤੀ ਹੈ।***

ਹਥਿਆਰ ਜਿਨ੍ਹਾਂ ਦੀ ਇਕ ਵਾਰੀ ਹੀ ਲੋੜ ਪਵੇਗੀ, ਜ਼ਿੰਦਗੀ ਭਰ ਚੁੱਕਣੇ ਪੈਂਦੇ ਨੇ। ਕਵਿਤਾ ਜੋ ਜੀਵਨ ਭਰ ਦੁਹਰਾਈ ਜਾਇਗੀ, ਇਕ ਵਾਰੀ ਵਿਚ ਲਿਖੀ ਜਾਂਦੀ ਏ। *-ਰਸੂਲ ਹਮਜ਼ਾਤੋਵ*

ਅਫਗਾਨਿਸਤਾਨ ਦੀ ਇਕਲੌਤੀ ਔਰਤ ਕਮਾਂਡਰ ਕਫਤਾਰ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਜਿਸ ਦੇਸ ਵਿਚ ਤਾਲਿਬਾਨ ਨੇ ਔਰਤ ਲਈ ਕਲਮ ਫੜਨ ਦੀ ਵੀ ਰੋਕ ਲਗਾਈ ਹੋਈ ਸੀ, ਉਥੇ ਔਰਤ ਗੁਰੀਲਾ ਕਮਾਂਡਰ ਕਫਤਾਰ ਨੇ 27 ਵਰ੍ਹੇ ਲਾਈਟ ਮਸ਼ੀਨਗੰਨ ਚੁੱਕੀ ਪਰ ਆਇਸ਼ਾਂ ਹਬੀਬੀ ਤੋਂ



**ਸਰਬਜੀਤ ਸੋਹੀ**

ਕਮਾਂਡਰ ਕਫਤਾਰ ਦਾ ਸਫਰ ਕੋਈ ਇੰਨਾ ਆਸਾਨ ਨਹੀਂ ਸੀ। ਸ਼ਾਇਦ ਚੜ੍ਹਦੀ ਜਵਾਨੀ ਵਿਚ ਆਪਣੀ ਜਨਮ ਭੂਮੀ ਲਈ ਬੰਦੂਕ ਫੜਨ ਵਾਲੀ ਬੀਬੀ ਆਇਸ਼ਾਂ ਹਬੀਬੀ ਨੇ ਕਦੀ ਇਹ ਸੋਚਿਆ ਵੀ ਨਹੀਂ ਹੋਵੇਗਾ ਕਿ ਹਥਿਆਰ ਉਸ ਦੀ ਹਯਾਤੀ ਦਾ ਸਦੀਵੀ ਹਿੱਸਾ ਬਣ ਜਾਣਗੇ। ਕਦੀ ਅਫਗਾਨ ਧਰਤੀ 'ਤੇ ਕਮਿਊਨਿਸਟ ਪੱਖੀ ਸਰਕਾਰ ਦੀ ਇਮਦਾਦ ਲਈ ਆਏ ਸੋਵੀਅਤ ਰੂਸ ਦੇ ਖਿਲਾਫ ਨੌਜਵਾਨ ਆਇਸ਼ਾਂ ਬੀਬੀ ਨੇ ਪਹਿਲੀ ਵਾਰ ਬੰਦੂਕ ਦੇ ਕੁੰਦੇ 'ਤੇ ਹੱਥ ਰੱਖਿਆ ਸੀ ਪਰ ਆਪਣੀ 61 ਸਾਲ ਦੀ ਉਮਰ ਵਿਚ ਹੁਣ ਤੱਕ ਹਥਿਆਰਾਂ ਨੇ ਕਮਾਂਡਰ ਕਫਤਾਰ (ਫਾਰਸੀ ਵਿਚ ਕਬੂਤਰੀ) ਨੂੰ ਕਦੀ ਵੀ ਵਾਪਸ ਪਰਵਾਜ਼ ਭਰਨ ਦੀ ਮੋਹਲਤ ਨਹੀਂ ਦਿੱਤੀ। ਹਥਿਆਰ ਉਸ ਦੀ ਅੰਤਿਮ ਹੋਣੀ ਹੋ ਨਿਬੜੇ ਹਨ।

ਕਮਾਂਡਰ ਕਫਤਾਰ ਅਫਗਾਨਿਸਤਾਨ ਦੇ ਉਤਰ ਵਿਚ ਪੈਂਦੇ ਸੂਬੇ ਬਗਲਾਨ ਦੇ ਪਿੰਡ ਗਾਵੀ ਵਿਚ ਸੰਨ 1960 ਨੂੰ ਇਕ ਤਾਜਿਕ ਕਬੀਲੇ ਦੇ ਸਰਦਾਰ ਹਾਜੀ ਦਾਵਤ ਦੇ ਘਰ ਪੈਦਾ ਹੋਈ। ਉਹ ਆਪਣੇ ਮਾਪਿਆਂ ਦੇ ਘਰ ਪੈਦਾ ਹੋਏ ਦਸਾਂ ਬੱਚਿਆਂ ਵਿਚੋਂ ਵਿਚਕਾਰਲੇ ਸਥਾਨ 'ਤੇ ਸੀ। ਉਹ ਬਚਪਨ ਤੋਂ ਹੀ ਆਪਣੇ ਪਿਤਾ ਦੀ ਬਹੁਤ ਅਜ਼ੀਜ਼ ਸੀ ਅਤੇ ਉਸ ਦੀ ਪਰਵਰਿਸ਼ ਪੁੱਤਾਂ ਵਾਂਗ ਹੀ ਹੋਈ ਪਰ ਔਰਤ ਪ੍ਰਤੀ ਸਥਾਨਕ ਵਰਤਾਰੇ ਅਨੁਸਾਰ ਮਹਿਜ਼ 15 ਸਾਲ ਦੀ ਉਮਰ ਵਿਚ ਹੀ ਉਸ ਦਾ ਨਿਕਾਹ ਹੋ ਗਿਆ। ਅਜੇ ਉਸ ਦੇ ਵਿਆਹ ਨੂੰ ਚਾਰ ਕੁ ਸਾਲ ਹੀ ਬੀਤੇ ਸਨ ਕਿ 1979 ਦੀ ਕ੍ਰਿਸਮਸ ਨੂੰ ਸੋਵੀਅਤ ਰੂਸ ਦੀ ਸੈਨਾ ਨੇ ਅਫਗਾਨਿਸਤਾਨ ਦੀ ਧਰਤੀ 'ਤੇ ਆਪਣੀ ਭਾਰੀ ਸੈਨਾ ਭੇਜ ਦਿੱਤੀ। ਕਫਤਾਰ ਦੇ ਪਿੰਡ ਵਾਲਿਆਂ ਨੇ ਪੱਥਰਾਂ ਅਤੇ ਹੋਰ ਚੀਜ਼ਾਂ ਨਾਲ ਪਿੰਡ ਦੀ ਨਾਕਾਬੰਦੀ ਕਰ ਦਿੱਤੀ ਤਾਂ ਕਿ ਸੋਵੀਅਤ ਸੈਨਿਕਾਂ ਨੂੰ ਪਿੰਡ ਵਿਚ ਨਾ ਵੜਨ ਦਿੱਤਾ ਜਾਵੇ ਪਰ ਇਕ ਦਿਨ ਉਨ੍ਹਾਂ ਧਾਵਾ ਬੋਲ ਦਿੱਤਾ। ਪਿੰਡ ਵਾਲਿਆਂ ਨੇ ਬੰਦੂਕਾਂ ਅਤੇ ਹੋਰ ਹਥਿਆਰਾਂ ਨਾਲ ਡਟ ਕੇ ਮੁਕਾਬਲਾ ਕੀਤਾ ਅਤੇ ਸੋਵੀਅਤ ਸੈਨਿਕਾਂ ਨੂੰ ਖਦੇੜ ਦਿੱਤਾ। ਇਸ ਤੋਂ ਬਾਅਦ ਛੋਟੀਆਂ-ਮੋਟੀਆਂ ਝੜਪਾਂ ਹੁੰਦੀਆਂ ਰਹੀਆਂ ਪਰ ਆਪਣੀ ਰਵਾਨਗੀ ਤੱਕ ਰਸ਼ੀਅਨ ਫੌਜੀ ਅਤੇ ਉਨ੍ਹਾਂ ਦੇ ਅਫਗਾਨ ਏਜੰਟ ਕਫਤਾਰ ਦੇ ਪਿੰਡ ਵੱਲ ਮੂੰਹ ਨਾ ਕਰ ਸਕੇ। ਇਕ ਵਾਰ ਸੋਵੀਅਤ ਸੈਨਿਕ ਠਾਹਰ 'ਤੇ ਹਮਲਾ ਕਰਕੇ ਕਫਤਾਰ ਅਤੇ ਉਸ ਦੇ ਸਾਥੀ ਅਸਲ੍ਹੇ ਦਾ ਵੱਡਾ ਜ਼ਖੀਰਾ ਲੁੱਟ ਕੇ ਲੈ ਆਏ। ਉਦੋਂ ਤੋਂ ਉਸ ਕੋਲ 100 ਗੋਲੀ ਡ੍ਰੰਮ ਵਾਲੀ ਲਾਈਟ ਮਸ਼ੀਨਗੰਨ ਅਤੇ ਪਿਸਟਲ ਸਾਂਭਿਆ ਪਿਆ ਹੈ।





*ਅਫਗਾਨ ਕਮਾਂਡਰ ਕਫਤਾਰ ਦੀ ਹਾਲੀਆ ਤਸਵੀਰ ਅਤੇ (ਸੱਜੇ) ਜਵਾਨੀ ਵੇਲੇ।*

ਹੌਲੀ-ਹੌਲੀ ਅਫਗਾਨਾਂ ਦੀ ਵਤਨਪ੍ਰਸਤੀ ਅਤੇ ਲੜਾਕੂ ਪਰੰਪਰਾ ਅੱਗੇ ਸੋਵੀਅਤ ਰੂਸ ਨੂੰ ਹਾਰ ਮੰਨਣੀ ਪਈ। ਸੰਨ 1989 ਵਿਚ ਸੋਵੀਅਤ ਰੂਸ ਨੂੰ ਆਖਰਕਾਰ ਅਫਗਾਨਿਸਤਾਨ ਦੀ ਧਰਤੀ ਤੋਂ ਨਿਕਲਣਾ ਪਿਆ। ਸੋਵੀਅਤ ਸੈਨਿਕਾਂ ਦੀ ਵਾਪਸੀ ਨਾਲ ਕਫਤਾਰ ਤੇ ਉਸ ਦੇ ਕਬੀਲੇ ਨੂੰ ਅਮਨਸ਼ਾਂਤੀ ਦੀ ਉਮੀਦ ਬੱਝੀ ਸੀ ਪਰ ਅਫਗਾਨ ਗਰੁੱਪਾਂ ਦੀ ਸੱਤਾ ਲਈ ਹੋਈ ਖਾਨਾਜੰਗੀ ਵਿਚ ਇਹ ਹਥਿਆਰ ਉਸ ਨੂੰ ਸੁੱਟਣ ਦਾ ਮੌਕਾ ਨਸੀਬ ਨਾ ਹੋਇਆ। ਪੰਜ ਸ਼ੀਰ ਦੇ ਸ਼ੇਰ ਕਹੇ ਜਾਣ ਵਾਲੇ ਅਫਗਾਨਿਸਤਾਨ ਦੇ ਸਭ ਤੋਂ ਸਨਮਾਨਿਤ ਲੜਾਕੂ ਜਰਨੈਲ ਅਹਿਮਦ ਸ਼ਾਹ ਮਸੂਦ ਦੀ ਧਿਰ ਨਾਲ ਕੰਮ ਕਰਦਿਆਂ ਕਫਤਾਰ ਨੇ ਤਾਲਿਬਾਨ ਸਮੇਤ ਹਰ ਵਿਰੋਧੀ ਗਰੁੱਪ ਦੀ ਡਟ ਕੇ ਮੁਖਾਲਫਤ ਕੀਤੀ। 1996 ਵਿਚ ਜਦੋਂ 90 ਫੀਸਦ ਅਫਗਾਨਿਸਤਾਨ ਤਾਲਿਬਾਨ ਦੇ ਕਬਜ਼ੇ ਹੇਠ ਆ ਗਿਆ ਤਾਂ ਵੀ ਉਹ ਕਫਤਾਰ ਦੇ ਖੇਤਰ ਵਿਚ ਪੈਰ ਪਾਉਣ ਤੋਂ ਤ੍ਰਭਕਦੇ ਸਨ। ਉਤਰੀ ਗਠਜੋੜ ਦਾ ਕੇਂਦਰ ਬਿੰਦੂ ਕਫਤਾਰ ਦੇ ਆਲੇ-ਦੁਆਲੇ ਦੇ ਪਹਾੜੀ ਪਿੰਡ ਹੀ ਸਨ।

ਸੱਤਾ 'ਤੇ ਪੂਰੀ ਕੰਟਰੋਲ ਤੋਂ ਬਾਅਦ ਤਾਲਿਬਾਨ ਨੇ ਕਫਤਾਰ ਅਤੇ ਉਸ ਦੇ ਕਬੀਲੇ ਵਾਲਿਆਂ 'ਤੇ ਕਈ ਜਾਨਲੇਵਾ ਹਮਲੇ ਕੀਤੇ। ਆਏ ਦਿਨ ਉਹਦੇ ਘਰ ਗੋਲੀਆਂ ਵਰ੍ਹਦੀਆਂ। ਉਸ ਦੇ ਦੋ ਪੁੱਤ ਰਣਭੂਮੀ ਵਿਚ ਮਾਰੇ ਗਏ ਪਰ ਉਸ ਨੇ ਹਿੰਮਤ ਨਹੀਂ ਹਾਰੀ। ਉਸ ਦੇ ਲੜਾਕਿਆਂ ਨੇ ਇਕ ਵਾਰ 50 ਦੇ ਕਰੀਬ ਹਮਲਾ ਕਰਨ ਵਾਲੇ ਤਾਲਿਬਾਨ ਨੂੰ ਕੈਦੀ ਬਣਾ ਲਿਆ ਸੀ। ਬਾਹਰੀ ਮਹਾਂ ਸ਼ਕਤੀ ਸੋਵੀਅਤ ਰੂਸ ਖਿਲਾਫ ਜਾਨ ਦੀ ਪ੍ਰਵਾਹ ਕੀਤੇ ਬਿਨਾ ਲੜਨ ਵਾਲੀ ਕਫਤਾਰ ਨੇ ਅੰਦਰੂਨੀ ਦੁਸ਼ਮਣਾਂ ਦੇ ਖਿਲਾਫ ਵੀ ਜਾਨ ਜੋਖਮ ਵਿਚ ਪਾ ਕੇ ਤਾਲਿਬਾਨ ਨੂੰ ਲਗਾਤਾਰ ਚੁਣੌਤੀ ਦੇਈ ਰੱਖੀ। ਸੰਨ 2001 ਵਿਚ ਜਦੋਂ ਅਮਰੀਕਨ ਫੌਜੀਆਂ ਨੇ ਅਫਗਾਨ ਧਰਤੀ 'ਤੇ ਕਦਮ ਰੱਖਿਆ ਤਾਂ ਫਿਰ ਉਸ ਨੂੰ ਆਸ ਬੱਝੀ ਸੀ ਕਿ ਸ਼ਾਇਦ ਇਸ ਖਿੱਤੇ ਵਿਚ ਅਮਨ ਦੀ ਬਹਾਲੀ ਹੋ ਜਾਏਗੀ ਪਰ ਜਲਦੀ ਹੀ ਉਹ ਪਰਿਵਾਰਕ ਦੁਸ਼ਮਣੀ ਵਿਚ ਉਲਝ ਗਈ।

ਕਫਤਾਰ ਬੀਬੀ ਦੀ ਇਕ ਭੈਣ ਉਸੇ ਖੇਤਰ ਵਿਚ ਰਹਿੰਦੀ ਹੈ। ਇਕ ਰਾਤ ਕਮਾਂਡਰ ਕਫਤਾਰ ਦੇ ਇਕ ਪੋਤਰੇ ਨੇ ਉਸ ਦੇ ਭਣੇਵੇਂ ਨੂੰ ਝਗੜੇ ਦੌਰਾਨ ਗੋਲੀ ਮਾਰ ਦਿੱਤੀ। ਇਥੋਂ ਹੀ ਫਿਰ ਕਫਤਾਰ ਦੀਆਂ ਰਾਤਾਂ ਦੀ ਨੀਂਦ ਹਰਾਮ ਹੋ ਗਈ। ਗਲਤੀ ਭਾਵੇਂ ਕਿਸੇ ਦੀ ਵੀ ਹੋਵੇ ਪਰ ਦੋਵਾਂ ਪਰਿਵਾਰਾਂ ਨੇ ਇਸ ਲੜਾਈ ਦਾ ਬਹੁਤ ਸੇਕ ਝੱਲਿਆ। ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣੀਆਂ ਦੋ ਭੈਣਾਂ ਦੇ ਪਰਿਵਾਰਾਂ ਦਰਮਿਆਨ ਵਰ੍ਹਿਆਂ ਬੱਧੀ ਗੋਲਾਬਾਰੀ ਚੱਲਦੀ ਰਹੀ। ਇਸ ਖੂਨੀ ਕਸ਼ਮਕਸ਼ ਵਿਚ ਹੁਣ ਤੱਕ ਦੋਵਾਂ ਪਰਿਵਾਰਾਂ ਦੇ 12 ਜੀਅ ਮਾਰੇ ਜਾ ਚੁੱਕੇ ਹਨ ਅਤੇ 7 ਜ਼ਖਮੀ ਹੋਏ ਹਨ। ਇਸ ਲਹੂ ਵੀਟਵੀਂ ਖਹਿਬਾਜ਼ੀ ਵਿਚ ਕਫਤਾਰ ਨੇ ਭਾਵੇਂ ਆਪਣਾ ਹੌਸਲਾ ਸਾਬਤ ਰੱਖਿਆ ਹੈ ਪਰ ਆਪਣੇ ਹੀ ਦੋਵਾਂ ਪਰਿਵਾਰਾਂ ਦੇ ਡੁੱਲ੍ਹੇ ਲਹੂ ਨੇ ਉਸ ਦੀ ਬੜ੍ਹਕ ਨੂੰ ਢਾਹ ਲਾਈ ਹੈ। ਇਕ ਸਥਾਨਕ ਕਮਿਸ਼ਨ ਨੇ ਉਸ ਨੂੰ ਆਪਣੀ ਭੈਣ ਦੇ ਪਰਿਵਾਰ ਨੂੰ ਭਰਪਾਈ ਵਜੋਂ 20000 ਰੁਪਏ ਅਦਾ ਕਰਨ ਦਾ ਹੁਕਮ ਦਿੱਤਾ ਸੀ ਪਰ ਇਸ ਤੋਂ ਬਾਅਦ ਵੀ ਇਸ ਅੱਗ ਦਾ ਸੇਕ ਦੋਵਾਂ ਪਰਿਵਾਰਾਂ ਨੂੰ ਮਹਿਸੂਸ ਹੋ ਰਿਹਾ ਹੈ।

ਅਕਤੂਬਰ 2020 ਕਮਾਂਡਰ ਕਫਤਾਰ ਦੇ ਤਾਲਿਬਾਨ ਨਾਲ ਰਲ ਜਾਣ ਦੀਆਂ ਕਨਸੋਆਂ ਵੀ ਮਿਲੀਆਂ ਸਨ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕਫਤਾਰ ਨੇ ਕੋਈ ਸਮਝੌਤਾ ਕੀਤਾ ਵੀ ਹੈ ਜਾਂ ਤਾਲਿਬਾਨ ਨੇ ਮਹਿਜ਼ ਬਿਆਨ ਹੀ ਦਿੱਤਾ ਹੈ। ਜੋ ਵੀ ਹੈ, ਅਫਗਾਨਿਸਤਾਨ ਦੀ ਇਕਲੌਤੀ ਔਰਤ ਕਮਾਂਡਰ ਕਫਤਾਰ ਵਲੋਂ ਬੁਜ਼ਦਿਲਾਂ ਵਾਂਗੂ ਕਤਲ ਹੋ ਜਾਣ ਦੀ ਬਜਾਏ ਲੜਦਿਆਂ ਮਰ ਜਾਣ ਨੂੰ ਦਿੱਤੀ ਤਰਜੀਹ ਲਈ ਉਹ ਸਿਜਦੇ ਦੇ ਕਾਬਲ ਹੈ। ਪਿਤਰ ਸੱਤਾ ਨਾਲ ਭਰੇ ਹੋਏ ਸਮਾਜ ਵਿਚ ਆਪਣੇ ਅਸਤਿਤਵ ਨੂੰ ਸ਼ਾਨ ਨਾਲ ਕਾਇਮ ਰੱਖਣਾ ਕੋਈ ਸਾਧਾਰਨ ਗੱਲ ਨਹੀਂ।





*ਆਪਣੇ ਲੜਾਕੇ ਸਾਥੀਆਂ ਨਾਲ ਕਮਾਂਡਰ ਕਫਤਾਰ ਦੀਆਂ ਦੋ ਤਸਵੀਰਾਂ।*

# ਪਠਾਣ ਅਤੇ ਪ੍ਰੋ. ਮੋਹਨ ਸਿੰਘ ਦੀ ਕਵਿਤਾ

***ਹਰੀ ਸਿੰਘ ਨਲਵੇ ਨੇ ਭਾਵੇਂ ਕਈ ਮੁਹਿੰਮਾਂ ਬਾਅਦ ਪੇਸ਼ਾਵਰ ਜਿੱਤ ਕੇ ਇਸ ਨੂੰ ਸਿੱਖ ਸਾਮਰਾਜ ਵਿਚ ਸ਼ਾਮਿਲ ਕਰ ਲਿਆ ਸੀ ਪਰ ਇਸ ਤੋਂ ਅੱਗੇ ਵਧਣ ਦੀ ਜੁਰਅਤ ਐਨੀ ਸੌਖੀ ਨਹੀਂ ਸੀ। ਇਸ ਤੋਂ ਅਗਲੀ ਅਫਗਾਨ ਧਰਤੀ ਨਿਰੋਲ ਪਖਤੂਨ ਕਬੀਲੇ ਦੀ ਸੀ। ਪਖਤੂਨਾਂ ਦੀ ਕੌਮਪ੍ਰਸਤੀ ਦਾ ਵੀ ਕੋਈ ਸਾਨੀ ਨਹੀਂ ਹੈ। ਇਸ ਬਾਰੇ ਪ੍ਰੋ. ਮੋਹਨ ਸਿੰਘ ਨੇ ਆਹਲਾ ਦਰਜੇ ਦੀ ਕਵਿਤਾ ਲਿਖੀ ਹੈ। ਇਸ ਕਵਿਤਾ ਦੀ ਮੰਜ਼ਰ ਨਿਗਾਰੀ ਕਮਾਲ ਦੀ ਹੈ। ਇਸ ਗੱਲੋਂ ਵੀ ਇਹ ਕਵਿਤਾ ਮਹਾਨ ਹੈ ਕਿ ਬਹਾਦਰੀ, ਜਾਂਬਾਜ਼ੀ, ਪ੍ਰੇਮ ਜਾਂ ਕੋਈ ਹੋਰ ਗੁਣ ਦੁਸ਼ਮਣ ਵਿਚ ਵੀ ਹੋਵੇ ਤਾਂ ਉਸ ਨੂੰ ਆਫਰੀਨ ਕਹਿਣਾ ਬਣਦਾ ਹੈ। ਪ੍ਰੋ. ਮੋਹਨ ਸਿੰਘ ਨੇ ਜਿਸ ਕਲਾ, ਸੁਹਿਰਦਤਾ ਅਤੇ ਸ਼ਿੱਦਤ ਨਾਲ ਇਸ ਹੁਨਰ ਅਤੇ ਖਲੂਸ ਨੂੰ ਨਿਭਾਇਆ ਹੈ, ਇਸ ਦਾ ਕੋਈ ਜਵਾਬ ਨਹੀਂ ਹੈ:***



## ਦੇਸ਼ ਪਿਆਰ

ਰੁੱਖੇ ਪਰਬਤ ਖੈਬਰੀ, ਦਿੱਸੇ ਨਾ ਤੀਲਾ
ਖੱਡਾਂ ਵਾਛਾਂ ਅੱਡੀਆਂ, ਸੱਜੇ ਤੇ ਖੱਬੇ।
ਸਿਰ-ਤਲਵਾਈਆਂ ਘਾਟੀਆਂ ਨਾ ਚੱਲੇ ਹੀਲਾ,
ਕਿੱਲੀ ਖਾਨ ਜ਼ਮਾਨ ਦੀ ਚੋਟੀ ਤੇ ਫੱਬੇ।

ਪੈਰਾਂ ਵਿਚ ਪਹਾੜ ਦੇ ਚਾਰੇ ਹੀ ਪਾਸੇ,
ਹਰੀ ਸਿੰਘ ਸਰਦਾਰ ਨੇ ਸਨ ਡੇਰੇ ਲਾਏ।
ਘੇਰਾ ਚਿੱਟੇ ਤੰਬੂਆਂ ਦਾ ਏਦਾਂ ਭਾਸੇ,
ਜਿਉਂ ਜੱਟੀ ਦੇ ਪੈਰ ਵਿਚ ਪਾਜੇਬ ਸੁਹਾਏ।

ਰਾਹ ਕਿੱਲੀ ਦਾ ਲੁਕਵਾਂ ਸੀ ਐਸਾ ਕੋਈ,
ਭੇਤੀ ਬਾਝੋਂ ਕਠਨ ਸੀ ਉਸ ਤਾਈਂ ਪਾਣਾ।
ਚੱਪਾ ਚੱਪਾ ਖੋਜੀਆਂ ਨੇ ਧਰਤੀ ਟੋਹੀ,
ਲੱਭਾ ਨਾ ਪਰ ਓਸ ਦਾ ਕੋਈ ਰਾਹ ਟਿਕਾਣਾ।

ਇਕ ਦਿਹਾੜੇ ਖੋਜੀਆਂ ਡਿੱਠੇ ਸਭਿਆਰੇ
ਨਾਲ ਪਹਾੜੀ ਛਹਿਟ ਕੇ ਦੋ ਬੰਦੇ ਲੱਗੇ:
ਇਕ ਅਲੂੰਆਂ ਛੋਕਰਾ, ਇਕ ਬੁੱਢੇ ਵਾਰੇ,



ਪਕੜ ਲਿਆਏ ਦੋਹਾਂ ਨੂੰ ਨਲੂਏ ਦੇ ਅੱਗੇ।

ਕਰ ਕੇ ਮੁੱਛਾਂ ਕੁੰਢੀਆਂ ਤੇ ਚਿਹਰਾ ਸੂਹਾ
ਵੱਲ ਉਨ੍ਹਾਂ ਦੇ ਕਦਮ ਦੋ ਨਲੂਏ ਨੇ ਪੁੱਟੇ:
ਛੇਤੀ ਛੇਤੀ ਦੱਸ ਦਿਉ ਕਿੱਲੀ ਦਾ ਬੂਹਾ,
ਨਹੀਂ ਤਾਂ ਅੰਦਰ ਖੱਡ ਦੇ ਜਾਓਗੇ ਸੁੱਟੇ।

ਬਿਟ ਬਿਟ ਬੁੱਢੇ ਵੇਖਿਆ ਸੱਜੇ ਤੋਂ ਖੱਬੇ
ਇਕ ਦਰ ਖੱਡਾਂ ਡੂੰਘੀਆਂ, ਇਕ ਦਰ ਤਲਵਾਰਾਂ।
ਮਾਰ ਖੰਘੂਰਾ ਬੋਲਿਆ, ਜੇ ਹਟਣ ਸੱਭੇ
ਕੱਲਾ ਅੱਗੇ ਸ਼ੇਰ ਦੇ ਮੈਂ ਅਰਜ਼ ਗੁਜ਼ਾਰਾਂ

ਕਰ ਕੇ ਅੱਖਾਂ ਨਿੱਕੀਆਂ ਤੇ ਵਾਜ ਛੁਟੇਰੀ ,
ਹੌਲੀ ਹੌਲੀ ਆਖਿਆ ਫਿਰ ਬੁੱਢੇ ਬਾਵੇ:
ਰਾਹ ਕਿੱਲੀ ਦਾ ਦੱਸਨਾਂ ਮੈਂ ਲੱਖਾਂ ਵੇਰੀ ,
ਖੌਫ ਆਪਣੇ ਪੁੱਤ ਦਾ ਪਰ ਮੈਨੂੰ ਖਾਵੇ।

ਬੀਬੀ ਦਾਹੜੀ ਰੱਖ ਕੇ ਮੈਂ ਕਿੱਦਾਂ ਵੇਚਾਂ
ਪੁੱਤਰ ਸਾਹਵੇਂ ਇੱਜ਼ਤਾਂ ਸਿੰਘਾ ਸਰਦਾਰਾ।
ਸੁੱਟ ਦਿਓ ਜੇ ਓਸ ਨੂੰ ਦੰਦੀ ਤੋਂ ਹੇਠਾਂ,
ਰਾਹ ਕਿੱਲੀ ਦਾ ਖੋਲ੍ਹ ਕੇ ਮੈਂ ਦੱਸਾਂ ਸਾਰਾ।

ਚਾਇਆ ਇਕ ਜਵਾਨ ਨੇ ਮੁੰਡੇ ਨੂੰ ਸੁੱਕਾ,
ਵਿਚ ਪਤਾਲੀ ਖੱਡ ਦੇ ਸਿਰ ਪਰਨੇ ਵਾਹਿਆ।
ਹੋਇਆ ਨੱਢਾ ਢਹਿੰਦਿਆਂ ਹੀ ਤੁੱਕਾ ਤੁੱਕਾ,
ਵੱਟ ਕੇ ਮੁੱਛਾਂ ਬੁੱਢੜੇ ਲਲਕਾਰਾ ਲਾਇਆ।

ਨਹੀਂ ਸੀ ਤੈਨੂੰ ਦੱਸਿਆ ਪਹਿਲਾਂ ਸਰਦਾਰਾ,
ਆਪਣੇ ਨਿੱਕੇ ਪੁੱਤ ਦਾ ਡਰ ਮੈਨੂੰ ਖਾਵੇ?
ਮਤਾਂ ਅਲੂੰਆਂ ਛੋਕਰਾ ਤਕ ਲਸ਼ਕਰ ਭਾਰਾ,
ਆਪਣੀ ਅਣਖੀ ਕੌਮ ਨੂੰ ਨਾ ਵੱਟਾ ਲਾਵੇ!

ਨਾ ਹੁਣ ਖੱਡਾਂ ਪੋਂਹਦੀਆਂ ਨਾ ਧਮਕੀ ਕਾਈ,
ਨਾ ਤਲਵਾਰਾਂ ਨੰਗੀਆਂ, ਨਾ ਚਿਹਰਾ ਸੂਹਾ।
ਹਿੱਕ ਬੁੱਢੇ ਦੀ ਚੀਰ ਕੇ ਤੇਰੀ ਸਰਵਾਹੀ,
ਲੱਭੇਗੀ ਹੁਣ ਸੋਹਣਿਆ ਕਿੱਲੀ ਦਾ ਬੂਹਾ।

# ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੀ ਫਰੇਬੀ ਜੰਗ

***ਨਸ਼ਾ ਤਸਕਰੀ ਪੰਜਾਬ ਦੀ ਹਰ ਚੋਣ ਦੌਰਾਨ ਮੁੱਖ ਮੁੱਦਾ ਬਣਦਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗੁਟਕੇ ਦੀ ਸਹੁੰ ਖਾ ਕੇ 'ਇਕ ਮਹੀਨੇ ਅੰਦਰ ਨਸ਼ੇ ਖਤਮ ਕਰਨ' ਦਾ ਵਾਅਦਾ ਕਰਕੇ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਵੋਟਾਂ 'ਚ ਢਾਲਿਆ ਸੀ। ਨਸ਼ਿਆਂ ਵਿਰੁੱਧ ਹੁਕਮਰਾਨਾਂ ਦੀ ਝੂਠੀ ਜੰਗ ਦੀ ਅਸਲੀਅਤ ਕੀ ਹੈ, 'ਕਾਰਵਾਂ' ਮੈਗਜ਼ੀਨ ਦੇ ਖੋਜੀ ਪੱਤਰਕਾਰਾਂ ਪ੍ਰਭਜੀਤ ਸਿੰਘ ਅਤੇ ਜਤਿੰਦਰ ਕੌਰ ਤੁੜ ਵੱਲੋਂ ਡੂੰਘਾਈ ਵਿਚ ਕੀਤੀ ਛਾਣਬੀਣ ਅੱਖਾਂ ਖੋਲ੍ਹਣ ਵਾਲੇ ਖੁਲਾਸੇ ਕਰਦੀ ਹੈ। ਇਸ ਲੰਮੀ, ਖਾਸ ਰਿਪੋਰਟ ਦੀ ਪਹਿਲੀ ਕਿਸ਼ਤ ਦਾ ਅਨੁਵਾਦ ਪਾਠਕਾਂ ਲਈ ਹਾਜ਼ਰ ਹੈ। ਇਸ ਰਪੋਰਟ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

**ਵਿਸ਼ੇਸ਼ ਰਿਪੋਰਟ**

ਦਸੰਬਰ 2015 ਵਿਚ ਬਠਿੰਡਾ ਜ਼ਿਲ੍ਹੇ ਵਿਚ ਸਰਗਰਮੀਆਂ ਦੀ ਗਹਿਮਾ-ਗਹਿਮੀ ਸੀ। ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਸੱਤਾ ਵਿਚ ਸੀ, ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਨਵੀਂ ਬਣੀ ਆਮ ਆਦਮੀ ਪਾਰਟੀ ਆਪਣੇ ਦਿੱਲੀ ਦੇ ਗੜ੍ਹ ਤੋਂ ਪਾਰ ਕੌਮੀ ਸਿਆਸਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ। ਮੁੱਖ ਵਿਰੋਧੀ ਪਾਰਟੀ ਕਾਂਗਰਸ, 2017 ਵਿਧਾਨ ਸਭਾ ਚੋਣਾਂ ਲਈ ਆਪਣੀ ਮੁਹਿੰਮ ਦਾ ਆਗਾਜ਼ ਤਲਵੰਡੀ ਸਾਬੋ ਵਿਚ ਵੱਡੀ ਰੈਲੀ ਕਰਕੇ ਕਰ ਰਹੀ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਚੁਣੇ ਪ੍ਰਧਾਨ ਅਮਰਿੰਦਰ ਸਿੰਘ ਨੇ ਭਾਸ਼ਣ ਦੇਣਾ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਉਦੋਂ ਮਹੀਨਾ ਪਹਿਲਾਂ ਹੀ ਦਾਅਵਾ ਕੀਤਾ ਸੀ ਕਿ ਕਾਂਗਰਸੀ ਨੇਤਾ ਭੀੜ ਨਹੀਂ ਜੁਟਾ ਸਕਣਗੇ। ਬਠਿੰਡਾ ਬਾਦਲਾਂ ਦਾ ਗੜ੍ਹ ਹੈ।

ਮੰਚ 'ਤੇ ਕਾਂਗਰਸੀ ਮੈਂਬਰਾਂ ਦੀ ਭੀੜ ਸੀ ਜੋ ਇਕ ਦੂਜੇ ਤੋਂ ਅੱਗੇ ਹੋ ਕੇ ਜਗ੍ਹਾ ਲੈਣ ਦੀ ਕੋਸ਼ਿਸ਼ ਕਰ ਰਹੇ ਸਨ। ਵਿਚਕਾਰ ਖੜ੍ਹੇ ਅਮਰਿੰਦਰ ਨੇ ਆਪਣੇ ਹੱਥ ਧੋਣ ਲਈ ਪਾਣੀ ਮੰਗਿਆ। ਫਿਰ,

**ਪ੍ਰਭਜੀਤ ਸਿੰਘ**
**ਜਤਿੰਦਰ ਕੌਰ ਤੁੜ**
**ਅਨੁਵਾਦ: ਬੂਟਾ ਸਿੰਘ**

ਉਸ ਨੇ ਆਪਣੇ ਇਕ ਪਾਰਟੀ ਸਹਿਯੋਗੀ ਨੂੰ ਗੁਟਕਾ ਦੇਣ ਲਈ ਕਿਹਾ। ਉਸ ਨੇ ਆਪਣੇ ਖੱਬੇ ਹੱਥ ਵਿਚ ਗੁਟਕਾ ਲਿਆ ਅਤੇ ਕਿਹਾ, "ਇਹ ਹੈ ਗੁਟਕਾ ਸਾਹਿਬ, ਤੇ ਉਥੇ, ਤਿੰਨ ਕਿਲੋਮੀਟਰ ਦੂਰ ਦਮਦਮਾ ਸਾਹਿਬ ਹੈ। ਇਹ ਸਥਾਨ ਸਿੱਖ ਧਰਮ ਦੇ ਪਵਿੱਤਰ ਸਥਾਨਾਂ ਵਿਚੋਂ ਇਕ ਹੈ। ਅਮਰਿੰਦਰ ਸਿੰਘ ਨੇ ਕੁਝ ਖਾਸ ਵਾਅਦੇ ਕੀਤੇ।

ਉਸ ਨੇ ਐਲਾਨ ਕੀਤਾ, "ਚਾਰ ਹਫਤਿਆਂ 'ਚ ਨਸ਼ਿਆਂ ਦਾ ਲੱਕ ਤੋੜ ਕੇ ਛੱਡੂੰ"। ਭੀੜ ਤਾੜੀਆਂ ਨਾਲ ਗੂੰਜ ਉਠੀ। ਉਨ੍ਹਾਂ ਇਹ ਵੀ ਕਿਹਾ ਕਿ ਉਹ ਭ੍ਰਿਸ਼ਟਾਚਾਰ ਨੂੰ ਖਤਮ ਕਰੇਗਾ, ਨੌਜਵਾਨਾਂ ਅੰਦਰ ਬੇਰੁਜ਼ਗਾਰੀ ਘਟਾਏਗਾ ਅਤੇ "ਬਾਦਲ ਸਰਕਾਰ ਦੁਆਰਾ ਕਾਂਗਰਸੀ ਕਾਡਰਾਂ ਵਿਰੁਧ ਦਰਜ ਸਾਰੀਆਂ ਐਫ.ਆਈ.ਆਰ. ਰੱਦ ਕੀਤੀਆਂ ਜਾਣਗੀਆਂ"। "ਮੈਂ ਇਹ ਸਭ ਕਰਨ ਲਈ ਆਪਣੇ ਦਸਵੇਂ ਗੁਰੂ ਦੇ ਨਾਂ 'ਤੇ ਸਹੁੰ ਚੁੱਕੀ ਹੈ", ਉਹਨੇ ਇਕ ਵਾਰ ਫਿਰ ਗੁਟਕਾ ਚੁੱਕਦਿਆਂ ਕਿਹਾ, "ਜੇ ਤੁਸੀਂ ਪੁੱਛਦੇ ਹੋ ਕਿ ਮੈਂ ਇਸ ਨੂੰ ਕਿਵੇਂ ਪ੍ਰਾਪਤ ਕਰ ਸਕਾਂਗਾ, ਸਿਰਫ ਸਮਾਂ ਹੀ ਦੱਸੇਗਾ।"

ਇਹ ਨਾਟਕੀ ਘਟਨਾ ਸੀ ਜਿਸ ਨੂੰ ਪੰਜਾਬ ਦੇ ਵੋਟਰ ਭੁੱਲ ਨਹੀਂ ਸਕਣਗੇ। ਰੈਲੀ ਵਿਚ ਉਨ੍ਹਾਂ ਨੂੰ ਕਈ ਵਾਰ 'ਭਵਿੱਖ ਦਾ ਮੁੱਖ ਮੰਤਰੀ' ਕਿਹਾ ਗਿਆ। ਅਗਲੇ ਸਾਲ 2016 ਵਿਚ ਆਮ ਆਦਮੀ ਪਾਰਟੀ ਨੇ ਵੀ ਨਸ਼ਿਆਂ ਦੇ ਮੁੱਦੇ 'ਤੇ ਜਨਤਕ ਦਬਾਓ ਬਣਾਇਆ, ਆਪਣੇ ਵਾਅਦੇ ਕੀਤੇ। ਪਾਰਟੀ ਨੇ ਅਮਰਿੰਦਰ 'ਤੇ ਪੰਜਾਬ ਦੇ ਡਰੱਗ ਸੰਕਟ ਨਾਲ ਜੁੜੇ ਸਭ ਤੋਂ ਵਿਵਾਦਪੂਰਨ ਬੰਦਿਆਂ 'ਚੋਂ ਇਕ ਬਿਕਰਮ ਸਿੰਘ ਮਜੀਠੀਆ ਬਾਰੇ ਨਰਮ ਰਵੱਈਆ ਅਖਤਿਆਰ ਕਰਨ ਦਾ ਦੋਸ਼ ਲਾਇਆ। ਸੁਖਬੀਰ ਸਿੰਘ ਬਾਦਲ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਉਸ ਸਮੇਂ ਮਾਲ ਮੰਤਰੀ ਸੀ ਅਤੇ ਆਗਾਮੀ ਚੋਣਾਂ ਮਜੀਠਾ ਦੇ ਆਪਣੇ ਜੱਦੀ ਹਲਕੇ ਤੋਂ ਲੜਨਾ ਚਾਹੁੰਦਾ ਸੀ। ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਸ ਉਪਰ ਨਸ਼ਿਆਂ ਦੇ ਕਾਰੋਬਾਰ ਨੂੰ ਖੁੱਲ੍ਹ ਦੇਣ ਦਾ ਦੋਸ਼ ਲਾ ਰਹੇ ਸਨ ਜਿਸ ਬਾਰੇ ਉਦੋਂ ਤਕ ਜਨਤਕ ਤੌਰ 'ਤੇ ਐਨੀ ਸਪਸ਼ਟਤਾ ਨਾਲ ਗੱਲ ਨਹੀਂ ਕੀਤੀ ਗਈ ਸੀ। ਅਗਸਤ 2016 ਵਿਚ ਉਤਸ਼ਾਹ 'ਚ ਆਏ ਅਮਰਿੰਦਰ ਨੇ ਵੀ ਇਕ ਹੋਰ ਕਾਂਗਰਸ ਰੈਲੀ ਵਿਚ ਕਿਹਾ, "ਜੇ 2017 ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਮੈਂ ਬਿਕਰਮ ਸਿੰਘ ਮਜੀਠੀਏ ਨੂੰ ਜੇਲ੍ਹ ਭੇਜਾਂਗਾ।"

ਕਾਂਗਰਸ ਨੇ ਚੋਣਾਂ ਜਿੱਤੀਆਂ ਅਤੇ ਅਮਰਿੰਦਰ ਨੇ ਮਾਰਚ 2017 ਵਿਚ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ। ਉਸੇ ਮਹੀਨੇ ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਬਣਾਈ ਅਤੇ ਵਧੀਕ ਪੁਲਿਸ ਡਾਇਰੈਕਟਰ ਜਨਰਲ ਹਰਪ੍ਰੀਤ ਸਿੰਘ ਸਿੱਧੂ ਨੂੰ ਇਸ ਦਾ ਮੁਖੀ ਲਾ ਦਿੱਤਾ। ਇਹ ਨਿਯੁਕਤੀ ਧੂਮਧਾਮ ਨਾਲ ਕੀਤੀ ਗਈ। ਸਿੱਧੂ ਨੂੰ ਉਚੇਚੇ ਤੌਰ 'ਤੇ ਛੱਤੀਸਗੜ੍ਹ ਤੋਂ ਵਾਪਸ ਲਿਆਂਦਾ ਗਿਆ ਜਿੱਥੇ ਉਹ ਵਿਦਰੋਹ ਵਿਰੋਧੀ ਡੈਪੂਟੇਸ਼ਨ 'ਤੇ ਸੀ। ਉਸ ਨੇ ਐਸ.ਟੀ.ਐਫ. ਦੇ ਨਿਯਮਾਂ ਅਨੁਸਾਰ ਸਿੱਧਾ ਮੁੱਖ ਮੰਤਰੀ ਦਫਤਰ ਨੂੰ ਰਿਪੋਰਟ ਦੇਣੀ ਸੀ, ਨਾ ਕਿ ਪੁਲਿਸ ਡਾਇਰੈਕਟਰ ਜਨਰਲ ਨੂੰ।

ਐਸ.ਟੀ.ਐਫ. ਨੇ ਸਰਗਰਮੀਆਂ ਦੀ ਹਲਚਲ ਦਰਮਿਆਨ ਆਪਣਾ ਕੰਮ ਸ਼ੁਰੂ ਕੀਤਾ। ਪੰਜਾਬ ਸਰਕਾਰ ਦੇ ਇਕ ਪ੍ਰੈੱਸ ਬਿਆਨ ਅਨੁਸਾਰ, ਸੂਬੇ ਅੰਦਰ ਛੱਤੀਸ ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ, ਪੰਤਾਲੀ ਹਜ਼ਾਰ ਤੋਂ ਵੱਧ ਗ੍ਰਿਫਤਾਰੀਆਂ ਕੀਤੀਆਂ ਅਤੇ ਹੋਰ ਨਸ਼ੀਲੇ ਪਦਾਰਥਾਂ ਦੇ ਨਾਲ ਤੇਰਾਂ ਸੌ ਕਿਲੋਗ੍ਰਾਮ ਤੋਂ ਵੱਧ ਹੈਰੋਇਨ ਬਰਾਮਦ ਕੀਤੀ। ਸਿੱਧੂ ਨੇ ਸਾਡੇ ਨਾਲ ਅੰਕੜੇ ਸਾਂਝੇ ਕੀਤੇ ਜੋ ਹਰ ਪੈਮਾਨੇ ਲਈ ਕਈ ਗੁਣਾ ਜ਼ਿਆਦਾ ਸਨ: 2017 ਅਤੇ ਇਸ ਸਾਲ ਦੇ ਮਈ ਦਰਮਿਆਨ ਤਕਰੀਬਨ ਪੰਜਾਹ ਹਜ਼ਾਰ ਮਾਮਲੇ ਦਰਜ ਹੋਏ ਅਤੇ ਚੌਹਠ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਮਹੱਤਵਪੂਰਨ ਗੱਲ ਇਹ ਹੈ ਕਿ ਪੁਲਿਸ ਅਧਿਕਾਰੀਆਂ ਦੇ ਖਿਲਾਫ ਲੱਗਭੱਗ ਦੋ ਸੌ ਮਾਮਲੇ ਦਰਜ ਕੀਤੇ ਗਏ ਪਰ ਇਹ ਇੰਦਰਜੀਤ ਸਿੰਘ ਨਾਂ ਦੇ ਪੁਲਿਸ ਇੰਸਪੈਕਟਰ ਦੀ ਗ੍ਰਿਫਤਾਰੀ ਸੀ (ਚਾਰ ਕਿਲੋਗ੍ਰਾਮ ਹੈਰੋਇਨ ਰੱਖਣ ਅਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਬਦਲੇ) ਜਿਸ ਨੇ ਉਹ ਅਸਲ ਰੁਕਾਵਟਾਂ ਸਾਹਮਣੇ ਲਿਆਂਦੀਆਂ ਜੋ ਪੰਜਾਬ ਦੀ ਡਰੱਗ ਸਮੱਸਿਆ ਦੀ ਜਾਂਚ ਕਰਨ ਵਾਲੇ ਕਿਸੇ ਵੀ ਬੰਦੇ ਦੇ ਰਾਹ ਦਾ ਰੋੜਾ ਹਨ।

ਹਾਲਾਂਕਿ ਕੁਝ ਦਿਨਾਂ ਬਾਅਦ ਇੰਦਰਜੀਤ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਪਰ ਉਸ ਦੀ ਗ੍ਰਿਫਤਾਰੀ ਨੇ ਪੰਜਾਬ ਪੁਲਿਸ ਦੇ ਸੀਨੀਅਰ ਅਫਸਰਾਂ ਵਿਚ ਬਹੁਤ ਚਿੰਤਾ ਪੈਦਾ ਕਰ ਦਿੱਤੀ ਅਤੇ ਘਟਨਾਵਾਂ ਦੀ ਲੜੀ ਸ਼ੁਰੂ ਹੋ ਗਈ। ਇਕ ਸੀਨੀਅਰ ਪੁਲਿਸ ਸੁਪਰਡੈਂਟ ਰਾਜ ਜੀਤ ਸਿੰਘ ਹੁੰਦਲ (ਜੋ ਇੰਦਰਜੀਤ ਦਾ ਸੀਨੀਅਰ ਸੀ ਤੇ ਜਿਸ ਨੇ ਉਸ ਦੇ ਕਰੀਅਰ ਵਿਚ ਕਈ ਤਰੱਕੀਆਂ ਯਕੀਨੀ ਬਣਾਈਆਂ ਸਨ) ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਕਿ ਇੰਦਰਜੀਤ ਦਾ ਕੇਸ ਤਬਾਦਲਾ ਕਰਕੇ ਸਿੱਧੂ ਤੋਂ ਇਲਾਵਾ ਕਿਸੇ ਹੋਰ ਅਫਸਰ ਨੂੰ ਦਿੱਤਾ ਜਾਵੇ (ਸਿੱਧੂ ਨੇ ਇੰਦਰਜੀਤ ਨੂੰ ਦਿੱਤੀ ਸਰਪ੍ਰਸਤੀ ਅਤੇ ਨਸ਼ਾ ਤਸਕਰੀ ਦੇ ਮਾਮਲੇ ਵਿਚ ਉਸ ਦੀ ਭੂਮਿਕਾ ਨੂੰ ਲੈ ਕੇ ਹੁੰਦਲ ਤੋਂ ਵੀ ਪੁੱਛਗਿੱਛ ਕੀਤੀ ਸੀ)। ਇਸ ਨਾਲ ਦਸੰਬਰ 2017 ਵਿਚ ਵਿਸ਼ੇਸ਼ ਜਾਂਚ ਟੀਮ ਬਣਾਈ ਗਈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਟੀਮ ਬਣਾਉਣ ਦਾ ਆਦੇਸ਼ ਦਿੱਤਾ (ਉਸ ਵਕਤ ਮਨੁੱਖੀ ਸਰੋਤ ਵਿਕਾਸ ਲਈ ਪੁਲਿਸ ਡਾਇਰੈਕਟਰ) ਜੋ ਨਸ਼ਿਆਂ ਦੇ ਕਾਰੋਬਾਰ ਵਿਚ ਸੀਨੀਅਰ ਪੁਲਿਸ ਅਫਸਰਾਂ ਦੀ ਮਿਲੀਭੁਗਤ ਦੇ ਦੋਸ਼ਾਂ ਦੀ ਜਾਂਚ ਕਰੇ।

31 ਜਨਵਰੀ 2018 ਨੂੰ ਐਸ.ਟੀ.ਐਫ. ਨੇ ਰਿਪੋਰਟ ਸੌਂਪੀ ਜਿਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ, ਡਰੱਗ ਮਾਫੀਆ ਦੇ ਮੈਂਬਰਾਂ ਦੇ ਇਕਬਾਲੀਆ ਬਿਆਨ ਅਤੇ ਪੁਲਿਸ ਰਿਕਾਰਡ ਤੋਂ ਸਮੱਗਰੀ ਹਾਸਲ ਕੀਤੀ ਗਈ ਸੀ। ਰਿਪੋਰਟ ਨੇ ਸਿੱਟਾ ਕੱਢਿਆ ਕਿ "ਜਾਂਚ ਅਧੀਨ ਅਰਜ਼ੀ ਵਿਚ ਲਗਾਏ ਦੋਸ਼ਾਂ ਦੇ ਸਬੰਧ ਵਿਚ ਬਿਕਰਮ ਸਿੰਘ ਮਜੀਠੀਆ ਦੀ ਭੂਮਿਕਾ ਦੀ ਹੋਰ ਜਾਂਚ ਕਰਨ ਲਈ ਰਿਕਾਰਡ 'ਤੇ ਲੋੜੀਂਦੇ ਸਬੂਤ ਮੌਜੂਦ ਹਨ।" ਉਸੇ ਸਾਲ, ਐਸ.ਆਈ.ਟੀ. ਨੇ ਆਪਣੀ ਪਹਿਲੀ ਸਟੇਟਸ ਰਿਪੋਰਟ 1 ਫਰਵਰੀ, ਦੂਜੀ 15 ਮਾਰਚ ਅਤੇ ਤੀਜੀ 8 ਮਈ ਨੂੰ ਸੀਲਬੰਦ ਕਵਰਾਂ 'ਚ ਹਾਈ ਕੋਰਟ ਨੂੰ ਸੌਂਪੀ। 8 ਮਈ ਨੂੰ ਚੌਥੀ ਰਿਪੋਰਟ ਵੀ ਸੀਲਬੰਦ ਕਵਰ 'ਚ ਬੰਦ ਕਰਕੇ ਸੌਂਪੀ ਗਈ ਜਿਸ ਉਪਰ ਸਿਰਫ ਚਟੋਪਾਧਿਆਏ ਦੇ ਦਸਤਖਤ ਸਨ।




ਗੁਟਕਾ ਹੱਥ ਵਿਚ ਫੜ ਕੇ ਸਹੁੰ ਚੁਕਦੇ ਹੋਏ ਕੈਪਟਨ ਅਮਰਿੰਦਰ ਸਿੰਘ।

ਇਨ੍ਹਾਂ ਰਿਪੋਰਟਾਂ ਦਾ ਸਟੇਟਸ ਹੁਣ ਪੰਜਾਬ ਦੀ ਡਰੱਗ ਕਹਾਣੀ ਦਾ ਮੁੱਖ ਹਿੱਸਾ ਹੈ। ਸਿੱਧੂ ਨੇ ਸੂਬੇ ਵਿਚ ਡਰੱਗ ਮਾਫੀਆ ਦੀ ਜਾਂਚ ਕੀਤੀ ਅਤੇ ਐਸ.ਆਈ.ਟੀ. ਦੀਆਂ ਰਿਪੋਰਟਾਂ ਵਿਚ ਸੀਨੀਅਰ ਪੁਲਿਸ ਅਫਸਰਾਂ ਅਤੇ ਸਿਆਸਤਦਾਨਾਂ ਦੇ ਗੱਠਜੋੜ ਵੱਲੋਂ ਨਸ਼ਿਆਂ ਦੇ ਵਪਾਰ ਦੀ ਮਦਦ ਕਰਨ ਦਾ ਦੋਸ਼ ਲਗਾਇਆ ਗਿਆ, ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਨਿਆਂਪਾਲਿਕਾ ਵੱਲੋਂ ਕੋਈ ਕਾਰਵਾਈ ਨਾ ਕਰਨ ਕਰਨ ਦੇ ਨਤੀਜੇ ਵਜੋਂ ਗੱਲ ਉਥੇ ਦੀ ਉਥੇ ਖੜ੍ਹੀ ਹੈ (ਸਿੱਧੂ ਨੂੰ ਪੁਲਿਸ ਦੇ ਤਤਕਾਲੀ ਡਾਇਰੈਕਟਰ ਜਨਰਲ ਸੁਰੇਸ਼ ਅਰੋੜਾ ਨਾਲ ਤਣਾਅ ਦੀਆਂ ਰਿਪੋਰਟਾਂ ਦਰਮਿਆਨ ਐਸ.ਟੀ.ਐਫ. ਦੇ ਮੁਖੀ ਵਜੋਂ ਸਤੰਬਰ 2018 ਵਿਚ ਹਟਾ ਦਿੱਤਾ ਗਿਆ ਸੀ; ਉਸ ਨੂੰ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਦਾ ਚਾਰਜ ਦਿੱਤਾ ਗਿਆ ਸੀ ਜਦੋਂਕਿ ਜੁਲਾਈ 2019 ਨੂੰ ਸਿੱਧੂ ਨੇ ਐਸ.ਟੀ.ਐਫ. ਦੀ ਅਗਵਾਈ ਮੁੜ ਸਾਂਭ ਲਈ)।

ਹੁਣ ਜਦੋਂ ਪੰਜਾਬ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਿਹਾ ਹੈ, ਇਕ ਵਾਰ ਫਿਰ ਧਿਆਨ ਮੁੱਖ ਮੰਤਰੀ ਅਮਰਿੰਦਰ ਸਿੰਘ 'ਤੇ ਕੇਂਦਰਤ ਹੋ ਗਿਆ ਹੈ। ਬਹੁਤ ਸਾਰੇ ਲੋਕ ਸਵਾਲ ਪੁੱਛ ਰਹੇ ਹਨ ਕਿ ਉਸ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਜੋ ਵੱਡੇ ਵੱਡੇ ਵਾਅਦੇ ਕੀਤੇ ਸਨ, ਉਹ ਪੂਰੇ ਕੀਤੇ ਹਨ? ਕਾਂਗਰਸ ਦੇ ਅੰਦਰ ਅਮਰਿੰਦਰ ਦੇ ਸਭ ਤੋਂ ਵੱਧ ਬੇਬਾਕ ਵਿਰੋਧੀ ਨਵਜੋਤ ਸਿੰਘ ਸਿੱਧੂ ਨੇ ਨਸ਼ਿਆਂ ਦੇ ਮੁੱਦੇ 'ਤੇ ਮੁੱਖ ਮੰਤਰੀ ਨੂੰ ਖੁੱਲ੍ਹੇਆਮ ਲੜਾਈ ਦਿੱਤੀ ਹੈ। ਇਸ ਸਾਲ ਜੁਲਾਈ ਵਿਚ ਪਾਰਟੀ ਦੇ ਅੰਦਰ ਵਧ ਰਹੇ ਤਣਾਅ ਦਰਮਿਆਨ ਉਸ ਨੂੰ ਪੰਜਾਬ ਕਾਂਗਰਸ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਉਸ ਨੇ ਟਵੀਟ ਕੀਤਾ, "18 ਸੂਤਰੀ ਏਜੰਡੇ ਤਹਿਤ ਨਸ਼ਿਆਂ ਦੇ ਵਪਾਰ ਪਿੱਛੇ ਕੰਮ ਕਰਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਕਾਂਗਰਸ ਦੀ ਤਰਜੀਹ ਹੈ। ਮਜੀਠੀਆ 'ਤੇ ਕੀ ਕਾਰਵਾਈ ਹੋਈ? ਜੇ ਹੋਰ ਦੇਰੀ ਹੋਈ ਤਾਂ ਅਸੀਂ ਰਿਪੋਰਟਾਂ ਨੂੰ ਜਨਤਕ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਵਾਂਗੇ।"

ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ ਅਤੇ ਇਹ ਵਿਸ਼ਵਵਿਆਪੀ ਨਸ਼ਾ ਤਸਕਰੀ ਨੈੱਟਵਰਕ ਵਿਚ ਕੇਂਦਰੀ ਗੰਢ ਰਿਹਾ ਹੈ ਜੋ ਅਫਗਾਨਿਸਤਾਨ ਤੋਂ ਲੈ ਕੇ ਦੱਖਣ-ਪੂਰਬੀ ਏਸ਼ੀਆ ਅਤੇ ਉਤਰੀ ਅਮਰੀਕਾ ਤੇ ਪੱਛਮੀ ਅਫਰੀਕਾ ਤੱਕ ਫੈਲਿਆ ਹੋਇਆ ਹੈ। ਹਾਲਾਂਕਿ ਭਾਰਤ ਖੁਦ ਅਫੀਮ ਦਾ ਵੱਡਾ ਹਿੱਸਾ ਪੈਦਾ ਕਰਦਾ ਹੈ ਪਰ ਸੰਸਾਰ ਦੀ ਅਫੀਮ ਦਾ ਵੱਡਾ ਹਿੱਸਾ ਅਫਗਾਨਿਸਤਾਨ ਤੋਂ ਆਉਂਦਾ ਹੈ। ਕਈ ਜ਼ਮੀਨੀ ਅਤੇ ਹਵਾਈ ਮਾਰਗਾਂ 'ਤੇ ਜ਼ਬਤ ਹੋਈਆਂ ਹਨ ਜੋ ਇਸ਼ਾਰਾ ਕਰਦੀਆਂ ਹਨ ਕਿ ਇਨ੍ਹਾਂ ਦੀ ਦੂਰ-ਦੂਰ ਤੱਕ ਪਹੁੰਚ ਹੈ। ਯੂਨਾਈਟਿਡ ਨੇਸ਼ਨਜ਼ ਆਫਿਸ ਆਫ ਡਰੱਗਜ਼ ਐਂਡ ਕ੍ਰਾਈਮ ਅਨੁਸਾਰ, ਕੈਨੇਡਾ ਨੇ ਨੋਟ ਕੀਤਾ ਹੈ ਕਿ ਇਸ ਦੀਆਂ ਮੰਡੀਆਂ ਵਿਚ ਹੈਰੋਇਨ ਭਾਰਤ ਤੇ ਪਾਕਿਸਤਾਨ ਤੋਂ ਆਉਂਦੀ ਹੈ। 2011 ਵਿਚ ਭਾਰਤੀ ਅਫਸਰਾਂ ਦੁਆਰਾ ਜ਼ਬਤ ਕੀਤੇ ਸਭ ਤੋਂ ਵੱਧ ਪਾਰਸਲ ਕੈਨੇਡਾ ਲਈ ਭੇਜੇ ਗਏ ਸਨ।





ਜਗਦੀਸ਼ ਭੋਲਾ ਜਿਸ ਨੇ ਜਾਂਚ ਦੌਰਾਨ ਬਿਕਰਮ ਸਿੰਘ ਮਜੀਠੀਆ ਦਾ ਨਾਂ ਲਿਆ ਅਤੇ (ਸੱਜੇ) ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ ਦਾ ਮੁਖੀ ਹਰਪ੍ਰੀਤ ਸਿੰਘ ਸਿੱਧੂ।

ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੌਪਿਕ ਪਦਾਰਥ ਐਕਟ-1985 ਭਾਰਤ ਵਿਚ ਨਸ਼ਿਆਂ ਦੀ ਵਰਤੋਂ ਨਿਯਮਤ ਕਰਨ ਵਾਲਾ ਮੁੱਖ ਕਾਨੂੰਨ ਹੈ। ਐਨ.ਡੀ.ਪੀ.ਐਸ. ਐਕਟ ਅਧੀਨ ਪਦਾਰਥਾਂ ਦੀ ਇਕ ਸ਼੍ਰੇਣੀ ਤੈਅ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਸਖਤ ਕੰਟਰੋਲ ਹੇਠ ਲਿਆਂਦਾ ਗਿਆ ਹੈ ਜਿਸ ਨਾਲ ਇਨ੍ਹਾਂ ਪਦਾਰਥਾਂ ਦੀ ਖਪਤ ਜਾਂ ਤਸਕਰੀ ਫੌਜਦਾਰੀ ਜੁਰਮ ਮੰਨੀ ਗਈ ਹੈ। ਹਾਲਾਂਕਿ ਐਸੇ ਪਦਾਰਥਾਂ ਦੀ ਵਰਤੋਂ ਦੀਆਂ ਬਿਮਾਰੀਆਂ ਸਮੇਤ ਕਈ ਸਿਹਤ ਸਮੱਸਿਆਵਾਂ ਦੇ ਇਲਾਜ ਲਈ ਬਹੁਤ ਸਾਰੀਆਂ ਨਿਯੰਤਰਿਤ ਫਾਰਮਾਸਿਊਟੀਕਲ ਦਵਾਈਆਂ ਜ਼ਰੂਰੀ ਹਨ। ਨਸ਼ੀਲੇ ਪਦਾਰਥਾਂ ਦੇ ਪੂਰਵ-ਰਸਾਇਣ ਜੋ ਵੱਖ-ਵੱਖ ਦਵਾਈਆਂ ਅਤੇ ਹੋਰ ਉਤਪਾਦਾਂ ਲਈ ਵਰਤੇ ਜਾਂਦੇ ਹਨ ਪਰ ਇਹ ਨਾਜਾਇਜ਼ ਦਵਾਈਆਂ ਲਈ ਵੀ ਵਰਤੇ ਜਾਂਦੇ ਹਨ। ਇਨ੍ਹਾਂ ਦੀ ਕਈ ਪ੍ਰਕਾਰ ਦੀ ਜਾਇਜ਼ ਵਰਤੋਂ ਹੁੰਦੀ ਹੈ ਜੋ ਅਗਾਂਹ ਕਾਨੂੰਨ ਲਾਗੂ ਕਰਨ ਵਿਚ ਚੁਣੌਤੀਆਂ ਪੈਦਾ ਕਰਦੀ ਹੈ।

ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਇਸ ਦੇ ਪ੍ਰਭਾਵਾਂ ਦਾ ਭਾਰਤ ਵਿਚ ਚੰਗੀ ਤਰ੍ਹਾਂ ਦਸਤਾਵੇਜ਼ੀਕਰਨ ਨਹੀਂ ਕੀਤਾ ਜਾਂਦਾ ਅਤੇ ਅਧਿਕਾਰਤ ਅੰਕੜੇ ਸਾਹਮਣੇ ਆਉਣੇ ਮੁਸ਼ਕਿਲ ਹਨ। ਨਸ਼ਿਆਂ ਦੀ ਵਰਤੋਂ ਬਾਰੇ ਨੀਤੀਆਂ ਦਾ ਆਧਾਰ ਤਿਆਰ ਕਰਨ ਲਈ 2004 ਵਿਚ ਸਰਵੇਖਣ ਕੀਤਾ ਗਿਆ ਸੀ ਪਰ ਇਸ ਦੀਆਂ ਵੱਖ-ਵੱਖ ਸੀਮਾਵਾਂ ਸਨ, ਇਸ ਵਿਚ ਇਕੱਲੇ ਮਰਦ ਖਪਤਕਾਰਾਂ 'ਤੇ ਧਿਆਨ ਕੇਂਦਰਤ ਕਰਨਾ ਅਤੇ ਜਾਣਕਾਰੀ ਨੂੰ ਸੂਬਿਆਂ ਅਨੁਸਾਰ ਵੱਖ-ਵੱਖ ਕਰਨ ਦੀ ਅਣਹੋਂਦ ਸ਼ਾਮਲ ਹੈ। 2016 ਵਿਚ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਨੇ ਇਨ੍ਹਾਂ ਵਿਚੋਂ ਕੁਝ ਘਾਟਾਂ ਦੂਰ ਲਈ ਨਸ਼ੇ ਦੇ ਤੱਤ ਵਾਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਕੌਮੀ ਸਰਵੇਖਣ ਕਰਵਾਇਆ। 2019 ਵਿਚ ਪ੍ਰਕਾਸ਼ਿਤ ਹੋਏ ਇਸ ਸਰਵੇਖਣ ਅਨੁਸਾਰ, ਉਤਰ ਪ੍ਰਦੇਸ਼ ਅਤੇ ਪੰਜਾਬ ਇਨ੍ਹਾਂ ਪਦਾਰਥਾਂ ਦੀ ਦੁਰਵਰਤੋਂ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਸ਼ਰਾਬ ਤੋਂ ਬਾਅਦ ਅਫੀਮ ਅਤੇ ਭੰਗ, ਦੋ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਪਦਾਰਥ ਹਨ।

ਪੰਜਾਬ ਵਿਚ ਨਸ਼ਿਆਂ ਦੇ ਖਾਤਮੇ ਨਾਲ ਨਜਿੱਠਣਾ ਹਮੇਸ਼ਾ ਚੁਣੌਤੀਪੂਰਨ ਕਾਰਜ ਰਿਹਾ ਹੈ। ਇਹ ਸਮੱਸਿਆ ਇਕ ਮਸ਼ਹੂਰ ਬਾਲੀਵੁੱਡ ਫਿਲਮ ਦਾ ਵਿਸ਼ਾ ਰਹੀ ਹੈ ਅਤੇ ਇਸ ਨੇ ਸੂਬੇ ਦੀਆਂ ਕਈ ਚੋਣ-ਲੜਾਈਆਂ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ। ਐਸ.ਟੀ.ਐਫ. ਨੇ ਸਿਰਫ 2018 ਵਿਚ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਕਾਰਨ 111 ਮੌਤਾਂ ਦਰਜ ਕੀਤੀਆਂ ਪਰ ਅਸਲ ਗਿਣਤੀ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਅਨੁਰਾਗ ਅਗਰਵਾਲ ਜੋ ਉਸ ਸਮੇਂ ਪੰਜਾਬ ਦੇ ਮੁੱਖ ਸਕੱਤਰ (ਸਿਹਤ) ਸਨ, ਨੇ ਦੱਸਿਆ, "ਅਜਿਹੀਆਂ ਮੌਤਾਂ ਦੀ ਅਸਲ ਸੰਖਿਆ ਬਹੁਤ ਜ਼ਿਆਦਾ ਹੈ, ਤੇ ਇਨ੍ਹਾਂ ਦਾ ਕਦੇ ਵੀ ਪਤਾ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਨਸ਼ੇ ਦੀ ਆਦਤ ਸਮਾਜਿਕ ਕਲੰਕ ਮੰਨੇ ਜਾਣ ਕਾਰਨ ਸੋਗ 'ਚ ਡੁੱਬੇ ਪਰਿਵਾਰ ਖੁਲਾਸਾ ਨਹੀਂ ਕਰਦੇ।" ਨਾੜਾਂ 'ਚ ਨਸ਼ੀਲੇ ਟੀਕੇ ਲਾਉਣ ਵਾਲੇ ਨਸ਼ੇੜੀ ਐਚ.ਆਈ.ਵੀ. ਅਤੇ ਹੈਪੇਟਾਈਟਸ ਸੀ. ਵਰਗੀਆਂ ਬਿਮਾਰੀਆਂ ਸਹੇੜਨ ਲਈ ਵੀ ਅਤਿ-ਸੰਵੇਦਨਸ਼ੀਲ ਹੁੰਦੇ ਹਨ।

ਸੂਬਾ ਸਰਕਾਰ ਨੇ ਮਰੀਜ਼ਾਂ ਲਈ 199 'ਓਟ' ਕਲੀਨਿਕ, 35 ਸਰਕਾਰੀ ਨਸ਼ਾ ਛੁਡਾਊ ਕੇਂਦਰ ਅਤੇ ਸੈਂਕੜੇ ਲਾਇਸੈਂਸਸ਼ੁਦਾ ਪ੍ਰਾਈਵੇਟ ਨਸ਼ਾ ਛਡਾਊ ਸਹੂਲਤ ਕੇਂਦਰ ਸ਼ੁਰੂ ਕੀਤੇ। ਪੰਜਾਬ ਦੇ ਸਭ ਤੋਂ ਵੱਧ ਆਬਾਦੀ ਵਾਲੇ ਜ਼ਿਲ੍ਹੇ ਲੁਧਿਆਣਾ ਵਿਚ ਸਭ ਤੋਂ ਵੱਧ ਨਸ਼ਾ ਕਰਨ ਵਾਲੇ ਰਜਿਸਟਰਡ ਮਰੀਜ਼ ਹਨ। ਇਸ ਤੋਂ ਬਾਅਦ ਮੋਗਾ ਅਤੇ ਤਰਨ ਤਾਰਨ ਆਉਂਦੇ ਹਨ। ਇਕੱਲੇ ਲੁਧਿਆਣਾ ਵਿਚ ਹੀ 23 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ, ਤਿੰਨ ਸਰਕਾਰੀ ਨਸ਼ਾ ਛੁਡਾਊ ਕੇਂਦਰ, 17 ਸਰਕਾਰੀ 'ਓਟ' ਕਲੀਨਿਕ ਅਤੇ ਤਿੰਨ 'ਓਟ' ਵਰਗੇ ਇਲਾਜ ਕੇਂਦਰ ਹਨ। ਤਰਨ ਤਾਰਨ ਦੇ ਜ਼ਿਲ੍ਹਾ ਸਿਵਲ ਹਸਪਤਾਲ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ

*(ਬਾਕੀ ਅਗਲੇ ਸਫੇ 'ਤੇ)*

ਹਸਪਤਾਲ ਵਿਚ ਬੁਪਰੇਨੋਰਫਾਈਨ ਲੈਣ ਆਉਂਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਇਹ ਨਸ਼ੀਲਾ ਪਦਾਰਥ ਨਸ਼ੇ ਦੀ ਆਦਤ ਸਮੇਤ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

ਇਕ ਨੀਤੀ ਨੁਕਸਾਨ ਘਟਾਉਣਾ ਹੈ ਜਿਸ ਦੁਆਰਾ ਸਰਕਾਰ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੀ ਹੈ, ਤੇ ਇਹ ਨਸ਼ੇ ਕਰਨ ਵਾਲਿਆਂ 'ਤੇ ਸੇਧਤ ਹੈ ਪਰ ਜਦੋਂ ਨਸ਼ਿਆਂ ਦੀ ਸਪਲਾਈ ਕਰਨ ਵਾਲਿਆਂ ਦੀ ਗੱਲ ਆਉਂਦੀ ਹੈ ਤਾਂ ਇਹ ਸਪਸ਼ਟ ਨਹੀਂ ਹੁੰਦਾ ਕਿ ਸੂਬਾ ਸਰਕਾਰ ਅਤੇ ਨਿਆਂਪਾਲਿਕਾ ਵਿਚ ਅਹਿਮ ਨਾਵਾਂ ਵਾਲੇ ਚਰਚਿਤ ਕੇਸਾਂ ਦੀ ਪੈੜ ਨੱਪਣ ਦੀ ਇੱਛਾ ਸ਼ਕਤੀ ਹੈ। ਇਨ੍ਹਾਂ ਵਿਚੋਂ ਸਭ ਤੋਂ ਅਹਿਮ 2013 ਦਾ ਭੋਲਾ ਡਰੱਗ ਕੇਸ ਹੈ ਜਿਸ ਵਿਚ ਤਿੰਨ ਦੋਸ਼ੀਆਂ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਕੋਲ ਬਿਕਰਮ ਸਿੰਘ ਮਜੀਠੀਆ ਦਾ ਨਾਂ ਲਿਆ ਸੀ। ਇਸ ਤੋਂ ਇਲਾਵਾ ਸੂਬੇ ਦੇ ਕੁਝ ਸੀਨੀਅਰ ਪੁਲਿਸ ਅਫਸਰਾਂ ਦੀ ਵਪਾਰ ਵਿਚ ਕਥਿਤ ਸ਼ਮੂਲੀਅਤ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਸੰਕਟ ਨੂੰ ਗੰਭੀਰਤਾ ਨਾਲ ਲੈਣਾ ਅਜੇ ਮੁਸ਼ਕਿਲ ਹੀ ਸ਼ੁਰੂ ਹੈ। ਐਸ.ਆਈ.ਟੀ. ਦੀ ਰਿਪੋਰਟ ਵਿਚ ਰਾਜ ਜੀਤ ਸਿੰਘ ਹੁੰਦਲ ਤੋਂ ਇਲਾਵਾ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਰੇਸ਼ ਅਰੋੜਾ ਅਤੇ ਉਸ ਦੇ ਜਾਨਸ਼ੀਨ ਦਿਨਕਰ ਗੁਪਤਾ ਦਾ ਨਾਮ ਸ਼ਾਮਲ ਹੈ ਜਿਸ ਨੇ ਇੰਦਰਜੀਤ ਮਾਮਲੇ ਵਿਚ ਉਨ੍ਹਾਂ ਦੀ ਭੂਮਿਕਾ ਦੀ ਜਾਂਚ ਦੀ ਮੰਗ ਕੀਤੀ ਹੈ। ਐਸ.ਆਈ.ਟੀ. ਅਨੁਸਾਰ, ਇੰਦਰਜੀਤ ਕਈ ਸੀਨੀਅਰ ਅਫਸਰਾਂ ਦੀ ਸਪਸ਼ਟ ਸਰਪ੍ਰਸਤੀ ਮਾਣਦਾ ਰਿਹਾ ਅਤੇ ਵਿਭਾਗੀ ਪੜਤਾਲਾਂ ਤੇ ਉਸ ਵਿਰੁੱਧ ਕਈ ਅਪਰਾਧਿਕ ਮਾਮਲਿਆਂ ਦੇ ਬਾਵਜੂਦ ਪੁਲਿਸ ਵਿਚ ਕਈ ਸਾਲਾਂ ਤੋਂ ਉਸ ਦਾ ਰਸੂਖ ਸੀ।

ਇਨ੍ਹਾਂ ਵਿਸਫੋਟਕ ਦੋਸ਼ਾਂ ਦੇ ਬਾਵਜੂਦ ਇਨ੍ਹਾਂ ਮਾਮਲਿਆਂ ਵਿਚ ਕੋਈ ਠੋਸ ਹਰਕਤ ਨਹੀਂ ਹੋਈ। ਹੁਣ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਐਸ.ਆਈ.ਟੀ. ਦੇ ਮੁਖੀ ਚਟੋਪਾਧਿਆਏ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਸਮੇਤ ਅੱਧੀ ਦਰਜਨ ਸੀਨੀਅਰ ਪੁਲਿਸ ਅਫਸਰ, ਤੇ ਨਾਲ ਹੀ ਸੀਨੀਅਰ ਵਕੀਲਾਂ ਦੀ ਟੋਲੀ ਭੋਲਾ ਡਰੱਗ ਕੇਸ ਜਾਂ ਡਰੱਗ ਮਾਫੀਆ ਦੀ ਕਥਿਤ ਪੁਲਿਸ ਸਰਪ੍ਰਸਤੀ ਬਾਬਤ ਬਿਨਾ ਕੁਝ ਹਾਸਲ ਕੀਤੇ ਵਾਪਸ ਆਉਂਦੀ ਰਹੀ ਹੈ। ਰਿਪੋਰਟਾਂ ਸੀਲਬੰਦ ਲਿਫਾਫਿਆਂ 'ਚ ਬੰਦ ਰਹਿੰਦੀਆਂ ਹਨ। ਇਕ ਸੀਨੀਅਰ ਵਕੀਲ ਨੇ ਕਿਹਾ, "ਅਸਲ ਵਿਚ ਮਈ 2018 ਤੋਂ ਬਾਅਦ ਅੱਜ ਤੱਕ ਕੁਝ ਨਹੀਂ ਹੋਇਆ।"

ਅਸੀਂ ਰਿਪੋਰਟਾਂ ਤੋਂ ਜਾਣੂ ਵੱਖ-ਵੱਖ ਲੋਕਾਂ ਨਾਲ ਗੱਲ ਕੀਤੀ। ਉਨ੍ਹਾਂ ਵਿਚ ਇਕ ਸੀਨੀਅਰ ਸਿਆਸਤਦਾਨ ਵੀ ਸ਼ਾਮਲ ਹੈ ਜਿਸ ਨੇ ਐਸ.ਟੀ.ਐਫ. ਦੀ ਰਿਪੋਰਟ ਦੇ ਕਈ ਵੇਰਵੇ ਸਾਂਝੇ ਕੀਤੇ। ਸਰਕਾਰੀ ਏਜੰਸੀਆਂ ਦੇ ਕਈ ਅਫਸਰ ਸਨ ਜਿਨ੍ਹਾਂ ਨੇ ਐਸ.ਆਈ.ਟੀ. ਰਿਪੋਰਟਾਂ ਦੇ ਅੰਸ਼ਾਂ ਦੇ ਨਾਲ-ਨਾਲ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਦਸਤਾਵੇਜ਼ ਵੀ ਸ਼ਾਮਲ ਕੀਤੇ ਜਿਨ੍ਹਾਂ ਵਿਚ ਮਜੀਠੀਆ ਦਾ ਨਾਂ ਲੈਣ ਵਾਲੇ ਤਿੰਨ ਦੋਸ਼ੀਆਂ (ਜਗਦੀਸ਼ ਭੋਲਾ, ਜਗਜੀਤ ਚਾਹਲ ਤੇ ਬਿੱਟੂ ਔਲਖ) ਦੇ ਇਕਬਾਲੀਆ ਬਿਆਨ ਸ਼ਾਮਲ ਹਨ। ਇਹ ਦਸਤਾਵੇਜ਼ ਵੱਡੀ ਮਿਲੀਭੁਗਤ ਦੀ ਤਸਵੀਰ ਨੂੰ ਦਰਸਾਉਂਦੇ ਹਨ ਜਿਸ ਵਿਚ ਸਿਆਸਤਦਾਨਾਂ ਅਤੇ ਸੀਨੀਅਰ ਪੁਲਿਸ ਅਫਸਰਾਂ ਨੇ ਨਸ਼ੀਲੇ ਪਦਾਰਥਾਂ ਦੇ ਵਪਾਰ ਵਿਚ ਸਹਾਇਤਾ ਕੀਤੀ ਹੈ ਅਤੇ ਸੰਭਾਵੀ ਤੌਰ 'ਤੇ ਲਾਹਾ ਲਿਆ ਹੈ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀ.ਐਚ.ਆਰ.ਓ.) ਨੇ ਦਲੀਲ ਦਿੱਤੀ ਹੈ ਕਿ ਮਜੀਠੀਆ ਦੀ ਕਥਿਤ ਸ਼ਮੂਲੀਅਤ ਕਾਰਨ 6000 ਕਰੋੜ ਰੁਪਏ ਦੇ ਕੌਮਾਂਤਰੀ ਡਰੱਗ ਰੈਕਟ ਨੂੰ ਸਾਹਮਣੇ ਨਹੀਂ ਆਉਣ ਦਿੱਤਾ ਜਾ ਰਿਹਾ। ਪੀ.ਐਚ.ਆਰ.ਓ. ਨੇ ਇਸ ਮਾਮਲੇ ਵਿਚ ਤਿੰਨ ਕੈਨੇਡੀਅਨ ਵਸਨੀਕਾਂ ਦਾ ਹਵਾਲਾ ਦਿੰਦਿਆਂ ਹਾਈ ਕੋਰਟ ਨੂੰ ਦਿੱਤੀ ਆਪਣੀ ਬੇਨਤੀ ਵਿਚ ਕਿਹਾ, "ਇਸ ਘੁਟਾਲੇ ਵਿਚ ਕੌਮਾਂਤਰੀ ਸਬੰਧ ਦੇ ਪਹਿਲੂ ਨੂੰ ਮੁੜ ਦਬਾ ਦਿੱਤਾ ਗਿਆ ਅਤੇ ਸੱਤਾ, ਪਿੰਡੀ ਅਤੇ ਲਾਡੀ ਦੀ ਸ਼ਮੂਲੀਅਤ ਨੂੰ ਰਿਕਾਰਡ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ... ਇਸ ਵਿਚ ਇਨ੍ਹਾਂ ਨਸ਼ਾ ਤਸਕਰਾਂ ਬਾਰੇ ਇਕ ਵੀ ਸ਼ਬਦ ਨਹੀਂ ਹੈ ਅਤੇ ਇਸ ਦਾ ਇੱਕੋ-ਇੱਕ ਕਾਰਨ ਮਜੀਠੀਆ ਦੇ ਖਿਲਾਫ ਕਾਰਵਾਈ ਦਾ ਰਾਹ ਬੰਦ ਕਰਨਾ ਹੈ।"

ਬਹੁਤ ਸਾਰੀਆਂ ਪਟੀਸ਼ਨਾਂ ਨੇ ਹਾਈਕੋਰਟ ਨੂੰ ਇਨ੍ਹਾਂ ਮਾਮਲਿਆਂ ਨੂੰ ਫੌਰੀ ਤੌਰ 'ਤੇ ਲੈਣ ਲਈ ਕਿਹਾ ਪਰ ਇਸ ਨੂੰ ਲਗਾਤਾਰ ਲਟਕਾਇਆ ਜਾ ਰਿਹਾ ਹੈ।

ਇਸ ਦੌਰਾਨ, ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਵਧਦੀ ਜਾ ਰਹੀ ਹੈ।

---

ਇੰਦਰਜੀਤ ਸਿੰਘ ਨੇ ਪੰਜਾਬ ਪੁਲਿਸ ਦੇ ਰੈਂਕਾਂ ਜ਼ਰੀਏ ਅਸਾਧਾਰਨ ਬੁਲੰਦੀਆਂ ਛੂਹੀਆਂ, ਉਸ ਨੂੰ ਵਿਲੱਖਣ ਰਫਤਾਰ ਨਾਲ ਤਰੱਕੀਆਂ ਦਿੱਤੀਆਂ ਗਈਆਂ। ਸਿੰਘ ਨੇ 1986 'ਚ ਜਲੰਧਰ ਵਿਚ ਇਕ ਸਿਪਾਹੀ ਵਜੋਂ ਸ਼ੁਰੂਆਤ ਕੀਤੀ ਅਤੇ ਤਿੰਨ ਸਾਲਾਂ ਦੇ ਅੰਦਰ ਉਸ ਨੂੰ ਤਰੱਕੀ ਦੇ ਕੇ ਹੈੱਡ ਕਾਂਸਟੇਬਲ ਬਣਾ ਦਿੱਤਾ ਗਿਆ। 1993 ਤੱਕ, ਉਸ ਕੋਲ ਇਕ ਐਡਹਾਕ ਸਬ-ਇੰਸਪੈਕਟਰ ਦਾ ਦਰਜਾ ਸੀ। ਛੇਤੀ ਹੀ ਉਹ ਨਸ਼ਿਆਂ ਦੇ ਧੰਦੇ ਨੂੰ ਦਬੋਚਣ 'ਚ ਸੌ ਫੀ ਸਦੀ ਕਾਮਯਾਬੀ ਹਾਸਲ ਕਰਨ ਲਈ ਮਸ਼ਹੂਰ ਹੋ ਗਿਆ, ਭਾਵੇਂ ਉਹ ਕਿਤੇ ਵੀ ਤਾਇਨਾਤ ਹੋਵੇ। 2013 ਵਿਚ, ਰਾਜ ਜੀਤ ਸਿੰਘ ਹੁੰਦਲ, ਜੋ ਤਰਨ ਤਾਰਨ ਦੇ ਸੀਨੀਅਰ ਪੁਲਿਸ ਸੁਪਰਡੈਂਟ ਸਨ, ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਇੰਦਰਜੀਤ ਦਾ ਜਲੰਧਰ ਤੋਂ ਤਬਾਦਲਾ ਕਰਨ ਦੀ ਬੇਨਤੀ ਕੀਤੀ ਸੀ। ਹੁੰਦਲ ਨੇ ਕਥਿਤ ਤੌਰ 'ਤੇ ਪੰਜਾਬ ਦੇ ਵਧੀਕ ਪੁਲਿਸ ਡਾਇਰੈਕਟਰ ਜਨਰਲ ਨੂੰ ਚਿੱਠੀ ਲਿਖ ਕੇ ਕਿਹਾ ਕਿ ਇੰਦਰਜੀਤ ਦੀਆਂ "ਸੇਵਾਵਾਂ ਦੀ ਤੁਰੰਤ ਲੋੜ ਹੈ।" ਕਈ ਹੋਰ ਸੀਨੀਅਰ ਅਧਿਕਾਰੀਆਂ ਨੇ ਵੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੇ ਜ਼ਿਲ੍ਹਿਆਂ ਵਿਚ ਉਸ ਦੀਆਂ ਸੇਵਾਵਾਂ ਲਈ ਬੇਨਤੀ ਕੀਤੀ। ਇੰਦਰਜੀਤ ਨੇ 77 ਪ੍ਰਸ਼ੰਸਾ ਸਰਟੀਫਿਕੇਟ ਅਤੇ ਬਹਾਦਰੀ ਮੈਡਲ ਜਿੱਤੇ। ਉਸ ਦੀਆਂ ਈਰਖਾ ਵਾਲੀਆਂ ਤਰੱਕੀਆਂ ਅਤੇ ਲਾਹੇਵੰਦ ਪੋਸਟਿੰਗਾਂ ਵਿਚ ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ ਵਿਚ ਇਕ ਅਧਿਕਾਰੀ ਵਜੋਂ ਨਿਯੁਕਤੀ ਸ਼ਾਮਲ ਸੀ ਜੋ ਪੰਜਾਬ ਪੁਲਿਸ ਦੀ ਵਿਸ਼ੇਸ਼ ਸ਼ਾਖਾ ਹੈ।

ਪਰ ਇੰਦਰਜੀਤ ਦੀ ਕਹਾਣੀ ਦੀ ਅਸਲੀਅਤ ਹੋਰ ਹੀ ਨਿਕਲੀ। ਐਸ.ਆਈ.ਟੀ. ਜਾਂਚ ਤੋਂ ਜਾਣੂ ਸਰਕਾਰੀ ਅਧਿਕਾਰੀਆਂ ਨੇ ਰਿਪੋਰਟਾਂ ਵਿਚ ਸਾਡੇ ਨਾਲ ਕਈ ਵੇਰਵਿਆਂ ਬਾਰੇ ਗੱਲ ਕੀਤੀ ਜੋ ਇੰਦਰਜੀਤ ਦੇ ਰਿਕਾਰਡ ਉਤੇ ਸਵਾਲ ਖੜ੍ਹੇ ਕਰਦੇ ਹਨ। ਚਟੋਪਾਧਿਆਏ ਦੀ ਅਗਵਾਈ ਵਾਲੀ ਐਸ.ਆਈ.ਟੀ. ਦੀ ਸਥਾਪਨਾ ਇੰਦਰਜੀਤ ਅਤੇ ਹੁੰਦਲ ਵਿਚਾਲੇ "ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਅਤੇ ਨਸ਼ਾ ਤਸਕਰਾਂ ਵਿਚਕਾਰ ਗੱਠਜੋੜ ਨੂੰ ਤੋੜਨ" ਲਈ "ਮਿਲੀ-ਭੁਗਤ ਦੀ ਜਾਂਚ" ਕਰਨ ਲਈ ਕੀਤੀ ਗਈ ਸੀ। ਇਕ ਸਰਕਾਰੀ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਐਸ.ਆਈ.ਟੀ. ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇੰਦਰਜੀਤ ਵਿਰੁੱਧ "ਅਪਰਾਧਿਕ ਦੁਰਾਚਾਰ ਦੇ ਗੰਭੀਰ ਦੋਸ਼" ਸਨ, ਜਿਨ੍ਹਾਂ ਵਿਚ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ, ਫਿਰੌਤੀਆਂ, ਜਾਅਲੀ ਨਸ਼ੇ ਦਿਖਾਉਣਾ ਅਤੇ ਸਬੂਤਾਂ ਨਾਲ ਛੇੜਛਾੜ ਸ਼ਾਮਲ ਹਨ।

ਇੰਦਰਜੀਤ ਨੂੰ ਸੀਆਈਏ ਵਿਚ ਸ਼ਾਮਲ ਕੀਤੇ ਜਾਣ ਨਾਲ ਕੁਝ ਪ੍ਰੇਸ਼ਾਨੀ ਹੋਈ ਹੋਵੇਗੀ। ਇਹ ਪੰਜਾਬ ਪੁਲਿਸ ਦੇ ਨਿਯਮਾਂ ਦੀ ਉਲੰਘਣਾ ਸੀ, ਜੋ ਇਹ ਕਹਿੰਦੇ ਹਨ ਕਿ ਸੀਆਈਏ ਸਟਾਫ ਕਿਸੇ ਜ਼ਿਲ੍ਹੇ ਵਿਚ ਤਾਇਨਾਤ ਸਭ ਤੋਂ ਸੀਨੀਅਰ ਇੰਸਪੈਕਟਰਾਂ ਵਿਚੋਂ ਲਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਅਕਸ ਬੇਦਾਗ ਹੋਣਾ ਚਾਹੀਦਾ ਹੈ। ਉਸ ਵਕਤ ਉਸ ਅਹੁਦੇ ਲਈ ਬਹੁਤ ਸਾਰੇ ਢੁੱਕਵੇਂ ਅਧਿਕਾਰੀ ਸਨ, ਅਤੇ ਇੰਦਰਜੀਤ ਦਾ ਕੋਈ ਨਿਰਦੋਸ਼ ਰਿਕਾਰਡ ਨਹੀਂ ਸੀ। ਹੁੰਦਲ ਨੇ ਇੰਦਰਜੀਤ ਦੀ ਹੈੱਡ ਕਾਂਸਟੇਬਲ ਤੋਂ ਸਹਾਇਕ ਸਬ-ਇੰਸਪੈਕਟਰ ਅਤੇ ਫਿਰ ਸਬ-ਇੰਸਪੈਕਟਰ ਲਈ ਦੋਹਰੀ ਤਰੱਕੀ ਦੀ ਸਿਫਾਰਸ਼ ਕੀਤੀ, ਇਹ ਤਸਦੀਕ ਕਰਦੇ ਹੋਏ ਕਿ ਉਸਦੇ ਵਿਰੁੱਧ ਕੋਈ ਅਪਰਾਧਿਕ ਕੇਸ ਜਾਂ ਵਿਭਾਗੀ ਜਾਂਚ ਬਾਕੀ ਨਹੀਂ ਹੈ। ਇਹ, ਜਿਵੇਂ ਕਿ ਐਸ.ਆਈ.ਟੀ. ਨੇ ਪਤਾ ਲਾਇਆ, ਸਪੱਸ਼ਟ ਤੌਰ ਤੇ ਗਲਤ ਸੀ। ਹੁੰਦਲ ਨੂੰ ਇੰਦਰਜੀਤ ਵਿਰੁੱਧ ਕਈ ਪੜਤਾਲਾਂ ਦੀ ਜਾਣਕਾਰੀ ਦਿੱਤੇ ਜਾਣ ਦੇ ਬਾਵਜੂਦ, ਉਹ ਉਸ ਨੂੰ ਇਕ ਸਿਰਕੱਢ ਅਧਿਕਾਰੀ ਵਜੋਂ ਦਰਸਾਉਂਦਾ ਰਿਹਾ।

ਇੰਦਰਜੀਤ ਦੁਆਰਾ ਕੀਤੀਆਂ ਗਈਆਂ ਸਾਰੀਆਂ ਗ੍ਰਿਫਤਾਰੀਆਂ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਕ ਨਮੂਨਾ ਉਭਰਦਾ ਹੈ। ਉਸਨੇ ਵੱਖ-ਵੱਖ ਮਾਮਲੇ ਦਰਜ ਕੀਤੇ ਜਿਨ੍ਹਾਂ ਵਿਚ ਦੋਸ਼ੀ ਵਿਅਕਤੀ ਐਨ.ਡੀ.ਪੀ.ਐਸ. ਐਕਟ ਅਧੀਨ ਦੋਸ਼ ਲਗਾਏ ਜਾਣ ਤੋਂ ਬਾਅਦ ਚਮਤਕਾਰੀ ਢੰਗ ਨਾਲ ਮੁਕੱਦਮੇ ਤੋਂ ਬਚ ਜਾਂਦੇ। ਉਸਦਾ ਤਰੀਕਾ ਲੋਕਾਂ ਨੂੰ ਝੂਠੇ ਤਰੀਕੇ ਨਾਲ ਫਸਾਉਣਾ ਅਤੇ ਬਾਅਦ ਵਿਚ ਉਨ੍ਹਾਂ ਤੋਂ ਮੋਟੀ ਰਕਮ ਲੈ ਕੇ ਜ਼ਮਾਨਤ ਦਿਵਾਉਣ ਵਿਚ ਸਹਾਇਤਾ ਕਰਨਾ ਸੀ।



ਆਈ.ਪੀ.ਐਸ. ਰਾਜ ਜੀਤ ਸਿੰਘ ਹੁੰਦਲ ਅਤੇ (ਖੱਬੇ) ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ।

ਉਨ੍ਹਾਂ ਨੂੰ ਕੇਸ 'ਚੋਂ ਕੱਢਣ ਵਿਚ ਮੱਦਦ ਕਰਨ ਲਈ, ਇੰਦਰਜੀਤ ਨੇ ਅਦਾਲਤ ਵਿਚ ਚਲਾਨ ਪੇਸ਼ ਕਰਨ ਵਿਚ ਦੇਰੀ ਕੀਤੀ ਜਾਂ ਬਰਾਮਦ ਕੀਤੇ ਨਸ਼ੇ ਨਿਰਧਾਰਤ ਸਮਾਂ ਸੀਮਾ ਲੰਘ ਜਾਣ ਤੋਂ ਬਾਅਦ ਪ੍ਰਯੋਗਸ਼ਾਲਾ ਦੇ ਵਿਸ਼ਲੇਸ਼ਣ ਲਈ ਭੇਜੇ। ਇੰਦਰਜੀਤ ਨੇ ਕੁਝ ਕੇਸਾਂ ਵਿਚ ਵੀਹ ਲੋਕਾਂ ਉਪਰ ਕਿਸੇ ਬਰਾਮਦਗੀ ਦੀ ਰਿਪੋਰਟ ਤੋਂ ਬਿਨਾਂ ਹੀ ਦੋਸ਼ ਵੀ ਲਗਾਏ।

6 ਜੂਨ 2014 ਨੂੰ, ਇੰਦਰਜੀਤ ਨੇ ਤਰਨ ਤਾਰਨ ਵਿਚ ਸੱਤ ਵਿਅਕਤੀਆਂ ਦੇ ਖਿਲਾਫ ਰਪਟ ਦਰਜ ਕਰਵਾਈ। ਪੁਲਿਸ ਨੇ ਤਿੰਨ ਜਣਿਆਂ ਕੋਲੋਂ ਥੋਕ ਮਾਤਰਾ ਵਿਚ ਹੈਰੋਇਨ ਬਰਾਮਦ ਕੀਤੀ ਸੀ। ਬਾਅਦ ਵਿਚ, ਕੇਸ ਵਿਚ 16 ਜਣਿਆਂ ਨੂੰ ਸ਼ਾਮਲ ਕੀਤਾ ਗਿਆ, ਹਾਲਾਂਕਿ ਉਨ੍ਹਾਂ ਤੋਂ ਕੁਝ ਵੀ ਬਰਾਮਦ ਨਹੀਂ ਹੋਇਆ ਸੀ। ਇਨ੍ਹਾਂ ਸਾਰਿਆਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ, ਕਿਉਂਕਿ ਸਮੇਂ ਸਿਰ ਅਦਾਲਤ ਵਿਚ ਚਲਾਣ ਪੇਸ਼ ਨਹੀਂ ਕੀਤਾ ਗਿਆ ਅਤੇ ਮੁਲਜ਼ਮਾਂ ਕੋਲੋਂ ਕੋਈ ਨਸ਼ੀਲਾ ਪਦਾਰਥ ਬਰਾਮਦ ਨਹੀਂ ਕੀਤਾ ਗਿਆ ਸੀ। ਮੁੱਖ ਦੋਸ਼ੀਆਂ ਵਿਚੋਂ ਇਕ ਦਾ ਨਾਂ ਕਥਿਤ ਤੌਰ 'ਤੇ ਇਕ ਦੁਕਾਨ ਮਾਲਕ ਗੁਰਪ੍ਰਕਾਸ਼ ਸਿੰਘ ਹੈ, ਜਿਸ ਨੂੰ ਸੰਨੀ ਵੀ ਕਿਹਾ ਜਾਂਦਾ ਹੈ। ਇੰਦਰਜੀਤ ਨੇ ਇਸ ਕੇਸ ਵਿਚ ਸੰਨੀ ਦਾ ਨਾਂ ਸ਼ਾਮਲ ਕੀਤਾ, ਪਰ ਉਸ ਨੂੰ ਇਸ ਐਫ.ਆਈ.ਆਰ. ਦੇ ਅਧਾਰ 'ਤੇ ਗ੍ਰਿਫਤਾਰ ਅਗਲੇ ਸਾਲ ਹੀ ਕੀਤਾ ਗਿਆ।

ਸੰਨੀ ਨੂੰ ਮਹੀਨੇ ਦੇ ਅਖੀਰ ਵਿਚ ਇਕ ਵੱਖਰੀ ਐਫ.ਆਈ.ਆਰ. 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਉਸਨੇ ਐਸ.ਆਈ.ਟੀ. ਨੂੰ ਦੱਸਿਆ ਕਿ ਇੰਦਰਜੀਤ 26 ਜੂਨ ਨੂੰ ਅੰਮ੍ਰਿਤਸਰ ਵਿਚ ਉਸਦੀ ਦੁਕਾਨ 'ਤੇ ਆਇਆ ਸੀ ਅਤੇ ਉਸ ਨੇ 20 ਲੱਖ ਰੁਪਏ ਦੇਣ ਦੀ ਮੰਗ ਕੀਤੀ ਸੀ। ਉਹ ਭੁਗਤਾਨ ਕਰਨ ਵਿਚ ਅਸਮਰੱਥ ਸੀ, ਅਤੇ ਤਿੰਨ ਦਿਨਾਂ ਬਾਅਦ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਸੰਨੀ ਦੀ ਛੇ ਸਾਲਾ ਬੇਟੀ ਦੀ ਮੌਤ ਜੇਲ੍ਹ ਵਿਚ ਹੋਣ ਦੌਰਾਨ ਹੋਈ ਸੀ। ਉਸ ਦੇ ਅੰਤਿਮ ਸੰਸਕਾਰ ਸਮੇਂ ਉਸ ਨੇ ਪ੍ਰੈਸ ਨੂੰ ਦੱਸਿਆ ਕਿ ਇੰਦਰਜੀਤ ਉਸਨੂੰ ਫਿਰੌਤੀ ਦੀਆਂ ਧਮਕੀਆਂ ਦੇ ਰਿਹਾ ਸੀ। ਉਸਨੇ ਕਥਿਤ ਤੌਰ 'ਤੇ ਐਸ.ਆਈ.ਟੀ. ਨੂੰ ਦੱਸਿਆ ਕਿ ਇਸ ਕਾਰਨ ਹੈਰੋਇਨ ਜ਼ਬਤ ਕਰਨ ਦੇ ਮਾਮਲੇ ਵਿਚ ਐਫ.ਆਈ.ਆਰ. ਵਿਚ ਉਸ ਦਾ ਨਾਂ ਪਿਛਲੇ ਮਾਮਲੇ ਮੁਤਾਬਿਕ ਜੋੜਿਆ ਗਿਆ ਸੀ। ਜਦੋਂ ਉਸਨੂੰ 7 ਜਨਵਰੀ 2015 ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਕੋਈ ਨਸ਼ਾ ਬਰਾਮਦ ਨਹੀਂ ਕੀਤਾ ਗਿਆ ਸੀ।

**ਐਨ.ਡੀ.ਪੀ.ਐਸ. ਐਕਟ ਅਨੁਸਾਰ ਸਿਰਫ ਸਹਾਇਕ ਸਬ ਇੰਸਪੈਕਟਰ ਜਾਂ ਇਸ ਤੋਂ ਉਚੇ ਦਰਜੇ ਦੇ ਅਧਿਕਾਰੀ ਹੀ ਡਰੱਗ ਦੇ ਕੇਸ ਦਰਜ ਕਰ ਜਾਂ ਜਾਂਚ ਕਰ ਸਕਦੇ ਹਨ। ਆਈ. ਪੀ. ਐਸ. ਰਾਜ ਜੀਤ ਸਿੰਘ ਹੁੰਦਲ ਨੇ ਇੰਦਰਜੀਤ ਸਿੰਘ ਨੂੰ ਐਕਟ ਦੇ ਤਹਿਤ ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਹਾਲਾਂਕਿ ਉਹ ਏਐਸਆਈ ਨਹੀਂ ਬਣਿਆ ਸੀ। ਉਸਦਾ ਮੁੱਖ ਦਰਜਾ ਹੈਡ ਕਾਂਸਟੇਬਲ ਦਾ ਸੀ।**

ਇਸ ਕੇਸ ਦੇ ਆਧਾਰ 'ਤੇ ਹੁੰਦਲ ਨੇ ਇੰਦਰਜੀਤ ਨੂੰ ਦੋਹਰੀ ਤਰੱਕੀ ਦੇਣ ਦੀ ਸਿਫਾਰਸ਼ ਕੀਤੀ, ਇਸ ਦੇ ਬਾਵਜੂਦ ਕਿ ਖੰਨਾ ਦੇ ਇਕ ਸੀਨੀਅਰ ਪੁਲਿਸ ਸੁਪਰਡੈਂਟ ਦੇ ਆਦੇਸ਼ 'ਤੇ ਉਸ ਵਿਰੁੱਧ ਵਿਭਾਗੀ ਜਾਂਚ ਅਜੇ ਬਾਕੀ ਸੀ। ਹੁੰਦਲ ਨੇ ਹੁਸ਼ਿਆਰਪੁਰ ਦੇ ਸੀਨੀਅਰ ਸੁਪਰਡੈਂਟ ਦੀ ਹੈਸੀਅਤ 'ਚ ਇੰਦਰਜੀਤ ਨੂੰ 4 ਸਤੰਬਰ 2014 ਨੂੰ ਬਰੀ ਕਰ ਦਿੱਤਾ।

ਇਕ ਹੋਰ ਮਿਸਾਲ 'ਚ, ਸਤਾਰਪਾਲ ਸਿੰਘ ਨਾਂ ਦੇ ਇਕ 18 ਸਾਲਾ ਵਿਦਿਆਰਥੀ ਉਪਰ ਐਨ.ਡੀ.ਪੀ.ਐਸ. ਐਕਟ ਤਹਿਤ ਤਿੰਨ ਵੱਖ-ਵੱਖ ਮਾਮਲਿਆਂ ਵਿਚ ਕੇਸ ਦਰਜ ਕੀਤਾ ਗਿਆ ਸੀ। ਉਸ ਦੇ ਖਿਲਾਫ ਐਫ.ਆਈ.ਆਰ. ਦਰਜ ਹੋਣ ਤੋਂ ਇਕ ਸਾਲ ਬਾਅਦ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸਤਾਰਪਾਲ ਨੇ ਐਸ.ਆਈ.ਟੀ. ਨੂੰ ਦੱਸਿਆ ਕਿ ਉਸ ਦੇ ਘਰ 'ਚ ਉਦੋਂ ਛਾਪਾ ਮਾਰਿਆ ਗਿਆ ਸੀ ਜਦੋਂ ਘਰ ਵਿਚ ਕੋਈ ਨਹੀਂ ਸੀ। ਬਾਅਦ ਵਿਚ, ਜਦੋਂ ਉਹ ਇੰਦਰਜੀਤ ਦੇ ਟਾਊਟ ਸਹਿਬ ਸਿੰਘ ਨੂੰ ਮਿਲਿਆ, ਜਿਸ ਨੇ ਉਸ ਨੂੰ ਦੱਸਿਆ ਕਿ ਜੇਕਰ ਇੰਦਰਜੀਤ ਨੂੰ 25 ਲੱਖ ਰੁਪਏ ਦਿੱਤੇ ਜਾਂਦੇ ਤਾਂ ਉਸ ਨੂੰ ਰਾਹਤ ਮਿਲ ਸਕਦੀ ਸੀ। ਇਸ ਦੌਰਾਨ, ਇੰਦਰਜੀਤ ਨੇ ਸਤਾਰਪਾਲ ਦੇ ਪਿਤਾ, ਪ੍ਰੇਮ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ, ਜਿਸ ਦੇ ਕੋਲੋਂ 200 ਗ੍ਰਾਮ ਹੈਰੋਇਨ ਬਰਾਮਦ ਹੋਈ ਦਿਖਾਈ ਗਈ ਸੀ।

ਸਤਾਰਪਾਲ ਦੇ ਖਿਲਾਫ ਇਕ ਇਲਜ਼ਾਮ ਇਹ ਸੀ ਕਿ ਉਸਦੇ ਕੋਲ ਇਕ ਕਿਲੋਗ੍ਰਾਮ ਹੈਰੋਇਨ ਸੀ। ਐਨ.ਡੀ.ਪੀ.ਐਸ. ਐਕਟ ਅਨੁਸਾਰ, ਜਦੋਂ ਵੀ ਨਸ਼ੇ ਬਰਾਮਦ ਹੁੰਦੇ ਹਨ ਤਾਂ ਨਮੂਨੇ ਜਲਦੀ ਤੋਂ ਜਲਦੀ ਫੌਰੈਂਸਿਕ ਪ੍ਰਯੋਗਸ਼ਾਲਾ ਵਿਚ ਭੇਜੇ ਜਾਣੇ ਚਾਹੀਦੇ ਹਨ। ਜਦੋਂਕਿ, ਇੰਦਰਜੀਤ ਦੀ ਟੀਮ ਨੇ ਕਈ ਮਹੀਨਿਆਂ ਬਾਅਦ ਨਮੂਨਾ ਭੇਜਿਆ। ਨਤੀਜੇ ਵਜੋਂ, ਸਾਰੇ ਦੋਸ਼ੀਆਂ ਨੂੰ ਅਦਾਲਤ ਨੇ ਜ਼ਮਾਨਤ ਦੇ ਦਿੱਤੀ। ਐਸ.ਆਈ.ਟੀ. ਨੂੰ ਬਾਅਦ ਵਿਚ ਪਤਾ ਲੱਗਾ ਕਿ ਪੰਜਾਹ ਤੋਂ ਵੱਧ ਨਮੂਨੇ ਜੋ ਖਰੜ ਵਿਖੇ ਫੌਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ ਨੂੰ ਭੇਜੇ ਗਏ ਸਨ, ਉਨ੍ਹਾਂ ਦੇ ਸ਼ੱਕੀ ਨਤੀਜੇ ਵਾਪਸ ਆਏ।

ਇਕ ਗੁਰਜੀਤ ਸਿੰਘ ਨਾਂ ਦੇ ਵਿਅਕਤੀ ਦੇ ਖਿਲਾਫ ਇਕ ਹੋਰ ਮਾਮਲੇ ਵਿਚ, ਇੰਦਰਜੀਤ ਨੇ ਉਸਦੇ ਘਰੋਂ 60 ਲੱਖ ਰੁਪਏ ਬਰਾਮਦ ਕੀਤੇ ਪਰ ਰਿਕਾਰਡ ਵਿਚ ਸਿਰਫ 36 ਲੱਖ ਰੁਪਏ ਹੀ ਦਿਖਾਏ ਗਏ। ਕੁਝ ਦਿਨਾਂ ਬਾਅਦ, ਤਰਨ ਤਾਰਨ ਸੀਆਈਏ ਵਿਚ ਸਹਾਇਕ ਸਬ-ਇੰਸਪੈਕਟਰ ਅਤੇ ਇੰਦਰਜੀਤ ਦੇ ਟਾਊਟ ਸਾਹਬ ਸਿੰਘ ਦੇ ਜੀਜਾ ਬਲਵਿੰਦਰ ਸਿੰਘ ਨੇ ਉਸ ਦੇ ਘਰ ਦੁਬਾਰਾ ਛਾਪਾ ਮਾਰਿਆ ਅਤੇ ਗਹਿਣੇ, ਘਰ ਦਾ ਸਾਮਾਨ, ਫਰਨੀਚਰ ਅਤੇ ਇਥੋਂ ਤੱਕ ਕਿ ਗੁਰਜੀਤ ਦੇ ਕੱਪੜੇ ਵੀ ਚੁੱਕ ਕੇ ਲੈ ਗਿਆ। ਅੰਤ ਵਿਚ, ਗੁਰਜੀਤ ਦੀ ਪਤਨੀ ਨੂੰ ਉਨ੍ਹਾਂ ਦੇ ਘਰ ਦੇ ਰਜਿਸਟਰੀ ਦੇ ਦਸਤਾਵੇਜ਼ ਬਲਵਿੰਦਰ ਦੇ ਨਾਂ ਟ੍ਰਾਂਸਫਰ ਕਰਨ ਲਈ ਕਿਹਾ ਗਿਆ। 35 ਲੱਖ ਰੁਪਏ ਦੇਣ ਤੋਂ ਬਾਅਦ ਗੁਰਜੀਤ ਨੂੰ ਜ਼ਮਾਨਤ ਦੇ ਦਿੱਤੀ ਗਈ। ਉਸ ਦਾ ਚਲਾਨ ਅਦਾਲਤ ਵਿਚ ਬਹੁਤ ਦੇਰ ਨਾਲ ਪੇਸ਼ ਕੀਤਾ ਗਿਆ।

ਐਨ.ਡੀ.ਪੀ.ਐਸ. ਐਕਟ ਅਨੁਸਾਰ, ਸਿਰਫ ਸਹਾਇਕ ਸਬ-ਇੰਸਪੈਕਟਰ ਜਾਂ ਇਸ ਤੋਂ ਉਚੇ ਦਰਜੇ ਦੇ ਅਧਿਕਾਰੀ ਹੀ ਡਰੱਗ ਦੇ ਕੇਸ ਦਰਜ ਕਰ ਜਾਂ ਜਾਂਚ ਕਰ ਸਕਦੇ ਹਨ। ਹੁੰਦਲ ਨੇ ਇੰਦਰਜੀਤ ਨੂੰ ਐਕਟ ਦੇ ਤਹਿਤ ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਹਾਲਾਂਕਿ ਉਹ ਏਐਸਆਈ ਨਹੀਂ ਬਣਿਆ ਸੀ। ਇਕ ਸਰਕਾਰੀ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਉਸਦਾ ਮੁੱਖ ਦਰਜਾ ਇਕ ਹੈਡ ਕਾਂਸਟੇਬਲ ਦਾ ਸੀ। ਇਸ ਕਾਰਨ ਬਹੁਤ ਸਾਰੇ ਮੁਲਜ਼ਮ ਬਰੀ ਹੋ ਗਏ। ਅਦਾਲਤ ਵਿਚ, ਇੰਦਰਜੀਤ ਖੁਦ ਗਵਾਹਾਂ ਦੇ ਬਿਆਨਾਂ, ਬਰਾਮਦਗੀ ਦੀ ਤਾਰੀਕ ਜਾਂ ਬਰਾਮਦ ਕੀਤੇ ਵਾਹਨਾਂ ਦੇ ਰਜਿਸਟ੍ਰੇਸ਼ਨ ਨੰਬਰ ਵਿਚ ਕੁਜੋੜਤਾ ਨੂੰ ਖੁਦ ਸਵੀਕਾਰ ਕਰ ਲੈਂਦਾ, ਜਿਸ ਨਾਲ ਹੋਰ ਦੋਸ਼ੀ ਬਰੀ ਹੋ ਜਾਂਦੇ।

ਐਸ.ਆਈ.ਟੀ. ਨੇ ਇੰਦਰਜੀਤ ਦੀ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮਿਲੀਭੁਗਤ ਦੀ ਵੀ ਜਾਂਚ ਕੀਤੀ। ਹੁੰਦਲ ਨੇ ਕਥਿਤ ਤੌਰ 'ਤੇ ਐਸ.ਆਈ.ਟੀ. ਨੂੰ ਦੱਸਿਆ ਕਿ ਇੰਦਰਜੀਤ ਨੇ ਉਸ ਨਾਲ ਸਿਰਫ ਚੌਦਾਂ ਮਹੀਨੇ ਕੰਮ ਕੀਤਾ ਸੀ, ਅਤੇ ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਬਹੁਤ ਸਾਰੇ ਅਧਿਕਾਰੀਆਂ ਨਾਲ ਵੀ ਇੰਦਰਜੀਤ ਤਾਇਨਾਤ ਰਿਹਾ ਸੀ। ਐਸ.ਆਈ.ਟੀ. ਨੇ ਹੁੰਦਲ ਦੀਆਂ 2012 ਤੋਂ ਪ੍ਰਾਪਤ ਕੀਤੀਆਂ ਜਾਇਦਾਦਾਂ ਦੇ ਵੇਰਵੇ ਇਕੱਠੇ ਕਰਨੇ ਵੀ ਸ਼ੁਰੂ ਕਰ ਦਿੱਤੇ ਸਨ, ਜਿਸ ਵਿਚ ਉਹ ਫੰਡਾਂ ਦੇ ਸਰੋਤ ਵੀ ਸ਼ਾਮਲ ਸਨ ਜੋ ਉਹ ਇਨ੍ਹਾਂ ਜਾਇਦਾਦਾਂ ਨੂੰ ਖਰੀਦਣ ਲਈ ਵਰਤਦਾ ਸੀ।

ਅੰਮ੍ਰਿਤਸਰ ਵਿਚ ਇੰਦਰਜੀਤ ਵਿਰੁੱਧ 15 ਜੂਨ 2006 ਨੂੰ ਇਕ ਕੇਸ ਸੰਬੰਧਤ ਪੁਲਿਸ ਥਾਣੇ ਦੀ ਮਾਸਿਕ ਅਪਰਾਧ ਡਾਇਰੀ ਵਿਚੋਂ ਰਹੱਸਮਈ ਤਰੀਕੇ ਨਾਲ ਮਿਟਾਇਆ ਗਿਆ ਮਿਲਿਆ ਸੀ। ਰਾਜ ਦੀ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਵਿਜੀਲੈਂਸ ਬਿਊਰੋ ਵਿਚ ਵੀ ਇੰਦਰਜੀਤ ਦੇ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕਈ ਮਾਮਲੇ ਬਕਾਇਆ ਸਨ।

ਐਸ.ਟੀ.ਐਫ. ਨੇ 12 ਜੂਨ 2017 ਨੂੰ ਇੰਦਰਜੀਤ ਨੂੰ ਕਪੂਰਥਲਾ ਵਿਚ ਗ੍ਰਿਫਤਾਰ ਕੀਤਾ ਸੀ, ਉਸ ਦੀ ਜਲੰਧਰ ਅਤੇ ਫਗਵਾੜਾ ਵਿਚ ਸਥਿਤ ਦੋ ਸਰਕਾਰੀ ਰਿਹਾਇਸ਼ਾਂ ਤੋਂ ਹੈਰੋਇਨ ਬਰਾਮਦ ਹੋਈ ਸੀ। ਉਸ ਨੂੰ 16 ਜੂਨ ਨੂੰ ਜਲੰਧਰ ਦੇ ਐਸਐਸਪੀ ਸੰਦੀਪ ਕੁਮਾਰ ਸ਼ਰਮਾ, ਨੇ ਬਰਖਾਸਤ ਕਰ ਦਿੱਤਾ ਸੀ। ਇਕ ਸਹਾਇਕ ਸਬ-ਇੰਸਪੈਕਟਰ ਅਤੇ ਇੰਦਰਜੀਤ ਦੇ ਕਰੀਬੀ ਸਹਿਯੋਗੀ ਅਜਾਇਬ ਸਿੰਘ ਨੂੰ ਵੀ ਬਰਖਾਸਤ ਕਰ ਦਿੱਤਾ ਗਿਆ ਸੀ। ਈਡੀ ਦੇ ਇਕ ਸੀਨੀਅਰ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਚਟੋਪਾਧਿਆਏ ਨੇ ਈਡੀ ਨੂੰ ਲਿਖੇ ਇਕ ਪੱਤਰ ਵਿਚ ਦੋਸ਼ ਲਾਇਆ ਸੀ ਕਿ ਇੰਦਰਜੀਤ, ਹੁੰਦਲ ਅਤੇ ਹੋਰਨਾਂ ਨੇ ਗੈਰਕਨੂੰਨੀ ਤਰੀਕਿਆਂ ਨਾਲ ਇਕੱਠੇ ਕੀਤੇ ਪੈਸੇ ਲੁਕੋਏ ਹੋਏ ਸਨ ਅਤੇ ਉਹ ਮਨੀ ਲਾਂਡਰਿੰਗ ਵਿਚ ਵੀ ਲੱਗੇ ਹੋਏ ਸਨ, ਪਰ ਉਨ੍ਹਾਂ ਨੇ ਹੋਰ ਸਬੂਤ ਮੁਹੱਈਆ ਨਹੀਂ ਕਰਵਾਏ ਜਾਂ ਮੰਗੇ ਨਹੀਂ ਸਨ।

ਜੁਲਾਈ 2018 ਵਿਚ, ਪੰਜਾਬ ਵਿਜੀਲੈਂਸ ਬਿਊਰੋ ਨੇ ਹੁੰਦਲ ਨੂੰ ਭਾਰਤ ਛੱਡਣ ਤੋਂ ਰੋਕਣ ਲਈ ਮੁਲਕ ਦੇ ਸਾਰੇ ਹਵਾਈ ਅੱਡਿਆਂ ਨੂੰ ਲੁੱਕਆਊਟ ਨੋਟਿਸ ਭੇਜਿਆ। ਇਹ ਇੰਦਰਜੀਤ ਵੱਲੋਂ ਉਸ ਦਾ ਨਾਂ ਨਸ਼ਿਆਂ ਦੇ ਸੌਦਿਆਂ ਦੇ ਰਾਜ਼ੇ ਅਤੇ ਸਰਪ੍ਰਸਤ ਵਜੋਂ ਲੈਣ ਤੋਂ ਬਾਦ ਭੇਜਿਆ ਗਿਆ। ਹੁਣ, ਤਿੰਨ ਸਾਲ ਬਾਅਦ, ਹੁੰਦਲ ਮੁਹਾਲੀ ਵਿਚ ਵਿਜੀਲੈਂਸ ਬਿਊਰੋ ਦੇ ਮੁੱਖ ਦਫਤਰ ਵਿਖੇ ਸੀਨੀਅਰ ਪੁਲਿਸ ਸੁਪਰਡੈਂਟ ਦੇ ਅਹੁਦੇ 'ਤੇ ਹੈ।

ਹੁੰਦਲ ਨੇ ਇਸ ਸਟੋਰੀ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ, ਇਹ ਕਹਿੰਦਿਆਂ ਕਿ ਇਹ ਕੇਸ ਸੁਣਵਾਈ ਅਧੀਨ ਹੈ। ਹਾਲਾਂਕਿ, ਉਹ ਇਹ ਗੱਲ ਰਿਕਾਰਡ 'ਚ ਲਿਆਉਣਾ ਚਾਹੁੰਦਾ ਸੀ ਕਿ ਉਸ ਨੇ ਖੁਦ ਐਸ.ਆਈ.ਟੀ. ਦੁਆਰਾ ਆਪਣੇ ਕੇਸ ਦੀ ਨਿਰਪੱਖ ਜਾਂਚ ਲਈ ਅਦਾਲਤ ਤੱਕ ਪਹੁੰਚ ਕੀਤੀ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਉਸ ਨਾਲ ਸੰਬੰਧਤ ਐਸ.ਆਈ.ਟੀ. ਰਿਪੋਰਟਾਂ ਖੋਲ੍ਹੀਆਂ ਜਾਣ।


ਇਕ ਸੀਨੀਅਰ ਪੁਲਿਸ ਅਧਿਕਾਰੀ, ਜੋ ਆਪਣਾ ਨਾਂ ਨਹੀਂ ਦੱਸਣਾ ਚਾਹੁੰਦਾ ਸੀ, ਨੇ ਸਾਨੂੰ ਦੱਸਿਆ ਕਿ ਹੁੰਦਲ ਦੀ ਪੰਜਾਬ ਵਿਚ ਟਾਰਗੇਟਿਡ ਕਤਲਾਂ ਨਾਲ ਜੁੜੇ ਇਕ ਮਾਮਲੇ ਕਾਰਨ ਕੁਝ ਸੀਨੀਅਰ ਅਧਿਕਾਰੀਆਂ 'ਚ ਚੰਗੀ ਸਾਖ ਸੀ। ਅਧਿਕਾਰੀ ਨੇ ਕਿਹਾ, "ਰਾਜ ਜੀਤ ਉਸ ਟੀਮ ਦਾ ਮੈਂਬਰ ਸੀ ਜਿਸ ਨੇ ਇਕ ਮਹੱਤਵਪੂਰਨ ਕੇਸ ਨੂੰ ਸੁਲਝਾਇਆ। ਇਸ ਦੌਰਾਨ, ਰਾਜ ਜੀਤ ਵਿਰੁੱਧ ਇਹ ਦੋਸ਼ ਸਾਹਮਣੇ ਆਏ। ਇਸ ਕੇਸ ਤੋਂ ਬਾਅਦ ਰਾਜ ਜੀਤ ਨੂੰ ਧਮਕੀਆਂ ਵੀ ਮਿਲ ਰਹੀਆਂ ਸਨ, ਅਤੇ ਵਿਭਾਗ ਤੇ ਸੀਨੀਅਰਾਂ ਨੇ ਕਿਤੇ ਨਾ ਕਿਤੇ ਉਸ ਦੇ ਨਾਲ ਖੜ੍ਹੇ ਹੋਣ ਦਾ ਫੈਸਲਾ ਕੀਤਾ, ਜਦੋਂ ਕਿ ਡਰੱਗ ਮਾਫੀਆ ਨਾਲ ਉਸ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਹਾਈ ਕੋਰਟ ਦੁਆਰਾ ਬਣਾਈ ਗਈ ਐਸ.ਆਈ.ਟੀ. ਵੱਲੋਂ ਕੀਤੀ ਜਾ ਰਹੀ ਸੀ।

15 ਮਾਰਚ 2018 ਨੂੰ, ਜਦੋਂ ਦੂਜੀ ਐਸ.ਆਈ.ਟੀ. ਰਿਪੋਰਟ ਪੇਸ਼ ਕੀਤੀ ਗਈ ਸੀ ਤਾਂ ਚਟੋਪਾਧਿਆਏ ਨੇ ਕੁਝ ਸੰਵੇਦਨਸ਼ੀਲ ਮੁੱਦਿਆਂ 'ਤੇ ਜਾਣਕਾਰੀ ਦੇਣ ਲਈ ਹਾਈ ਕੋਰਟ ਨੂੰ ਵਿਸ਼ੇਸ਼ ਬੇਨਤੀ ਕੀਤੀ ਸੀ। ਉਸਨੂੰ ਪੰਜਾਬ ਦੇ ਐਡਵੋਕੇਟ ਜਨਰਲ ਦੇ ਨਾਲ, ਜੱਜਾਂ ਦੇ ਚੈਂਬਰਾਂ ਵਿਚ ਬੁਲਾਇਆ ਗਿਆ ਸੀ। ਚਟੋਪਾਧਿਆਏ ਨੇ ਜੱਜਾਂ

(ਬਾਕੀ ਅਗਲੇ ਸਫੇ 'ਤੇ)

# ਸਬਦ ਸੁਰਤਿ ਲਿਵ ਸਾਧਸੰਗਿ ਪੰਚ ਸਬਦ ਇਕ ਸਬਦ ਮਿਲਾਏ

ਪਿਛਲੇ ਲੇਖ ਵਿਚ ਭਾਈ ਗੁਰਦਾਸ ਦੀ ਛੇਵੀਂ ਵਾਰ ਦੀ ਨੌਵੀਂ ਪਉੜੀ ਤੱਕ ਸੰਖੇਪ ਚਰਚਾ ਕੀਤੀ ਸੀ। ਦਸਵੀਂ ਪਉੜੀ ਵਿਚ ਭਾਈ ਗੁਰਦਾਸ ਸਿੱਖ ਧਰਮ ਵਿਚ ਆਏ ਗੁਰਮੁਖਿ ਦੇ ਸੰਕਲਪ ‘ਤੇ ਚਰਚਾ ਕਰਦੇ ਹਨ। ਗੁਰਮਤਿ ਚਿੰਤਨ ਵਿਚ ਮਨੁੱਖ ਦੀ ਜਨਮ ਜਾਤਿ, ਜਮਾਤ ਜਾਂ ਲਿੰਗ ਆਧਾਰਤ ਕਿਸੇ ਕਿਸਮ ਦੀ ਵੰਡ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਹਨ: ਗੁਰਮੁਖਿ, ਜੋ ਗੁਰੂ ਦੀ ਸਿੱਖਿਆ ਅਨੁਸਾਰ ਚੱਲਦਾ ਹੈ ਅਤੇ ਮਨਮੁਖਿ, ਜੋ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ। ਗੁਰਮੁਖਿ ਗੁਰੂ ਦੀ ਸਿੱਖਿਆ ‘ਤੇ ਚੱਲਦਿਆਂ ਆਪਣੀ ਸੁਰਤਿ ਗੁਰੂ ਦੇ ਸ਼ਬਦ ਵਿਚ ਟਿਕਾ ਕੇ ਰੱਖਦਾ ਹੈ ਅਤੇ ਵੱਖ ਵੱਖ ਸਾਜ਼ਾਂ ਰਾਹੀਂ ਪੈਦਾ ਕੀਤੀਆਂ ਧੁਨਾਂ ਅਤੇ ਆਵਾਜ਼ਾਂ ਵਿਚ ਵੀ ਉਸ ਦਾ ਧਿਆਨ ਗੁਰੂ ਦੇ ਸ਼ਬਦ ਵਿਚ ਹੀ ਹੁੰਦਾ ਹੈ। ਗੁਰਮੁਖਿ ਲਈ ਰਾਗ ਤੇ ਨਾਦ ਸਿਰਫ ਮਾਧਿਅਮ ਹਨ ਅਤੇ ਗੁਰਮੁਖਿ ਗੁਰੂ ਦੇ ਸ਼ਬਦ ‘ਤੇ ਹੀ ਪ੍ਰੇਮ ਨਾਲ ਚਰਚਾ ਕਰਦਾ ਹੈ ਤੇ ਸ਼ਬਦ ਦਾ ਹੀ ਉਚਾਰਨ ਜਾਂ



**ਡਾ. ਗੁਰਨਾਮ ਕੌਰ, ਕੈਨੇਡਾ**

ਗਾਇਨ ਕਰਦਾ ਹੈ। ਗੁਰਮੁਖਿ ਪਰਮਸਤਿ ਜਾਂ ਬ੍ਰਹਮ ਦੇ ਗਿਆਨ ਨੂੰ ਸਮਝਦਾ ਹੈ, ਜਿਸ ਤਰ੍ਹਾਂ ਵਾਜਾ ਵਜਾਉਣ ਵਾਲਾ ਆਪਣੇ ਵਾਜੇ ਦੀ ਧੁਨੀ ਨੂੰ ਸਮਝਦਾ ਹੈ। ਉਸ ਪਰਮਸਤਿ ‘ਤੇ, ਜਿਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ, ਗੁਰਮੁਖਿ ਵਿਚਾਰ ਕਰਦਾ ਹੈ ਅਤੇ ਉਸਤਤਿ ਤੇ ਨਿੰਦਿਆ ਵਰਗੀਆਂ ਰੁਚੀਆਂ ਤੋਂ ਦੂਰ ਰਹਿੰਦਾ ਹੈ ਅਰਥਾਤ ਉਸਤਤਿ ਅਤੇ ਨਿੰਦਿਆ ਆਦਿ ਦੋਵੇਂ ਉਸ ਲਈ ਕੋਈ ਅਰਥ ਨਹੀਂ ਰੱਖਦੀਆਂ। ਗੁਰੂ ਦੀ ਸਿੱਖਿਆ ‘ਤੇ ਚੱਲਦਿਆਂ ਗੁਰਮੁਖਿ ਹਲੀਮੀ ਦੇ ਗੁਣ ਅਪਨਾਉਂਦਾ ਹੈ ਅਤੇ ਹਰ ਇੱਕ ਨਾਲ ਮਿੱਠਾ ਬੋਲਦਾ ਹੈ। ਜਿਸ ਤਰ੍ਹਾਂ ਕੋਈ ਗੁੜ ਨੂੰ ਜਿੰਨਾ ਮਰਜ਼ੀ ਲੁਕਾ ਕੇ ਰੱਖ ਲਵੇ ਕੀੜੇ-ਕੀੜੀਆਂ ਉਸ ਨੂੰ ਲੱਭ ਲੈਂਦੇ ਹਨ; ਇਸੇ ਤਰ੍ਹਾਂ ਗੁਰਮੁਖਿ ਦੇ ਗੁਣ ਵੀ ਛੁਪਾਏ ਹੋਏ ਛੁਪਦੇ ਨਹੀਂ, ਉਸ ਦੇ ਵਿਅਕਤੀਤਵ ਵਿਚੋਂ ਪਰਗਟ ਹੋ ਜਾਂਦੇ ਹਨ। ਜਿਸ ਤਰ੍ਹਾਂ ਰਸ ਦੇਣ ਲਈ ਗੰਨੇ ਨੂੰ ਵੇਲਣੇ ਜਾਂ ਕੋਹਲੂ ਵਿਚ ਪੀੜਨਾ ਪੈਂਦਾ ਹੈ, ਇਸੇ ਤਰ੍ਹਾਂ ਦੂਸਰਿਆਂ ਨੂੰ ਸੁੱਖ ਦੇਣ ਲਈ ਗੁਰਮੁਖਿ ਨੂੰ ਆਪ ਕਸ਼ਟ ਸਹਿਣੇ ਪੈਂਦੇ ਹਨ:

ਸਬਦ ਸੁਰਤਿ ਲਿਵ ਸਾਧਸੰਗਿ
ਪੰਚ ਸਬਦ ਇਕ ਸਬਦ ਮਿਲਾਏ।
ਰਾਗ ਨਾਦ ਲਖ ਸਬਦ ਲਖਿ
ਭਾਖਿਆ ਭਾਉ ਸੁਭਾਉ ਅਲਾਏ।
ਗੁਰਮੁਖਿ ਬ੍ਰਹਮ ਧਿਆਨੁ ਧੁਨਿ
ਜਾਣੈ ਜੰਤ੍ਰੀ ਜੰਤ੍ਰ ਵਜਾਏ।
ਅਕਥ ਕਥਾ ਵੀਚਾਰਿ ਕੈ
ਉਸਤਤਿ ਨਿੰਦਾ ਵਰਜਿ ਰਹਾਏ।
ਗੁਰ ਉਪਦੇਸੁ ਅਵੇਸੁ ਕਰਿ
ਮਿਠਾ ਬੋਲਣੁ ਮਨ ਪਰਚਾਏ।
ਜਾਇ ਮਿਲਨਿ ਗੁੜ ਕੀੜਿਆਂ
ਰਖੈ ਰਖਣਹਾਰੁ ਲੁਕਾਏ।
ਗੰਨਾ ਹੋਇ ਕੋਲੂ ਪੀੜਾਏ॥10॥

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਜਿਸ ਤਰ੍ਹਾਂ ਭਉਰਾ ਫੁੱਲਾਂ ਦਾ ਰਸ ਮਾਣਦਾ ਹੈ, ਇਸੇ ਤਰ੍ਹਾਂ ਗੁਰੂ ਦੇ ਚਰਨ-ਕਮਲਾਂ ਨਾਲ ਲੱਗ ਕੇ ਗੁਰਮੁਖਿ ਰਸ ਅਤੇ ਅਨੰਦ ਮਾਣਦਾ ਹੈ। ਇੜਾ, ਪਿੰਗਲਾ ਅਤੇ ਸੁਸ਼ਮਨਾ ਤੋਂ ਵੀ ਪਾਰ ਜਾਂਦਿਆਂ ਉਹ ਆਪਣੇ ਆਪ ਨੂੰ ਆਪਣੇ ਆਤਮ ਵਿਚ, ਆਪਣੇ ਸਵੈ ਵਿਚ ਟਿਕਾ ਲੈਂਦਾ ਹੈ। ਉਹ ਆਪਣੇ ਸਵਾਸਾਂ, ਮਨ ਅਤੇ ਪ੍ਰਾਣ ਰਾਹੀਂ ਪਰਮਾਤਮਾ ਦਾ ਜਾਪ ਕਰਦਾ ਹੈ ਅਤੇ ਦੂਸਰਿਆਂ ਨੂੰ ਵੀ ਜਾਪ ਕਰਾਉਂਦਾ ਹੈ। ਗੁਰਮੁਖਿ ਦੀ ਪਰਮਾਤਮਾ ਵਿਚ ਲਿਵ ਲੱਗਣ ਦਾ ਅਨੂਪਮ ਸਰੂਪ ਬਹੁਤ ਅਸਚਰਜ ਕਰਨ ਵਾਲਾ ਹੈ, ਜਿਵੇਂ ਖੁਸ਼ਬੋ ਦਾ ਸਮਾਉਣਾ ਸੁਗੰਧ ਮਚਾ ਦਿੰਦਾ ਹੈ, ਇਵੇਂ ਹੀ ਇਹ ਲਿਵ ਵਿਅਕਤੀਤਵ ਨੂੰ ਸੁਗੰਧਤ ਕਰ ਦਿੰਦੀ ਹੈ। ਗੁਰਮੁਖਿ ਗੁਰੂ ਚਰਨਾਂ ਰੂਪੀ ਅਨੰਦਮਈ ਸਮੁੰਦਰ ਵਿਚ ਸ਼ਾਂਤ-ਚਿੱਤ ਹੋ ਕੇ ਸਮਾ ਜਾਂਦੇ ਹਨ। ਜਦੋਂ ਗੁਰਮੁਖਿ ਰੱਬੀ ਪ੍ਰੇਮ-ਰਸ ਰੂਪੀ ਸੁੱਖ-ਫਲ ਦੀ ਪ੍ਰਾਪਤੀ ਕਰ ਲੈਂਦੇ ਹਨ ਤਾਂ ਉਹ ਸਰੀਰਕ-ਬੰਧਨਾਂ ਤੋਂ ਪਾਰ ਜਾ ਕੇ ਪਰਮ-ਪਦ ਅਰਥਾਤ ਮੁਕਤ ਪਦਾਰਥ ਪ੍ਰਾਪਤ ਕਰ ਲੈਂਦੇ ਹਨ। ਭਾਵ ਉਹ ਇਸ ਸੰਸਾਰ ਵਿਚ ਰਹਿੰਦਿਆਂ ਹੀ ਪਰਮ-ਪਦ, ਜਿਸ ਨੂੰ ਜੀਵਨ-ਮੁਕਤ ਵੀ ਕਿਹਾ ਜਾਂਦਾ ਹੈ, ਪਾ ਲੈਂਦੇ ਹਨ ਅਤੇ ਇਸ ਸੰਸਾਰ ਤੋਂ ਵਿਦਾ ਹੋ ਕੇ ਵਿਦੇਹ-ਮੁਕਤੀ (ਮੌਤ ਉਪਰੰਤ ਮੁਕਤੀ) ਪ੍ਰਾਪਤ ਕਰ ਲੈਂਦੇ ਹਨ। (ਸਿੱਖ ਧਰਮ-ਚਿੰਤਨ ਵਿਚ ਜੀਵਨ-ਮੁਕਤ ਦਾ ਸੰਕਲਪ ਦਿੱਤਾ ਗਿਆ ਹੈ, ਜਿਸ ਦਾ ਅਰਥ ਹੈ-ਇਸ ਸੰਸਾਰ ਵਿਚ ਰਹਿੰਦਿਆਂ ਵੀ ਸੰਸਾਰਕ ਬੰਧਨਾਂ ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਕਾਰਾਂ ਅਤੇ ਖੁਸ਼ੀ-ਗਮੀ, ਭੈਅ ਆਦਿ ਭਾਵਨਾਵਾਂ ਤੋਂ ਉੱਤੇ ਉਠ ਜਾਣਾ)। ਗੁਰੂ ਤੇਗ ਬਹਾਦਰ ਇਸੇ ਪਰਮ-ਪਦ ਜਾਂ ਮੁਕਤਿ-ਪਦਾਰਥ ਦਾ ਵਰਨਣ ਆਪਣੀ ਬਾਣੀ ਵਿਚ ਕਰਦੇ ਹਨ ਕਿ ਜਿਸ ਮਨੁੱਖ ਲਈ ਉਸਤਤਿ ਅਤੇ ਨਿੰਦਿਆ, ਸੋਨਾ ਅਤੇ ਲੋਹਾ ਇੱਕ ਬਰਾਬਰ ਹਨ, ਉਸ ਮਨੁੱਖ ਨੂੰ ਹੀ ਮੁਕਤ ਹੋਇਆ ਮੰਨਣਾ ਚਾਹੀਦਾ ਹੈ। ਜਿਸ ਮਨੁੱਖ ਲਈ ਖੁਸ਼ੀ ਅਤੇ ਗਮੀ, ਵੈਰੀ ਅਤੇ ਮਿੱਤਰ ਇਕ ਸਮਾਨ ਹਨ, ਉਹ ਮਨੁੱਖ ਹੀ ਅਸਲ ਵਿਚ ਮੁਕਤ ਹੈ:

ਉਸਤਤਿ ਨਿੰਦਿਆ ਨਾਹਿ
ਜਿਹਿ ਕੰਚਨ ਲੋਹ ਸਮਾਨ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ॥14॥
ਹਰਖੁ ਸੋਗੁ ਜਾ ਕੈ ਨਹੀ
ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ॥15॥

ਭਾਈ ਗੁਰਦਾਸ ਸਮਝਾਉਂਦੇ ਹੋਏ ਨਤੀਜਾ ਇਹ ਕੱਢਦੇ ਹਨ ਕਿ ਉਸ ਨਾ ਜਾਣੇ ਜਾਣ ਵਾਲੇ ਪਰਮਾਤਮਾ ਦੀ ਸਮਝ ਮਨੁੱਖ ਨੂੰ ਸਾਧ ਸੰਗਤਿ ਵਿਚ ਜਾਇਆਂ ਆਉਂਦੀ ਹੈ। ਇਸ ਪ੍ਰਾਪਤੀ ਦੇ ਰਸਤੇ ਦੀ ਸੋਝੀ ਮਨੁੱਖ ਨੂੰ ਸਤਿਸੰਗਤਿ ਵਿਚ ਪ੍ਰਾਪਤ ਹੁੰਦੀ ਹੈ:

ਚਰਣ ਕਮਲ ਮਕਰੰਦੁ ਰਸਿ
ਹੋਇ ਭਵਰੁ ਲੈ ਵਾਸੁ ਲੁਭਾਵੈ।
ਇੜਾ ਪਿੰਗੁਲਾ ਸੁਖਮਨਾ ਲੰਘਿ
ਤ੍ਰਿਬੇਣੀ ਨਿਜ ਘਰਿ ਆਵੈ।
ਸਾਹਿ ਸਾਹਿ ਮਨੁ ਪਵਣ ਲਿਵ
ਸੋਹੰ ਹੰਸਾ ਜਪੈ ਜਪਾਵੈ।
ਅਚਰਜ ਰੂਪ ਅਨੂਪ ਲਿਵ
ਗੰਧ ਸੁਗੰਧਿ ਅਵੇਸੁ ਮਚਾਵੈ।
ਸੁਖਸਾਗਰ ਚਰਣਾਰਬਿੰਦ
ਸੁਖ ਸੰਪਟ ਵਿਚਿ ਸਹਜਿ ਸਮਾਵੈ।
ਗੁਰਮੁਖਿ ਸੁਖਫਲ ਪਿਰਮ ਰਸੁ
ਦੇਹ ਬਿਦੇਹ ਪਰਮ ਪਦੁ ਪਾਵੈ।
ਸਾਧ ਸੰਗਤਿ ਮਿਲਿ ਅਲਖੁ ਲਖਾਵੈ॥11॥

ਅਗਲੀ ਪਉੜੀ ਵਿਚ ਦੱਸਦੇ ਹਨ ਕਿ ਗੁਰਮੁਖਿ ਦੇ ਹੱਥ ਸਕਾਰਥੇ ਕਿਉਂ ਅਤੇ ਕਿਵੇਂ ਹੁੰਦੇ ਹਨ? ਮਨੁੱਖ ਦੇ ਹੱਥ ਚੰਗੇ ਕੰਮ ਕਰਨ ਕਰਕੇ ਸਕਾਰਥੇ ਮੰਨੇ ਜਾਂਦੇ ਹਨ ਅਤੇ ਹੱਥਾਂ ਦੀ ਮਿਸਾਲ ਰਾਹੀਂ ਦੱਸਿਆ ਹੈ ਕਿ ਗੁਰਮੁਖਿ ਦੇ ਹੱਥ ਕਿਸ ਕਿਸਮ ਦੇ ਕਾਰਜ ਕਰਦੇ ਹਨ ਅਰਥਾਤ ਗੁਰਮਖਿ ਸਿਰਫ ਮਨ ਕਰਕੇ ਹੀ ਗੁਰਮੁਖਿ ਨਹੀਂ ਹੁੰਦਾ, ਉਹ ਆਪਣੇ ਹੱਥਾਂ ਨਾਲ ਕਾਰਜ ਵੀ ਗੁਰਮੁਖਾਂ ਵਾਲੇ ਕਰਦਾ ਹੈ। ਗੁਰਮੁਖਿ ਦੇ ਕਾਰਜ ਕੀ ਹਨ? ਸੇਵਾ ਕਰਨਾ। ਭਾਈ ਗੁਰਦਾਸ ਵਰਨਣ ਕਰਦੇ ਹਨ ਕਿ ਗੁਰਮੁਖਿ ਦੇ ਹੱਥ ਸਕਾਰਥੇ ਹਨ, ਕਿਉਂਕਿ ਉਹ ਸਾਧਸੰਗਤਿ ਵਿਚ ਜਾ ਕੇ ਗੁਰੂ ਦੇ ਦੱਸੇ ਹੋਏ ਸੇਵਾ ਦੇ ਕਾਰਜ ਕਰਦੇ ਹਨ। ਇਹ ਸੇਵਾ ਆਪਣੇ ਹੱਥਾਂ ਨਾਲ ਲੰਗਰ ਲਈ ਪਾਣੀ ਢੋਣਾ, ਗਰਮੀ ਵਿਚ ਪੱਖਾ ਫੇਰਨਾ, ਲੰਗਰ ਵਾਸਤੇ ਅਨਾਜ ਪੀਹਣਾ, ਸੰਗਤਿ ਜਾਂ ਗੁਰੂ ਦੇ ਪੈਰ ਧੋਣਾ ਅਤੇ ਗੁਰੂ ਦੇ ਚਰਨਾਂ ਦਾ ਅੰਮ੍ਰਿਤ ਲੈਣਾ। ਹੱਥਾਂ ਨਾਲ ਗੁਰਬਾਣੀ ਦਾ ਉਤਾਰਾ ਕਰਕੇ ਪੋਥੀਆਂ ਲਿਖਣਾ; ਤਾਲ, ਮ੍ਰਿਦੰਗ ਅਤੇ ਰਬਾਬ ਵਜਾ ਕੇ ਉਨ੍ਹਾਂ ‘ਤੇ ਬਾਣੀ ਦਾ ਕੀਰਤਨ ਕਰਨਾ। ਫਿਰ ਸੰਗਤਿ ਵਿਚ ਆਏ ਆਪਣੇ ਗੁਰਭਾਈਆਂ ਨੂੰ ਨਮਸਕਾਰ ਕਰਨੀ, ਡੰਡਾਉਤ ਕਰਨੀ, ਇੱਕ ਦੂਸਰੇ ਨੂੰ ਗਲੇ ਮਿਲਣਾ, ਗਲੇ ਲਾਉਣਾ। ਹੱਕ-ਸੱਚ ਦੀ ਉਪਜੀਵਕਾ ਪੈਦਾ ਕਰਨੀ ਅਤੇ ਦੂਸਰਿਆਂ ਨਾਲ ਵੰਡ ਕੇ ਸ਼ੁਕਰ ਮਨਾਉਣਾ। ਉਸ ਸਿੱਖ ਦੇ ਹੱਥ ਸਕਾਰਥੇ ਹਨ, ਜਿਹੜਾ ਗੁਰੂ ਦੀ ਸੰਗਤਿ ਵਿਚ ਆਉਂਦਾ ਹੈ ਅਤੇ ਦੁਨਿਆਵੀ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ; ਦੂਸਰਿਆਂ ਦੀ ਦੌਲਤ ਅਤੇ ਪਰਾਈ ਇਸਤਰੀ ‘ਤੇ ਬੁਰੀ ਨਜ਼ਰ ਨਹੀਂ ਰੱਖਦਾ। ਗੁਰਸਿੱਖ ਦੂਸਰੇ ਗੁਰਸਿੱਖਾਂ ਨੂੰ ਪ੍ਰੇਮ ਕਰਦਾ ਹੈ, ਉਨ੍ਹਾਂ ਦਾ ਸਤਿਕਾਰ ਕਰਦਾ ਹੈ, ਪਰਮਾਤਮਾ ਨੂੰ ਪ੍ਰੇਮ ਕਰਦਾ, ਭਗਤੀ ਕਰਦਾ ਅਤੇ ਉਸ ਦੇ ਭੈਅ ਵਿਚ ਤੇ ਭਾਣੇ ਵਿਚ ਜਿਉਂਦਾ ਹੈ (ਗੁਰਬਾਣੀ ਅਨੁਸਾਰ ਜਿਹੜਾ ਮਨੁੱਖ ਪਰਮਾਤਮਾ ਦੇ ਭੈਅ ਵਿਚ ਜਿਉਂਦਾ ਹੈ, ਉਹ ਨਿਰਭੈਅ ਹੋ ਜਾਂਦਾ ਹੈ ਅਰਥਾਤ ਉਸ ਨੂੰ ਕਿਸੇ ਹੋਰ ਦਾ ਜਾਂ ਮੌਤ ਦਾ ਭੈ ਨਹੀਂ ਰਹਿੰਦਾ)। ਗੁਰਮੁਖਿ ਜਾਂ ਗੁਰਸਿਖ ਆਪਣੀ ਹਉਮੈ ਨੂੰ ਤਿਆਗ ਦਿੰਦਾ ਹੈ ਅਤੇ ਆਪਣੀ ਅਹਿਮੀਅਤ, ਆਪਣੀ ‘ਮੈਂ’ ਨਹੀਂ ਗਿਣਾਉਂਦਾ, ਹਉਮੈਂ ਤੋਂ ਦੂਰ ਰਹਿੰਦਾ ਹੈ:

ਗੁਰਮੁਖਿ ਹਥਿ ਸਕਥ ਹਨਿ
ਸਾਧਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ
ਪੈਰ ਧੋਇ ਚਰਣਾਮਤੁ ਪਾਵੈ।
ਗੁਰਬਾਣੀ ਲਿਖਿ ਪੋਥੀਆ
ਤਾਲ ਮ੍ਰਿਦੰਗ ਰਬਾਬ ਵਜਾਵੈ।
ਨਮਸਕਾਰ ਡੰਡਉਤ ਕਰਿ
ਗੁਰਭਾਈ ਗਲਿ ਮਿਲਿ ਗਲਿ ਲਾਵੈ।
ਕਿਰਤਿ ਵਿਰਤਿ ਕਰਿ ਧਰਮ ਦੀ
ਹਥਹੁ ਦੇ ਕੈ ਭਲਾ ਮਨਾਵੈ।
ਪਾਰਸੁ ਪਰਸਿ ਅਪਰਸਿ ਹੋਇ
ਪਰ ਤਨ ਪਰ ਧਨ ਹਥੁ ਨ ਲਾਵੈ।
ਗੁਰ ਸਿਖ ਗੁਰ ਸਿਖ ਪੂਜ ਕੈ
ਭਾਇ ਭਗਤਿ ਭੈ ਭਾਣਾ ਭਾਵੈ।
ਆਪੁ ਗਵਾਇ ਨ ਆਪੁ ਜਣਾਵੈ॥12॥

ਇਸ ਤੋਂ ਅਗਲੀ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਹੱਥਾਂ ਦੀ ਤਰ੍ਹਾਂ ਹੀ ਗੁਰਮੁਖਾਂ ਦੇ ਚਰਨ ਜਾਂ ਪੈਰ ਕਿਉਂ ਸਕਾਰਥ ਮੰਨੇ ਜਾਂਦੇ ਹਨ? ਚਰਨ ਜਾਂ ਪੈਰ ਇਸ ਲਈ ਸ਼ੁਭ ਹਨ, ਕਿਉਂਕਿ ਗੁਰਮੁਖਾਂ ਦੇ ਪੈਰ ਸਦੀਵੀ ਚੰਗੀਆਂ ਥਾਂਵਾਂ ਵੱਲ ਜਾਣਾ ਲੋਚਦੇ ਹਨ ਅਤੇ ਜਾਂਦੇ ਹਨ। ਗੁਰਮੁਖਾਂ ਦੇ ਪੈਰ ਇਸ ਲਈ ਸਕਾਰਥੇ ਹਨ, ਕਿਉਂਕਿ ਉਹ ਸਦੀਵੀ ਗੁਰੂ ਦੇ ਦੱਸੇ ਰਸਤੇ ‘ਤੇ ਚੱਲਦੇ ਹਨ, ਮਨ ਦੇ ਪਿੱਛੇ ਲੱਗ ਕੇ ਨਹੀਂ ਚੱਲਦੇ। ਉਹ ਚੱਲ ਕੇ ਗੁਰੂ ਦੇ ਦੁਆਰੇ ‘ਤੇ ਜਾਂਦੇ ਹਨ ਅਤੇ ਜਾ ਕੇ ਸਤਿਸੰਗਤ ਵਿਚ ਬੈਠਦੇ ਹਨ। ਅਗਲੀ ਚੰਗਿਆਈ ਇਹ ਹੈ ਕਿ ਦੂਸਰਿਆਂ ਦਾ ਭਲਾ ਕਰਨ ਵਾਸਤੇ ਉਹ ਦੌੜ ਕੇ ਜਾਂਦੇ ਹਨ ਅਤੇ ਭਲੇ ਕਾਰਜਾਂ ਵਿਚ ਨਾਲ ਮਿਲਾਉਣ ਲਈ ਹੋਰ ਗੁਰਸਿੱਖਾਂ ਨੂੰ ਲੱਭ ਲੈਂਦੇ ਹਨ। ਉਹ ਦੁਬਿਧਾ ਦੇ ਮਾਰਗ ‘ਤੇ ਨਹੀਂ ਚੱਲਦੇ ਭਾਵ ਦੋਚਿੱਤੀ ਵਿਚ ਨਹੀਂ ਜਿਉਂਦੇ ਅਤੇ ਸੰਸਾਰਕ ਮਾਇਆ ਵਿਚ ਵੀ ਨਿਰਲੇਪ ਹੋ ਕੇ ਜਿਉਂਦੇ ਹਨ। ਬੰਦਗੀ ਵਿਚ ਹੀ ਬੰਧਨਾਂ ਤੋਂ ਆਜ਼ਾਦ ਹੋਈਦਾ ਹੈ, ਮੁਕਤੀ ਮਿਲਦੀ ਹੈ ਅਤੇ ਕੋਈ ਵਿਰਲੇ ਮਨੁੱਖ ਹੁੰਦੇ ਹਨ, ਜੋ ਵਾਹਿਗੁਰੂ ਦੇ ਹੁਕਮ ਵਿਚ ਜਿਉਂਦੇ ਹਨ ਅਤੇ ਉਸ ਦੀ ਬੰਦਗੀ ਕਰਦੇ ਹਨ। ਉਹ ਗੁਰਸਿੱਖਾਂ ਦੀ ਪਰਿਕਰਮਾ ਕਰਕੇ, ਪੈਰੀਂ ਪੈ ਕੇ ਨਿਮਰਤਾ, ਹਲੀਮੀ ਦੀ ਰੀਤ ਨਿਭਾਉਂਦੇ ਹਨ। ਉਹ ਗੁਰੂ ਅਤੇ ਚੇਲੇ ਦੇ ਪ੍ਰੇਮ ਵਿਚ ਪਰਚੇ ਹੋਏ ਖੁਸ਼ੀ ਮਹਿਸੂਸ ਕਰਦੇ ਹਨ:

ਗੁਰਮੁਖਿ ਪੈਰ ਸਕਾਰਥੇ
ਗੁਰਮੁਖਿ ਮਾਰਗਿ ਚਾਲ ਚਲੰਦੇ।
ਗੁਰੂ ਦੁਆਰੈ ਜਾਨਿ ਚਲਿ
ਸਾਧਸੰਗਤਿ ਚਲਿ ਜਾਇ ਬਹੰਦੇ।
ਧਾਵਨ ਪਰਉਪਕਾਰ ਨੋ
ਗੁਰ ਸਿਖਾ ਨੋ ਖੋਜਿ ਲਹੰਦੇ।
ਦੁਬਿਧਾ ਪੰਥਿ ਨ ਧਾਵਨੀ
ਮਾਇਆ ਵਿਚਿ ਉਦਾਸੁ ਰਹੰਦੇ।
ਬੰਦਿ ਖਲਾਸੀ ਬੰਦਗੀ
ਵਿਰਲੇ ਕੋਈ ਹੁਕਮੀ ਬੰਦੇ।
ਗੁਰ ਸਿਖਾ ਪਰਦਖਣਾਂ
ਪੈਰੀ ਪੈ ਰਹਰਾਸਿ ਕਰੰਦੇ।
ਗੁਰ ਚੇਲੇ ਪਰਚੇ ਪਰਚੰਦੇ॥13॥

ਚੌਧਵੀਂ ਪਉੜੀ ਵਿਚ ਭਾਈ ਗੁਰਦਾਸ ਗੁਰਮੁਖਿ ਦੇ ਪਰਉਪਕਾਰੀ ਹੋਣ ਦੇ ਗੁਣ ਦੀ ਗੱਲ ਕਰਦੇ ਹਨ ਕਿ ਗੁਰਮੁਖਾਂ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਇਸ ਗਿਆਨ ਰਾਹੀਂ ਉਹ ਅਕਾਲ ਪੁਰਖ ਦੇ ਪ੍ਰੇਮ ਦਾ ਪਿਆਲਾ, ਜਿਸ ਨੂੰ ਜਰ ਸਕਣਾ ਔਖਾ ਮੰਨਿਆ ਜਾਂਦਾ ਹੈ, ਉਸ ਨੂੰ ਵੀ ਜਰ ਜਾਂਦੇ ਹਨ। ਉਨ੍ਹਾਂ ਨੂੰ ਪੂਰਨਬ੍ਰਹਮ ਦਾ ਗਿਆਨ ਹੋਣ ਕਰਕੇ ਉਹ ਪਾਰਬ੍ਰਹਮ ‘ਤੇ ਆਪਣਾ ਧਿਆਨ ਧਰਦੇ ਹਨ। ਉਹ ਸ਼ਬਦ ਵਿਚ ਆਪਣੀ ਸੁਰਤਿ ਨੂੰ ਟਿਕਾ ਕੇ ਰਖਦੇ ਹਨ, ਕੰਨਾਂ ਨਾਲ ਗੁਰੂ ਦੀ ਬਾਣੀ ਦੀ ਨਾ ਕਥੀ ਜਾ ਸਕਣ ਵਾਲੀ ਕਥਾ ਨੂੰ ਸਰਵਣ ਕਰਦੇ ਹਨ। ਇਸ ਗਿਆਨ ਦੇ ਫਲਸਰੂਪ ਉਹ ਬੀਤ ਚੁਕੇ, ਵਰਤਮਾਨ ਅਤੇ ਆਉਣ ਵਾਲੇ ਸਮੇਂ ਦੀ ਗਤੀ ਨੂੰ ਜਾਣ ਲੈਂਦੇ ਹਨ, ਉਸ ਦਾ ਉਨ੍ਹਾਂ ਨੂੰ ਗਿਆਨ ਹੋ ਜਾਂਦਾ ਹੈ ਅਰਥਾਤ ਉਹ ਵਿਵੇਕ-ਬੁਧਿ ਹਾਸਲ ਕਰ ਲੈਂਦੇ ਹਨ। ਉਨ੍ਹਾਂ ਨੂੰ ਜੀਵਨ ਦੀ ਸਮਝ ਲੱਗ ਜਾਂਦੀ ਹੈ ਕਿ ਇਸ ਨੂੰ ਪਰਉਪਕਾਰ ਰਾਹੀਂ ਸਫਲਾ ਕਿਵੇਂ ਕਰਨਾ ਹੈ। ਉਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰ ਛਲ ਨਹੀਂ ਸਕਦੇ ਸਗੋਂ ਉਹ ਇਨ੍ਹਾਂ ਵਿਕਾਰਾਂ ‘ਤੇ ਜਿੱਤ ਪ੍ਰਾਪਤ ਕਰ ਲੈਂਦੇ ਹਨ। ਜਿਸ ਤਰ੍ਹਾਂ ਜਹਾਜ਼ ਭਵ-ਸਾਗਰ ਨੂੰ ਤਰ ਕੇ ਪਾਰ ਲੰਘ ਜਾਂਦਾ ਹੈ, ਇਸੇ ਤਰ੍ਹਾਂ ਇੱਕ ਗੁਰਮੁਖਿ ਦੇ ਪਿੱਛੇ ਲੱਗ ਕੇ ਲੱਖਾਂ ਲੋਕ ਇਸ ਸੰਸਾਰ ਸਮੁੰਦਰ ਤੋਂ ਪਾਰ ਲੱਗ ਜਾਂਦੇ ਹਨ। ਗੁਰਮੁਖਾਂ ਦਾ ਸੁਭਾਅ ਪਰਉਪਕਾਰੀ ਹੁੰਦਾ ਹੈ, ਉਹ ਸਭ ਦਾ ਭਲਾ ਕਰਨ ਵਾਲੇ ਹੁੰਦੇ ਹਨ, ਇਸ ਲਈ ਸਭ ਨੂੰ ਖੁਸ਼ ਹੋ ਕੇ ਮਿਲਦੇ ਹਨ:

ਗੁਰਮੁਖਿ ਮਨਿ ਪਰਗਾਸੁ ਹੈ
ਪਿਰਮ ਪਿਆਲਾ ਅਜਰੁ ਜਰੰਦੇ।
ਪਾਰਬ੍ਰਹਮੁ ਪੂਰਨ ਬ੍ਰਹਮੁ
ਬ੍ਰਹਮੁ ਬਿਬੇਕੀ ਧਿਆਨੁ ਧਰੰਦੇ।
ਸਬਦ ਸੁਰਤਿ ਲਿਵ ਲੀਣ ਹੋਇ
ਅਕਥ ਕਥਾ ਗੁਰ ਸਬਦੁ ਸੁਣੰਦੇ।
ਭੂਤ ਭਵਿਖਹੁੰ ਵਰਤਮਾਨ
ਅਬਿਗਤਿ ਗਤਿ ਅਤਿ ਅਲਖ ਲਖੰਦੇ।
ਗੁਰਮੁਖਿ ਸੁਖਫਲੁ ਅਛਲੁਛਲੁ
ਭਗਤਿਵਛਲੁ ਕਰਿਅਛਲੁ ਛਲੰਦੇ।
ਭਵਜਲ ਅੰਦਰਿ ਬੋਹਿਥੈ
ਇਕਸ ਪਿਛੇ ਲਖ ਤਰੰਦੇ।
ਪਰਉਪਕਾਰੀ ਮਿਲਨਿ ਹਸੰਦੇ॥14॥

ਗੁਰਮਤਿ ਅਨੁਸਾਰ ਗ੍ਰਿਹਸਤ ਜੀਵਨ ਨੂੰ ਪ੍ਰਧਾਨ ਮੰਨਿਆ ਗਿਆ ਹੈ। ਜੀਵਨ-ਮੁਕਤੀ ਪ੍ਰਾਪਤ ਕਰਨ ਲਈ ਸੰਨਿਆਸ ਜਾਂ ਇਕਾਂਤਵਾਸ ਹੋ ਕੇ ਕਠਿਨ ਤਪੱਸਿਆ ਕਰਨ ਦੇ ਸੰਕਲਪ ਨੂੰ ਮੁੱਢੋਂ ਨਕਾਰਿਆ ਗਿਆ ਹੈ। ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਪਰਉਪਕਾਰੀ ਅਤੇ ਨਿਰਲੇਪ ਜੀਵਨ ਦਾ ਅਦੇਸ਼ ਕੀਤਾ ਹੈ। ਭਾਈ ਗੁਰਦਾਸ ਇਸ ਪਉੜੀ ਵਿਚ ਇਸੇ ਸੰਕਲਪ ਨੂੰ ਧਿਆਨ ਵਿਚ ਰੱਖਦਿਆਂ ਦੱਸਦੇ ਹਨ ਕਿ ਇੱਕ ਗ੍ਰਿਹਸਤੀ ਸਿੱਖ ਦੀ, ਘਰ ਬਾਰੀ ਸਿੱਖ ਦੀ ਰਹਿਣੀ ਕਿਹੋ ਜਿਹੀ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ ਤਾਂ ਕਿ ਉਹ ਸੰਸਾਰ ਵਿਚ ਵਿਚਰਦਿਆਂ ਇੱਕ ਨਿਰਲੇਪ ਜੀਵਨ ਜਿਉਂ ਸਕੇ। ਭਾਈ ਗੁਰਦਾਸ ਆਪਣੇ ਆਲੇ-ਦੁਆਲੇ ਦੇ ਆਮ ਅਤੇ ਕੁਦਰਤੀ ਵਰਤਾਰੇ ਵਿਚੋਂ ਮਿਸਾਲਾਂ ਰਾਹੀਂ ਸਮਝਾਉਂਦੇ ਹਨ ਕਿ ਚੰਦਨ ਦੇ ਰੁੱਖ ਦੁਆਲੇ ਅਨੇਕਾਂ ਸੱਪ ਲਿਪਟੇ ਹੁੰਦੇ ਹਨ, ਪਰ ਉਨ੍ਹਾਂ ਅੰਦਰਲੀ ਜ਼ਹਿਰ ਦਾ ਚੰਦਨ ਦੇ ਰੁੱਖ ‘ਤੇ ਕੋਈ ਅਸਰ ਨਹੀਂ ਪੈਂਦਾ (ਚੰਦਨ ਦਾ ਕੰਮ ਹੈ ਖੁਸ਼ਬੋ ਵੰਡਣਾ ਅਤੇ ਉਹ ਜ਼ਹਿਰੀਲੇ ਸੱਪਾਂ ਵਿਚ ਲਿਪਟਿਆ ਹੋ ਕੇ ਵੀ ਖੁਸ਼ਬੋ ਵੰਡਦਾ ਹੈ, ਜ਼ਹਿਰ ਤੋਂ ਨਿਰਲੇਪ ਰਹਿੰਦਾ ਹੈ)। ਇਸੇ ਤਰ੍ਹਾਂ ਪਾਰਸ ਆਮ ਪੱਥਰਾਂ ਵਿਚ ਰਹਿੰਦਾ ਹੈ, ਪਰ ਪਾਰਸ ਕਦੇ ਵੀ ਆਮ ਪੱਥਰ ਨਹੀਂ ਬਣਦਾ (ਮੰਨਿਆ ਜਾਂਦਾ ਹੈ ਕਿ ਪਾਰਸ ਨਾਲ ਛੂਹ ਕੇ ਲੋਹੇ ਵਰਗਾ ਆਮ ਧਾਤੂ ਵੀ ਸੋਨਾ ਬਣ ਜਾਂਦਾ ਹੈ)। ਮਣੀ ਵਾਲਾ ਸੱਪ ਵੀ ਆਮ ਸੱਪਾਂ ਵਿਚ ਰਹਿੰਦਾ ਹੈ, ਪਰ ਉਸ ਕੋਲ ਮਣੀ ਹੋਣ ਕਰਕੇ ਉਹ ਆਮ ਸੱਪਾਂ ਤੋਂ ਵੱਖਰਾ ਹੁੰਦਾ ਹੈ ਅਤੇ ਰਲਾਇਆ ਨਹੀਂ ਰਲਦਾ। ਹੰਸ ਸਰੋਵਰ ਵਿਚ ਰਹਿੰਦਾ ਹੈ, ਪਰ ਉਹ ਸਰੋਵਰ ਵਿਚੋਂ ਕੀਮਤੀ ਮਾਣਕ ਅਤੇ ਮੋਤੀਆਂ ਦਾ ਚੋਗ ਚੁਗਦਾ ਹੈ। ਕੰਵਲ ਦਾ ਫੁੱਲ ਸਦਾ ਪਾਣੀ ਵਿਚ ਰਹਿੰਦਾ ਹੈ, ਪਰ ਪਾਣੀ ਵਿਚ ਰਹਿ ਕੇ ਵੀ ਉਹ ਪਾਣੀ ਵਿਚ ਭਿੱਜਦਾ ਨਹੀਂ, ਉਸ ਦੀਆਂ ਪੱਤੀਆਂ ਜਲ-ਬੂੰਦਾਂ ਤੋਂ ਨਿਰਲੇਪ ਹੁੰਦੀਆਂ ਹਨ। ਇਸੇ ਤਰ੍ਹਾਂ ਗੁਰਮੁਖਿ ਜਾਂ ਗ੍ਰਿਹਸਤੀ ਸਿੱਖ ਦਾ ਜੀਵਨ ਹੈ। ਉਹ ਸੰਸਾਰ ਵਿਚ ਰਹਿੰਦਿਆਂ ਵੀ ਸੰਸਾਰ ਦੇ ਵਿਕਾਰਾਂ ਤੋਂ ਨਿਰਲੇਪ ਰਹਿੰਦਾ ਹੈ, ਸੰਸਾਰ ਵਿਚ ਰਹਿੰਦਿਆਂ ਵੀ ਇੱਕ ਜੀਵਨ-ਮੁਕਤ ਦੀ ਜੁਗਤ ਨਾਲ ਜੀਵਨ ਬਸਰ ਕਰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਸੰਸਾਰਕ ਰੁਚੀਆਂ ਉਸ ‘ਤੇ ਕੋਈ ਅਸਰ ਨਹੀਂ ਕਰਦੀਆਂ; ਉਸੇ ਤਰ੍ਹਾਂ ਜਿਵੇਂ ਜ਼ਹਿਰੀਲੇ ਸੱਪਾਂ ਦੇ ਚੰਦਨ ਦੇ ਰੁੱਖ ਦੁਆਲੇ ਲਿਪਟੇ ਹੋਣ ’ਤੇ ਵੀ ਚੰਦਨ ਦੇ ਰੁੱਖ ਨੂੰ ਜ਼ਹਿਰ ਨਹੀਂ ਚੜ੍ਹਦਾ, ਪਾਰਸ ਆਮ ਪੱਥਰਾਂ ਵਿਚ ਮਿਲਿਆ ਹੋਣ ’ਤੇ ਵੀ ਆਪਣਾ ਗੁਣ ਨਹੀਂ ਗੁਆਉਂਦਾ, ਹੰਸ ਸਰੋਵਰ ਵਿਚ ਰਹਿ ਕੇ ਬਗਲੇ ਦੀ ਤਰ੍ਹਾਂ ਡੱਡਾਂ-ਮੱਛੀਆਂ ਨਹੀਂ ਖਾਂਦਾ, ਉਸ ਦਾ ਸੁਭਾਅ ਮੋਤੀ ਅਤੇ ਮਾਣਕ ਚੁਗਣਾ ਹੈ; ਕੰਵਲ ਦਾ ਫੁੱਲ ਚਿੱਕੜ ਅਤੇ ਪਾਣੀ ਵਿਚ ਉੱਗਦਾ ਤੇ ਰਹਿੰਦਾ ਹੈ, ਪਰ ਇਨ੍ਹਾਂ ਤੋਂ ਨਿਰਲੇਪ ਹੁੰਦਾ ਹੈ। ਇਸੇ ਤਰ੍ਹਾਂ ਗੁਰਸਿੱਖ ਦਾ ਜੀਵਨ ਹੈ। ਉਹ ਵੀ ਇਨ੍ਹਾਂ ਵਾਂਗ ਹੀ ਸੰਸਾਰ ਵਿਚ ਰਹਿੰਦਿਆਂ ਇਸ ਦੀਆਂ ਬੁਰਾਈਆਂ ਤੋਂ ਨਿਰਲੇਪ ਹੋ ਕੇ ਜਿਉਂਦਾ ਹੈ। ਇਹ ਸਾਰੇ ਗੁਣ ਗੁਰਸਿੱਖ ਜਾਂ ਗੁਰਮੁਖਿ ਵਿਚ ਸਤਿਸੰਗਤ ਵਿਚ ਜਾਇਆਂ ਆਉਂਦੇ ਹਨ। ਇਸ ਲਈ ਸਤਿਸੰਗਤਿ ਦੀ ਉਪਮਾ ਕਿਸ ਮੁੱਖ ਨਾਲ ਕੀਤੀ ਜਾ ਸਕਦੀ ਹੈ? ਕਹਿਣ ਤੋਂ ਭਾਵ ਹੈ ਕਿ ਮੂੰਹ ਨਾਲ ਸਤਿਸੰਗਤਿ ਦੀ ਮਹਿਮਾ ਕਰ ਸਕਣੀ ਮੁਸ਼ਕਿਲ ਹੈ:

ਬਾਵਨ ਚੰਦਨ ਆਖੀਐ
ਬਹਲੇ ਬਿਸੀਅਰੁ ਤਿਸੁ ਲਪਟਾਹੀ।
ਪਾਰਸੁ ਅੰਦਰਿ ਪਥਰਾ
ਪਥਰ ਪਾਰਸੁ ਹੋਇ ਨ ਜਾਹੀ।
ਮਣੀ ਜਿਨ੍ਹਾਂ ਸਪਾਂ ਸਿਰੀਂ
ਓਇ ਭਿ ਸਪਾਂ ਵਿਚਿ ਫਿਰਾਹੀ।
ਲਹਰੀ ਅੰਦਰਿ ਹੰਸੁਲੇ
ਮਾਣਕ ਮੋਤੀ ਚੁਗਿ ਚੁਗਿ ਖਾਹੀ।
ਜਿਉਂ ਜਲਿ ਕਵਲ ਅਲਿਪਤੁ ਹੈ
ਘਰਿਬਾਰੀ ਗੁਰਸਿਖਿ ਤਿਵਾਹੀ।
ਆਸਾ ਵਿਚਿ ਨਿਰਾਸੁ ਹੋਇ
ਜੀਵਨੁ ਮੁਕਤਿ ਜੁਗਤਿ ਜੀਵਾਹੀ।
ਸਾਧ ਸੰਗਤਿ ਕਿਤੁ ਮੁਹਿ ਸਾਲਾਹੀ॥15॥

ਇਸੇ ਜੀਵਨ-ਜੁਗਤਿ ਦੀ ਗੱਲ ਕਰਦਿਆਂ ਗੁਰੂ ਨਾਨਕ ਦੇਵ ਰਾਗੁ ਰਾਮਕਲੀ, ਸਿਧ ਗੋਸਟਿ ਵਿਚ ਸਿੱਧਾਂ ਨਾਲ ਵਾਰਤਾਲਾਪ ਕਰਦਿਆਂ ਫਰਮਾਉਂਦੇ ਹਨ ਕਿ ਜਿਸ ਤਰ੍ਹਾਂ ਜਲ ਵਿਚ ਉੱਗਿਆ ਕੰਵਲ ਦਾ ਫੁੱਲ ਪਾਣੀ ਨਾਲੋਂ ਨਿਰਲੇਪ ਰਹਿੰਦਾ ਹੈ ਅਤੇ ਜਿਸ ਤਰ੍ਹਾਂ ਨਦੀ ਵਿਚ ਤੈਰਦੀ ਮੁਰਗਾਬੀ ਦੇ ਖੰਭ ਪਾਣੀ ਵਿਚ ਨਹੀਂ ਭਿਜਦੇ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਸੁਰਤਿ ਨੂੰ ਟਿਕਾ ਕੇ ਨਾਮ ਜਪਿਆਂ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ॥ (ਪੰਨਾ 938)

# ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੀ ਫਰੇਬੀ ਜੰਗ

*(ਪਿਛਲੇ ਸਫੇ ਦੀ ਬਾਕੀ)*

ਨੂੰ ਦੱਸਿਆ ਕਿ “ਉਸ ਨੂੰ ਉਨ੍ਹਾਂ ਉਚ ਅਧਿਕਾਰੀਆਂ ਦੇ ਕਹਿਣ ‘ਤੇ ਖੁਦਕੁਸ਼ੀ ਮਾਮਲੇ ਸੰਬੰਧੀ ਐਫ.ਆਈ.ਆਰ. ਵਿਚ ਝੂਠਾ ਫਸਾਇਆ ਜਾ ਰਿਹਾ ਹੈ, ਜਿਨ੍ਹਾਂ ਦੀ ਭੂਮਿਕਾ ਰਾਜ ਜੀਤ ਸਿੰਘ ਅਤੇ ਇੰਦਰਜੀਤ ਸਿੰਘ ਨਾਲ ਨੇੜਿਓਂ ਜੁੜੇ ਹੋਣ ਕਾਰਨ ਜਾਂਚ ਅਧੀਨ ਹੈ।”

ਐਫ.ਆਈ.ਆਰ. ਪ੍ਰਭ ਪ੍ਰੀਤ ਸਿੰਘ ਦੀ ਸ਼ਿਕਾਇਤ ‘ਤੇ ਅਧਾਰਤ ਸੀ, ਜਿਸ ਦੇ ਪਿਤਾ ਇੰਦਰਪ੍ਰੀਤ ਸਿੰਘ ਚੱਡਾ ਦੀ ਉਸੇ ਸਾਲ ਜਨਵਰੀ ਵਿਚ ਖੁਦਕੁਸ਼ੀ ਕਰਕੇ ਮੌਤ ਹੋ ਗਈ ਸੀ। 5 ਅਪ੍ਰੈਲ ਨੂੰ ਹਾਈ ਕੋਰਟ ਨੂੰ ਦਿੱਤੀ ਅਰਜ਼ੀ ਵਿਚ ਚਟੋਪਾਧਿਆਏ ਨੇ ਕਿਹਾ ਕਿ ਚੱਡਾ ਵੱਲੋਂ ਆਪਣੇ ਪਿੱਛੇ ਛੱਡੇ ਗਏ ਦੋ ਖੁਦਕੁਸ਼ੀ ਨੋਟਾਂ ਵਿਚ ਉਨ੍ਹਾਂ ਦਾ ਨਾਮ ਨਹੀਂ ਸੀ। ਉਸਨੇ ਅੱਗੇ ਦਾਅਵਾ ਕੀਤਾ ਕਿ ਚੱਡਾ ਨੇ ਆਪਣੀ ਜਾਨ “ਕੁਝ ਵਾਇਰਲ ਹੋਏ ਵੀਡੀਓ ਦੇ ਕਾਰਨ ਹੋਈ ਬਦਨਾਮੀ ਕਰਕੇ” ਖੁਦ ਲਈ ਸੀ ਜਿੱਥੇ ਉਸਦੇ ਪਿਤਾ ਨੂੰ ਇਕ ਸਕੂਲ ਦੇ ਪ੍ਰਿੰਸੀਪਲ ਦੇ ਨਾਲ ਇਤਰਾਜ਼ਯੋਗ ਹਾਲਤ ਵਿਚ ਦਿਖਾਇਆ ਗਿਆ ਸੀ।”

ਇਸ ਮਾਮਲੇ ਦੀ ਜਾਂਚ ਲਈ ਇੰਸਪੈਕਟਰ ਜਨਰਲ ਕ੍ਰਾਈਮ ਐਲ.ਕੇ. ਯਾਦਵ ਦੀ ਅਗਵਾਈ ਵਿਚ ਇਕ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ। ਚਟੋਪਾਧਿਆਏ ਨੇ ਕਿਹਾ ਕਿ, ਉਸ ਵਕਤ ਡਰੱਗ ਮਾਮਲੇ ਵਿਚ ਉਸ ਦੀ ਜਾਂਚ ਨੇ ਸੁਰੇਸ਼ ਅਰੋੜਾ, ਜੋ ਉਸ ਸਮੇਂ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ ਸਨ ਅਤੇ ਦਿਨਕਰ ਗੁਪਤਾ ਨੂੰ ਫਸਾਇਆ ਸੀ, ਜੋ ਅਗਲੇ ਸਾਲ ਅਰੋੜਾ ਤੋਂ ਬਾਅਦ ਡੀਜੀਪੀ ਬਣਨਗੇ। ਇਕ ਸੀਨੀਅਰ ਆਮਦਨ-ਕਰ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਚਟੋਪਾਧਿਆਏ ਨੇ ਅਰੋੜਾ ਅਤੇ ਗੁਪਤਾ ਦੀਆਂ ਜਾਇਦਾਦਾਂ ਬਾਰੇ ਆਮਦਨ-ਕਰ ਵਿਭਾਗ ਤੋਂ ਰਿਕਾਰਡ ਮੰਗਿਆ ਸੀ। ਅਧਿਕਾਰੀ ਨੇ ਕਿਹਾ ਕਿ ਉਸਨੇ ਜਵਾਬ ‘ਚ ਕਿਹਾ ਕਿ ਉਸ ਕੋਲ ਅਜਿਹਾ ਕੋਈ ਵੇਰਵਾ ਨਹੀਂ ਹੈ।

**(ਚਲਦਾ)**

# ਜ਼ਿੰਦਗੀ ਦੇ ਬੋਝੇ 'ਚ ਹੱਥ ਮਾਰਦਿਆਂ...

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਰੰਗਾਂ ਦਾ ਛੱਟਾ ਕੇਰਦਿਆਂ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਦਾ ਪ੍ਰਸੰਗ ਪੇਸ਼ ਕੀਤਾ ਸੀ, "ਰੰਗਾਂ ਤੋਂ ਬਗੈਰ ਬੇਹਿਸ ਹੋ ਜਾਵੇਗੀ ਜ਼ਿੰਦਗੀ, ਕਿਉਂਕਿ ਰੰਗ-ਬੇਰੰਗਤਾ ਹੀ ਹੁੰਦੀ ਜੋ ਮਨੁੱਖ ਨੂੰ ਜਿਉਣ ਦਾ ਉਤਸ਼ਾਹ, ਉਮਾਹ ਅਤੇ ਉਮੰਗ ਦਿੰਦੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਜ਼ਿੰਦਗੀ ਦੇ ਬੋਝੇ 'ਚ ਹੱਥ ਮਾਰਦਿਆਂ ਹੋਰ ਕਈ ਰੰਗ ਕੱਢੇ ਹਨ। ਉਹ ਕਹਿੰਦੇ ਹਨ, "ਜ਼ਿੰਦਗੀ ਦਾ ਬੋਝਾ ਹਰੇਕ ਨੂੰ ਹੀ ਮਿਲਦਾ, ਪਰ ਸਭ ਤੋਂ ਜਰੂਰੀ ਹੁੰਦਾ ਕਿ ਮਨੁੱਖ ਨੂੰ ਉਸ ਬੋਝੇ ਦੀ ਸੋਝੀ ਹੋਵੇ ਕਿ ਇਸ ਵਿਚ ਕੀ ਕੀ ਪਾਉਣਾ? ਕੀ ਕੀ ਨਕਾਰਨਾ?... ਜ਼ਿੰਦਗੀ ਦੇ ਬੋਝੇ ਵਿਚ ਮਨੁੱਖ ਕੀ ਚੁੱਕੀ ਫਿਰਦਾ, ਕਿਸੇ ਨੂੰ ਵੀ ਦੱਸਣ ਦੀ ਲੋੜ ਨਹੀਂ। ਸਮਾਜ ਵਿਚ ਤੁਹਾਡੇ ਬਿੰਬ ਨੇ ਹੀ ਸਭ ਕੁਝ ਬਿਆਨ ਕਰ ਦੇਣਾ। ਇਸ ਦੇ ਪ੍ਰਭਾਵੀ ਅਸਰਾਂ ਨੂੰ ਮਨੁੱਖ ਵਿਚੋਂ ਮਨਫੀ ਨਹੀਂ ਕੀਤਾ ਜਾ ਸਕਦਾ। ਡਾ. ਭੰਡਾਲ ਕਹਿੰਦੇ ਹਨ, "ਉਮਰ ਦੇ ਹਰ ਪੜਾਅ 'ਤੇ ਅਸੀਂ ਕੁਝ ਨਾ ਕੁਝ ਇਸ ਵਿਚ ਪਾ ਸਕਦੇ ਹਾਂ ਤੇ ਵੰਡ ਵੀ ਸਕਦੇ ਹਾਂ, ਬਸ਼ਰਤੇ ਕਿ ਸਾਨੂੰ ਬੋਝੇ ਦੀਆਂ ਬਰਕਤਾਂ ਦਾ ਅਹਿਸਾਸ ਹੋਵੇ; ਕਿਉਂਕਿ ਉਮਰ ਨਾਲ ਜ਼ਿੰਦਗੀ ਦੇ ਬੋਝੇ ਵਿਚ ਪਈਆਂ ਵਸਤਾਂ ਦੀ ਤਾਸੀਰ ਤੇ ਰੰਗ ਵੀ ਬਦਲਦੇ।" ਉਹ ਜ਼ਿੰਦਗੀ ਦੇ ਬੋਝੇ ਵਿਚ ਸੁੱਚਮ, ਉਚਮ ਅਤੇ ਕਰਮ-ਧਰਮ ਦੀ ਦੀਖਿਆ ਲੋਚਦੇ ਹਨ।***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਹਰ ਕੋਲ ਹੈ ਜ਼ਿੰਦਗੀ ਦਾ ਬੋਝਾ। ਕਿਸੇ ਕੋਲ ਪਾਟਾ, ਕਿਸੇ ਕੋਲ ਸਬੂਤਾ। ਕਿਸੇ ਕੋਲ ਖੁੱਲ੍ਹਾ, ਕਿਸੇ ਕੋਲ ਬੰਦ। ਕਿਸੇ ਕੋਲ ਲੀਰਾਂ ਵਾਲਾ, ਕਿਸੇ ਕੋਲ ਮਖਮਲੀ। ਕਿਸੇ ਦਾ ਬੋਝਾ ਛੇਕੋ-ਛੇਕ, ਕਿਸੇ ਦਾ ਸਿੱਕੇਬੰਦ।

ਕਈਆਂ ਦਾ ਜ਼ਿੰਦਗੀ ਦਾ ਬੋਝਾ ਖੁਦ ਕੋਲ ਹੀ ਨਹੀਂ ਹੁੰਦਾ। ਕੋਈ ਹੋਰ ਇਸ ਬੋਝੇ ਦੀਆਂ ਅਮਾਨਤਾਂ ਨੂੰ ਸੰਭਾਲਦਾ ਤੇ ਵਰਤਦਾ; ਪਰ ਕਈ ਆਪ ਹੀ ਇਸ ਦੇ ਮਾਲਕ, ਰਖਵਾਲੇ ਤੇ ਖੁਦਮੁਖਤਾਰ।

ਜ਼ਿੰਦਗੀ ਦੇ ਬੋਝੇ ਵਿਚ ਕਈਆਂ ਨੂੰ ਜਨਮ ਤੋਂ ਬਹੁਤ ਸਾਰੀਆਂ ਨਿਆਮਤਾਂ ਮਿਲਦੀਆਂ ਅਤੇ ਬਹੁਤਿਆਂ ਨੂੰ ਖਾਲੀ ਬੋਝਿਆਂ ਦੀ ਗੁੜਤੀ ਮਿਲਦੀ। ਉਹ ਇਸ ਵਿਚ ਪਾਉਣ ਵਾਲੀਆਂ ਵਸਤਾਂ ਦੀ ਤਕਦੀਰ, ਤਰਤੀਬ ਤੇ ਤਹਿਜ਼ੀਬ ਨੂੰ ਵਿਚਾਰਦੇ ਅਤੇ ਭਰਨ ਦੇ ਆਹਰ ਵਿਚ ਰੁੱਝ ਜਾਂਦੇ।

ਕੁਝ ਲੋਕ ਜ਼ਿੰਦਗੀ ਦੇ ਬੋਝੇ ਨੂੰ ਸਦਾ ਖਾਲੀ ਹੀ ਰੱਖਦੇ। ਕੁਝ ਸਿਰਫ ਇਸ ਨੂੰ ਨੱਕੋ-ਨੱਕ ਭਰਨ ਲਈ ਸਾਹ ਖਰਚ ਦਿੰਦੇ, ਪਰ ਫੱਕਰਾਂ ਵਰਗੇ ਕੁਝ ਅਜਿਹੇ ਲੋਕ ਵੀ ਹੁੰਦੇ, ਜੋ ਜ਼ਿੰਦਗੀ ਦੇ ਬੋਝੇ ਨੂੰ ਅਮਾਨਤਾਂ ਨਾਲ ਭਰੀ ਵੀ ਜਾਂਦੇ ਅਤੇ ਲੋੜਵੰਦਾਂ ਵਿਚ ਦੋਹੀਂ ਹੱਥੀਂ ਵਰਤਾਈ ਵੀ ਜਾਂਦੇ। ਅਜਿਹੇ ਲੋਕ ਸ਼ੁਭ-ਕਰਮਨ ਦਾ ਸੁੱਚਾ ਧਰਮ। ਮਾਨਵਤਾ ਦੀ ਅੱਖ ਵਿਚ ਉਗੇ ਹੰਝੂ ਨੂੰ ਪੂੰਝਣ ਅਤੇ ਘਰਾਲਾਂ ਨੂੰ ਮਿਟਾਉਣ ਲਈ ਹਮੇਸ਼ਾ ਖੁਦ ਨੂੰ ਅਰਪਿਤ ਕਰਦੇ।

ਜ਼ਿੰਦਗੀ ਦਾ ਬੋਝਾ ਹਰੇਕ ਨੂੰ ਹੀ ਮਿਲਦਾ, ਪਰ ਸਭ ਤੋਂ ਜਰੂਰੀ ਹੁੰਦਾ ਕਿ ਮਨੁੱਖ ਨੂੰ ਉਸ ਬੋਝੇ ਦੀ ਸੋਝੀ ਹੋਵੇ ਕਿ ਇਸ ਵਿਚ ਕੀ ਕੀ ਪਾਉਣਾ? ਕੀ ਕੀ ਨਕਾਰਨਾ? ਕਿਹੜੀਆਂ ਵਸਤਾਂ ਨੂੰ ਆਪਣੇ ਕੋਲ ਰੱਖਣਾ? ਕਿਨ੍ਹਾਂ ਨੂੰ ਲੋਕਾਈ ਵਿਚ ਵਰਤਾਉਣਾ?

ਜ਼ਿੰਦਗੀ ਦੇ ਅਰਥਾਂ ਦੀ ਰਸਾਈ ਵਿਚੋਂ ਹੀ ਅਸੀਂ ਬੋਝੇ ਦੀ ਔਕਾਤ, ਆਸਥਾ, ਅਸੀਮਤਾ ਅਤੇ ਅਤੁੱਲਤਾ ਦਾ ਅੰਦਾਜ਼ਾ ਲਾ ਸਕਦੇ ਹਾਂ। ਜ਼ਿੰਦਗੀ ਸਿਰਫ ਸਾਹਾਂ ਦੀ ਗਿਣਤੀ ਨਹੀਂ। ਸਗੋਂ ਜ਼ਿੰਦਗੀ ਉਹ ਹੁੰਦੀ, ਜਿਹੜੀ ਦਾਨਾਈ ਅਤੇ ਭਲਿਆਈ ਨੂੰ ਸਮਰਪਿਤ ਹੋਵੇ। ਜੋ ਚੁਣੌਤੀਆਂ ਦਾ ਸਾਹਮਣਾ ਕਰੇ। ਜ਼ਿੰਦਗੀ ਦੀ ਦਿੱਖ ਨੂੰ ਸੁਧਾਰੇ ਅਤੇ ਨਿਖਾਰੇ। ਵੱਖਰੇ, ਵਿਕੋਲਿਤਰੇ ਅਤੇ ਵਿਭਿੰਨਤਾ ਵਿਚੋਂ ਹੀ ਵਿਲੱਖਣਤਾ ਨੂੰ ਵਿਕਸਿਤ ਕੀਤਾ ਜਾ ਸਕਦਾ, ਜਿਸ ਵਿਚੋਂ ਜੀਵਨ ਦੇ ਰਹੱਸਾਂ, ਪਰਤਾਂ ਅਤੇ ਦ੍ਰਿਸ਼ਟੀਕੋਣ ਨਾਲ ਖੁਦ ਨੂੰ ਨਵੇਂ ਦਿਸਹੱਦਿਆਂ ਦਾ ਹਾਣੀ ਬਣਾਇਆ ਜਾ ਸਕਦਾ।

ਜ਼ਿੰਦਗੀ ਦੇ ਬੋਝੇ ਵਿਚ ਛਿੱਲੜਾਂ ਵੀ ਤੇ ਸਿੱਕੇ ਵੀ। ਮੋਹਰਾਂ, ਮੋਹਰੇ ਤੇ ਮਹੁਰਾ ਵੀ। ਨੋਟ ਵੀ ਅਤੇ ਖਾਲੀ ਚੈੱਕ ਵੀ। ਮੋਰੀ ਵਾਲੇ ਪੈਸਿਆਂ ਦੀ ਛੁਣਕਾਰ ਵੀ ਤੇ ਖਾਲੀ ਬੋਝੇ ਦੀ ਭਰਮ-ਭਰਾਈ ਵੀ।

ਕਈਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦੇ ਬੋਝੇ ਵਿਚੋਂ ਕੀ ਕਿਰ ਰਿਹਾ ਅਤੇ ਕਿਉਂ ਕਿਰ ਰਿਹਾ? ਜਦ ਕਿ ਕੁਝ ਲੋਕ ਆਪਣੇ ਬੋਝੇ ਨੂੰ ਆਪਣੀ ਖੁਦਾਈ ਤੀਕ ਹੀ ਸੀਮਤ ਰੱਖਦੇ।

ਜ਼ਿੰਦਗੀ ਦਾ ਬੋਝਾ ਅਮੀਰ ਤੇ ਗਰੀਬ ਕੋਲ, ਭਿਖਾਰੀ ਕੋਲ ਵੀ ਤੇ ਦਾਨੀ ਕੋਲ ਵੀ, ਬੱਚੇ ਕੋਲ ਵੀ ਤੇ ਬਜੁਰਗ ਕੋਲ ਵੀ। ਉਮਰ ਦੇ ਹਰ ਪੜਾਅ 'ਤੇ ਅਸੀਂ ਕੁਝ ਨਾ ਕੁਝ ਇਸ ਵਿਚ ਪਾ ਸਕਦੇ ਹਾਂ ਤੇ ਵੰਡ ਵੀ ਸਕਦੇ ਹਾਂ, ਬਸ਼ਰਤੇ ਕਿ ਸਾਨੂੰ ਬੋਝੇ ਦੀਆਂ ਬਰਕਤਾਂ ਦਾ ਅਹਿਸਾਸ ਹੋਵੇ। ਸਾਨੂੰ ਤਾਂ ਬਹੁਤੀ ਵਾਰ ਪਤਾ ਹੀ ਨਹੀਂ ਹੁੰਦਾ ਏ ਕਿ ਜ਼ਿੰਦਗੀ ਨੇ ਸਾਨੂੰ ਕਿਹੜੀਆਂ ਬਖਸ਼ਿਸ਼ਾਂ ਨਾਲ ਨਿਵਾਜਿਆ ਏ? ਇਕ ਨੌਜਵਾਨ ਰੋਂਦਾ, ਕੁਰਲਾਉਂਦਾ ਕਿਸੇ ਫਕੀਰ ਕੋਲ ਰੱਬ ਦੀ ਸ਼ਿਕਾਇਤ ਲਾਉਣ ਲੱਗਾ ਕਿ ਮੈਨੂੰ ਰੱਬ ਨੇ ਕੁਝ ਨਹੀਂ ਦਿਤਾ, ਮੇਰੇ ਕੋਲ ਕੁਝ ਵੀ ਨਹੀਂ। ਫਕੀਰ ਨੇ ਕਿਹਾ ਕਿ ਤੈਨੂੰ ਪਤਾ ਹੀ ਨਹੀਂ ਕਿ ਤੇਰੇ ਕੋਲ ਕੀ ਕੁਝ ਹੈ? ਕੀ ਤੂੰ ਦੋ ਲੱਖ ਵਿਚ ਆਪਣੀ ਇਕ ਅੱਖ ਦੇ ਸਕਦੇ ਏਂ? ਤੇ ਹੈਰਾਨ ਹੋਏ ਨੌਜਵਾਨ ਨੂੰ ਸਮਝ ਆਈ ਕਿ ਉਹ ਕਿੰਨੀਆਂ ਕੀਮਤੀ ਅਮਾਨਤਾਂ ਨਾਲ ਵਰੋਸਾਇਆ ਹੈ।

ਜ਼ਿੰਦਗੀ ਦੇ ਬੋਝੇ ਵਿਚ ਉਤਸ਼ਾਹ, ਉਮੀਦ, ਉਮਾਹ, ਉਦਮ, ਉਡਾਣ ਤੇ ਉਮੰਗ ਦੇ ਨਾਲ-ਨਾਲ ਉਦਾਸੀ, ਉਪਰਾਮਤਾ ਉਡੀਕ, ਉਲਾਹਮਾ ਤੇ ਉਲੰਘਣਾ ਵੀ ਹੁੰਦੀ।

ਬੋਝੇ ਵਿਚ ਤਾਂ ਆਸ, ਆਸਥਾ, ਅਰਾਧਨਾ, ਅਨਾਇਤ, ਅਜ਼ੀਮਤਾ, ਅੱਖਰ, ਅੰਬਰ, ਆਬਰੂ, ਅਣਖ, ਅਲਮਸਤੀ, ਅਮੀਰੀ, ਆਤਮ-ਵਿਸ਼ਵਾਸ ਤੇ ਆਪਣਾਪਣ ਦੇ ਨਾਲ-ਨਾਲ ਅਲਗਰਜੀ, ਆਕੜ, ਅੱਖੜਤਾ, ਅੰਧ ਵਿਸ਼ਵਾਸ, ਅਧਰਮ, ਅੱਥਰੂ ਅਤੇ ਅਵਾਰਗੀ ਵੀ ਹੁੰਦੀ।

ਜ਼ਿੰਦਗੀ ਦੇ ਬੋਝੇ ਵਿਚ ਇੱਜ਼ਤ, ਇਖਲਾਕ, ਇਨਸਾਨੀਅਤ, ਇਮਾਨਦਾਰੀ ਦੇ ਨਾਲ-ਨਾਲ ਈਰਖਾ ਤੇ ਇਕੱਲਤਾ ਵੀ ਹੁੰਦੀ।

ਜ਼ਿੰਦਗੀ ਦੇ ਬੋਝੇ ਵਿਚ ਸੁਪਨੇ, ਸੰਯੋਗ, ਸੱਜਣ, ਸੁਹਜ, ਸਹਿਜ, ਸੁਖਨ, ਸਕੂਨ, ਸੂਰਜ, ਸਿਆਣਪ, ਸੰਜਮ, ਸੋਚ, ਸੁੱਚਮ, ਸਮਝ, ਸਮਰਪਿਤਾ, ਸਾਦਗੀ, ਸਿਰੜ, ਸਾਧਨਾ, ਸਾਧਨ, ਸੁੱਖ, ਸੰਤੋਖ ਤੇ ਸਫਲਤਾ ਦੇ ਨਾਲ ਹੀ ਸਨਕੀਪੁਣਾ, ਸ਼ੱਕ, ਸੰਤਾਪ, ਸਿਸਕੀ, ਸੋਗ ਅਤੇ ਸਿਆਪਾ ਵੀ ਆ ਜਾਂਦਾ।

ਜ਼ਿੰਦਗੀ ਦੇ ਇਸ ਬੋਝੇ ਵਿਚ ਹਾਸਾ, ਹੁੰਦਲਹੇੜਤਾ, ਹੱਕ, ਹਾਕ, ਹੁੰਗਾਰਾ, ਹਰਦਿਲ-ਅਜ਼ੀਜ਼ੀ, ਹਾਜ਼ਰ-ਜਵਾਬੀ, ਹਮਰਾਜ਼, ਹਾਣੀ, ਹੌਸਲਾ ਅਤੇ ਹਿੰਮਤ ਹੁੰਦੀ; ਪਰ ਹੂਕ, ਹੌਕੇ, ਹਾਵੇ, ਹਿੱਚਕੀਆਂ ਅਤੇ ਹੀਣਭਾਵਨਾ ਵੀ ਹੁੰਦੀ। ਇਨ੍ਹਾਂ 'ਚੋਂ ਕਿਸ ਨੂੰ ਬੋਝੇ ਵਿਚ ਰੱਖਣੇ ਅਤੇ ਕਿਨ੍ਹਾਂ ਨੂੰ ਬਾਹਰ ਕੱਢਣਾ, ਇਹ ਤਾਂ ਮਨੁੱਖ ਤੇ ਨਿਰਭਰ।

ਜ਼ਿੰਦਗੀ ਦੇ ਬੋਝੇ ਵਿਚ ਕਿਰਨ, ਕੁਦਰਤ, ਕਾਇਨਾਤ, ਕਰਾਮਾਤ, ਕ੍ਰਿਸ਼ਮਾ, ਕੀਰਤੀ, ਕਲਮ, ਕਿਤਾਬ, ਕਲਮਕਾਰੀ, ਕਲਾ-ਨਿਕਾਸ਼ੀ, ਕਰਮ-ਕੀਰਤੀ ਅਤੇ ਕਰਮ-ਧਰਮ ਵੀ ਹੁੰਦਾ; ਪਰ ਇਸ ਵਿਚ ਕਾਲਖ, ਕੁਹਜ, ਕੁਲਹਿਣਾ, ਕੁਕਰਮ, ਕੂਕ, ਕਤਲ, ਕੁਨੱਖਾਪਣ ਅਤੇ ਕਾਣੀਵੰਡ ਵੀ ਹੁੰਦੀ। ਕੀਰਨੇ ਅਤੇ ਕੁਲਹਿਣੇ ਪਲਾਂ ਦੀ ਹੂਕ ਵੀ। ਸਭ ਕੁਝ ਹੀ ਸਮਿਲਤ, ਪਰ ਇਨ੍ਹਾਂ ਨੂੰ ਵੱਖਰਾ ਕਰਨਾ ਅਤਿ ਜਰੂਰੀ।

ਇਹ ਬੋਝਾ ਖੁਸ਼ੀ, ਖਾਬਾਂ, ਖਿਆਲਾਂ, ਖਬਤ, ਖੈਰਾਂ ਦੇ ਨਾਲ-ਨਾਲ ਖਰਮਸਤੀ, ਖਰੂਦ, ਖਾਕ, ਖੂਨ, ਖਿਆਨਤ ਸੰਗ ਲਬਰੇਜ਼ ਹੁੰਦਾ। ਇਨ੍ਹਾਂ ਦੀ ਚੋਣ ਮਨੁੱਖੀ ਮਾਨਸਿਕਤਾ 'ਤੇ ਆਧਾਰਤ।

ਜ਼ਿੰਦਗੀ ਦੇ ਨਿੱਕੇ ਜਿਹੇ ਬੋਝੇ ਵਿਚ ਗ੍ਰੰਥ, ਗੁਣ, ਗਿਆਨ, ਗੋਸ਼ਟਿ, ਗੁਰੂ, ਗੁਰਦੁਆਰਾ, ਗੰਗੋਤਰੀ ਦੇ ਨਾਲ ਹੀ ਗਰੂਰ, ਗਮ, ਗਰੀਬੀ, ਗ੍ਰਹਿਣ, ਗੁੱਸਾ ਤੇ ਗੰਧਲਾਪਣ ਵੀ ਹੁੰਦਾ। ਇਨ੍ਹਾਂ ਦੀ ਭਿੰਨਤਾ ਵਿਚੋਂ ਅਛਿਆਈ ਤੇ ਬੁਰਿਆਈ ਤਾਂ ਖੁਦ ਨੂੰ ਹੀ ਭਾਲਣੀ ਪੈਣੀ।

ਇਹ ਬੋਝਾ ਆਪਣੇ ਵਿਚ ਘਰ ਦੇ ਨਾਲ ਘਬਰਾਹਟ, ਘ੍ਰਿਣਾ, ਘੁਣ, ਘਪਲਾ ਵੀ ਸਮਾਈ ਰੱਖਦਾ। ਇਸ ਵਿਚੋਂ ਕਿਸ ਨੂੰ ਕਦੋਂ ਵਰਤਣਾ ਅਤੇ ਕਿਹੜੇ ਸਿੱਟਿਆਂ ਦੀ ਆਸ ਰੱਖਣਾ, ਇਹ ਮਨੁੱਖੀ ਫਿਤਰਤ 'ਤੇ ਨਿਰਭਰ।

ਜ਼ਿੰਦਗੀ ਦੇ ਇਸ ਛੋਟੇ ਜਿਹੇ ਪਰ ਵਡੇਰੇ ਅਰਥਾਂ ਵਾਲੇ ਬੋਝੇ ਵਿਚ ਚੰਗਿਆਈ, ਚਾਹਤ, ਚਹਿਕ, ਚਾਨਣੀ, ਚੰਨ, ਚਮਕ, ਚਮਨ, ਚਾਅ ਦੇ ਨਾਲ-ਨਾਲ ਚੋਰੀ-ਚਕਾਰੀ, ਚਿੰਤਾ, ਚਿਖਾ ਅਤੇ ਚੰਗਿਆੜੀ ਵੀ। ਮਨੁੱਖ ਨੇ ਖੁਸ਼ਬੂ ਵੰਡਣਾ ਜਾਂ ਚੰਗਿਆੜੀ ਨਾਲ ਸੜਨਾ, ਇਹ ਮਨੁੱਖੀ ਸੋਚ ਦੀ ਉਪਜ।

ਜ਼ਿੰਦਗੀ ਦੇ ਬੋਝੇ ਦਾ ਕੇਹਾ ਕਮਾਲ ਕਿ ਇਸ ਵਿਚ ਛਿੰਨ, ਛਾਂ, ਛੱਤ, ਛੱਤਰੀ ਸਮੇਤ ਛੱਜ ਤੇ ਛਾਨਣੀ ਵੀ ਹੁੰਦੀ, ਜਿਸ ਨਾਲ ਕਈ ਵਾਰ ਆਪਣਿਆਂ ਵਲੋਂ ਬੇਲੋੜਾ ਹੀ ਪੁਣਿਆ ਤੇ ਛੱਟਿਆ ਜਾਂਦਾ।

ਇਸ ਵਿਚ ਤਾਂ ਜਜ਼ਬਾਤ, ਜਜ਼ਬਾ, ਜ਼ਿੰਦਾਦਿਲੀ, ਜ਼ਿੰਦਗੀ, ਜਾਨ, ਜ਼ਿਆਰਤ, ਜ਼ਹਿਨੀਅਤ, ਜਗਿਆਸਾ, ਜੋਤ, ਜ਼ਰੂਰਤ ਤੇ ਜ਼ਮੀਰ ਦੇ ਨਾਲ-ਨਾਲ ਹੀ ਜੰਗਾਲ, ਜੰਗ, ਜ਼ੰਜ਼ੀਰ, ਜੇਲ੍ਹ ਤੇ ਜੰਦਰਾ ਵੀ ਹੁੰਦਾ। ਇਸ ਵਿਚ ਹੀ ਜੀਵਿਆ, ਜਿੱਤਿਆ, ਜਰਿਆ, ਜਜ਼ਬਿਆ, ਜੋਖਿਆ ਅਤੇ ਜੋੜਿਆ ਵੀ ਸ਼ਾਮਲ।

ਇਸ ਵਿਚ ਝਾਂਜਰ, ਝਰਨਾਹਟ, ਝੂਮਣਾ, ਦੇ ਨਾਲ ਝੁੰਜਲਾਹਟ ਤੇ ਝਗੜਾ ਵੀ ਪਿਆ ਹੁੰਦਾ।

ਜ਼ਿੰਦਗੀ ਦੇ ਬੋਝੇ ਵਿਚ ਹੁੰਦਾ ਹੈ ਟੋਟਕਾ, ਟੁੱਕ, ਟੱਕ ਦੇ ਨਾਲ ਨਾਲ ਟੋਕਾ, ਟੋਟਾ ਟੁੱਕੜਬੋਚ ਅਤੇ ਟਾਂਕਾ।

ਇਸ ਵਿਚ ਤਾਂ ਹੁੰਦਾ ਹੈ ਠਰੰਮਾ, ਠਹਿਰ, ਠਹਿਰਾਅ, ਠੁੰਮਣਾ ਦੇ ਨਾਲ ਠੱਗ, ਠਰਕ ਵੀ। ਬੋਝੇ ਵਿਚ ਤਾਂ ਹੁੰਦਾ ਹੀ ਹੈ ਡਰ, ਡਰਪੋਕ ਤੇ ਡਹਿਲ। ਬੋਝੇ ਹੀ ਹੁੰਦਾ ਹੈ ਢਲਾਣ, ਢਿੱਲ, ਢੀਠਤਾਈ ਤੇ ਢੋਲ।

ਜ਼ਿੰਦਗੀ ਦੇ ਬੋਝੇ ਵਿਚ ਹੁੰਦੀ ਹੈ ਤੋਰ, ਤ੍ਰੇਲ, ਤੁਹਮਤ, ਤਿਗੜਮਬਾਜੀ, ਤਵਾਰੀਖ ਤਹਿਰੀਕ, ਤਜਵੀਜ਼, ਤਹਿਜ਼ੀਬ, ਤਰਤੀਬ, ਤਦਬੀਰ, ਤਸਵੀਰ, ਤਸ਼ਬੀਹ, ਤੀਖਣਤਾ, ਤੀਬਰਤਾ, ਤ੍ਰੇਹ, ਤਮੰਨਾ, ਤਾਂਘ ਤੜਫਣਾ ਅਤੇ ਝੱਲੇ ਹੋਏ ਤਸੀਹਿਆਂ ਦੀ ਤਫਸੀਲ।

ਜ਼ਿੰਦਗੀ ਦੀ ਇਸ ਨਿੱਕੀ ਜਿਹੀ ਪੋਟਲੀ ਨੁਮਾ ਬੋਝੇ ਵਿਚ ਹੁੰਦੀ ਹੈ ਥੱਪਕੀ, ਥੱਪਥਪਾਹਟ, ਥਰਕਾਉਣਾ, ਥਿਰਕਣਾ ਦੇ ਨਾਲ ਥੱਥਲਾਉਣਾ, ਥਕਾਵਟ ਤੇ ਥਿੜਕਣ।

ਬੋਝੇ ਵਿਚ ਹੀ ਹੁੰਦੀ ਏ ਦਿਲਗੀਰੀ, ਦੇਵਦਾਸਤਾ, ਦਿਲਬਰੀ, ਦੁਆਵਾਂ, ਦਿਲਜੋਈਆਂ, ਦੱਖਣਾ, ਦੋਸਤ, ਦਰਵੇਸ਼, ਦਮਦਾਰੀ, ਦਿਆਲਤਾ, ਦਯਾ, ਦੁਨੀਆਂਦਾਰੀ, ਦਿਆਨਤਦਾਰੀ, ਦਿੱਬ-ਦ੍ਰਿਸ਼ਟੀ, ਦ੍ਰਿਸ਼ਟੀਕੋਣ ਤੇ ਦਰਦਵੰਤਾ ਦੇ ਨਾਲ ਦੁੱਖ, ਦਰਦ, ਦੁਖਾਵੰਤ, ਦੰਭ, ਦੁਸ਼ਟਤਾ, ਦਮਨ ਅਤੇ ਦੁਕਾਨਦਾਰੀ। ਇਸ ਵਿਚੋਂ ਅਸੀਂ ਕੀ ਖੱਟਦੇ ਤੇ ਕੀ ਵਰਤਦੇ, ਇਹ ਬੰਦੇ 'ਤੇ ਨਿਰਭਰ।

ਬੋਝੇ ਵਿਚ ਤਾਂ ਬਹੁਲਾਤ ਵਿਚ ਹੁੰਦਾ ਹੈ ਧੀਰਜ, ਧਰਮ, ਧਰਤੀ, ਧਰੂਤਾਰਾ, ਧਰਮਾਤਮਾ ਦੇ ਨਾਲ ਧੋਖਾ, ਧਮਕੀ, ਧਤੂਰਾ ਵੀ ਹੁੰਦਾ। ਮਨੁੱਖ ਨੇ ਕੀ ਬਣਨਾ, ਇਹ ਜ਼ਹਿਨੀਅਤ ਦਾ ਤਕਾਜ਼ਾ।

ਬੋਝੇ ਵਿਚ ਨੇਕੀ, ਨਿਆਮਤ, ਨਰਮਾਈ, ਨਿਰਮੂਲਤਾ, ਨਿਰਗੁਣਤਾ, ਨਿਮਾਣਾਪਣ, ਨਿਰ-ਸੁਆਰਥ, ਨਾਚੀਜ਼ਤਾ ਅਤੇ ਨਿਆਰਾਪਣ ਵੀ ਅਤੇ ਨਿਕੰਮਾਪਣ, ਨੀਚਤਾ, ਨਿਰਮੋਹਾਪਣ ਵੀ।

ਬੋਝੇ ਵਿਚ ਪਿਆਰ, ਪਿਆਰਾ, ਪਹੁਲ, ਪਾਕੀਜ਼ਗੀ, ਪੀਰ, ਪਹੁੰਚ ਅਤੇ ਪ੍ਰੇਰਨਾ; ਪੁੱਖਤਗੀ ਦੇ ਨਾਲ ਹੀ ਪਲੀਤਪੁਣਾ, ਪਾਖੰਡ, ਪ੍ਰੇਤ ਵੀ।

ਬੋਝੇ ਵਿਚ ਫੱਕਰਤਾ, ਫਕੀਰੀ, ਫਰਮਾਇਸ਼, ਫਲ, ਫੁੱਲ, ਫਰਮਾਬਰਦਾਰੀ, ਫਰਾਖਦਿਲੀ ਦੇ ਸੰਗ ਫੁਹਸ਼ਪੁਣਾ, ਫੁੱਕਰਾਪਣ ਵੀ ਤਾਂ ਹੁੰਦਾ ਈ ਆ।

ਬੋਝੇ ਵਿਚ ਬਖਸ਼ਿਸ਼ਾਂ, ਬਰਕਤਾਂ, ਬੰਦਗੀ, ਬੰਦਿਆਈ, ਬਹੁਲਤਾ ਦੇ ਨਾਲ ਬੁਰਿਆਈ, ਬਦਖੋਹੀ, ਬਦਲਾਖੋਰੀ, ਬਦਨੀਤ, ਬਦਦੁਆ ਜਾਂ ਬਦਅਮਨੀ ਵੀ; ਪਰ ਇਨ੍ਹਾਂ ਵਿਚੋਂ ਕਿਸ ਦੀ ਲਿਸ਼ਕ ਨੇ ਜ਼ਿੰਦਗੀ ਦੀਆਂ ਅੱਖਾਂ ਵਿਚ ਲਿਸ਼ਕੋਰ ਜਾਂ ਧੁੰਦਲਾਪਣ ਪੈਦਾ ਕਰਨਾ-ਇਹ ਹੀ ਸੋਚਣ ਦੀ ਗੱਲ ਆ।

ਜ਼ਿੰਦਗੀ ਦੇ ਬੋਝੇ ਵਿਚ ਭਗਤੀ, ਭਗਾਉਤੀ, ਭਲਾਈ, ਭਰਪਾਈ ਤੇ ਭਲੇਮਾਣਸੀ ਦੇ ਨਾਲ ਨਾਲ ਭੱਜ-ਨੱਸ, ਭਟਕਣਾ, ਭਰਮ, ਭੁਲੇਖੇ, ਭਰਪਾਈ ਤੇ ਭੁੱਲਭਲੱਈਆਂ ਵੀ ਹੁੰਦੀਆਂ, ਜਿਨ੍ਹਾਂ ਵਿਚੋਂ ਕੁਝ ਰਾਹ ਸਰਘੀ ਨੂੰ ਜਾਂਦੇ ਤੇ ਕੁਝ ਘੁਸਮੁੱਸੇ ਨੂੰ। ਚਾਨਣ ਰਾਹਾਂ ਨੂੰ ਜਾਣ ਵਾਲੇ ਪੈਰ ਹੀ ਪੂਜਣਯੋਗ ਹੁੰਦੇ।

ਇਸ ਬੋਝੇ ਵਿਚ ਤਾਂ ਮੰਨਤਾਂ, ਮੌਜ, ਮਸਤੀ, ਮਨੌਤਾਂ, ਮੁਆਫੀ, ਮਾਣ, ਮਾਨਵਤਾ ਮਰਿਆਦਾ, ਮਾਸੂਮੀਅਤ, ਮਿਕਨਾਤੀਸੀ, ਮੀਨਾਕਾਰੀ, ਮਾਨਵਤਾ ਤੇ ਮਿਹਰਬਾਨੀ ਤੋਂ ਇਲਾਵਾ ਮੂਰਖਤਾ, ਮਾਰਧਾੜ, ਮਾਰ-ਮਰਾਈ ਤੇ ਮੌਤ ਵੀ ਹੁੰਦੀ ਹੈ, ਜਿਨ੍ਹਾਂ 'ਤੇ ਨਿਰਭਰ ਹੁੰਦੀ ਏ ਜ਼ਿੰਦਗੀ ਦੀ ਇਬਾਰਤ।

ਜ਼ਿੰਦਗੀ ਦੇ ਬੋਝੇ ਵਿਚ ਯਾਰ, ਯਾਰਾਨੇ, ਯੁੱਗ ਦੇ ਨਾਲ ਹੀ ਯੱਬਲੀਆਂ, ਯੁੱਧ, ਯੱਖਤਾ ਵੀ ਸਿਰ ਚੁੱਕਦੀ, ਪਰ ਕਿਸ ਨੂੰ ਸਿਰ ਚੁੱਕਣ ਦੇਣਾ ਅਤੇ ਕਿਸ ਨੂੰ ਚੁੱਕਣ ਤੋਂ ਵਰਜਣਾ, ਇਹ ਮਨੁੱਖ ਦਾ ਫੈਸਲਾ।

ਇਸ ਪਿਆਰੇ ਬੋਝੇ ਵਿਚ ਰਮਤਾ, ਰਵਾਨਗੀ, ਰੂਹਾਨੀਅਤ, ਰੂਹਰੇਜ਼ਾ, ਰੂਹਰੰਗਤਾ, ਰੂਹਦਾਰੀ, ਰੰਗ, ਰਿਸ਼ਮਾਂ, ਰਾਜ਼ਦਾਰੀ ਅਤੇ ਰਹਿਮਤਾਂ ਦੀ ਬਾਰਸ਼ ਸੰਗ ਰੋਸੇ, ਰਿਹਾੜ, ਰੋਣਾ ਵੀ ਸ਼ਾਮਲ। ਇਨ੍ਹਾਂ ਵਿਚ ਕਿੰਨਾ ਕੁ ਭਿੱਜਦੇ ਹੋ, ਇਹ ਬੋਝੇ ਦੀ ਤਾਸੀਰ ਤੇ ਤਰਬੀਅਤ ਨੇ ਹੀ ਦੱਸਣਾ।

ਇਸ ਬੋਝੇ ਵਿਚ ਲਿਲਕ, ਲਿਸ਼ਕ, ਲੋੜ, ਲੋਅ, ਲਿਆਕਤ, ਲਿਹਾਜ, ਲੋਕ-ਲੱਜ਼, ਲੋਕ, ਲਾਵਾਂ, ਲੌਣ ਦੇ ਨਾਲ ਨਾਲ ਹੀ ਲੇਰ, ਲੁੜਕਣਾ, ਲਿਫਣਾ ਅਤੇ ਲੂਆਂ ਵਿਚ ਸੜਨਾ ਵੀ ਹੁੰਦਾ। ਬੰਦਾ ਕਿੰਨਾ ਕੁ ਇਨ੍ਹਾਂ ਲੂਆਂ ਤੋਂ ਬਚਾਉਂਦਾ ਅਤੇ ਆਪ ਹੀ ਆਪਣੀ ਛਾਂ ਕਿਵੇਂ ਬਣਦਾ, ਇਹ ਤਾਂ ਮਨੁੱਖ ਦੇ ਉਦਮ ਨੇ ਦਰਸਾਉਣਾ।

ਇਸ ਬੋਝੇ ਵਿਚ ਵਿਰਾਸਤ, ਵਰਤਾਰਾ, ਵਿਸਥਾਰ, ਵਿਭਿੰਨਤਾ, ਵਿਹਾਰ ਤੇ ਵਰਤੋਂ ਦੇ ਨਾਲ ਹੀ ਵੈਰ, ਵੈਰਾਗ, ਵਿਹਲਪੁਣਾ, ਵਗਾਰ, ਵਹਾਅ, ਵਿਯੋਗ, ਵਰਲਾਪ ਤੇ ਵਹਿਮ ਵਿਚੋਂ ਕਿਸ ਨੂੰ ਜੀਵਨ ਯੁੱਗਤ ਬਣਾਉਣਾ, ਇਹ ਵੀ ਬੋਝੇ ਵਿਚਲੀ ਜਾਇਦਾਦ ਹੀ ਦੱਸਦੀ, ਜੋ ਸਿਰਫ ਤੁਹਾਡੀ ਨਿੱਜੀ ਹੁੰਦੀ।

ਇਸ ਬੋਝੇ ਵਿਚ ਬਹੁਤ ਅਹਿਮ ਹੁੰਦਾ ਏ ਸ਼ਗਨ, ਸ਼ਗੂਫਾ, ਸ਼ਰਮ ਤੇ ਸ਼ਾਗਿਰਦਗੀ ਵਿਚੋਂ ਸਫਲ ਜ਼ਿੰਦਗੀ ਦਾ ਉਹ ਸਿਰਨਾਵਾਂ ਬਣਨਾ, ਜਿਸ 'ਤੇ ਸਮਾਜ ਦੇ ਨਾਲ-ਨਾਲ ਖੁਦ ਵੀ ਨਾਜ਼ ਹੋਵੇ।

ਬੋਝੇ ਵਿਚ ਤਾਂ ਕਿਰਤ ਕਰੋ ਦਾ ਹੋਕਰਾ, ਨਾਮ ਜਪੋ ਦਾ ਜਾਪ ਅਤੇ ਵੰਡ ਛੱਕੋ ਦਾ ਐਲਾਨਨਾਮਾ ਵੀ; ਪਰ ਨਾਲ ਹੀ ਖੁਦਗਰਜੀ, ਲੋਭ, ਲਾਲਚ ਅਤੇ ਕੂੜ ਕਪਟ ਦਾ ਭੰਡਾਰ ਵੀ। ਕਿਹੜਾ ਮਨੁੱਖ ਕਿਹੜੀਆਂ ਵਸਤਾਂ ਦਾ ਵਪਾਰ ਕਰਦਾ, ਇਹ ਮਨੁੱਖ ਦੇ ਅੰਦਰ ਬੈਠੇ ਹੋਏ ਮਨੁੱਖ ਨੇ ਕਿਰਤ-ਕਰਮਾਂ ਰਾਹੀਂ ਦਰਸਾਉਣਾ ਹੁੰਦਾ।

ਜ਼ਿੰਦਗੀ ਦੇ ਬੋਝੇ ਵਿਚ ਉਹ ਸਭ ਕੁਝ ਹੁੰਦਾ ਹੈ ਜੋ ਅਸੀਂ ਸਹਿਆ, ਸੋਚਿਆ, ਸਮਝਿਆ, ਸਮਝਾਇਆ, ਸੰਤਾਪਿਆ, ਸੁਪਨਿਆ, ਸੰਤੋਖਿਆ, ਸਿਉਂਕਿਆ ਤੇ ਸਿਸਕਿਆ ਹੈ।

ਇਸ ਵਿਚ ਹੁੰਦਾ ਹੈ ਜੋ ਅਸੀਂ ਭੁਗਤਿਆ, ਭੋਗਿਆ, ਭੱਜਿਆ, ਭਗਤੀ ਕੀਤੀ, ਭਜਨ ਕੀਤਾ, ਭਰਮਿਆ, ਭੁੱਲਿਆ ਅਤੇ ਭਰਮਣਾ ਕੀਤੀ।

ਸਭ ਕੁਝ ਜੋ ਬੋਝੇ ਵਿਚ ਹੀ ਜਜ਼ਬ ਹੋਈ ਜਾਂਦਾ, ਇਹ ਹੀ ਸਾਡੇ ਵਿਚ ਹਿਲਜੁਲ ਪੈਦਾ ਕਰਦਾ। ਸਾਡਾ ਵਰਤੋਂ-ਵਿਹਾਰ, ਅਚਾਰ, ਕਿਰਦਾਰ, ਗੁਫਤਾਰ ਅਤੇ ਰਫਤਾਰ ਇਹੀ ਨਿਰਧਾਰਤ ਕਰਦੀਆਂ। ਇਹ ਸਾਡੇ ਅੰਦਰ ਬੈਠੀਆਂ। ਇਸ ਦੇ ਪ੍ਰਭਾਵੀ ਅਸਰਾਂ ਨੂੰ ਮਨੁੱਖ ਵਿਚੋਂ ਮਨਫੀ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਿਚੋਂ ਮਨੁੱਖੀ ਸ਼ਖਸੀਅਤ ਨੂੰ ਪਛਾਣਿਆ ਅਤੇ ਸਿਰਨਾਵਿਆਂ ਜਾ ਸਕਦਾ।

ਉਮਰ ਨਾਲ ਜ਼ਿੰਦਗੀ ਦੇ ਬੋਝੇ ਵਿਚ ਪਈਆਂ ਵਸਤਾਂ ਦੀ ਤਾਸੀਰ ਤੇ ਰੰਗ ਵੀ ਬਦਲਦੇ। ਜ਼ਿੰਦਗੀ ਦੇ ਬੋਝੇ ਵਿਚ ਕਦੇ ਬਚਪਨੀ ਜ਼ਿੱਦ ਅਤੇ ਕਦੇ ਬਜ਼ੁਰਗੀ ਨਸੀਹਤ। ਕਦੇ ਦੋਸਤਾਂ ਨਾਲ ਸੰਦਲੀ ਰੰਗਾਂ ਨੂੰ ਮਾਣਨ 'ਤੇ ਮਾਣ, ਪਰ ਕਦੇ ਇਹ ਦੋਸਤ ਹੀ ਬੰਦੇ ਨੂੰ ਪੜੁੱਲ ਬਣਾ ਕੇ ਉਚੇਰੀ ਛਲਾਂਗ ਲਾਉਂਦੇ। ਕਦੇ ਸਾਕ-ਸਬੰਧੀ ਤੇ ਭੈਣ-ਭਰਾ ਸਾਹਾਂ ਵਰਗੇ ਅਤੇ ਫਿਰ ਸਮਾਂ ਪੈਣ 'ਤੇ ਉਹ ਹੀ ਸਾਹਾਂ ਲਈ ਸੂਲੀ ਬਣਦੇ। ਕਈ ਵਾਰ ਬੋਝੇ ਵਿਚ ਪਏ ਸਿਆਣਪੀ ਹੱਥ, ਗਿਆਨ-ਜੋਤ ਨੂੰ ਜਗਦਾ ਰੱਖਣ ਲਈ ਹਵਾ ਤੋਂ ਬਚਾਉਂਦੇ, ਪਰ ਕਈ ਵਾਰ ਉਹੀ ਹੱਥ ਹੀ ਜੋਤ ਨੂੰ ਬੁਝਾਉਣ ਲਈ ਅਹੁਲਦੇ। ਬਹੁਤ ਕੁਝ ਬਦਲਦਾ ਹੈ, ਬੋਝੇ ਵਿਚ ਪਏ ਕਿਰਦਾਰਾਂ ਦਾ।

ਜ਼ਿੰਦਗੀ ਦੇ ਬੋਝੇ ਵਿਚ ਸਭ ਕੁਝ ਹੀ ਅਸਥਿਰ। ਅੰਦਰ ਖੋਰੂ ਪਾ ਰਿਹਾ ਅਤੇ ਅੰਦਰਲਾ ਖੋਰੂਪੁਣਾ ਹੀ ਜ਼ਿੰਦਗੀ ਨੂੰ ਘੁਮਾ ਰਿਹਾ। ਅਸੀਂ ਕਿੰਜ ਘੁੰਮਣਾ ਅਤੇ ਕਿਹੜੀਆਂ ਤਰਜ਼ੀਹਾਂ ਤੇ ਤਦਬੀਰਾਂ ਨੇ ਮਨੁੱਖੀ ਤਵਾਰੀਖ ਨੂੰ ਸਿਰਜਣਾ, ਇਹ ਜ਼ਿੰਦਗੀ ਦੇ ਬੋਝੇ ਵਿਚ ਪਈ ਹੋਈ ਅਮਾਨਤ ਦਾ ਪ੍ਰਤੱਖ ਪ੍ਰਗਟਾਅ।

ਜ਼ਿੰਦਗੀ ਦੇ ਬੋਝੇ ਵਿਚ ਮਨੁੱਖ ਕੀ ਚੁੱਕੀ ਫਿਰਦਾ, ਕਿਸੇ ਨੂੰ ਵੀ ਦੱਸਣ ਦੀ ਲੋੜ ਨਹੀਂ। ਸਮਾਜ ਵਿਚ ਤੁਹਾਡੇ ਬਿੰਬ ਨੇ ਹੀ ਸਭ ਕੁਝ ਬਿਆਨ ਕਰ ਦੇਣਾ। ਅੰਦਰ ਜੋ ਘੁੰਮ ਰਿਹਾ ਤੇ ਘੁੰਮਾ ਰਿਹਾ ਏ।

ਬੋਝੇ ਵਿਚ ਪਿਆ ਸਮਾਨ ਹੀ ਦੌੜਾਅ ਰਿਹਾ, ਹਸਾ ਰਿਹਾ, ਰੁਆ ਰਿਹਾ, ਚੁੱਪ ਕਰਾ ਰਿਹਾ, ਜਖਮ ਦੇ ਰਿਹਾ, ਟਕੋਰ ਕਰ ਰਿਹਾ, ਮਰਹਮ ਲਾ ਰਿਹਾ ਜਾਂ ਗੱਲੀਂ ਲਾ ਰਿਹਾ। ਸੁਚੇਤ ਕਰ ਰਿਹਾ ਜਾਂ ਖੁਦ ਨੂੰ ਭੁਲਾ ਰਿਹਾ। ਅਚੇਤ ਵਿਚ ਕੀ ਚੱਲ ਰਿਹਾ? ਅੰਦਰਲੇ ਅਤੇ ਬਾਹਰਲੇ ਸੰਸਾਰ ਵਿਚ ਕਿੰਨੀ ਕੁ ਇਕਸੁੱਰਤਾ ਅਤੇ ਸਾਵਾਂਪਣ ਹੈ, ਇਹ ਵੀ ਬੋਝੇ ਵਿਚ ਪਈਆਂ ਕੀਮਤੀ ਜਾਂ ਬੇਲੋੜੀਆਂ ਚੀਜਾਂ ਨੇ ਹੀ ਨਿਸ਼ਚਿੱਤ ਕਰਨਾ।

ਜ਼ਿੰਦਗੀ ਦੇ ਬੋਝੇ ਵਿਚ ਸੁੱਚਮ, ਉਚਮ ਅਤੇ ਕਰਮ-ਧਰਮ ਦੀਆਂ ਦੀਖਿਆ ਲੋਚੋ। ਇਸ ਦੀ ਅਰਾਧਨਾ ਵਿਚੋਂ ਸੁਪਨਿਆਂ ਦੀ ਵਿਉਂਤਬੰਦੀ ਕਰ, ਜ਼ਿੰਦਗੀ ਨੂੰ ਸੱਚੇ-ਸੁੱਚੇ ਅਰਥਾਂ ਦੀ ਟਕਸਾਲ ਬਣਾਵੋਗੇ ਤਾਂ ਬੋਝੇ ਦੀਆਂ ਦੁਆਵਾਂ ਤੁਹਾਡੇ ਨਾਲ ਸਦਾ ਰਹਿਣਗੀਆਂ। ਇਨ੍ਹਾਂ ਵਿਚੋਂ ਹੀ ਜੀਵਨ ਦੇ ਸੋਨ-ਸਫਿਆਂ ਨੂੰ ਆਪਣੀ ਇਬਾਰਤ 'ਤੇ ਮਾਣ ਹੋਵੇਗਾ, ਜੋ ਅਕੀਦਤਯੋਗ ਹੋਵੇਗੀ।

## ਡੂੰਘੇ ਜਜ਼ਬਾਤ

ਦਿਲ ਦੇ ਡੂੰਘੇ ਜਜ਼ਬਾਤ ਜੋ ਮੈਂ
ਇਨ੍ਹਾਂ ਕਾਗਜ਼ਾਂ ਉੱਤੇ ਉਕੇਰੇ ਨੇ,
ਜੋ ਸ਼ਬਦ ਬਣ ਬਣ ਉੱਭਰੇ ਨੇ
ਕੁਝ ਤੇਰੇ ਨੇ ਤੇ ਕੁਝ ਮੇਰੇ ਨੇ।

ਤੂੰ ਤਾਂ ਸ਼ਾਇਦ ਭੁੱਲ ਗਿਆ ਏਂ
ਪਰ ਦਿਲ 'ਚ ਤੇਰੇ ਹੀ ਡੇਰੇ ਨੇ,
ਤੈਨੂੰ ਰਤਾ ਹੁਣ ਫਰਕ ਨਾ ਪੈਣਾ
ਮੈਨੂੰ ਤੇਰੇ ਹੀ ਖਿਆਲ ਚੁਫੇਰੇ ਨੇ।

ਕਦੇ ਪੁੱਛ ਦੇਖੀਂ ਤਨਹਾਈਆਂ ਨੂੰ
ਤੰਗ ਕਰਦੇ ਜੋ ਫਿਕਰ ਬਥੇਰੇ ਨੇ,
ਤੇਰੀ ਖੁਸ਼ੀ ਖਾਤਿਰ ਬਰਬਾਦ ਹੋਏ
ਦੇਖ ਸਾਡੇ ਵੀ ਤਾਂ ਕਿੱਡੇ ਜ਼ੇਰੇ ਨੇ।

ਦਿਲ ਤੈਨੂੰ ਕਰਦਾ ਰਹਿਦਾ ਯਾਦ
ਸੁਪਨਿਆਂ 'ਚ ਵੀ ਤੇਰੇ ਚਿਹਰੇ ਨੇ,
ਇਹ ਨਾ ਸੋਚੀਂ ਕਦੇ ਫੇਰ ਮਿਲਾਂਗੇ
'ਇੰਦਰ' ਜ਼ਿੰਦਗੀ ਦੇ ਪੰਧ ਲਮੇਰੇ ਨੇ।

*-ਇੰਦਰ ਸਰਾਂ (ਫਰੀਦਕੋਟ)*
*ਫੋਨ: 91-97805-50466*

# ਖੋਜ ਪੁਸਤਕ: ਹਾਕੀ ਦਾ ਘਰ ਸੰਸਾਰਪੁਰ

ਪੰਜਾਬੀ ਖੇਡ ਸਾਹਿਤ

60



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸੰਸਾਰਪੁਰ ਨੂੰ ਹਾਕੀ ਦਾ ਮੱਕਾ, ਹਾਕੀ ਦਾ ਤੀਰਥ, ਹਾਕੀ ਦਾ ਘਰ, ਹਾਕੀ ਦਾ ਬਾਗ, ਕੁਝ ਵੀ ਕਹਿ ਸਕਦੇ ਹਾਂ। ਇਸ ਦੀ ਮਿੱਟੀ ਹੋਰਨਾਂ ਫਸਲਾਂ ਵਾਂਗ ਹਾਕੀ ਖਿਡਾਰੀਆਂ ਦੀਆਂ ਫਸਲਾਂ ਵੀ ਪੈਦਾ ਕਰਦੀ ਰਹੀ ਹੈ। ਇਸ ਪਿੰਡ ਦੇ ਸੈਆਂ ਖਿਡਾਰੀ ਦੇਸ਼-ਵਿਦੇਸ਼ ਹਾਕੀ ਮੈਦਾਨਾਂ 'ਚ ਪੈੜਾਂ ਕਰ ਚੁਕੇ ਹਨ। ਕਿਹਾ ਜਾਂਦੈ ਕਿ ਸੰਸਾਰਪੁਰ 'ਚ ਜਿਹੜਾ ਬੱਚਾ ਜਨਮ ਲੈਂਦੈ, ਉਹਦਾ ਪਹਿਲਾ ਰੋਣਾ ਹਾਕੀ ਦੀ ਸਟਿਕ ਲੈਣ ਲਈ ਹੀ ਹੁੰਦੈ। ਲਤੀਫਾ ਬਣ ਗਿਆ ਹੋਇਐ ਕਿ ਉਥੇ ਬੱਚਾ ਜੰਮਦਾ ਹੀ ਤਦ ਹੈ, ਜੇ ਉਹਦੇ ਹੱਥ ਹਾਕੀ ਫੜਾਈ ਜਾਵੇ! ਮਾਂਵਾਂ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਣ ਤੋਂ ਪਹਿਲਾਂ ਉਨ੍ਹਾਂ ਦਾ ਮੂੰਹ ਹਾਕੀ ਗਰਾਊਂਡ ਵੱਲ ਕਰ ਕੇ ਮੱਥਾ ਟਿਕਾਉਂਦੀਆਂ, ਪਰ ਇਹ ਪਹਿਲਾਂ ਦੀਆਂ ਗੱਲਾਂ ਹਨ। 1976 ਤੋਂ ਬਾਅਦ ਸ਼ਾਇਦ ਹੀ ਕੋਈ ਸੰਸਾਰਪੁਰੀਆ ਹਾਕੀ ਦਾ ਉਲੰਪੀਅਨ ਬਣਿਆ ਹੋਵੇ!

ਦੁਨੀਆਂ ਦਾ ਕੋਈ ਹੋਰ ਪਿੰਡ ਨਹੀਂ ਹੋਵੇਗਾ, ਜਿਥੇ ਸੰਸਾਰਪੁਰ ਵਾਂਗ 14 ਉਲੰਪੀਅਨ ਹਾਕੀ ਖਿਡਾਰੀਆਂ ਦੇ ਜੱਦੀ ਘਰ 100 ਮੀਟਰ ਦੇ ਘੇਰੇ ਵਿਚ ਹੋਣ। ਸੰਸਾਰਪੁਰ ਦੀ ਇਕ ਬੀਹੀ ਹੈ, ਜਿਥੋਂ ਇੱਟ ਪੁੱਟਿਆਂ ਹਾਕੀ ਖਿਡਾਰੀ ਨਿਕਲਦੈ! ਇਸ ਬੀਹੀ ਦੇ ਜੰਮਪਲਾਂ ਨੇ ਉਲੰਪਿਕ ਖੇਡਾਂ 'ਚੋਂ 8 ਸੋਨੇ, 1 ਚਾਂਦੀ ਤੇ 6 ਤਾਂਬੇ ਦੇ ਤਗਮੇ ਜਿੱਤੇ ਹਨ। 5 ਅਰਜਨਾ ਅਵਾਰਡ ਤੇ ਦੋ ਪਦਮ ਸ਼੍ਰੀ ਪੁਰਸਕਾਰ ਪ੍ਰਾਪਤ ਕੀਤੇ ਹਨ। ਇਕ ਚਾਂਦੀ ਤੇ 3 ਸੋਨ ਤਗਮੇ ਤਾਂ 'ਕੱਲੇ ਊਧਮ ਸਿੰਘ 'ਊਧੀ' ਦੇ ਹੀ ਹਨ। ਪੰਜਾਬ ਤੇ ਭਾਰਤ ਦੇ ਵਿਰਾਸਤ ਵਿਭਾਗਾਂ ਨੂੰ ਸੰਸਾਰਪੁਰ ਦੀ ਇਹ ਬੀਹੀ 'ਖੇਡ ਵਿਰਾਸਤ' ਵਜੋਂ ਸ਼ਿੰਗਾਰਨੀ ਤੇ ਸੰਭਾਲਣੀ ਚਾਹੀਦੀ ਹੈ।

ਸੰਸਾਰਪੁਰ ਦੇ ਜੰਮਪਲ ਪ੍ਰੋਫੈਸਰ ਪੋਪਿੰਦਰ ਸਿੰਘ ਕੁਲਾਰ ਦੀ ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਉਸ ਦੇ ਪੀਐਚ.ਡੀ. ਦੇ ਖੋਜ ਪ੍ਰਬੰਧ ਉਤੇ ਆਧਾਰਿਤ ਹੈ। ਅੰਗਰੇਜ਼ੀ ਵਿਚ ਇਸ ਦਾ ਨਾਮ 'ਐਜੂਕੇਸ਼ਨਲ ਐਂਡ ਸੋਸ਼ੀਓ-ਕਲਚਰਲ ਈਥੋਜ਼ ਆਫ ਸਪੋਰਟਸ, ਐਨ ਇੰਡੀਅਨ ਐਕਸਪੀਰੀਐਂਸ ਇਨ ਸੰਸਾਰਪੁਰ' ਹੈ। 2006 ਵਿਚ ਅੰਗਰੇਜ਼ੀ 'ਚ ਛਾਪਣ ਪਿੱਛੋਂ ਪੰਜਾਬੀ 'ਚ ਲਿਖੀ ਇਹ ਕਿਤਾਬ ਪੰਜਾਬੀ ਖੇਡ ਸਾਹਿਤ ਦੀ ਖੋਜ ਭਰਪੂਰ ਪੁਸਤਕ ਹੈ। ਇਹ ਪੁਸਤਕ 2010 ਵਿਚ ਪੀ. ਪੀ. ਪਬਲੀਕੇਸ਼ਨ ਦਿੱਲੀ ਵੱਲੋਂ ਛਾਪੀ ਗਈ ਸੀ। ਇਸ ਦੇ ਪਹਿਲੇ ਪੰਨੇ ਉਤੇ ਉਲੰਪਿਕ ਹਾਕੀ ਟੀਮਾਂ ਦੇ ਦੋ ਵਾਰ ਕਪਤਾਨ ਰਹੇ ਪਰਗਟ ਸਿੰਘ ਨੇ 'ਪੇਸ਼ਕਸ਼' ਸਿਰਲੇਖ ਹੇਠ ਲਿਖਿਆ:

ਮੈਨੂੰ ਬਹੁਤ ਖੁਸ਼ੀ ਤੇ ਮਾਣ ਹੈ ਕਿ 'ਹਾਕੀ ਦੇ ਮੱਕੇ ਸੰਸਾਰਪੁਰ' 'ਤੇ ਲਿਖੀ ਕਿਤਾਬ ਪੇਸ਼ ਕਰ ਰਿਹਾ ਹਾਂ। ਦੁਨੀਆਂ 'ਚ ਹਾਕੀ ਦੇ ਖੇਤਰ ਵਿਚ ਐਸੀ ਕੋਈ ਜਗ੍ਹਾ ਨਹੀਂ, ਜਿਸ ਨੇ ਏਨੇ ਆਲ੍ਹਾ ਦਰਜੇ ਦੇ ਖਿਡਾਰੀ ਪੈਦਾ ਕੀਤੇ ਹੋਣ। 'ਹਾਕੀ ਦਾ ਘਰ ਸੰਸਾਰਪੁਰ' ਕਿਤਾਬ 'ਚ ਸੰਸਾਰਪੁਰ ਦੇ ਕਲਾਤਮਕ ਹਾਕੀ ਖਿਡਾਰੀਆਂ ਦੇ ਮਾਂ-ਬਾਪ, ਅਧਿਆਪਕਾਂ, ਰਿਸ਼ਤੇਦਾਰਾਂ, ਦੋਸਤਾਂ ਤੇ ਕੋਚਾਂ ਬਾਰੇ ਵਰਣਨ ਕਰਨ ਦਾ ਅਨੋਖਾ ਤਰੀਕਾ ਹੈ। ਇਹ ਪੁਸਤਕ ਸਿਰਫ ਹਾਕੀ ਵਾਲਿਆਂ ਲਈ ਹੀ ਨਹੀਂ, ਸਗੋਂ ਸਿੱਖਿਆ ਦੇ ਹਰ ਖੇਤਰ 'ਚ ਖਰੀ ਉਤਰੇਗੀ। ਇਹ ਹਾਕੀ ਅਤੇ ਪਿੰਡ ਦੀ ਇਤਿਹਾਸਕ ਕਿਤਾਬ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਲਾਇਬ੍ਰੇਰੀਆਂ 'ਚ ਜ਼ਰੂਰ ਹੋਣੀ ਚਾਹੀਦੀ ਹੈ। ਇਸ ਦਾ ਲੇਖਕ ਖੁਦ ਹਾਕੀ ਖਿਡਾਰੀ, ਕੋਚ, ਪ੍ਰਬੰਧਕ, ਆਯੋਜਕ, ਹਾਕੀ ਦਾ ਖੋਜੀ ਤੇ ਲਿਖਾਰੀ ਰਿਹਾ ਹੈ ਅਤੇ ਇਸ ਕਿਤਾਬ 'ਚ ਉਸ ਦੀ ਮਿਹਨਤ ਤੇ ਈਮਾਨਦਾਰੀ ਦੀ ਝਲਕ ਸਾਫ ਨਜ਼ਰ ਆਉਂਦੀ ਹੈ। ਇਸ ਲਈ ਇਹ ਅਨੋਖੀ ਕਿਤਾਬ ਸਭਨਾਂ ਲਈ ਹੈ।

ਮੁਖਬੰਦ 'ਚ ਪੋਪਿੰਦਰ ਸਿੰਘ ਕੁਲਾਰ ਨੇ ਲਿਖਿਆ, ਇਸ ਕਿਤਾਬ ਦੇ ਛਪਣ ਨਾਲ ਹਾਕੀ ਦੇ ਖੋਜ ਸਕਾਲਰਾਂ ਨੂੰ ਕਾਫੀ ਮਦਦ ਮਿਲੇਗੀ। ਇਸ ਵਿਚਲੀਆਂ ਜ਼ਿਆਦਾਤਰ ਜਾਣਕਾਰੀਆਂ, ਬਜ਼ੁਰਗਾਂ ਤੇ ਹਾਕੀ ਖਿਡਾਰੀਆਂ ਦੀ ਜ਼ਬਾਨੀ, ਖਿਡਾਰੀਆਂ ਦੇ ਪਰਿਵਾਰਾਂ, ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਤੋਂ ਮਿਲੀਆਂ ਹਨ। ਅਸੀਂ ਉਲੰਪੀਅਨ ਹਾਕੀ ਖਿਡਾਰੀ ਊਧਮ ਸਿੰਘ ਕੁਲਾਰ, ਗੁਰਦੇਵ ਸਿੰਘ ਕੁਲਾਰ, ਦਰਸ਼ਨ ਸਿੰਘ ਕੁਲਾਰ, ਜਗਜੀਤ ਸਿੰਘ ਕੁਲਾਰ, ਬਲਬੀਰ ਸਿੰਘ ਕੁਲਾਰ (ਪੁਲਿਸ), ਬਲਬੀਰ ਸਿੰਘ ਕੁਲਾਰ (ਸਰਵਿਸਿਜ਼), ਤਰਸੇਮ ਸਿੰਘ ਕੁਲਾਰ, ਅਜੀਤਪਾਲ ਸਿੰਘ ਕੁਲਾਰ, ਹਰਦੇਵ ਸਿੰਘ ਕੁਲਾਰ, ਜਗਜੀਤ ਸਿੰਘ ਕੁਲਾਰ (ਕੀਨੀਆ), ਹਰਵਿੰਦਰ ਸਿੰਘ ਕੁਲਾਰ, ਬਿੰਦੀ ਕੁਲਾਰ, ਪਿੰਡ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਤੇ ਹੋਰ ਅਨੇਕਾਂ ਉੱਘੇ ਖਿਡਾਰੀਆਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣਾ ਬਹੁਮੁੱਲਾ ਸਮਾਂ ਦੇ ਕੇ ਤੱਥਾਂ ਦੀ ਸਮੱਗਰੀ ਇਕੱਠੀ ਕਰਵਾਉਣ ਵਿਚ ਮਦਦ ਕੀਤੀ। ਉਨ੍ਹਾਂ ਦੀ ਬਦੌਲਤ ਇਹ ਇਤਿਹਾਸਕ ਤੱਥਾਂ ਵਾਲੀ ਕਿਤਾਬ ਹਾਕੀ ਪ੍ਰੇਮੀਆਂ ਅੱਗੇ ਆ ਸਕੀ ਹੈ।

ਡਾ. ਪੋਪਿੰਦਰ ਸਿੰਘ ਕੁਲਾਰ ਜਾਮੀਆ ਮਿਲੀਆ ਇਸਲਾਮੀਆ, ਦਿੱਲੀ ਦੇ ਸਰੀਰਕ ਸਿੱਖਿਆ ਵਿਭਾਗ ਵਿਚੋਂ ਪ੍ਰੋਫੈਸਰ ਦੇ ਅਹੁਦੇ ਤੋਂ ਰਿਟਾਇਰ ਹੋਇਆ ਹੈ। ਅੱਜ ਕੱਲ੍ਹ ਉਹ ਪਰਿਵਾਰ ਸਮੇਤ ਆਪਣੇ ਪਿੰਡ ਸੰਸਾਰਪੁਰ ਵਿਚ ਰਹਿ ਰਿਹੈ। ਉਸ ਦਾ ਇਕ ਪੁੱਤਰ ਤੇ ਇਕ ਧੀ ਹੈ ਅਤੇ ਪਤਨੀ ਅਧਿਆਪਕਾ ਵਜੋਂ ਰਿਟਾਇਰ ਹੋ ਚੁਕੀ ਹੈ। ਉਹ ਆਪਣਾ ਵਿਹਲਾ ਸਮਾਂ ਪਿੰਡ ਦੇ ਹਾਕੀ ਗਰਾਊਂਡ ਨੂੰ ਦੇ ਰਿਹੈ। ਉਸ ਨੂੰ ਘਰ ਦੇ ਪੋਪਿੰਦਰ ਦੀ ਥਾਂ 'ਪਿੰਦਰ' ਤੇ ਪਿੰਡ ਦੇ ਬੰਦੇ 'ਪਿੰਦਾ' ਕਹਿੰਦੇ ਰਹੇ। ਉਲੰਪੀਅਨ ਊਧਮ ਸਿੰਘ 'ਭਿੰਦਾ' ਕਹਿੰਦਾ ਸੀ ਤੇ ਉਲੰਪੀਅਨ ਜਗਜੀਤ ਜੱਗਾ ਉਸ ਨੂੰ ਪਿਆਰ ਨਾਲ 'ਪਿੰਦਰਜੀਤ' ਕਹਿ ਕੇ ਬੁਲਾਂਦਾ ਸੀ। ਉਸ ਦੇ ਵਿਦਿਆਰਥੀ 'ਪੋਪੀ ਸਰ' ਅਤੇ ਯੂਨੀਵਰਸਿਟੀ ਦੇ ਕੁਲੀਗ 'ਪੋਪ' ਕਹਿ ਕੇ ਸੰਬੋਧਨ ਕਰਦੇ ਸਨ। ਉਸ ਦਾ ਜਨਮ ਸੂਬੇਦਾਰ ਗੱਜਣ ਸਿੰਘ ਕੁਲਾਰ ਦੇ ਘਰ ਮਾਤਾ ਦਰਬਾਰ ਕੌਰ ਦੀ ਕੁੱਖੋਂ ਸੰਸਾਰਪੁਰ ਵਿਚ ਹੋਇਆ ਸੀ। ਸਰਟੀਫਿਕੇਟ ਉਤੇ ਉਸ ਦੀ ਜਨਮ ਤਾਰੀਖ ਭਾਰਤ ਦੇ ਆਜ਼ਾਦੀ ਦਿਵਸ ਵਾਲੀ 15 ਅਗਸਤ 1947 ਲਿਖੀ ਹੋਈ ਹੈ। ਉਹ ਹਾਸੇ-ਹਾਸੇ ਵਿਚ ਆਪਣੇ ਜਨਮ ਦਿਨ ਦੀ ਵਾਰਤਾ ਇੰਜ ਸੁਣਾਉਂਦੈ:


ਉਦੋਂ ਹਰ ਜੋੜੇ ਦੇ ਪੰਜ-ਸੱਤ ਬੱਚੇ ਜੰਮਦੇ ਸਨ। ਕਈਆਂ ਦੇ ਏਦੂੰ ਵੀ ਵੱਧ। ਉਹ ਕੀਹਦੀਆਂ ਕੀਹਦੀਆਂ ਜਨਮ ਤਰੀਕਾਂ ਯਾਦ ਰੱਖਦੇ? ਜ਼ਿਆਦਾਤਰ ਮਾਪੇ ਅਨਪੜ੍ਹ ਹੁੰਦੇ ਸਨ। ਬਹੁਤੇ ਮਾਪੇ ਇਸ ਤਰ੍ਹਾਂ ਯਾਦ ਰੱਖਦੇ... ਓਦੋਂ ਭਾਦੋਂ ਦਾ ਮਹੀਨਾ ਸੀ, ਬੁੱਧਵਾਰ ਦਾ ਦਿਨ ਸੀ, ਉਸ ਦਿਨ ਫਲਾਣੇ ਦਾ ਵਿਆਹ ਸੀ ਜਾਂ ਆਪਣੀ ਬੂਰੀ ਮੱਝ ਨੇ ਕੱਟੀ ਦਿੱਤੀ ਸੀ। ਲਓ ਫੜ ਲਓ ਬੂਰੀ ਮੱਝ ਦੀ ਪੂਛ! ਉਹ ਲਿਖਦੈ: ਮੇਰੇ ਨਾਲ ਵੀ ਇਸ ਤਰ੍ਹਾਂ ਹੀ ਵਾਪਰਿਆ। ਮੇਰੀ ਮਾਂ ਮੈਨੂੰ ਕਹਿੰਦੀ ਹੁੰਦੀ ਸੀ, ਤੂੰ ਰੌਲਿਆਂ 'ਚ ਭਾਦੋਂ ਦੇ ਮਹੀਨੇ ਬੁੱਧਵਾਰ ਨੂੰ ਜੰਮਿਆ ਸੀ। ਮੈਂ ਮਾਂ ਨੂੰ ਪੁੱਛਣਾ ਭੁੱਲ ਗਿਆ ਕਿ ਭਾਦੋਂ ਦਾ ਕਿੰਨਵਾਂ ਦਿਨ ਸੀ? ਸਾਡੇ ਗੁਆਂਢੀਆਂ ਦੇ ਸੁਨਿਆਰੇ ਦਾ ਸੱਤ ਮੈਨੂੰ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਦਾਖਲ ਕਰਾਉਣ ਗਿਆ ਸੀ, ਜਿਥੇ ਸਕੂਲ ਵਾਲਿਆਂ ਨੇ ਆਪ ਹੀ ਮੇਰੀ ਜਨਮ ਤਾਰੀਖ ਆਜ਼ਾਦੀ ਦੀ ਲਿਖ ਕੇ ਮੈਨੂੰ ਦਾਖਲ ਕਰ ਲਿਆ ਸੀ। ਮੈਂ ਜਾਮੀਆ ਮਿਲੀਆ 'ਚ ਪੜ੍ਹਾਉਣ ਲੱਗਾ ਤਾਂ ਯਾਰ ਦੋਸਤ ਤੇ ਵਿਦਿਆਰਥੀ ਮੈਨੂੰ 15 ਅਗਸਤ ਦੇ ਦਿਨ ਜਨਮ ਦਿਨ ਦੀ ਵਧਾਈ ਦਿੰਦੇ ਤਾਂ ਮੈਂ ਕਬੂਲ ਨਾ ਕਰਦਾ, ਕਿਉਂਕਿ ਮੈਨੂੰ ਸਹੀ ਜਨਮ ਤਾਰੀਕ ਦਾ ਪਤਾ ਹੀ ਨਹੀਂ ਸੀ।

ਫਿਰ ਜਦ ਮੈਂ ਪ੍ਰੋਫੈਸਰ ਬਣਿਆ ਤਾਂ ਮੈਨੂੰ ਖਿਆਲ ਆਇਆ ਕਿ ਮੈਂ ਆਪਣੇ ਪਿੰਡ ਦੀ ਹਾਕੀ 'ਤੇ ਪੀਐਚ.ਡੀ. ਕੀਤੀ ਹੈ, ਕਿਉਂ ਨਾ ਆਪਣੇ ਜਨਮ ਦਿਨ ਦੀ ਖੋਜ ਕਰਾਂ? ਭਾਦੋਂ ਦਾ ਮਹੀਨਾ ਆਮ ਕਰ ਕੇ 15-16 ਅਗਸਤ ਤੋਂ 15-16 ਸਤੰਬਰ ਤਕ ਹੁੰਦੈ। ਇਸ ਦਾ ਮਤਲਬ ਇਨ੍ਹਾਂ ਦਿਨਾਂ ਵਿਚ ਹੀ ਮੈਂ ਜੰਮਿਆ ਸੀ। ਮੈਨੂੰ ਆਂਢ-ਗੁਆਂਢ ਤੋਂ ਪਤਾ ਲੱਗਾ ਕਿ ਬਾਬੂਮੋਹਨ ਸਿੰਘ ਦੀ ਮਾਂ ਉਸ ਦਿਨ ਪੂਰੀ ਹੋਈ ਸੀ, ਜਿੱਦਣ ਮੈਂ ਪੈਦਾ ਹੋਇਆ ਸੀ। ਬੀਬੀ ਜੋਗਿੰਦਰ ਕੌਰ ਤੋਂ ਪਤਾ ਲੱਗਾ ਕਿ ਉਹ ਉਸ ਸਾਲ 20 ਜੁਲਾਈ ਨੂੰ ਪੂਰੇ ਹੋਏ ਸਨ। ਫਿਰ ਮੇਰੇ ਬੇਟੇ ਪੁਸ਼ਪਿੰਦਰ ਸਿੰਘ ਨੇ 1947 ਦੇ ਭਾਦੋਂ ਮਹੀਨੇ ਦੇ ਬੁੱਧਵਾਰ ਲੱਭੇ। ਉਹ 13 ਅਗਸਤ, 20 ਅਗਸਤ, 27 ਅਗਸਤ, 3 ਸਤੰਬਰ ਤੇ 10 ਸਤੰਬਰ ਦੇ ਨਿਕਲੇ। ਸਮਝ ਨਾ ਆਵੇ ਕਿ ਕਿਹੜੇ ਬੁੱਧਵਾਰ ਦੀ ਤਰੀਕ ਨੂੰ ਸਹੀ ਜਨਮ ਦਿਨ ਮੰਨਿਆ ਜਾਵੇ? ਇਕ ਹੋਰ ਪਤਾ ਲੱਗਾ ਕਿ ਹੁਕਮ ਸਿੰਘ ਦਾ ਦੋਹਤਾ, ਜਿਹੜਾ ਮੇਰਾ ਸਿਰਨਾਵੀਆਂ ਹੀ ਸੀ, ਉਸੇ ਦਿਨ ਪੈਦਾ ਹੋਇਆ ਸੀ। ਮੈਂ ਉਹਦੇ ਮਾਮਾ ਜੀ ਅਨੂਪ ਸਿੰਘ ਨੂੰ ਕਿਹਾ ਕਿ ਤੁਸੀਂ ਉਸ ਦਾ ਜਨਮ ਦਿਨ ਪਤਾ ਕਰ ਕੇ ਦੱਸਣਾ। ਉਹਦੇ ਜਨਮ ਦਿਨ ਦਾ ਵੀ ਅਜੇ ਤਕ ਪੱਕਾ ਪਤਾ ਨਹੀਂ ਲੱਗਾ, ਪਰ ਮੇਰੀ ਖੋਜ ਅਜੇ ਵੀ ਚੱਲ ਰਹੀ ਹੈ ਕਿ ਮੈਂ ਕਿਸ ਦਿਨ ਪੈਦਾ ਹੋਇਆ? 15 ਅਗਸਤ ਭਾਰਤ ਦਾ ਆਜ਼ਾਦੀ ਦਿਵਸ ਹੋਣ ਕਰਕੇ ਹਾਲ ਦੀ ਘੜੀ ਹਰ ਸਾਲ ਮੇਰਾ ਜਨਮ ਦਿਨ ਝੂੰਗੇ ਵਿਚ ਹੀ ਮਨਾ ਲਿਆ ਜਾਂਦੈ!

**ਉਸ ਨੇ ਆਪਣੇ ਪਰਿਵਾਰ ਬਾਰੇ ਲਿਖਿਆ:** ਮੈਂ ਹਾਕੀ ਨਾਲ ਗੂੜ੍ਹਾ ਪਿਆਰ ਕਰਨ ਵਾਲੇ ਫੌਜੀ ਪਰਿਵਾਰ 'ਚ ਪੈਦਾ ਹੋਇਆ। ਮੇਰੇ ਦਾਦਾ ਜੀ ਹਵਾਲਦਾਰ ਜਗਤ ਸਿੰਘ ਕੁਲਾਰ, ਸਪੁੱਤਰ ਫਤਿਹ ਸਿੰਘ ਕੁਲਾਰ, ਸਪੁੱਤਰ ਬਹਾਦੁਰ ਸਿੰਘ ਕੁਲਾਰ ਨੇ ਪਹਿਲੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਤੇ ਹਾਕੀ ਦੇ ਜਾਦੂਗਰ ਧਿਆਨ ਚੰਦ ਨਾਲ ਹਾਕੀ ਖੇਡੀ। ਮੇਰੀ ਮਾਂ ਬੀਬੀ ਦਰਬਾਰ ਕੌਰ ਹੀਰ 1913 ਵਿਚ ਮਾਂਡਲੇ ਬਰਮਾ 'ਚ ਪੈਦਾ ਹੋਈ। ਉਹ ਸ. ਪਾਲਾ ਸਿੰਘ ਹੀਰ ਪਿੰਡ ਰਾਜੋਵਾਲ ਜਿਲਾ ਹੁਸ਼ਿਆਰਪੁਰ ਦੀ ਇਕਲੌਤੀ ਬੇਟੀ ਸੀ, ਜਿਸ ਨੂੰ ਬਚਪਨ ਵਿਚ ਤੈਰਾਕੀ ਦਾ ਸ਼ੌਕ ਸੀ। ਸਾਡੇ ਪਿਤਾ ਜੀ ਦੇ ਦੋ ਬੇਟੀਆਂ ਤੇ ਤਿੰਨ ਬੇਟੇ ਹਨ। ਸਭ ਤੋਂ ਵੱਡੀ ਪ੍ਰਿੰਸੀਪਲ ਮਨਦੀਸ਼ ਕੌਰ ਸੁਪਤਨੀ ਪ੍ਰੀਤਮ ਸਿੰਘ ਬੈਂਸ ਸਾਬਕਾ ਡਾਇਰੈਕਟਰ ਸਰੀਰਕ ਸਿੱਖਿਆ, ਦਿੱਲੀ ਯੂਨੀਵਰਸਿਟੀ, ਦੂਸਰੀ ਬੇਟੀ ਪ੍ਰਕਾਸ਼ ਕੌਰ ਸੁਪਤਨੀ ਰਤਨ ਸਿੰਘ ਔਲਖ ਇੰਗਲੈਂਡ ਨਿਵਾਸੀ, ਵੱਡੇ ਬੇਟੇ ਕਰਨਲ ਪ੍ਰੀਤਮ ਸਿੰਘ ਕੁਲਾਰ, ਜਿਨ੍ਹਾਂ ਨੇ 1971 ਦੀ ਬੰਗਲਾ ਦੇਸ਼ ਜੰਗ 'ਚ ਹਿੱਸਾ ਲਿਆ, ਦੂਜੇ ਬੇਟੇ ਕਰਨਲ ਬਲਬੀਰ ਸਿੰਘ ਕੁਲਾਰ ਅਰਜਨਾ ਅਵਾਰਡੀ, ਜਿਨ੍ਹਾਂ ਨੇ 1968 ਦੀ ਉਲੰਪਿਕ 'ਚੋਂ ਕਾਂਸੀ ਦਾ ਤਗਮਾ ਜਿੱਤਿਆ ਤੇ ਸਭ ਤੋਂ ਛੋਟਾ ਬੇਟਾ ਲੇਖਕ ਖੁਦ, ਜੋ ਬਾਕੀ ਪਰਿਵਾਰ ਦੇ ਮੈਂਬਰਾਂ ਵਾਂਗ ਫੌਜ 'ਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨੀ ਚਾਹੁੰਦਾ ਸੀ, ਪਰ ਵੱਡੇ ਭਰਾ ਕਰਨਲ ਪ੍ਰੀਤਮ ਸਿੰਘ ਕੁਲਾਰ ਦੇ ਜ਼ੋਰ ਦੇਣ 'ਤੇ ਆਪਣਾ ਫੌਜੀ ਤੇ ਹਾਕੀ ਕੈਰੀਅਰ ਬਦਲ ਕੇ ਸਿੱਖਿਆ ਦੇ ਖੇਤਰ ਵੱਲ ਰੁਖ ਕਰ ਲਿਆ।

'ਹਾਕੀ ਦਾ ਘਰ ਸੰਸਾਰਪੁਰ' ਦੇ ਹਾਕੀ ਦੀ ਇਲੈਵਨ ਵਾਂਗ ਗਿਆਰਾਂ ਕਾਂਡ ਹਨ। ਪਹਿਲੇ ਕਾਂਡ ਵਿਚ ਹਾਕੀ ਦੇ ਘਰ ਸੰਸਾਰਪੁਰ, ਸੰਸਾਰਪੁਰ ਕਦ ਹੋਂਦ ਵਿਚ ਆਇਆ, ਸੰਸਾਰਪੁਰ 'ਚ ਹਾਕੀ ਕਿਸ ਨੇ ਸ਼ੁਰੂ ਕੀਤੀ ਤੇ ਸੰਸਾਰਪੁਰ ਦੇ ਇਤਿਹਾਸਕ ਗਰਾਊਂਡ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੂਜੇ ਕਾਂਡ ਵਿਚ ਸੰਸਾਰਪੁਰ ਦੇ ਹਾਕੀ 'ਚ ਉੱਚੇ ਉੱਠਣ ਦੇ ਕਾਰਨ, ਸੰਸਾਰਪੁਰ ਹਾਕੀ ਐਸੋਸੀਏਸ਼ਨ ਦਾ ਵਡਮੁੱਲਾ ਯੋਗਦਾਨ, ਸੰਸਾਰਪੁਰੀਆਂ ਦੇ ਘਰ ਦਿਆਂ ਦਾ ਯੋਗਦਾਨ, ਸੰਸਾਰਪੁਰ ਦੇ ਕੁਝ ਪਰਿਵਾਰਾਂ ਦਾ ਵਿਸ਼ੇਸ਼ ਯੋਗਦਾਨ, ਸੰਸਾਰਪੁਰ ਦੇ ਹਾਕੀ ਖਿਡਾਰੀਆਂ ਦੀ ਪਹਿਲੀ ਸਫਲਤਾ, ਸੰਸਾਰਪੁਰ ਹਾਕੀ ਦੇ ਤਿੰਨ ਦੌਰ, ਸੰਸਾਰਪੁਰੀਆਂ ਨੂੰ ਹਾਕੀ ਵਿਰਾਸਤ ਵਿਚ ਮਿਲੀ, ਸੰਸਾਰਪੁਰ ਟੀਮ ਦਾ ਬੈਟਨ ਕੱਪ ਵਿਚ ਹਿੱਸਾ ਲੈਣਾ, ਸੰਸਾਰਪੁਰ ਵਿਚ ਹਾਕੀ ਟੂਰਨਾਮੈਂਟਾਂ ਦਾ ਯੋਗਦਾਨ, ਸੰਸਾਰਪੁਰੀਆਂ ਦਾ ਇਕ ਦੂਜੇ ਦੀ ਮਦਦ ਕਰਨ ਦਾ ਅਨੋਖਾ ਢੰਗ, ਸੰਸਾਰਪੁਰੀਏ ਪਿੰਡ ਦੀ ਟੀਮ ਵੱਲੋਂ ਖੇਡਣਾ ਫਖਰ ਮਹਿਸੂਸ ਕਰਦੇ, ਸੰਸਾਰਪੁਰੀਆਂ ਦਾ ਮਕਸਦ ਕੁਝ ਕਰ ਕੇ ਦਿਖਾਈਏ, ਸੰਸਾਰਪੁਰੀਆਂ ਦਾ ਆਤਮ ਵਿਸ਼ਵਾਸ, ਸੰਸਾਰਪੁਰੀਏ ਐਂਟਰੀ ਲਾ ਕੇ ਖੇਡਦੇ, ਸੰਸਾਰਪੁਰੀਆਂ ਦੀ ਹਾਕੀ ਕਰਕੇ ਆਰਥਿਕ ਹਾਲਤ ਵਿਚ ਸੁਧਾਰ ਅਤੇ ਸੰਸਾਰਪੁਰ ਲਾਗੇ ਸਕੂਲਾਂ/ਕਾਲਜਾਂ ਦਾ ਹੋਣਾ। ਸੰਸਾਰਪੁਰ ਦੇ ਅਧਿਆਪਕਾਂ ਦਾ ਯੋਗਦਾਨ, ਸੰਸਾਰਪੁਰ ਲਾਗੇ ਸਕੂਲਾਂ ਦੀਆਂ ਗਰਾਊਂਡਾਂ ਉਤੇ ਟੂਰਨਾਮੈਂਟ, ਸੰਸਾਰਪੁਰ ਕੁਦਰਤੀ ਸੋਹਣੀ ਥਾਂ 'ਤੇ ਮੌਜੂਦ, ਸੰਸਾਰਪੁਰ ਦਾ ਜਲੰਧਰ ਛਾਉਣੀ ਲਾਗੇ ਹੋਣਾ, ਸੰਸਾਰਪੁਰ ਲਈ ਪਰੇਡ ਗਰਾਊਂਡ ਵਰਦਾਨ ਸਿੱਧ ਹੋਈ, ਸੰਸਾਰਪੁਰੀਆਂ ਦੀ ਹਾਕੀ ਵਿਚ ਅਨੋਖੀ ਪ੍ਰੈਕਟਿਸ, ਸੰਸਾਰਪੁਰੀਆਂ ਦੇ ਹਾਕੀ ਖਿਡਾਰੀਆਂ ਦੀ ਅਨੋਖੀ ਕਲਾ, ਸੰਸਾਰਪੁਰੀਆਂ ਦੇ ਨਿਰਾਲੇ ਸ਼ੌਕ ਅਤੇ ਸੰਸਾਰਪੁਰ 'ਚ ਵਿਦੇਸ਼ੀ ਟੀਮਾਂ ਦਾ ਖੇਡਣਾ।

ਤੀਜੇ ਕਾਂਡ ਵਿਚ ਸੰਸਾਰਪੁਰ ਦੇ ਖਿਡਾਰੀਆਂ ਦਾ ਵਿਸ਼ਾਲ ਇਕੱਠ, ਸੰਸਾਰਪੁਰ ਦੇ ਅਲੱਗ ਅਲੱਗ ਗੋਤਾਂ ਦੇ ਖਿਡਾਰੀਆਂ ਦਾ ਵਧੀਆ ਟੀਮਾਂ ਵਿਚ ਪ੍ਰਦਰਸ਼ਨ, ਸੰਸਾਰਪੁਰ ਦੇ ਕੁਲਾਰਾਂ ਦਾ ਫੈਮਲੀ ਟ੍ਰੀ ਅਤੇ ਸੰਸਾਰਪੁਰ ਦੇ ਕੁਝ ਹੋਰ ਗੋਤਾਂ ਦੇ ਫੈਮਲੀ ਟ੍ਰੀ। ਚੌਥੇ ਕਾਂਡ ਵਿਚ ਸੰਸਾਰਪੁਰ ਦੇ ਉਲੰਪੀਅਨ, ਅੰਤਰਰਾਸ਼ਟਰੀ ਖਿਡਾਰੀ, ਨੈਸ਼ਨਲ, ਮਿਲਟਰੀ, ਯੂਨੀਵਰਸਿਟੀ ਅਤੇ ਕਾਲਜ ਦੇ ਉੱਘੇ ਖਿਡਾਰੀ। ਇਹ ਕਾਂਡ ਬੜਾ ਵੇਰਵੇ ਭਰਪੂਰ ਹੈ, ਜੋ ਪੰਨਾ 157 ਤੋਂ 386 ਤਕ ਛਾਪਿਆ ਗਿਆ ਹੈ। ਇਸ ਵਿਚ ਤਿੰਨ ਸੌ ਤੋਂ ਵੱਧ ਖਿਡਾਰੀਆਂ ਦਾ ਵੇਰਵਾ ਹੈ। ਪੰਜਵਾਂ ਕਾਂਡ ਸੰਸਾਰਪੁਰੀ ਖਿਡਾਰੀਆਂ ਦੇ ਪਹਿਲੇ ਕਦਮ ਨਾਲ ਸਬੰਧਿਤ ਹੈ। ਛੇਵੇਂ ਕਾਂਡ ਦਾ ਨਾਂ 'ਸੰਸਾਰਪੁਰ 'ਚ ਰਹਿ ਕੇ ਰਿਸ਼ਤੇਦਾਰਾਂ ਤੇ ਕਿਰਾਏਦਾਰਾਂ ਨੇ ਹਾਕੀ ਸਿੱਖੀ' ਰੱਖਿਆ ਹੈ। ਸੱਤਵਾਂ ਕਾਂਡ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਸੰਸਾਰਪੁਰ ਨਾਲ ਗੂੜ੍ਹਾ ਰਿਸ਼ਤਾ ਦਰਸਾਉਂਦਾ ਹੈ। ਧਿਆਨ ਚੰਦ ਖੁਦ ਉਸ ਬੀਹੀ ਦਾ ਗੇੜਾ ਮਾਰ ਗਏ ਸਨ, ਜਿਸ 'ਚੋਂ 14 ਉਲੰਪੀਅਨ ਨਿਕਲੇ। ਅੱਠਵਾਂ ਕਾਂਡ ਸੰਸਾਰਪੁਰੀਆਂ ਦੇ ਹਾਕੀ ਤੋਂ ਇਲਾਵਾ ਹੋਰ ਖੇਡਾਂ ਨਾਲ ਸ਼ੌਕ ਬਾਰੇ ਹੈ। ਨੌਵੇਂ ਕਾਂਡ ਵਿਚ ਸੰਸਾਰਪੁਰ 'ਚ ਆਈ ਹਾਕੀ ਦੀ ਗਿਰਾਵਟ ਦੇ ਕਾਰਨ ਬਿਆਨ ਕੀਤੇ ਹਨ। ਇਹ ਵਾਕਿਆ ਹੀ ਚਿੰਤਾ ਦਾ ਵਿਸ਼ਾ ਹੈ ਕਿ ਚਾਰ ਦਹਾਕਿਆਂ ਤੋਂ ਕੋਈ ਸੰਸਾਰਪੁਰੀਆ ਭਾਰਤੀ ਉਲੰਪਿਕ ਹਾਕੀ ਟੀਮ ਵਿਚ ਥਾਂ ਨਹੀਂ ਬਣਾ ਸਕਿਆ। ਦਸਵਾਂ ਕਾਂਡ ਹਾਕੀ ਦੀ ਨਰਸਰੀ ਸੰਸਾਰਪੁਰ ਨੂੰ ਸਿੰਜਣ ਦੀ ਲੋੜ ਬਾਰੇ ਹੈ ਅਤੇ ਅਖੀਰਲੇ ਕਾਂਡ ਵਿਚ ਲੇਖਕ ਨੇ ਆਪਣਾ ਪਰਿਵਾਰਕ ਪਿਛੋਕੜ ਦੱਸਦਿਆਂ ਆਪਣੀਆਂ ਦਿਲਚਸਪ ਹੱਡਬੀਤੀਆਂ ਬਿਆਨ ਕੀਤੀਆਂ ਹਨ:






ਪਦਮ ਸ਼੍ਰੀ ਬਲਬੀਰ ਸਿੰਘ, ਸੀਨੀਅਰ, ਪ੍ਰੋਫ਼ੈਸਰ ਪੋਪਿੰਦਰ ਸਿੰਘ ਕੁਲਾਰ ਦੀ ਸੰਸਾਰਪੁਰ ਤੇ ਲਿਖੀ ਪਹਿਲੀ ਕਿਤਾਬ ਜਲੰਧਰ 'ਚ ਪਾਕਿਸਤਾਨ ਤੇ ਭਾਰਤ ਦੇ ਮੈਚ ਦੌਰਾਨ 20.02.2006 'ਚ ਰਲੀਜ਼ ਕਰਦੇ ਹੋਏ
ਉਲੰਪੀਅਨ ਗੁਰਬਖਸ਼ ਸਿੰਘ, ਉਲੰਪੀਅਨ ਗੁਰਮੇਲ ਸਿੰਘ, ਉਲੰਪੀਅਨ ਹਰਮੀਕ ਸਿੰਘ, ਬੀ.ਐਸ.ਰੰਧਾਵਾ, ਉਲੰਪੀਅਨ ਦਵਿੰਦਰ ਸਿੰਘ

### ਲੇਖਕ ਦੇ ਜੀਵਨ ਦਾ ਸੁਨਹਿਰਾ ਸਫਰ

ਜੇ ਤੁਸੀਂ ਬਚਪਨ ਤੋਂ ਕੰਮ ਕਰਨ ਦੀ ਆਦਤ ਪਾ ਲਵੋ ਤਾਂ ਉਹ ਤੁਹਾਡੀ ਜ਼ਿੰਦਗੀ 'ਚ ਸੋਨੇ 'ਤੇ ਸੁਹਾਗਾ ਸਾਬਤ ਹੋਵੇਗੀ, ਕਿਉਂਕਿ ਜ਼ਿੰਦਗੀ 'ਚ ਕਿਸੇ ਵੀ ਸਮੇਂ ਆਪਣੇ ਹੱਥੀਂ ਕੰਮ ਕਰਨਾ ਪੈ ਸਕਦਾ ਹੈ। ਮੈਨੂੰ ਬਚਪਨ ਤੋਂ ਕਾਲਜ ਪੜ੍ਹਨ ਤਕ ਘਰ ਦੇ ਬਹੁਤ ਕੰਮ ਕਰਨੇ ਪਏ, ਕਿਉਂਕਿ ਮੈਂ ਘਰ 'ਚ ਸਭ ਤੋਂ ਛੋਟਾ ਸੀ। ਭੈਣਾਂ ਵੱਡੀਆਂ ਸਨ, ਉਨ੍ਹਾਂ ਦੀ ਸ਼ਾਦੀ ਹੋ ਗਈ, ਦੋਨੋਂ ਭਰਾ ਫੌਜ ਵਿਚ ਭਰਤੀ ਹੋ ਗਏ, ਪਿਤਾ ਜੀ ਅਜੇ ਨੌਕਰੀ ਕਰਦੇ ਸਨ। ਮੈਂ ਤੇ ਮੇਰੀ ਮਾਂ ਹੀ ਘਰ 'ਚ ਇਕੱਲੇ ਸਾਂ। ਮਾਂ ਦੀ ਸਿਹਤ ਠੀਕ ਨਾ ਹੋਣ ਕਰਕੇ ਮੈਂ ਮਾਂ ਨਾਲ ਹਰ ਕੰਮ 'ਚ ਹੱਥ ਵਟਾਂਦਾ ਸੀ। ਮੇਰਾ ਹਰ ਰੋਜ਼ ਦੇ ਕੰਮਾਂ ਦਾ ਵੇਰਵਾ ਇਸ ਤਰ੍ਹਾਂ ਸੀ: ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਦੁੱਧ ਰਿੜਕਣਾ, ਫੇਰ ਕੂੜਾ ਕਰਕਟ ਸੂਰਜ ਚੜ੍ਹਨ ਤੋਂ ਪਹਿਲਾਂ ਬਾਹਰ ਹਵੇਲੀ ਵਿਚ ਸੁੱਟਣ ਜਾਣਾ, ਲੋਕਾਂ ਕਹਿਣਾ ਕਿ ਇਹ ਦਰਬਾਰ ਕੌਰ ਦਾ ਮੁੰਡਾ ਨਹੀਂ, ਕੁੜੀ ਹੈ। ਹਵੇਲੀ ਪਸ਼ੂਆਂ ਦਾ ਗੋਹਾ ਸੁੱਟਣਾ, ਫਿਰ ਪੱਠੇ ਲੈਣ ਸੂਜੀ ਵਾਲੇ ਖੂਹ 'ਤੇ ਜਾਣਾ, ਜੋ ਘਰੋਂ ਦੋ ਕਿਲੋਮੀਟਰ ਦੂਰ ਸੀ। ਆਪ ਪੱਠੇ ਵੱਢਣੇ, ਆਪੇ ਸਿਰ 'ਤੇ ਚੁੱਕਣੇ, ਨੰਗੇ ਪੈਰੀਂ ਹਵੇਲੀ ਲਿਆਣੇ ਤੇ ਚਾਰੇ ਵਾਲੀ ਮਸ਼ੀਨ 'ਤੇ ਕੁਤਰਨੇ। ਦਾਤੀ ਨਾਲ ਉਂਗਲਾਂ 'ਤੇ ਪਏ ਨਿਸ਼ਾਨ ਅਜੇ ਵੀ ਦਿਸਦੇ ਹਨ। ਫਿਰ ਘਰ ਦੀ ਸਫਾਈ ਤੇ ਬਰਤਨਾਂ ਦੀ ਮੰਜਾਈ ਕਰ ਕੇ ਦੌੜ ਕੇ ਪਹਿਲਾਂ ਸਕੂਲ ਤੇ ਫੇਰ ਕਾਲਜ ਜਾਣਾ। ਰੋਜ਼ ਹਾਕੀ ਖੇਡਣੀ ਤੇ ਘਰ ਆ ਕੇ ਪਸ਼ੂਆਂ ਦੀਆਂ ਖੁਰਲੀਆਂ ਭਰਨੀਆਂ। ਜੇ ਰਾਤ ਨੂੰ ਬਾਰਸ਼ ਆ ਜਾਵੇ ਤਾਂ ਮਾਂ ਨੇ ਕਹਿਣਾ ਪਸ਼ੂ ਅੰਦਰ ਕਰ ਲੈ, ਜੇ ਮੀਂਹ ਹਟ ਜਾਣਾ ਤਾਂ ਕਹਿਣਾ ਪਸ਼ੂ ਬਾਹਰ ਕੱਢ ਲੈ। ਛੁੱਟੀ ਵਾਲੇ ਦਿਨ ਵਾਧੂ ਦੇ ਕੰਮ ਕਰਨੇ। ਅੱਜ ਤਕ ਆਪਣੇ ਕੱਪੜੇ ਖੁਦ ਧੋਂਦਾ ਹਾਂ। ਜਦੋਂ ਅਸੀਂ ਪਰੇਡ ਗਰਾਊਂਡ ਜਾਂ ਖੇਤਾਂ ਬੰਨਿਆਂ ਤੋਂ ਘਾਹ ਖੋਤ ਕੇ ਲਿਆਉਂਦੇ ਸੀ ਤਾਂ ਮਾਂ ਬਹੁਤ ਖੁਸ਼ ਹੁੰਦੀ ਸੀ। ਮੈਂ ਪਸ਼ੂਆਂ ਨੂੰ ਬਾਹਰ ਵੀ ਚਾਰ ਲਿਆਉਂਦਾ ਸੀ ਤੇ ਕਈ ਵਾਰ ਮੱਝ 'ਤੇ ਬੈਠ ਕੇ ਢੋਲੇ ਦੀਆਂ ਲਾ ਲੈਂਦਾ ਸੀ। ਰਾਤ ਤਕ ਏਨਾ ਥੱਕ ਜਾਂਦਾ ਸੀ ਕਿ ਮੰਜੇ 'ਤੇ ਪੈਂਦਿਆਂ ਈ ਗੂੜ੍ਹੀ ਨੀਂਦ ਆ ਜਾਂਦੀ ਸੀ। ਉਹ ਦਿਨ ਕਿੰਨੇ ਚੰਗੇ ਹੁੰਦੇ ਸਨ!

### ਮਾਂ ਨੇ ਮੇਰਾ ਪੋਖਾ ਲੈਂਦੇ ਰਹਿਣਾ

1960 ਦੇ ਆਸ-ਪਾਸ ਇਕ ਬੜਾ ਦਿਲਚਸਪ ਵਾਕਿਆ ਹੋਇਆ। ਸਾਡੀ ਮਾਂ ਨੇ ਸਾਡੇ ਘਰ ਨਾਲ ਲਗਦੇ 'ਭੋਲੀ' ਕੇ ਘਰ ਦੁੱਧ ਕੜ੍ਹਨ ਵਾਸਤੇ ਭੜੋਲੀ ਬਣਾਈ ਹੋਈ ਸੀ। ਉਸ ਵਿਚ ਸਾਰਾ ਦਿਨ ਦੁੱਧ ਕੜ੍ਹਦਾ ਰਹਿੰਦਾ ਸੀ। ਮਾਂ ਨੇ ਹਰ ਰੋਜ਼ ਈ ਕਹਿਣਾ, ਪਤਾ ਨ੍ਹੀਂ ਕੀ ਗੱਲ ਐ ਮੱਖਣ ਬਹੁਤ ਘੱਟ ਆਉਂਦੈ। ਉਸ ਨੇ ਮੈਨੂੰ ਤੜਕਸਾਰ ਉਠਾ ਕੇ ਕਹਿਣਾ ਕਿ ਤੇਰਾ ਪੋਖਾ ਬਹੁਤ ਚੰਗਾ ਹੈ, ਤੂੰ ਦੁੱਧ ਵਾਲੀ ਮਧਾਣੀ ਕੋਲ ਖੜ੍ਹਾ ਹੋ ਕੇ ਪੋਖਾ ਦੇਹ। ਮੈਂ ਅੱਖਾਂ ਮਲਦੇ-ਮਲਦੇ ਸੁੱਤ-ਅਨੀਂਦੇ ਮਧਾਣੀ ਲਾਗੇ ਖਲੋ ਜਾਣਾ। ਪਰ ਮੱਖਣ ਫੇਰ ਵੀ ਘੱਟ ਆਵੇ? ਮਾਂ ਨੇ ਲਵੇਰਿਆਂ ਨੂੰ ਵੰਡ, ਸੌਂਫ ਤੇ ਗੁੜ ਚਾਰਨ ਲੱਗ ਜਾਣਾ ਬਈ ਕਿਤੇ ਬਿਮਾਰ ਨਾ ਹੋਣ। ਕਾਫੀ ਦੇਰ ਬਾਅਦ ਭੋਲੀ ਕੇ ਸੀਤੇ-ਜਗਰੀ ਹੋਰਾਂ ਨੇ ਦੱਸਿਆ ਕਿ ਅਸੀਂ ਕਣਕ ਦੇ ਨਾੜ ਦੀਆਂ ਨਲਪੀਆਂ ਬਣਾ ਕੇ ਤੁਹਾਡਾ ਕੜ੍ਹਿਆ ਦੁੱਧ ਪੀ ਜਾਂਦੇ ਸੀ ਤੇ ਮਲਾਈ ਨੂੰ ਵੀ ਦਾਅ ਲਾ ਜਾਂਦੇ ਸੀ। ਪੂਰੀ ਮਲਾਈ ਨਹੀਂ ਸੀ ਖਾਂਦੇ ਬਈ ਤੇਰੀ ਮਾਂ ਨੂੰ ਪਤਾ ਨਾ ਲੱਗ ਜਾਵੇ। ਹੋਰ ਨਾ ਕਿਤੇ ਉਹ ਸਾਡੇ ਘਰ ਦੁੱਧ ਕੜ੍ਹਨਾ ਰੱਖਣੋ ਹਟ ਜਾਵੇ ਬਈ ਏਥੇ ਸੀਤੇ-ਜਗਰੀ ਵਰਗੇ ਬਿੱਲੇ ਦਾਅ ਲਾਉਂਦੇ ਆ। ਤਦੇ ਅਸੀਂ ਹਾਕੀ ਖੇਡਦਿਆਂ ਅਸੀਂ ਤੈਨੂੰ ਡਾਹੀ ਨਾ ਸੀ ਦਿੰਦੇ। ਮੈਂ ਉਨ੍ਹਾਂ ਨੂੰ ਕਿਹਾ, ਤੁਸੀਂ ਸਾਡਾ ਕੜ੍ਹਿਆ ਦੁੱਧ ਪੀ-ਪੀ ਕੇ ਤਗੜੇ ਹੋ ਗਏ ਤੇ ਅਸੀਂ ਮਾੜੇ ਰਹਿ ਗਏ। ਮਾਂ ਸਾਡੇ ਪੋਖੇ ਲੈਂਦੀ ਹੀ ਰਹਿ'ਗੀ, ਜਦ ਕਿ ਤੁਸੀਂ ਲਵੇਰਾ ਵੀ ਨਹੀਂ ਸੀ ਰੱਖਦੇ। ਉਸ ਵੇਲੇ ਲੋਕ ਕਿੰਨੇ ਭੋਲੇ ਸਨ! ਦੁੱਧ, ਉਹ ਵੀ ਘਰੋਂ ਬਾਹਰ ਕੜ੍ਹਨਾ ਰੱਖ ਦਿੰਦੇ! ਸੀਤੇ-ਜਗਰੀ ਹੋਰੀਂ ਮੁਫਤ ਦਾ ਦੁੱਧ ਡੀਕ

*(ਬਾਕੀ ਅਗਲੇ ਸਫੇ 'ਤੇ)*

# "ਅੱਗੇ ਥੋੜਾ ਕੰਮ ਐ... !"

## ਵਿਅੰਗ

ਜੁੱਤੀਆਂ ਚੱਲਣ ਦੇ ਕਈ ਅੰਦਾਜ਼ ਰਹੇ ਹਨ। ਹਰ ਚੀਜ਼ ਨੂੰ ਚਲਾਉਣ ਦਾ ਢੰਗ ਹੁੰਦਾ ਹੈ! ਇੱਕ ਵਾਰ ਸਾਡੇ ਪਿੰਡ ਵਿਚ ਕਾਮਰੇਡਾਂ ਵੱਲੋਂ ਕੋਈ ਡਰਾਮਾ ਖੇਡਿਆ ਜਾ ਰਿਹਾ ਸੀ। ਪਿੰਡ ਦੇ ਕੁਝ ਲੋਕਾਂ ਦੀ ਦਾਰੂ ਪੀਤੀ ਹੋਈ ਸੀ। ਮੈਨੂੰ ਉਮੀਦ ਹੈ ਕਿ ਮੇਰੇ ਮਾਲਵੇ ਦੇ ਲੋਕ ਸ਼ਾਇਦ ਸਿਰਫ ਮਕਾਣ ਹੀ "ਸੋਫੀ" ਜਾਂਦੇ ਹਨ। ਨਹੀਂ ਕੋਈ ਕਿੱਤਾ ਐਹੋ ਜਿਹਾ ਨਹੀਂ ਹੋਣਾ, ਜਿੱਥੇ ਮਲਵਈ ਦਾਰੂ ਨਹੀਂ ਪੀਂਦੇ! ਕਿਸੇ ਗੱਲ ਤੋਂ ਸ਼ਰਾਬੀ ਬੰਦੇ ਡਰਾਮਾ ਦੇਖਦੇ-ਦੇਖਦੇ ਆਪਸ ਵਿਚ ਖਹਿਬੜ ਪਏ। ਦੁਨੀਆਂ ਖਿੰਡ ਗਈ। ਧੂਤਕੜਾ ਪੈਣ ਸਾਰ ਡਰਾਮਾਕਾਰੀ ਵੀ ਸਟੇਜ ਵਿਹਲੀ ਕਰ ਗਏ। ਸਟੇਜ 'ਤੇ ਮਿੱਟੀ ਦੇ ਤੇਲ ਦਾ ਇੱਕ ਗੈਸ ਜਗੀ ਜਾ ਰਿਹਾ ਸੀ। ਉਦੋਂ ਪਿੰਡਾਂ ਵਿਚ ਬਿਜਲੀ ਨਹੀਂ ਆਈ ਸੀ। ਸਟੇਜਾਂ 'ਤੇ ਚਾਨਣ ਕਰਨ ਲਈ ਗੈਸ ਨਾਲ ਹੀ ਕੰਮ ਚਲਾਇਆ ਜਾਂਦਾ ਸੀ। ਇੱਕ ਅਮਲੀ ਨੇ ਆਪਣੀ ਜੁੱਤੀ 'ਚ ਰੋੜਾ ਪਾ ਕੇ ਗੈਸ ਵੱਲ ਨੂੰ ਚਲਾਇਆ ਤੇ ਬਣਾ ਸੁਆਰ ਕੇ ਕਹਿੰਦਾ, "ਜਲਸੇ ਆਲੇ ਤਾਂ ਤਿੱਤਰ ਹੋ'ਗੇ, ਤੇ ਆਹ ਫੇਰੇ ਦੇਣਾ 'ਕੱਲਾ ਈ ਜਗੀ ਜਾਂਦੈ...?" ਜੁੱਤੀ 'ਚ ਪਾਏ ਰੋੜੇ ਨਾਲ ਗੈਸ ਖੱਖੜੀਆਂ ਹੋ ਗਿਆ ਸੀ।



**ਸ਼ਿਵਚਰਨ ਜੱਗੀ ਕੁੱਸਾ**
ਫੋਨ: +447853317891
jaggikussa@yahoo.de

ਇਸੇ ਤਰ੍ਹਾਂ ਹੀ ਮੈਂ ਰੋਡਵੇਜ਼ ਦੀ ਲਾਰੀ ਵਿਚ ਛਿੱਤਰ-ਪਰੇਡ ਹੁੰਦੀ ਦੇਖੀ। ਉਦੋਂ ਮੈਂ ਡੀ. ਐੱਮ. ਕਾਲਜ ਮੋਗੇ ਪੜ੍ਹਦਾ ਸੀ। ਅਸੀਂ ਬੌਡਿਆਂ ਤੋਂ ਬੱਸ ਫੜ ਕੇ ਮੋਗੇ ਆਉਂਦੇ ਹੁੰਦੇ ਸੀ। ਸਾਡੇ ਪਿੰਡ ਅਜੇ ਬੱਸ ਨਹੀਂ ਆਉਣ ਲੱਗੀ ਸੀ। ਜੇ ਕਦੇ ਕਦਾਈਂ ਕੋਈ ਆਉਂਦੀ ਵੀ ਸੀ ਤਾਂ ਲੋਕ ਉਸ ਦੀ ਇਉਂ ਉਡੀਕ ਕਰਦੇ, ਜਿਵੇਂ ਕਰਵਾ ਚੌਥ ਦਾ ਵਰਤ ਰੱਖੀ ਬੀਬੀਆਂ ਰਾਤ ਨੂੰ "ਅਰਘ" ਦੇਣ ਲਈ ਚੰਦਰਮਾ ਦੀ ਉਡੀਕ ਕਰਦੀਐਂ! ਮੋਗੇ ਦੇ ਬੱਸ ਸਟੈਂਡ 'ਤੇ ਖੜ੍ਹੀਆਂ ਬੱਸਾਂ ਵਿਚ ਇੱਕ ਬੰਦਾ ਇੱਕ-ਇੱਕ ਰੁਪਈਏ ਦੀ ਜਲਧਾਰੇ ਦੀ ਸ਼ੀਸ਼ੀ ਵੇਚਦਾ ਹੁੰਦਾ ਸੀ। ਇੱਕ ਰੁਪਈਏ ਦੀ ਇਸ ਸ਼ੀਸ਼ੀ ਦੇ ਗੁਣ ਜਦ ਉਹ ਦੱਸਣ ਲੱਗਦਾ, ਤਾਂ ਲੋਕ ਉਸ ਦੇ ਇੰਜ ਕਾਇਲ ਹੋ ਜਾਂਦੇ, ਜਿਵੇਂ ਉਹ ਲੰਡਨ ਦਾ ਕਿੰਗ ਜੌਰਜ ਹਸਪਤਾਲ ਨਾਲ ਹੀ ਚੁੱਕੀ ਫਿਰਦਾ ਹੋਵੇ। ਸ਼ੀਸ਼ੀ ਦੇ ਗੁਣਾਂ ਵਿਚ ਇਹ ਵੀ ਸ਼ਾਮਲ ਸੀ ਕਿ ਜੇ ਕਿਤੇ ਰਾਤ ਬਰਾਤੇ ਕਿਸੇ ਦੇ ਕੱਟਰੂ-ਵੱਛਰੂ ਨੂੰ ਅਫਰੇਵਾਂ ਹੋ ਜਾਵੇ ਤਾਂ ਪਸ਼ੂ ਦੀ ਅੱਖ ਵਿਚ ਇੱਕ ਤੁਪਕਾ "ਜਲਧਾਰੇ" ਦਾ ਪਾਓ! ਅਫਰੇਵਾਂ ਖਤਮ ਹੋ ਜਾਵੇਗਾ। ਖੈਰ, ਸਾਡੇ ਪਿੰਡ ਦੇ ਧਿਆਨੇ ਨੇ ਉਸ ਸ਼ੀਸ਼ੀ ਦੇ ਵੀਹ-ਪੱਚੀ ਗੁਣ ਸੁਣ ਕੇ ਇੱਕ ਰੁਪਈਆ ਖਰਚ ਦਿੱਤਾ ਅਤੇ ਜਲਧਾਰੇ ਦੀ ਸ਼ੀਸ਼ੀ ਖਰੀਦ ਲਈ। ਕੁਦਰਤ ਰੱਬ ਦੀ ਇੱਕ ਦਿਨ ਗੁਆਂਢੀਆਂ ਦੀ ਮੱਝ ਨੂੰ ਸਪਰੇਅ ਵਾਲਾ ਗੁਆਰਾ ਖਾ ਕੇ ਅਫਰੇਵਾਂ ਹੋ ਗਿਆ। ਧਿਆਨੇ ਨੇ ਜਦ ਰੌਲਾ ਜਿਹਾ ਸੁਣਿਆ ਤਾਂ ਉਹ ਆਪਣੀ ਸ਼ੀਸ਼ੀ ਗੀਝੇ ਵਿਚ ਪਾ ਕੇ ਗੁਆਂਢੀਆਂ ਦੇ ਘਰੇ ਚਲਾ ਗਿਆ।

"ਕੀ ਗੱਲ ਐ ਭਤੀਜ...?"

"ਕਾਹਦੀ ਗੱਲ ਐ ਤਾਇਆ...! ਮੱਝ ਨੂੰ 'ਫਰੇਮਾਂ ਹੋ ਗਿਆ!" ਗੁਆਂਢੀ ਮੁੰਡੇ ਨੇ ਦੁਖੀ ਜਿਹੇ ਮਨ ਨਾਲ ਦੱਸਿਆ।

"ਦੁਆਈ ਮੇਰੇ ਕੋਲੇ ਐ, ਤੁਸੀਂ ਇਹਨੂੰ ਕੇਰਾਂ ਮੂਧੀ ਪਾਓ...!" ਉਸ ਨੇ ਹਕੀਮ ਵਾਂਗ ਕਿਹਾ।

"ਮੂਧੀ ਪਾਉਣ ਨੂੰ ਕੋਈ ਟੀਕਾ ਟੂਕਾ ਲਾਉਣੈਂ, ਭਾਈ ਜੀ...?" ਮੁੰਡੇ ਦੀ ਮਾਂ ਨੇ ਪੁੱਛਿਆ।

"ਕਾਹਨੂੰ ਲਾਣੇਦਾਰਨੀਏ! ਤੂੰ ਆਬਦੀਆਂ ਦੁੱਧ ਰਿੜਕਣ ਆਲੀਆਂ ਗੱਲਾਂ ਨਾ ਕਰ! ਦੁਆਈ ਇਹਦੀ ਅੱਖ 'ਚ ਪਾਉਣੀਂ ਐਂ! ਦੇਖੀ ਜਾਈਂ! ਚੱਕ ਦੂ ਅੱਖਾਂ ਦੀ ਲਾਲੀ!" ਉਸ ਨੇ ਗੀਝੇ 'ਚੋਂ ਸ਼ੀਸ਼ੀ ਪਸਤੌਲ ਵਾਂਗ ਬਾਹਰ ਕੱਢੀ।

"ਫੇਰ ਮੂਧੀ ਪਾਉਣ ਦੀ ਕੀ ਲੋੜ ਐ ਤਾਇਆ? ਮੂਧਾ ਤਾਂ ਪਸ਼ੂ ਪਹਿਲਾਂ ਈ ਹੁੰਦੈ!"

"ਹਾਂ...! ਇਹ ਗੱਲ ਵੀ ਸਹੀ ਐ! ਚਲੋ ਫੇਰ ਇਹਨੂੰ ਟੇਢੀ ਕਰੋ!"

ਮੁੰਡਿਆਂ ਨੇ ਬਿਮਾਰ ਮੱਝ ਔਖੇ ਸੌਖੇ ਹੋ ਕੇ ਟੇਢੀ ਕਰ ਲਈ।

ਲਾਲਟੈਣ ਦਾ ਚਾਨਣ ਕਰ ਕੇ ਮੱਝ ਦੀ ਅੱਖ ਵਿਚ ਜਲਧਾਰਾ ਪਾ ਦਿੱਤਾ ਗਿਆ।

ਪਰ ਕੋਈ ਫਰਕ ਨਾ ਪਿਆ।

ਮੱਝ ਹੋਰ ਵੀ ਔਖੇ-ਔਖੇ ਸਾਹ ਲੈਣ ਲੱਗ ਪਈ।

"ਦੇਬੂ! ਮੱਝ ਤੰਗ ਐ ਭਾਈ! ਕਿਸੇ ਸਲੋਤਰੀ ਨੂੰ ਬੁਲਾਓ!" ਦੇਬੂ ਦੀ ਮਾਂ ਚਿੰਤਾ ਵਿਚ ਬੋਲੀ।

"ਲਾਣੇਦਾਰਨੀਏਂ, ਤੂੰ ਫਿਕਰ ਕਿਉਂ ਕਰਦੀ ਐਂ? ਸਲੋਤਰੀ ਨੇ ਆ ਕੇ ਕਿਹੜਾ ਟੂਣਾ ਕਰ ਜਾਣੈਂ? ਦੁਆਈ ਆਪਣੇ ਕੋਲੇ ਐ! ਇੱਕ ਵਾਰੀ ਹੋਰ ਚਾੜ੍ਹ ਦਿਆਂਗੇ!"

"ਵੇ ਭਾਈ ਉਨ੍ਹਾਂ ਦੀਆਂ ਪੜ੍ਹਾਈਆਂ ਕੀਤੀਆਂ ਹੁੰਦੀਐਂ, ਅਗਲੇ ਮਿੰਟ 'ਚ ਰੋਗ ਬੁੱਝ ਲੈਂਦੇ ਐ!"

"ਲੈ ਭੜ੍ਹਾਈਆਂ ਕਰਕੇ ਉਨ੍ਹਾਂ ਕੋਲੇ ਕਿਹੜਾ ਗਿੱਦੜਸਿੰਗੀ ਆ ਜਾਂਦੀ ਐ? ਆਹ ਸੈਦੋ ਆਲਿਆਂ ਦਾ ਲੱਛਾ ਸਾਰੇ ਪਿੰਡ ਜਿੰਨਾਂ 'ਕੱਲਾ ਈ ਪੜ੍ਹ ਗਿਆ! ਉਹਦਾ ਡਮਾਕ ਹਿੱਲ ਗਿਆ! ਆਬਦੇ ਬਾਪੂ ਨੂੰ 'ਭਾਅਪਾ' ਈ ਦੱਸਦੈ! ਗੱਲ ਹੀਰ-ਰਾਂਝੇ ਦੀ ਤੁਰੀ ਹੁੰਦੀ ਐ, ਉਹ ਆਬਦਾ ਦਹੂਦ ਸੁਣਾਉਣ ਲੱਗ'ਪੂ! ਉਏ ਮੁੰਡਿਓ! ਹੁਣ ਮੈਨੂੰ ਇਹਦੀ ਦੂਜੀ ਅੱਖ 'ਚ ਪਾਉਣ ਦਿਓ ਇੱਕ ਤੁਪਕੀ! ਦੇਖਿਓ ਕਿਮੇ ਫੁੱਲ ਮਾਂਗੂੰ ਹੌਲੀ ਹੁੰਦੀ ਐ! ਇਹ ਤਾਂ ਦਸਾਂ ਮਿੰਟਾਂ 'ਚ ਸੀਟੀਆਂ ਮਾਰੂ, ਸੀਟੀਆਂ! ਸੀਸੀ 'ਤੇ ਮੇਰਾ ਕੱਟੇ ਦੇ ਕੰਨ ਅਰਗਾ ਪੂਰਾ ਰੁਪਈਆ ਲਾਇਆ ਵਿਐ..! ਜਿਹੜੇ ਬੱਸਾਂ 'ਚ 'ਪਰਾਟੀਸ' ਕਰਦੇ ਫਿਰਦੇ ਐ, ਕਿਤੇ ਝੂਠ ਤੁਫਾਨ ਤਾਂ ਨ੍ਹੀ ਤੋਲਦੇ! ਕਰੋ ਇਹਨੂੰ ਮਾੜਾ ਜਿਆ ਬੱਤ ਕੇਰਾਂ! ਫੜ ਬਈ ਇਹਦਾ ਕੰਨ! ਡਰਦਾ ਕਾਹਤੋਂ ਐਂ? ਇਹ ਸ਼ਾਟ ਤਾਂ ਨ੍ਹੀ ਮਾਰਦੀ!"

ਮੁੰਡਿਆਂ ਨੇ ਉਸ ਦੇ ਆਖੇ ਲੱਗ ਕੇ ਦੁਆਈ ਮੱਝ ਦੀ ਦੂਜੀ ਅੱਖ ਵਿਚ ਵੀ ਪੁਆ ਦਿੱਤੀ, ਪਰ ਰਾਜ਼ੀ ਹੋਣ ਦੀ ਥਾਂ ਮੱਝ ਅੱਧੇ ਕੁ ਘੰਟੇ ਬਾਅਦ ਇਸ 'ਫਾਨੀ ਸੰਸਾਰ' ਨੂੰ 'ਅਲਵਿਦਾ' ਆਖ ਗਈ। ਦਸ ਕਿਲੋ ਦੁੱਧ ਦੇਣ ਵਾਲੀ ਮੱਝ ਦੇ ਵਿਯੋਗ ਵਿਚ ਬੁੜ੍ਹੀ ਦੇ ਪਿੱਟ-ਸਿਆਪਾ ਜਿਹਾ ਕਰਨ 'ਤੇ ਮੁੰਡਿਆਂ ਨੇ ਧਿਆਨਾ ਮੱਝ ਵਾਂਗ ਹੀ ਮੂਧਾ ਪਾ ਲਿਆ ਅਤੇ ਤਕੜੀ ਦੁਰਬੜੀ ਲਾ ਦਿੱਤੀ। ਕੁੱਟ ਖਾ ਕੇ ਸਤਿਆ ਧਿਆਨਾ ਅਗਲੇ ਦਿਨ ਮੋਗੇ ਨੂੰ ਬੱਸ ਚੜ੍ਹ ਗਿਆ। ਜਾਣ ਸਾਰ ਉਸ ਨੇ ਉਹ ਸ਼ੀਸ਼ੀਆਂ ਵੇਚਣ ਵਾਲਾ ਬਾਈ ਲੱਭ ਲਿਆ ਅਤੇ ਉਸ 'ਤੇ ਧੌੜੀ ਦੀ ਜੁੱਤੀ ਫੇਰਨੀ ਸ਼ੁਰੂ ਕਰ ਦਿੱਤੀ।

ਬੱਸ ਵਿਚ ਹੀ ਇੱਕ ਕਬਜੀ ਦੀ ਦੁਆਈ ਵੇਚਣ ਵਾਲੇ ਦੇ ਛਿਤਰੌਲਾ ਹੁੰਦਾ ਦੇਖਿਆ। ਉਹ ਵੀ ਬੱਸ ਵਿਚ ਨਿੱਤ ਇੱਕੋ ਰਾਗ ਅਲਾਪਦਾ ਫਿਰਦਾ ਹੁੰਦਾ, "ਇਹ ਮੇਰੀ ਦੁਆਈ ਕਬਜੀ ਦਾ ਕਾਲ, ਇੱਕ ਵਾਰ ਅਜ਼ਮਾ ਕੇ ਦੇਖੋ, ਜੰਗਲ-ਪਾਣੀ ਇਉਂ ਆਊ, ਜਿਵੇਂ ਬੋਹੜ ਤੋਂ ਬਿੱਲਾ ਡਿੱਗਦਾ ਹੁੰਦੈ, ਜ਼ਿੰਦਗੀ ਵਿਚ ਭੁੱਲ ਜਾਓਂਗੇ ਕਿ ਕਬਜੀ ਵੀ ਕੋਈ ਚੀਜ਼ ਹੁੰਦੀ ਐ...!" ਉਸ ਦੀਆਂ ਦਲੀਲਾਂ ਤੋਂ 'ਕਾਇਲ' ਹੋ ਕੇ ਤਰੀਕ 'ਤੇ ਗਏ ਸੱਘੇ ਅਮਲੀ ਨੇ ਉਸ ਦੀ ਦੁਆਈ ਖਰੀਦ ਲਈ ਅਤੇ ਰਾਤ ਨੂੰ ਪੈਣ ਵੇਲੇ ਰੋਟੀ ਖਾਣ ਤੋਂ ਬਾਅਦ ਲੈ ਲਈ, ਪਰ ਕੋਈ ਫਰਕ ਨਾ ਪਿਆ। ਬੰਦਾ ਆਸ ਆਸਰੇ ਹੀ ਤਾਂ ਜਿਉਂਦਾ ਹੈ। ਅਮਲੀ ਨੇ ਵੀ ਆਸ ਦਾ ਪੱਲਾ ਨਾ ਛੱਡਿਆ ਅਤੇ ਦੋ-ਤਿੰਨ ਦਿਨ ਕਬਜੀ ਦੀ ਦੁਆਈ ਲੈਂਦਾ ਰਿਹਾ, ਪਰ ਅਮਲੀ ਦੇ ਅੰਦਰਲਾ ਪਲੱਸਤਰ ਨਾ ਟੁੱਟਿਆ। ਚੌਥੇ ਦਿਨ ਅੱਕਿਆ ਅਮਲੀ ਸ਼ਹਿਰ ਨੂੰ ਬੱਸ ਚੜ੍ਹ ਗਿਆ ਅਤੇ ਕਬਜੀ ਦੀ ਦੁਆਈ ਵੇਚਣ ਵਾਲੇ ਦੇ ਕਬਜੇ ਢਿੱਲ੍ਹੇ ਕਰ ਮਾਰੇ, "ਮੈਂ ਤਿੰਨ ਦਿਨ ਹੋ'ਗੇ ਤਿੰਘੀ ਜਾਨੈਂ, ਸਾਲਾ ਬੋਹੜ ਤੋਂ ਬਿੱਲਾ ਡਿੱਗਣ ਦਾ, ਇਹਦੇ ਨਾਲ ਤਾਂ ਸਾਲਿਆ ਬਲੂੰਗੜੀ ਵੀ ਨ੍ਹੀਂ ਡਿੱਗੀ...!" ਦੁਆਈਆਂ ਵਾਲੇ ਦੇ ਹੂਰੇ ਜੜਦਾ ਅਮਲੀ ਕੋਰੜੇ ਛੰਦ ਸੁਣਾਈ ਜਾ ਰਿਹਾ ਸੀ।

ਇੱਕ ਸੱਭਿਆਚਾਰਕ ਮੇਲੇ ਵਿਚ ਇੱਕ ਗਾਇਕ ਲੋਕਾਂ ਨੂੰ ਅਤੇ ਗਾਇਕਾਂ ਨੂੰ 'ਉਪਦੇਸ਼' ਜਿਹਾ ਦੇਈ ਜਾ ਰਿਹਾ ਸੀ, "ਮੇਰੀ ਗਾਇਕ ਵੀਰਾਂ ਨੂੰ ਬੇਨਤੀ ਹੈ ਕਿ ਪ੍ਰਸਿੱਧੀ ਲਈ ਲੱਚਰ ਗੀਤਾਂ ਦਾ ਸਹਾਰਾ ਨਾ ਲੈਣ! ਜਿੱਥੋਂ ਤੱਕ ਹੋ ਸਕੇ, ਗੀਤ ਧੀਆਂ-ਭੈਣਾਂ ਵਿਚ ਸੁਣਨ ਵਾਲੇ ਹੀ ਗਾਏ ਜਾਣ! ਮੇਰੀ ਗੀਤਕਾਰ ਭਰਾਵਾਂ ਨੂੰ ਵੀ ਗੁਜ਼ਾਰਿਸ਼ ਹੈ ਕਿ ਉਹ ਅਸ਼ਲੀਲ ਗੀਤ ਨਾ ਸਿਰਜਿਆ ਕਰਨ! ਸੱਭਿਆਚਾਰਕ ਗੀਤ ਹੀ ਲਿਖਿਆ ਕਰਨ ਤਾਂ ਕਿ ਅਸੀਂ ਆਪਣਾ ਵਿਰਸਾ ਬਚਾ ਸਕੀਏ!" ਤੇ ਜਦ ਉਸੇ ਗਾਇਕ ਨੇ, 'ਨਾਲੋਂ ਜਾ ਕੇ ਨਾਇਣ ਚੱਕ ਲਈ, ਮੈਂ ਤਾਂ ਸੋਚਿਆ ਪਟੋਲਾ ਹੱਥ ਆ ਗਿਆ...' ਸ਼ੁਰੂ ਕੀਤਾ ਤਾਂ ਉਥੇ ਉਸ ਦੇ ਸਿਰ ਵਿਚ ਕਿੰਨੇ ਅਤੇ ਕਿੰਨੀ ਤਰ੍ਹਾਂ ਦੇ ਛਿੱਤਰ ਵਰ੍ਹੇ, ਦੱਸਣਾ ਮੁਸ਼ਕਿਲ ਹੈ! ਇਹ ਤਾਂ ਸ਼ਾਇਦ ਕੋਈ ਡਾਕਟਰੀ ਰਿਪੋਰਟ ਹੀ ਦੱਸ ਸਕੇਗੀ!

ਸਾਡੇ ਪਿੰਡ ਵਿਚ ਇੱਕ ਤਾਈ ਹਰਨਾਮੀ ਹੁੰਦੀ ਸੀ। ਉਮਰ ਉਸ ਦੀ ਅੱਸੀਆਂ ਦੇ ਨੇੜ ਅਤੇ ਸੋਟੀ ਆਸਰੇ ਹੀ ਤੁਰਦੀ ਸੀ! ਆਦਤ ਉਸ ਦੀ ਵੀ ਬਹੁਤ ਭੈੜੀ ਸੀ। ਜਦ ਕਿਸੇ ਪਿੰਡ ਦੀ ਨੂੰਹ ਨੇ ਖੇਤ ਰੋਟੀ ਲਈ ਜਾਂਦੀ ਨੇ ਉਸ ਨੂੰ 'ਬੇਬੇ ਜੀ ਮੱਥਾ ਟੇਕਦੀ ਆਂ' ਆਖ ਜਾਣਾ ਤਾਂ ਤਾਈ ਹਰਨਾਮੀ ਨੇ ਸੋਟੀ ਆਸਰੇ ਉਥੇ ਹੀ ਖੜ੍ਹ ਕੇ ਅਸੀਸਾਂ ਦੇਣ ਲੱਗ ਜਾਣਾ, "ਵੀਰ ਜਿਉਣ, ਮਹਾਰਾਜ ਬੱਚਾ ਦੇਵੇ, ਰੱਬ ਭਾਗ ਲਾਵੇ, ਬੁੱਢ ਸੁਹਾਗਣ ਰਹੇਂ...!" ਮੱਥਾ ਟੇਕਣ ਵਾਲੀ ਨੇ ਰੋਟੀ ਲੈ ਕੇ ਖੇਤ ਪਹੁੰਚ ਜਾਣਾ, ਪਰ ਤਾਈ ਨੇ ਉਥੇ ਖੜ੍ਹੀ ਨੇ ਹੀ ਅਸੀਸਾਂ ਦੇਈ ਜਾਣੀਆਂ! ਤੇ ਜੇ ਕਿਸੇ ਨੇ ਬੇਧਿਆਨੀ ਜਾਂ ਤੇਜੀ ਵਿਚ ਤਾਈ ਹਰਨਾਮੀ ਨੂੰ ਮੱਥਾ ਟੇਕਣੋਂ ਭੁੱਲ ਜਾਣਾ ਤਾਂ ਉਦੋਂ ਤਾਂ ਤਾਈ ਨੇ ਕੁਝ ਨਾ ਬੋਲਣਾ, ਪਰ ਜਦ ਅਗਲੀ ਨੇ ਕਿੱਲਾ ਦੋ ਕਿੱਲੇ ਵਾਟ ਅੱਗੇ ਲੰਘ ਜਾਣਾ ਤਾਂ ਤਾਈ ਨੇ ਆਪਣਾ 'ਸੋਲ੍ਹਾ ਛਿੱਤਰ' ਲਾਹ ਕੇ ਅਗਲੀ ਦੇ ਪੈਰ ਦੀ ਪੈੜ ਕੁੱਟਣ ਲੱਗ ਜਾਣੀ, "ਇਹ ਤਾਂ ਕਿਸੇ ਗਏ ਘਰ ਦੀ ਐ! ਇਹਨੂੰ ਅਕਲ ਨ੍ਹੀਂ ਭਾਈ...!" ਤੇ ਜੇ ਕਿਸੇ ਨੇ ਉਸ ਨੂੰ ਜੁੱਤੀ ਨਾਲ ਪੈੜ ਕੁੱਟਣ ਦਾ ਕਾਰਨ ਪੁੱਛਣਾ ਤਾਂ ਉਸ ਨੇ ਛਿੱਤਰ ਦੀ ਸੱਟ ਹੋਰ ਕਰੜੀ ਕਰ ਦੇਣੀ ਅਤੇ ਨਾਲੇ ਪੈੜ 'ਤੇ ਥੁੱਕਣਾ, "ਕਿਸੇ ਮਾੜੇ ਪੈੜੇ ਆਲੀ ਦੀ ਪੈੜ ਕੁੱਟਦੀ ਆਂ, ਭਾਈ...! ਐਹੋ ਜੀ ਦਾ ਤਾਂ ਪਿੰਡ 'ਤੇ ਪਰਛਾਂਵਾਂ ਪਿਆ ਵੀ ਮਾੜੈ..!" ਉਸ ਨੇ ਮੱਥਾ ਨਾ ਟੇਕਣ ਦਾ ਗੁੱਸਾ ਅਗਲੀ ਦੀ ਪੈੜ ਕੁੱਟ ਕੇ ਕੱਢਣਾ! ਕਦੇ-ਕਦੇ ਉਸ ਨੇ ਬਿਨਾ ਗੱਲੋਂ ਵੀਹੀ ਵਿਚ ਖੜ੍ਹ ਕੇ ਆਪਣਾ ਗੁੱਸਾ ਕੱਢਣ ਲੱਗ ਪੈਣਾ, "ਪੰਜ ਦਿਨ ਹੋ ਗਏ, ਆਹ ਟੁੱਟੜਾ ਮਿਸਤਰੀ ਮੇਰੀ ਪੀੜ੍ਹੀ ਨ੍ਹੀਂ ਠੋਕ ਕੇ ਦਿੰਦਾ! ਮੈਂ ਇੱਕ ਅੱਧਾ ਦਿਨ ਹੋਰ ਦੇਖਣੈਂ, ਰੁੜ੍ਹ ਜਾਣੇ ਦੇ ਘਰੇ ਸਿਆਪਾ ਕਰ ਕੇ ਆਊਂ!" ਤੇ ਨਾਲ ਦੀ ਨਾਲ ਉਸ ਨੇ ਅੰਦਰੋਂ ਛੱਜ ਲਿਆ ਕੇ ਉਸ 'ਤੇ ਆਪਣਾ ਛਿੱਤਰ ਖੜਕਾਉਣਾ ਸ਼ੁਰੂ ਕਰ ਦੇਣਾ!

ਇੱਕ ਗੱਲ ਹੋਰ ਦੱਸਦਾ ਜਾਂਵਾਂ ਕਿ ਛਿੱਤਰ ਸਿਰਫ ਕੁੱਟਣ ਵਾਸਤੇ ਹੀ ਨਹੀਂ ਹੁੰਦਾ! ਛਿੱਤਰ ਕਦੇ-ਕਦੇ ਦੁਆਈ ਵਾਂਗ ਲਾਹੇਵੰਦ ਵੀ ਸਾਬਤ ਹੁੰਦਾ ਹੈ! ਆਮ ਲੋਕਾਂ ਦਾ ਕਥਨ ਹੈ ਕਿ ਜੇ ਕਿਸੇ ਨੂੰ ਮਿਰਗੀ ਪੈ ਜਾਵੇ, ਤਾਂ ਉਸ ਰੋਗੀ ਨੂੰ ਛਿੱਤਰ ਸੁੰਘਾਓ! ਠੀਕ ਹੋ ਜਾਵੇਗਾ! ਜੁੱਤੀ ਉਤਨੀ ਬਦਨਾਮ ਨਹੀਂ, ਜਿੰਨੀ ਲੋਕਾਂ ਨੇ ਬਦਨਾਮ ਕਰ ਮਾਰੀ ਹੈ! ਜਦ ਅਸੀਂ ਗੁਰੂ ਘਰ ਜਾਂਦੇ ਹਾਂ ਤਾਂ ਜੋੜਿਆਂ ਦੀ ਸੇਵਾ ਨੂੰ ਉੱਤਮ ਸਮਝ ਕੇ ਕਰਦੇ ਹਾਂ! ਜੋੜਿਆਂ ਦੀ ਸੇਵਾ ਕਰਨ ਨਾਲ ਮਨ ਦੀ ਮੈਲ ਅਤੇ ਪਾਪ ਧੋਤੇ ਜਾਂਦੇ ਹਨ। ਇਕ ਵਾਰੀ ਧੰਨੇ ਅਮਲੀ ਨੂੰ ਕੋਈ ਜੋਗੀ 'ਮਣਕਾ' ਦੇ ਗਿਆ। ਅਖੇ ਜੇ ਕਿਸੇ ਦੇ ਸੱਪ ਲੜ ਜਾਵੇ ਤਾਂ ਇਹ ਮਣਕਾ ਉਪਰ ਲਾ ਦੇਵੀਂ। ਇਹ ਮਣਕਾ ਸਾਰੀ ਜ਼ਹਿਰ ਚੂਸ ਲਊਗਾ। ਅਮਲੀ ਸੀ ਕਮਲਾ! ਉਸ ਨੇ ਖੇਤਾਂ ਦੀਆਂ ਉੱਜੜੀਆਂ ਖੱਡਾਂ ਵਿਚ ਹੱਥ ਮਾਰਨੇ ਸ਼ੁਰੂ ਕਰ ਦਿੱਤੇ ਕਿ ਕਦੋਂ ਮੇਰੇ ਸੱਪ ਲੜੇ, ਤੇ ਕਦੋਂ ਮੈਂ ਮਣਕਾ ਅਜ਼ਮਾਵਾਂ! ਸਾਡੇ ਗੁਆਂਢੀ ਤਾਏ ਨੇ ਹੱਸਦਿਆਂ ਕਿਹਾ, "ਦੇਖੋ ਉਏ ਮੁੰਡਿਓ! ਇਹਦੀਆਂ ਲੱਕੜਾਂ ਦਾ ਪ੍ਰਬੰਧ ਕਰੋ ਉਏ...! ਔਹ ਧੰਨੇ ਨੂੰ ਮਣਕੇ ਦਾ ਕੀ ਕਮਲ ਚੜ੍ਹਿਐ! ਦਿਨ ਰਾਤ ਸੱਪਾਂ ਦੀਆਂ ਖੱਡਾਂ 'ਚ ਹੱਥ ਪਾ-ਪਾ ਕੇ ਸੱਪ ਟੋਂਹਦੈ ਫਿਰਦੈ! ਇਹ ਕਿਸੇ ਦਿਨ ਸੱਪ ਫੜਦਾ-ਫੜਦਾ ਕਿਤੇ ਬੰਦੇ ਨਾ ਫੜਨ ਲੱਗ ਪਵੇ? ਕਿਸੇ ਦਿਨ ਸੱਪ ਆਉਣੈਂ ਨਿਕਲ, ਤੇ ਉਹਨੇ ਮਾਰਨੈਂ ਇਹਦੇ ਡੰਗ, ਮਣਕੇ ਨੇ ਕੁਛ ਕਰਨਾ ਨ੍ਹੀਂ, ਤੇ ਇਹਨੇ ਮਰ ਜਾਣੈਂ! ਲੱਕੜਾਂ ਆਪਾਂ ਨੂੰ ਈ ਲਾਉਣੀਆਂ ਪੈਣੀਐਂ!"

ਇੱਕ ਦਿਨ ਕਿਸੇ ਖੱਡ 'ਚੋਂ ਕੋਈ ਚੂਹੇ ਖਾਣਾ ਸੱਪ ਨਿਕਲ ਆਇਆ ਤੇ ਧੰਨੇ ਦੇ ਦੰਦੀ ਜਿਹੀ ਵੱਢ ਗਿਆ। ਸੱਪ ਦੀਆਂ ਕਈ ਨਸਲਾਂ ਐਹੋ ਜਿਹੀਆਂ ਹੁੰਦੀਆਂ ਨੇ, ਜਿਨ੍ਹਾਂ ਦੇ ਡੰਗ ਵਿਚ ਜ਼ਹਿਰ ਹੀ ਨਹੀਂ ਹੁੰਦਾ। ਸੱਪ ਦੇ ਡੰਗਣ ਨਾਲ ਧੰਨੇ ਨੂੰ ਬਹੁਤਾ ਕੁਛ ਤਾਂ ਨਾ ਹੋਇਆ ਅਤੇ ਨਾ ਹੀ ਉਸ ਦੇ ਮਣਕੇ ਨੇ ਕੋਈ ਕੰਮ ਕੀਤਾ! ਪਿੰਡ ਵਾਲੇ ਕਿਤੋਂ ਕਿਸੇ ਜੋਗੀ ਨੂੰ ਲੱਭ ਲਿਆਏ। ਉਸ ਨੇ ਸਲਾਹ ਦਿੱਤੀ ਕਿ ਚੂਹੇ ਖਾਣੇ ਸੱਪ ਦੇ ਡੰਗਣ ਨਾਲ ਬੰਦਾ ਮਰਦਾ ਨਹੀਂ। ਬੱਸ "ਘਾਊਂ-ਮਾਊਂ" ਜਿਹਾ ਹੋ ਜਾਂਦੈ ਤੇ ਡੰਗ ਵਾਲੀ ਜਗ੍ਹਾ 'ਤੇ ਸੋਜ ਜਿਹੀ ਹੋ ਜਾਂਦੀ ਐ!

"ਇਹਦਾ 'ਲਾਜ ਵੀ ਦੱਸ ਦਿਓ ਜੋਗੀ ਜੀ! ਇਹਦੀ ਸੋਜ ਦਾ ਕੀ ਕਰੀਏ?" ਕਿਸੇ ਰਹਿਮ ਦਿਲ ਨੇ ਪੁੱਛਿਆ।

"ਇਹਦੇ ਸੋਜ ਵਾਲੀ ਥਾਂ 'ਤੇ ਨਿੰਮ੍ਹ ਦਾ ਪਾਣੀ ਲਾ ਕੇ ਸੁੱਕਿਆ ਛਿੱਤਰ ਰਗੜੋ, ਲੋਟ ਹੋ'ਜੂ!" ਆਖ ਕੇ ਜੋਗੀ ਚਲਾ ਗਿਆ।

ਸੋ ਮਿੱਤਰੋ! ਛਿੱਤਰ ਇਕੱਲਾ ਦੁੱਖ ਦੇਣ ਵਾਲਾ ਹੀ ਨਹੀਂ, ਦੁਆਈ ਦਾ ਕੰਮ ਵੀ ਕਰਦਾ ਹੈ! ਇਹ ਤਾਂ ਵਰਤਣ ਦਾ ਢੰਗ ਆਉਣਾ ਚਾਹੀਦਾ ਹੈ! ਬਹੁਤੀਆਂ ਗੱਲਾਂ ਦੱਸਣ ਵਾਲੀਆਂ ਨਹੀਂ ਹੁੰਦੀਆਂ! ਇਸੇ ਲਈ ਹੀ ਤਾਂ ਮੈਂ ਆਖਦਾ ਹਾਂ ਕਿ ਬੋਲ ਛਿੱਤਰ ਭਲਵਾਨ ਕੀ...! ਅੱਗੇ ਬੋਲਣਾ ਥੋੜਾ ਕੰਮ ਹੈ!

## ਕਾਵਿ-ਕਿਆਰੀ

### ਯਾਦ ਹੈ ਆਈ

ਇਕ ਕਹਾਣੀ ਯਾਦ ਹੈ ਆਈ
ਗੱਲ ਪੁਰਾਣੀ ਯਾਦ ਹੈ ਆਈ।

ਧੰਮੀ ਵੇਲੇ ਬੇਬੇ ਦਾ ਉਹ
ਚਾਟੀ ਦੇ ਵਿਚ ਦੁਧ ਰਿੜਕਣਾ
ਨਾਲ ਮਧਾਣੀ ਯਾਦ ਹੈ ਆਈ।

ਲੌਢੇ ਵੇਲੇ ਵਿਚ ਭੜੋਲੀ
ਤੌੜੀ ਦੇ ਵਿਚ ਦਾਲ ਦਾ ਰਿੱਝਣਾ
ਸ਼ਾਮ ਸੁਹਾਣੀ ਯਾਦ ਹੈ ਆਈ।

ਸਿਰ 'ਤੇ ਸੋਹਣਾ ਸਾਫ ਦੁਪੱਟਾ
ਮੂੰਹ ਵਿਚ ਜਪੁ ਜੀ ਪੜ੍ਹਦੇ ਰਹਿਣਾ
ਇੱਕ ਸਵਾਣੀ ਯਾਦ ਹੈ ਆਈ।

ਰੱਬ ਵਰਗੀ ਮਮਤਾ ਦੀ ਮੂਰਤ
ਗੋਰੀ ਚਿਟੀ ਸੋਹਣੀ ਸੁਨੱਖੀ
ਅੰਮੜੀ ਰਾਣੀ ਯਾਦ ਹੈ ਆਈ।
ਬਾਬੁਲ ਦਾ ਜਗ ਤੋਂ ਤੁਰ ਜਾਣਾ
ਅੰਮੜੀ ਦਾ 'ਕੱਲਿਆਂ ਹੋ ਜਾਣਾ
ਉਲਝੀ ਤਾਣੀ ਯਾਦ ਹੈ ਆਈ।

ਬਾਬੁਲ ਦਾ ਸਿਰ 'ਤੇ ਹੱਥ ਰੱਖ ਕੇ
'ਜੀਤਿਆ ਜੀਤਿਆ' ਕਰਦੇ ਰਹਿਣਾ
ਪੀੜ ਪੁਰਾਣੀ ਯਾਦ ਹੈ ਆਈ।

ਚੁਘੇ ਕੱਢ ਕੱਢ, ਚੂਰੀ ਕੁਟ ਕੁਟ
ਘੂਰੀ ਵੱਟ ਵੱਟ ਰੋਜ਼ ਖੁਆਣੀ
ਪੜ੍ਹਦੀ ਬਾਣੀ ਯਾਦ ਹੈ ਆਈ।

ਮਾਂ ਬਾਬੁਲ ਦੀ ਝੋਲੀ ਦੇ ਵਿਚ
ਨਿਕੜੀ ਜੀਤ ਦਾ ਲੁਕ ਲੁਕ ਬਹਿਣਾ
'ਜੀਤ' ਨਿਮਾਣੀ ਯਾਦ ਹੈ ਆਈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਖੋਜ ਪੁਸਤਕ: ਹਾਕੀ ਦਾ ਘਰ ਸੰਸਾਰਪੁਰ

*(ਪਿਛਲੇ ਸਫੇ ਦੀ ਬਾਕੀ)*

ਕੇ ਸਿਹਤਾਂ ਨਾ ਬਣਾਉਂਦੇ ਤਾਂ ਹੋਰ ਕੀ ਬਣਾਉਂਦੇ?

**ਜਦ ਗਾਂ ਨੂੰ ਨਵੇਂ ਦੁੱਧ ਕਰਾਉਣ ਗਿਆ**

1968 ਦਾ ਵਾਕਿਆ ਹੈ, ਜਿਸ ਨੇ ਮੇਰੀ ਜ਼ਿੰਦਗੀ ਵਿਚ ਨਵਾਂ ਮੋੜ ਲਿਆਂਦਾ। ਮੈਂ ਲੁਹਾਰ ਪਰਤਾਪਪੁਰੇ ਆਪਣੀ ਗਾਂ ਨੂੰ ਨਵੇਂ ਦੁੱਧ ਕਰਾਉਣ ਗਿਆ। ਨਕੋਦਰ ਵਾਲੀ ਰੇਲਵੇ ਲਾਈਨ ਦੇ ਫਾਟਕ ਲਾਗੇ ਸਾਡੇ ਪਿੰਡ ਦੇ ਖਿਡਾਰੀ 'ਕੈਨੀ' ਤੇ 'ਰਾਜਨ' ਦੀ ਆਵਾਜ਼ ਮੇਰੇ ਕੰਨੀਂ ਪਈ, 'ਓਏ ਪਿੰਦੇ, ਤੂੰ ਪਾਸ ਹੋ ਗਿਆ, ਅੱਜ ਸ਼ਾਮ ਨੂੰ ਆਪਣਾ ਇੰਟਰ ਕਾਲਜ ਦਾ ਮੈਚ ਐ। ਹੁਣ ਤੇਰਾ ਖੇਡਣ ਦਾ ਸਾਲ ਬਣ ਗਿਆ।' ਇਹ ਸੁਣ ਕੇ ਗਾਂ ਮੇਰੇ ਹੱਥੋਂ ਛੁੱਟ ਗਈ ਤੇ ਦੌੜ ਪਈ। ਉਹ ਸੀਨ ਅੱਜ ਤਕ ਮੇਰੀਆਂ ਅੱਖਾਂ ਅੱਗੇ ਐ। ਉਸ ਵੇਲੇ ਮੈਂ ਬੀ. ਏ. ਪਾਰਟ ਵਨ ਵਿਚ ਸੀ। ਇਹ ਉਹ ਜਮਾਤ ਸੀ, ਜਿਸ ਵਿਚ ਸੰਸਾਰਪੁਰੀਆਂ ਦੀਆਂ ਬ੍ਰੇਕਾਂ ਲੱਗੀਆਂ ਰਹਿੰਦੀਆਂ। ਸੰਸਾਰਪੁਰੀਏ ਜਿੰਨੇ ਹਾਕੀ ਖੇਡਣ 'ਚ ਤਕੜੇ ਸਨ, ਓਨੇ ਈ ਪੜ੍ਹਾਈ 'ਚ ਮਾੜੇ ਸਨ। ਮਾਪੇ ਪੜ੍ਹਾਈ 'ਚ ਫੇਲ੍ਹ ਹੁੰਦੇ ਆਪਣੇ ਮੁੰਡਿਆਂ ਨੂੰ ਕਹਿੰਦੇ, 'ਜੇ ਪੜ੍ਹ ਨ੍ਹੀਂ ਹੁੰਦਾ ਤਾਂ 'ਊਧੀ' ਓ ਬਣ-ਜੋ।' ਮੈਂ ਫੇਲ੍ਹ ਹੁੰਦਾ-ਹੁੰਦਾ ਪਾਸ ਹੋ ਗਿਆ ਸਾਂ, ਇਸੇ ਕਰਕੇ 'ਊਧੀ' ਨਾ ਬਣ ਸਕਿਆ। ਫੇਲ੍ਹ ਹੋ ਜਾਂਦਾ ਤਾਂ ਸੰਭਵ ਸੀ ਕਿ ਬੀ. ਐਸ. ਐਫ. ਦਾ ਕਮਾਂਡੈਂਟ ਬਣ ਕੇ ਰਿਟਾਇਰ ਹੁੰਦਾ! ਹੋਰਨਾਂ ਸੰਸਾਰਪੁਰੀਆਂ ਤੇ ਵੱਡੇ ਭਰਾ ਬਲਬੀਰ ਵਾਂਗ ਉਲੰਪੀਅਨ ਬਣਦਾ। ਉਦਣ ਪਾਸ ਹੋਣ ਦੀ ਖਬਰ ਨਾਲ ਗਾਂ ਨੇ ਤਾਂ ਹੱਥੋਂ ਛੁੱਟਣਾ ਹੀ ਸੀ ਮੇਰੀ ਜ਼ਿੰਦਗੀ ਦਾ ਵੀ ਪਾਸਾ ਪਲਟ ਗਿਆ ਤੇ ਮੈਂ ਪ੍ਰੋਫੈਸਰ ਬਣਨ ਦੇ ਰਾਹ ਪੈ ਗਿਆ। ਇਉਂ ਸੰਸਾਰਪੁਰ ਦੀ ਹਾਕੀ 'ਤੇ ਪੀਐਚ.ਡੀ. ਕਰਨ ਦਾ ਮੌਕਾ ਵੀ ਮਿਲ ਗਿਆ।

**ਹਾਕੀ ਦਾ ਬਾਬਾ ਬੋਹੜ ਊਧਮ ਸਿੰਘ**

1982 ਵਿਚ ਪੰਜਾਬੀ ਯੂਨੀਵਰਸਿਟੀ ਨੇ ਮੇਰੀ ਪੁਸਤਕ 'ਪੰਜਾਬੀ ਖਿਡਾਰੀ' ਪ੍ਰਕਾਸ਼ਿਤ ਕੀਤੀ ਸੀ, ਜਿਸ ਦਾ ਅੰਗਰੇਜ਼ੀ ਅਨੁਵਾਦ ਵੀ ਛਪਿਆ। ਉਸ ਵਿਚਲਾ ਪਹਿਲਾ ਸ਼ਬਦ ਚਿੱਤਰ ਊਧਮ ਸਿੰਘ ਦਾ ਹੈ: ਊਧਮ ਸਿੰਘ ਨੇ ਦੁਨੀਆਂ ਵਿਚ ਸਭ ਤੋਂ ਬਹੁਤੀ ਹਾਕੀ ਖੇਡੀ ਹੈ। ਉਸ ਨੂੰ ਹਾਕੀ ਫੜਿਆਂ ਚਾਲੀ ਸਾਲ ਹੋ ਗਏ ਹਨ। ਇਨ੍ਹਾਂ ਚਾਲੀ ਸਾਲਾਂ 'ਚ ਲਗਭਗ ਪੈਂਤੀ ਸਾਲ ਉਹ ਸਰਗਰਮ ਹਾਕੀ ਖੇਡਿਆ। ਉਹ ਛੋਟੇ ਕੱਦ ਦਾ ਵੱਡਾ ਖਿਡਾਰੀ ਹੈ, ਜੀਹਨੇ ਦਰਜਨਾਂ ਦੇਸ਼ਾਂ ਦੇ ਸੈਂਕੜੇ ਮੈਦਾਨਾਂ ਵਿਚ ਆਪਣੀ ਖੇਡ ਦੇ ਜੌਹਰ ਵਿਖਾਏ ਹਨ। ਉਹ ਪੰਜ ਉਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ, ਪਰ ਪਹਿਲੀ ਵਾਰ ਉਂਗਲਾਂ ਟੁੱਟ ਜਾਣ ਕਾਰਨ ਚਾਰ ਉਲੰਪਿਕਸ ਖੇਡ ਸਕਿਆ। ਮੈਲਬੌਰਨ ਦੀਆਂ ਉਲੰਪਿਕਸ ਖੇਡਾਂ 'ਚ ਉਹਨੇ ਪੰਦਰਾਂ ਗੋਲ ਕਰਨ ਦਾ ਰਿਕਾਰਡ ਰੱਖਿਆ। ਉਸ ਨੇ ਉਲੰਪਿਕਸ ਖੇਡਾਂ 'ਚੋਂ ਇਕ ਚਾਂਦੀ ਤੇ ਤਿੰਨ ਸੋਨੇ ਦੇ ਤਗਮੇ ਜਿੱਤੇ, ਜੋ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹਨ। ਵੀਹ ਸਾਲ ਉਹ ਪੰਜਾਬ ਦੀਆਂ ਟੀਮਾਂ ਦੀ ਨੁਮਾਇੰਦਗੀ ਕਰਦਾ ਰਿਹਾ। ਉਮਰ ਦੇ ਪੰਜਾਹਵੇਂ ਸਾਲ 'ਚ ਉਹ ਦਿੱਲੀ ਦਾ ਨਹਿਰੂ ਹਾਕੀ ਟੂਰਨਾਮੈਂਟ ਖੇਡਿਆ ਤੇ ਉਨ੍ਹਾਂ ਦੀ ਟੀਮ ਗੱਜ ਵੱਜ ਕੇ ਜੇਤੂ ਰਹੀ। ਉਹਨੇ ਆਪਣੇ ਹਾਣੀਆਂ ਨਾਲ ਤਾਂ ਖੇਡਣਾ ਹੀ ਸੀ, ਉਨ੍ਹਾਂ ਦੇ ਪੁੱਤਰਾਂ ਨਾਲ ਵੀ ਖੇਡਿਆ ਤੇ ਪੋਤਿਆਂ ਨੂੰ ਵੀ ਡਾਜਾਂ ਮਾਰ ਰਿਹੈ!

ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਲਿਖਣ ਵਿਚ ਊਧਮ ਸਿੰਘ ਨੇ ਲੇਖਕ ਨੂੰ ਬਹੁਤ ਸਹਿਯੋਗ ਦਿੱਤਾ ਸੀ। ਪੋਪਿੰਦਰ ਸਿੰਘ ਲਿਖਦੈ: 15 ਮਾਰਚ 2000, ਦਿਨ ਬੁੱਧਵਾਰ ਨੂੰ ਸਰਦਾਰ ਊਧਮ ਸਿੰਘ ਦੀ ਮੌਤ ਤੋਂ ਅੱਠ ਦਿਨ ਪਹਿਲਾਂ ਰਾਜਿੰਦਰ ਸਿੰਘ, ਜੋ ਡੀ. ਏ. ਵੀ. ਕਾਲਜ ਜਲੰਧਰ ਵਿਚ ਕੋਚ ਸਨ, ਸਰਦਾਰ ਜੀ ਨੂੰ ਜਲੰਧਰ ਦੂਰਦਰਸ਼ਨ 'ਚ ਇੰਟਰਵਿਊ ਵਾਸਤੇ ਸੱਦਣ ਸੰਸਾਰਪੁਰ ਦੀ ਹਾਕੀ ਗਰਾਊਂਡ 'ਚ ਆਏ। ਸਰਦਾਰ ਜੀ ਨੇ ਮੈਨੂੰ ਘਰੋਂ ਬੁਲਾਇਆ ਤੇ ਹਾਕੀ ਗਰਾਊਂਡ 'ਤੇ ਹਾਕੀ ਗੋਲਾਂ ਦਰਮਿਆਨ ਉਨ੍ਹਾਂ ਨੂੰ ਮਿਲਾਉਂਦਿਆਂ ਕਿਹਾ, "ਭਿੰਦਾ ਚੰਗਾ ਖਿਡਾਰੀ ਸੀ। ਜੇ ਸਾਡੇ ਕੋਲ ਬੀ. ਐਸ. ਐਫ. 'ਚ ਆ ਜਾਂਦਾ ਤਾਂ ਇਸ ਨੇ ਦੋ ਉਲੰਪਿਕ ਖੇਡ ਜਾਣਾ ਸੀ ਤੇ ਕਮਾਂਡੈਂਟ ਬਣ ਜਾਣਾ ਸੀ, ਪਰ ਇਸ ਨੇ ਲਾਈਨ ਬਦਲ ਲਈ। ਸਰਦਾਰ ਜੀ ਨੇ ਰਜਿੰਦਰ ਸਿੰਘ ਨੂੰ ਕਿਹਾ ਕਿ ਭਿੰਦਾ ਵੀ ਮੇਰੇ ਨਾਲ ਇੰਟਰਵਿਊ 'ਚ ਆਵੇਗਾ। 18 ਮਾਰਚ 2000 ਨੂੰ ਉਹ ਮੈਨੂੰ ਆਪਣੇ ਪੁਰਾਣੇ ਸਕੂਟਰ 'ਤੇ ਬਿਠਾ ਕੇ ਜਲੰਧਰ ਦੂਰਦਰਸ਼ਨ ਵੱਲ ਚੱਲ ਪਏ। ਅਚਾਨਕ ਉਨ੍ਹਾਂ ਨੇ ਜਲੰਧਰ ਛਾਉਣੀ ਵਾਲੇ ਰਸਤੇ ਤੋਂ ਬੀ. ਐਸ. ਐਫ. ਦੇ ਗੇਟ ਵੱਲ ਸਕੂਟਰ ਮੋੜ ਲਿਆ। ਮੈਂ ਕਿਹਾ, ਸਰਦਾਰ ਜੀ ਆਪਾਂ ਤਾਂ ਦੂਰਦਰਸ਼ਨ ਵੱਲ ਜਾਣਾ ਹੈ, ਤੁਸੀਂ ਏਧਰ ਸਕੂਟਰ ਕਿਉਂ ਮੋੜ ਲਿਆ? ਉਨ੍ਹਾਂ ਨੇ ਕਿਹਾ, ਮੇਰਾ ਹਾਕੀ ਦੀ ਗਰਾਊਂਡ ਤੇ ਦਫਤਰ ਦੇਖਣ ਨੂੰ ਜੀਅ ਕਰਦਾ, ਜਿਥੇ ਮੈਂ ਜ਼ਿੰਦਗੀ ਦਾ ਬਹੁਤਾ ਸਮਾਂ ਬਤੀਤ ਕੀਤਾ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਉਨ੍ਹਾਂ ਦੇ ਜੀਵਨ ਦੀ ਆਖਰੀ ਫੇਰੀ ਸੀ। 23 ਮਾਰਚ ਨੂੰ ਸ਼ਹੀਦ ਭਗਤ ਤੇ ਕਵੀ ਪਾਸ਼ ਦੀ ਬਰਸੀ ਵਾਲੇ ਦਿਨ ਉਹ ਚੜ੍ਹਾਈ ਕਰ ਗਏ। ਪਿੱਛੇ ਉਹਦੀਆਂ ਤੇ ਸੰਸਾਰਪੁਰ ਦੀਆਂ ਗੱਲਾਂ ਰਹਿ ਗਈਆਂ ਹਨ, ਜੋ ਇਸ ਪੁਸਤਕ 'ਚੋਂ ਪੜ੍ਹੀਆਂ ਜਾ ਸਕਦੀਆਂ ਹਨ।

ਖੇਡ ਜਗਤ

# ਟੋਕੀਓ ਪੈਰਾਲੰਪਿਕਸ ਵਿਚ ਭਾਰਤ ਦਾ ਪ੍ਰਦਰਸ਼ਨ

'ਖੇਡਾਂ ਹਰੇਕ ਲਈ ਅਤੇ ਹਰੇਕ ਖੇਡਾਂ ਲਈ' ਦੇ ਨਾਅਰੇ ਅਨੁਸਾਰ ਆਧੁਨਿਕ ਸਮਾਜ ਨੇ ਖੇਡਾਂ ਦੀ ਮਹੱਤਤਾ ਨੂੰ ਸਮਝਦਿਆਂ ਖੇਡਾਂ ਵਿਚ ਔਰਤਾਂ ਦੀ ਸ਼ਮੂਲੀਅਤ, ਉਮਰਾਂ ਦਾ ਵਰਗੀਕਰਣ ਅਤੇ ਪੈਰਾ ਖੇਡਾਂ ਦੇ ਆਯੋਜਨ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ 1960 ਤੋਂ ਉਲੰਪਿਕਸ ਤੋਂ ਬਾਅਦ ਪੈਰਾਲੰਪਿਕਸ ਵੀ ਕਰਵਾਈਆਂ ਜਾਣ ਲੱਗੀਆਂ। ਪੈਰਾਲੰਪਿਕਸ ਗ੍ਰੀਕ ਭਾਸ਼ਾ ਦੇ ਸ਼ਬਦ 'ਪੈਰਾ' ਭਾਵ ਬਰਾਬਰ ਅਤੇ 'ਉਲੰਪਿਕਸ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਉਲੰਪਿਕਸ ਦੇ ਬਰਾਬਰ ਦੀਆਂ ਖੇਡਾਂ', ਜਿਨ੍ਹਾਂ ਵਿਚ ਸਰੀਰਕ ਅਤੇ ਬੌਧਿਕ ਘਾਟ ਵਾਲੇ ਖਿਡਾਰੀ ਭਾਗ ਲੈਂਦੇ ਹਨ। ਪੈਰਾਲੰਪਿਕਸ ਵਿਚ ਖਿਡਾਰੀਆਂ ਨੂੰ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਅਯੋਗਤਾ ਦੇ ਆਧਾਰ 'ਤੇ ਵੱਖ ਵੱਖ ਵਰਗਾਂ ਵਿਚ ਵੰਡਿਆਂ ਜਾਂਦਾ ਹੈ। ਇਸ ਵਾਰ 2020 ਦੀਆਂ ਪੈਰਾਲੰਪਿਕਸ



ਡਾ. ਕਰਨਜੀਤ ਸਿੰਘ

ਟੋਕੀਓ ਸ਼ਹਿਰ ਵਿਚ 24 ਅਗਸਤ ਤੋਂ 5 ਸਤੰਬਰ 2021 ਤੱਕ ਹੋਈਆਂ। ਭਾਰਤੀ ਦਲ ਵਿਚ 54 ਖਿਡਾਰੀਆਂ ਨੇ 9 ਖੇਡਾਂ ਵਿਚ ਭਾਗ ਲਿਆ, ਜਿਸ ਵਿਚ 14 ਔਰਤਾਂ ਅਤੇ 40 ਮਰਦ ਸ਼ਾਮਿਲ ਸਨ। ਇਹ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਦਲ ਸੀ, ਇਸ ਤੋਂ ਪਹਿਲਾਂ ਰੀਓ ਪੈਰਾਲੰਪਿਕਸ ਵਿਚ 19 ਖਿਡਾਰੀਆਂ ਦਾ ਦਲ ਭੇਜਿਆ ਗਿਆ ਸੀ। ਭਾਰਤੀ ਉਲੰਪਿਕ ਖਿਡਾਰੀਆਂ ਦੀ ਤਰ੍ਹਾਂ ਹੀ ਭਾਰਤੀ ਪੈਰਾਲੰਪਿਕ ਖਿਡਾਰੀਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 2020 ਦੀਆਂ ਖੇਡਾਂ ਵਿਚ ਆਪਣੇ ਦੇਸ਼ ਲਈ ਪਹਿਲਾਂ ਨਾਲੋਂ ਵੱਧ ਤਗਮੇ ਜਿੱਤੇ। ਇਸ ਤੋਂ ਪਹਿਲੀਆਂ 11 ਪੈਰਾਲੰਪਿਕਸ ਵਿਚ ਭਾਗ ਲੈਂਦਿਆਂ ਭਾਰਤੀਆਂ ਨੇ 4 ਸੋਨੇ, 4 ਚਾਂਦੀ ਅਤੇ 4 ਕਾਂਸੀ ਤਗਮਿਆਂ ਸਮੇਤ ਕੁੱਲ 12 ਤਗਮੇ ਜਿੱਤੇ ਸਨ, ਪਰ ਇਸ ਵਾਰ ਇਕ ਹੀ ਪੈਰਾਲੰਪਿਕਸ ਵਿਚ 5 ਸੋਨੇ, 8 ਚਾਂਦੀ ਅਤੇ 6 ਕਾਂਸੀ ਤਗਮਿਆਂ ਸਮੇਤ ਕੁੱਲ 19 ਤਗਮੇ ਜਿੱਤ ਕੇ ਨਵਾਂ ਇਤਿਹਾਸ ਰਚ ਦਿੱਤਾ ਹੈ।

**ਟੇਬਲ ਟੈਨਿਸ:** ਗੁਜਰਾਤ ਦੀ ਭਾਵਨਾ ਪਟੇਲ, ਜੋ ਵਿਸ਼ਵ ਦਰਜਾਬੰਦੀ ਵਿਚ 12ਵੇਂ ਨੰਬਰ 'ਤੇ ਕਾਬਜ਼ ਸੀ, ਉਸ ਨੇ ਸ਼ੁਰੂ ਵਿਚ ਹੀ ਰੀਓ ਪੈਰਾਲੰਪਿਕਸ ਦੀ ਸੋਨ ਤਗਮਾ ਜੇਤੂ ਖਿਡਾਰਨ ਨੂੰ ਹਰਾਇਆ ਅਤੇ ਆਪਣੇ ਤੋਂ ਤਕੜੇ ਵਿਰੋਧੀਆਂ ਨੂੰ ਹਰਾ ਕੇ ਫਾਈਨਲ ਵਿਚ ਪਹੁੰਚੀ। ਭਾਵਨਾ ਫਾਈਨਲ ਵਿਚ ਹੋਏ ਸੰਘਰਸ਼ਪੂਰਨ ਮੁਕਾਬਲੇ ਵਿਚ ਵਿਸ਼ਵ ਨੰਬਰ ਦੋ ਚੀਨੀ ਖਿਡਾਰਨ ਤੋਂ ਹਾਰ ਗਈ ਅਤੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਪੋਲੀਓ-ਗ੍ਰਸਤ (ਸੀ-4) ਵਰਗ ਵਿਚ ਟੇਬਲ ਟੈਨਿਸ ਖੇਡਣ ਵਾਲੀ ਭਾਵਨਾ ਪਟੇਲ ਸਾਲ 2013 ਵਿਚ ਵਿਸ਼ਵ ਦੀ ਨੰਬਰ ਦੋ ਖਿਡਾਰਨ ਰਹਿ ਚੁਕੀ ਹੈ। ਉਸ ਨੇ ਟੇਬਲ ਟੈਨਿਸ ਵਿਚ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਅਤੇ ਪੈਰਾਲੰਪਿਕਸ ਇਤਿਹਾਸ ਵਿਚ ਤਗਮਾ ਜਿੱਤਣ ਵਾਲੀ ਦੂਜੀ ਭਾਰਤੀ ਮਹਿਲਾ ਹੋਣ ਦਾ ਮਾਣ ਹਾਸਿਲ ਕੀਤਾ। ਭਾਰਤ ਵਲੋਂ ਪਹਿਲੀ ਤਗਮਾ ਜਿੱਤਣ ਵਾਲੀ ਮਹਿਲਾ ਦੀਪਿਕਾ ਮਲਿਕ ਸੀ, ਜਿਸ ਨੇ 2016 ਵਿਚ ਸ਼ਾਟ ਪੁੱਟ ਵਿਚ ਚਾਂਦੀ ਦਾ ਤਗਮਾ ਜਿੱਤਿਆ ਸੀ।

**ਨਿਸ਼ਾਨੇਬਾਜ਼ੀ:** ਰਾਜਸਥਾਨ ਦੀ ਜੰਮਪਲ 19 ਸਾਲਾਂ ਅਵਨੀ ਲਾਖੜਾ, ਜੋ 12 ਸਾਲ ਦੀ ਉਮਰ ਵਿਚ ਕਾਰ ਦੁਰਘਟਨਾ ਕਾਰਨ ਪੈਰਾਪਲੀਗੀਆ ਰੋਗ ਨਾਲ ਪੀੜਤ ਹੋ ਗਈ ਸੀ, ਨੇ ਆਪਣੇ ਪਿਤਾ ਦੇ ਉਤਸ਼ਾਹ ਨਾਲ ਨਿਸ਼ਾਨੇਬਾਜ਼ੀ ਸ਼ੁਰੂ ਕੀਤੀ ਸੀ। ਅਵਨੀ ਨੇ ਔਰਤਾਂ ਦੇ 10 ਮੀਟਰ ਏਅਰ ਰਾਈਫਲ ਵਿਚ 249.6 ਅੰਕਾਂ ਨਾਲ ਇਨ੍ਹਾਂ ਪੈਰਾਲੰਪਿਕ ਖੇਡਾਂ ਦਾ ਪਹਿਲਾ ਸੋਨ ਤਗਮਾ ਭਾਰਤ ਦੀ ਝੋਲੀ ਪਾਇਆ। ਵਿਸ਼ਵ ਦਰਜਾਬੰਦੀ ਵਿਚ 5ਵੇਂ ਸਥਾਨ 'ਤੇ ਕਾਬਜ਼ ਅਵਨੀ ਨੇ ਪੈਰਾਲੰਪਿਕਸ ਦਾ ਨਵਾਂ ਰਿਕਾਰਡ ਬਣਾਉਂਦਿਆਂ ਅਤੇ ਵਿਸ਼ਵ ਰਿਕਾਰਡ ਦੀ ਬਰਾਬਰੀ ਕਰਦਿਆਂ ਇਹ ਜਿੱਤ ਹਾਸਿਲ ਕੀਤੀ। ਇਸ ਤਰ੍ਹਾਂ ਪੈਰਾਲੰਪਿਕ ਖੇਡਾਂ ਦੇ ਇਤਿਹਾਸ ਵਿਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ। ਅਵਨੀ ਨੇ 50 ਮੀਟਰ ਰਾਈਫਲ ਵਿਚ ਵੀ ਕਾਂਸੀ ਦਾ ਤਗਮਾ ਜਿੱਤ ਕੇ ਇੱਕ ਹੀ ਉਲੰਪਿਕ ਖੇਡਾਂ ਵਿਚ ਦੋ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਹੋਣ ਦਾ ਮਾਣ ਹਾਸਿਲ ਕੀਤਾ।



ਮਰਦਾਂ ਦੇ 10 ਮੀਟਰ ਏਅਰ ਪਿਸਟਲ ਵਿਚ ਫਰੀਦਾਬਾਦ (ਹਰਿਆਣਾ) ਦੇ ਨਿਸ਼ਾਨੇਬਾਜ਼ ਸਿੰਘਰਾਜ ਅਡਾਨਾ ਨੇ ਉਮੀਦ ਮੁਤਾਬਿਕ ਪ੍ਰਦਰਸ਼ਨ ਕਰਦਿਆਂ 216.8 ਅੰਕਾਂ ਨਾਲ ਕਾਂਸੇ ਦਾ ਤਗਮਾ ਜਿੱਤਿਆ। ਵਿਸ਼ਵ ਪੱਧਰ 'ਤੇ ਕਈ ਤਗਮੇ ਜਿੱਤ ਚੁਕਾ 30 ਸਾਲਾਂ ਸਿੰਘਰਾਜ, ਜੋ ਪੋਲੀਓ-ਗ੍ਰਸਤ ਹੈ, ਨੇ 50 ਮੀਟਰ ਪਿਸਟਲ ਵਿਚ ਵੀ 216.7 ਅੰਕਾਂ ਨਾਲ ਚਾਂਦੀ ਤਗਮਾ ਪ੍ਰਾਪਤ ਕੀਤਾ। ਇਸ ਤਰ੍ਹਾਂ ਉਹ ਇਕੋ ਪੈਰਾਲੰਪਿਕਸ ਵਿਚ ਦੋ ਤਗਮੇ ਜਿੱਤਣ ਵਾਲਾ ਦੂਜਾ ਭਾਰਤੀ ਪੁਰਸ਼ ਬਣ ਗਿਆ, ਪਹਿਲਾ ਭਾਰਤੀ ਪੁਰਸ਼ ਖਿਡਾਰੀ ਜੋਗਿੰਦਰ ਸਿੰਘ ਬੇਦੀ ਹੈ, ਜਿਸ ਨੇ 1984 ਦੀ ਪੈਰਾਲੰਪਿਕਸ ਵਿਚ ਤਿੰਨ ਤਗਮੇ ਜਿੱਤੇ ਸਨ।

**ਇਸ ਵਾਰ ਇਕ ਹੀ ਪੈਰਾਲੰਪਿਕਸ ਵਿਚ ਭਾਰਤ ਦੀ ਝੋਲੀ 19 ਤਗਮੇ ਆਏ ਹਨ। ਭਾਰਤੀ ਖਿਡਾਰੀਆਂ ਨੂੰ ਖਾਸ ਕਰਕੇ ਪੈਰਾ ਐਥਲੀਟਸ ਨੂੰ ਜੋ ਸਹੂਲਤਾਂ ਮਿਲਦੀਆਂ ਹਨ, ਉਸ ਅਨੁਸਾਰ ਇਹ ਬਹੁਤ ਵਧੀਆ ਕਾਰਗੁਜ਼ਾਰੀ ਮੰਨੀ ਜਾ ਸਕਦੀ ਹੈ। ਇਸ ਵਾਰ ਭਾਰਤ ਦਾ ਪੈਰਾਲੰਪਿਕਸ ਤਗਮਾ ਸੂਚੀ ਵਿਚ ਹੁਣ ਤੱਕ ਦਾ ਸਭ ਤੋਂ ਬਿਹਤਰ 24ਵਾਂ ਦਰਜਾ ਰਿਹਾ ਹੈ। ਹਰਿਆਣਾ ਸਰਕਾਰ ਨੇ ਆਪਣੇ ਜੇਤੂ ਪੈਰਾਐਥਲੀਟਸ ਨੂੰ ਭਾਰੀ ਇਨਾਮੀ ਰਾਸ਼ੀ ਨਾਲ ਨਿਵਾਜਿਆ ਹੈ।**

ਨਿਸ਼ਾਨੇਬਾਜ਼ੀ ਵਿਚ ਭਾਰਤ ਨੂੰ ਇਨ੍ਹਾਂ ਪੈਰਾਲੰਪਿਕ ਖੇਡਾਂ ਦਾ ਤੀਜਾ ਸੋਨੇ ਦਾ ਤਗਮਾ ਮਰਦਾਂ ਦੇ 50 ਮੀਟਰ ਪਿਸਟਲ ਵਿਚ ਅਰਜੁਨ ਐਵਾਰਡੀ ਮਨੀਸ਼ ਨਰਵਾਲ ਨੇ ਜਿੱਤ ਕੇ ਦਿਵਾਇਆ। ਮਨੀਸ਼ ਨੇ ਇਹ ਸੋਨ ਤਗਮਾ 218.2 ਅੰਕਾਂ ਨਾਲ ਨਵਾਂ ਪੈਰਾਲੰਪਿਕਸ ਰਿਕਾਰਡ ਬਣਾ ਕੇ ਜਿੱਤਿਆ ਅਤੇ ਭਾਰਤ ਦਾ ਮਾਣ ਵਧਾਇਆ। ਵਿਸ਼ਵ ਦਰਜਾਬੰਦੀ ਵਿਚ ਚੌਥੇ ਸਥਾਨ 'ਤੇ ਕਾਬਜ਼ ਫਰੀਦਾਬਾਦ (ਹਰਿਆਣਾ) ਦੇ 19 ਸਾਲਾ ਇਸ ਨਿਸ਼ਾਨੇਬਾਜ਼ ਦੇ ਸੱਜੇ ਹੱਥ ਵਿਚ ਜਮਾਂਦਰੂ ਨੁਕਸ ਸੀ। ਭਾਰਤ ਨੂੰ ਨਿਸ਼ਾਨੇਬਾਜ਼ੀ ਵਿਚ ਦੋ ਸੋਨੇ, ਇਕ ਚਾਂਦੀ ਅਤੇ ਦੋ ਕਾਂਸੀ ਤਗਮਿਆਂ ਸਮੇਤ ਕੁੱਲ ਪੰਜ ਤਗਮੇ ਪ੍ਰਾਪਤ ਹੋਏ।

**ਅਥਲੈਟਿਕਸ:** ਇਨ੍ਹਾਂ ਪੈਰਾਲੰਪਿਕ ਖੇਡਾਂ ਦਾ ਦੂਜਾ ਸੋਨ ਤਗਮਾ ਮਰਦਾਂ ਦੇ ਐਫ-64 ਵਰਗ ਦੇ ਜੈਵਲਿਨ ਥਰੋਅ ਵਿਚ ਸੋਨੀਪਤ ਹਰਿਆਣਾ ਦੇ 23 ਸਾਲਾਂ ਸੁਮੀਤ ਅੰਟਿਲ ਨੇ ਜਿੱਤਿਆ। ਇਹ ਮਾਣ ਉਸ ਨੇ 68.55 ਮੀਟਰ ਦੂਰੀ ਨਾਲ ਵਿਸ਼ਵ ਰਿਕਾਰਡ ਬਣਾ ਕੇ ਹਾਸਿਲ ਕੀਤਾ। ਇੱਕ ਮੋਟਰਸਾਈਕਲ ਦੁਰਘਟਨਾ ਵਿਚ ਆਪਣੀ ਖੱਬੀ ਲੱਤ ਗੋਡੇ ਤੋਂ ਹੇਠਾਂ ਗਵਾ ਚੁਕੇ ਸੁਮੀਤ ਨੇ 2017 ਤੋਂ ਟ੍ਰੇਨਿੰਗ ਸ਼ੁਰੂ ਕਰਕੇ ਆਪਣੇ ਵਰਗ ਵਿਚ ਦੋ ਸਾਲਾਂ ਅੰਦਰ ਵਿਸ਼ਵ ਰਿਕਾਰਡ ਤੋੜ ਦਿੱਤਾ ਸੀ। ਭਾਰਤ ਨੂੰ ਜੈਵਲਿਨ ਥਰੋਅ ਵਿਚ ਦੋ ਹੋਰ ਤਗਮੇ ਪ੍ਰਾਪਤ ਹੋਏ, ਜਦੋਂ ਮਰਦਾਂ ਦੇ ਐਫ-46 ਵਰਗ ਦੇ ਜੈਵਲਿਨ ਥਰੋਅ ਵਿਚ ਦਵੇਂਦਰ ਝਾਂਜਰੀਆ ਨੇ ਆਪਣੇ ਵੱਕਾਰ ਮੁਤਾਬਿਕ ਪ੍ਰਦਰਸ਼ਨ ਕਰਦਿਆਂ 64.35 ਮੀਟਰ ਦੂਰ ਨੇਜਾ ਸੁੱਟ ਕੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਰਾਜਸਥਾਨ ਦੇ 40 ਸਾਲਾ ਦਵੇਂਦਰ ਨੂੰ ਬਿਜਲੀ ਦੇ ਕਰੰਟ ਦੀ ਚਪੇਟ ਵਿਚ ਆਉਣ ਕਾਰਨ ਬਚਪਨ ਵਿਚ ਹੀ ਗੁੱਟ ਦੇ ਉਪਰੋਂ ਆਪਣਾ ਖੱਬਾ ਹੱਥ ਗਵਾਉਣਾ ਪਿਆ ਸੀ। ਅਰਜੁਨ ਐਵਾਰਡੀ, ਖੇਲ ਰਤਨ ਤੇ ਪਦਮਸ੍ਰੀ ਐਵਾਰਡੀ ਦਵੇਂਦਰ ਸਖਤ ਮਿਹਨਤ ਸਦਕਾ ਏਥਨਜ਼ ਪੈਰਾਲੰਪਿਕਸ-2004 ਅਤੇ ਰੀਓ ਪੈਰਾਲੰਪਿਕ-2016 ਵਿਚ ਸੋਨ ਤਗਮੇ ਪ੍ਰਾਪਤ ਕਰ ਚੁਕਾ ਹੈ। ਰਾਜਸਥਾਨ ਦੇ ਹੀ 25 ਸਾਲ ਦੇ ਸੁੰਦਰ ਸਿੰਘ ਗੁਜਰ ਨੇ ਇਸੇ ਵਰਗ ਵਿਚ 64.01 ਮੀ: ਦੂਰ ਜੈਵਲਿਨ ਸੁੱਟ ਕੇ ਕਾਂਸੇ ਦਾ ਤਗਮਾ ਪ੍ਰਾਪਤ ਕੀਤਾ। ਸੁੰਦਰ ਸਿੰਘ ਗੁਜਰ ਪਹਿਲਾਂ ਇੱਕ ਆਮ ਐਥਲੀਟ ਸੀ, ਪਰ 2015 ਵਿਚ ਉਸ ਦਾ ਖੱਬਾ ਹੱਥ ਲੋਹੇ ਦੀ ਟੀਨ ਵੱਜਣ ਨਾਲ ਬੁਰੀ ਤਰ੍ਹਾਂ ਜਖਮੀ ਹੋ ਗਿਆ ਸੀ, ਜੋ ਬਾਅਦ ਵਿਚ ਕੱਟਣਾ ਪਿਆ। ਗੁਜਰ ਜੈਵਲਿਨ ਥਰੋਅ ਦੇ ਨਾਲ ਸ਼ਾਟ ਪੁੱਟ ਅਤੇ ਡਿਸਕਸ ਥਰੋਅ ਵਿਚ ਵੀ ਅੰਤਰ ਰਾਸ਼ਟਰੀ ਤਗਮੇ ਜਿੱਤ ਚੁਕਾ ਹੈ।

ਅਥਲੈਟਿਕਸ ਦੇ ਉੱਚੀ ਛਾਲ ਵਿਚ ਭਾਰਤ ਦੀ ਝੋਲੀ ਚਾਰ ਤਗਮੇ ਪਏ। ਪਹਿਲਾ ਤਗਮਾ ਮਰਦਾਂ ਦੇ ਟੀ-47 ਵਰਗ ਵਿਚ ਹਿਮਾਚਲ ਪ੍ਰਦੇਸ਼ ਦੇ 21 ਸਾਲਾਂ ਦੇ ਨਿਸ਼ਧ ਕੁਮਾਰ ਨੇ ਆਪਣੇ ਪਹਿਲੇ ਹੀ ਪੈਰਾਲੰਪਿਕਸ ਵਿਚ 2.0 6 ਮੀਟਰ ਉੱਚੀ ਛਾਲ ਨਾਲ ਚਾਂਦੀ ਦਾ ਤਗਮਾ ਜਿੱਤਿਆ। ਬਚਪਨ 'ਚ ਹੀ ਇਕ ਦੁਰਘਟਨਾ ਵਿਚ ਨਿਸ਼ਧ ਕੁਮਾਰ ਦਾ ਸੱਜਾ ਹੱਥ ਚਲਾ ਗਿਆ ਸੀ। ਦੂਜਾ ਤਗਮਾ ਮਰਦਾਂ ਦੇ ਟੀ-63 ਵਰਗ ਵਿਚ ਤਾਮਿਲਨਾਡੂ ਦੇ 26 ਸਾਲਾ ਮਰੀਯੱਪਨ ਥੰਗਾਵੇਲੂ ਨੇ 1.86 ਮੀਟਰ ਉੱਚੀ ਛਾਲ ਨਾਲ ਚਾਂਦੀ ਦਾ ਤਗਮਾ ਜਿੱਤਿਆ। ਰੀਓ ਪੈਰਾਲੰਪਿਕਸ-2016 ਵਿਚ ਸੋਨ ਤਗਮਾ ਜਿੱਤ ਚੁਕੇ ਮਰੀਯੱਪਨ ਦਾ ਬਚਪਨ ਵਿਚ ਹੀ ਸਕੂਲ ਜਾਂਦਿਆਂ ਬਸ ਥੱਲੇ ਆਉਣ ਕਾਰਨ ਸੱਜਾ ਪੈਰ ਗਿੱਟੇ ਦੇ ਉਪਰੋਂ ਕੱਟਣਾ ਪਿਆ ਸੀ।

ਤੀਸਰਾ ਕਾਂਸੇ ਦਾ ਤਗਮਾ ਵੀ ਟੀ-63 ਵਰਗ ਵਿਚ ਬਿਹਾਰ ਦੇ 29 ਸਾਲਾਂ ਦੇ ਸ਼ਰਦ ਕੁਮਾਰ ਨੇ 1.83 ਮੀਟਰ ਉੱਚੀ ਛਾਲ ਨਾਲ ਪ੍ਰਾਪਤ ਕੀਤਾ। ਆਪਣੇ ਬਚਪਨ ਵਿਚ ਖੱਬੀ ਲੱਤ ਵਿਚ ਅਧਰੰਗ ਦੇ ਸ਼ਿਕਾਰ ਸ਼ਰਦ ਕੁਮਾਰ ਏਸ਼ੀਆਈ ਪੈਰਾ ਖੇਡਾਂ ਦਾ ਰਿਕਾਰਡਧਾਰੀ ਅਤੇ ਸਾਬਕਾ ਵਿਸ਼ਵ ਨੰਬਰ ਇਕ ਐਥਲੀਟ ਰਹਿ ਚੁਕਾ ਹੈ। ਚੌਥਾ ਤਗਮਾ ਮਰਦਾਂ ਦੇ ਟੀ-64 ਵਰਗ ਵਿਚ ਨੋਇਡਾ (ਯੂ. ਪੀ.) ਵਾਸੀ 18 ਸਾਲਾ ਪ੍ਰਵੀਨ ਕੁਮਾਰ ਨੇ 2.07 ਮੀਟਰ ਉੱਚੀ ਛਾਲ ਨਾਲ ਨਵਾਂ ਏਸ਼ੀਆਈ ਰਿਕਾਰਡ ਬਣਾ ਕੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਪ੍ਰਵੀਨ ਦੀ ਖੱਬੀ ਲੱਤ ਵਿਚ ਜਮਾਂਦਰੂ ਨੁਕਸ ਸੀ। ਉਹ ਇਨ੍ਹਾਂ ਖੇਡਾਂ ਵਿਚ ਸਭ ਤੋਂ ਘੱਟ ਉਮਰ ਵਿਚ ਤਗਮਾ ਜਿੱਤਣ ਵਾਲਾ ਭਾਰਤੀ ਖਿਡਾਰੀ ਬਣਿਆ।

ਮਰਦਾਂ ਦੇ ਡਿਸਕਸ ਥਰੋਅ ਦੇ ਐਫ-56 ਵਰਗ ਵਿਚ ਦਿੱਲੀ ਦੇ ਰਹਿਣ ਵਾਲੇ 24 ਸਾਲਾ ਯੋਗੇਸ਼ ਕਥੂਨੀਆ ਨੇ 44.38 ਮੀਟਰ ਦੂਰ ਡਿਸਕਸ ਸੁੱਟ ਕੇ ਚਾਂਦੀ ਦਾ ਤਗਮਾ ਜਿੱਤਿਆ। ਯੋਗੇਸ਼ 9 ਸਾਲ ਦੀ ਉਮਰ ਵਿਚ ਨਿਊਰੋਲੋਜੀ ਦੀ ਬਿਮਾਰੀ ਤੋਂ ਪੀੜਤ ਹੋ ਗਿਆ ਸੀ, ਪਰ ਆਪਣੀ ਮਾਂ ਦੀ ਸੇਵਾ ਸੰਭਾਲ ਨਾਲ ਤਿੰਨਾਂ ਸਾਲਾਂ ਵਿਚ ਆਪਣੇ ਪੈਰਾਂ 'ਤੇ ਖੜ੍ਹਨ ਦੇ ਕਾਬਿਲ ਹੋ ਗਿਆ ਅਤੇ ਐਫ-36 ਵਰਗ ਦਾ ਵਿਸ਼ਵ ਰਿਕਾਰਡਧਾਰੀ ਬਣ ਗਿਆ। ਭਾਰਤ ਨੂੰ ਅਥਲੈਟਿਕਸ ਵਿਚ ਇਕ ਸੋਨੇ, ਪੰਜ ਚਾਂਦੀ ਅਤੇ ਦੋ ਕਾਂਸੀ ਦੇ ਤਗਮਿਆਂ ਸਮੇਤ ਕੁੱਲ ਅੱਠ ਤਗਮੇ ਪ੍ਰਾਪਤ ਹੋਏ।

**ਤੀਰ-ਅੰਦਾਜ਼ੀ:** ਕਿਸਾਨੀ ਪਰਿਵਾਰ ਨਾਲ ਸਬੰਧਿਤ ਕੈਥਲ (ਹਰਿਆਣਾ) ਦੇ 30 ਸਾਲਾ ਹਰਵਿੰਦਰ ਸਿੰਘ ਨੇ ਤੀਰ-ਅੰਦਾਜ਼ੀ ਦੇ ਗੇੜ (ਰਾਊਂਡ) 1/16 ਵਿਚ ਇਟਲੀ ਦੇ ਖਿਡਾਰੀ ਤੋਂ 6-5 ਨਾਲ, ਗੇੜ 1/8 ਵਿਚ ਰਸ਼ੀਅਨ ਉਲੰਪਿਕ ਕਮੇਟੀ ਦੇ ਖਿਡਾਰੀ ਤੋਂ 6-5 ਨਾਲ ਅਤੇ ਕੁਆਟਰ ਫਾਈਨਲ ਵਿਚ ਜਰਮਨੀ ਖਿਡਾਰੀ ਤੋਂ 6-2 ਨਾਲ ਜਿੱਤ ਪ੍ਰਾਪਤ ਕੀਤੀ, ਪਰ ਸੈਮੀ ਫਾਈਨਲ ਵਿਚ ਅਮਰੀਕੀ ਖਿਡਾਰੀ ਤੋਂ 4-6 ਨਾਲ ਹਾਰ ਗਿਆ। ਉਹ ਕਾਂਸੀ ਤਗਮੇ ਦੇ ਮੁਕਾਬਲੇ ਵਿਚ ਕੋਰੀਅਨ ਖਿਡਾਰੀ ਤੋਂ ਰੋਮਾਂਚਿਕ ਸ਼ੂਟ ਆਊਟ ਵਿਚ ਜਿੱਤ ਪ੍ਰਾਪਤ ਕਰਕੇ ਪੈਰਾਲੰਪਿਕਸ ਵਿਚ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਤੀਰ-ਅੰਦਾਜ਼ ਬਣਿਆ। ਹਰਵਿੰਦਰ ਦੀ ਇਕ ਲੱਤ ਨੇ ਬਚਪਨ ਵਿਚ ਬੁਖਾਰ ਦੇ ਇਕ ਟੀਕੇ ਦੇ ਪ੍ਰਭਾਵ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਸੀ।

**ਬੈਡਮਿੰਟਨ:** ਇਸ ਵਿਚ ਭਾਰਤ ਨੂੰ ਵਰਗ (ਐਸ. ਐਲ. 3) ਵਿਚ ਇਕ ਸੋਨੇ ਅਤੇ ਇਕ ਕਾਂਸੀ ਦਾ ਤਗਮਾ ਪ੍ਰਾਪਤ ਹੋਇਆ। ਭਾਰਤ ਲਈ ਇਨ੍ਹਾਂ ਪੈਰਾਲੰਪਿਕ ਖੇਡਾਂ ਦਾ ਚੌਥਾ ਸੋਨ ਤਗਮਾ ਉੜੀਸਾ ਦੇ 33 ਸਾਲਾ ਬੈਡਮਿੰਟਨ ਖਿਡਾਰੀ ਪ੍ਰਮੋਦ ਭਗਤ ਨੇ ਵਿਸ਼ਵ ਨੰਬਰ ਦੋ ਬਰਤਾਨਵੀ ਖਿਡਾਰੀ ਨੂੰ 2-0 ਨਾਲ ਹਰਾ ਕੇ ਜਿੱਤਿਆ। ਅਰਜੁਨ ਐਵਾਰਡੀ ਅਤੇ ਵਿਸ਼ਵ ਦੇ ਸਾਬਕਾ ਨੰਬਰ ਇਕ ਖਿਡਾਰੀ ਪ੍ਰਮੋਦ ਦੀ ਖੱਬੀ ਲੱਤ ਵਿਚ ਬਚਪਨ ਵਿਚ ਕੁਦਰਤੀ ਨੁਕਸ ਪੈ ਗਿਆ ਸੀ। ਇਸੇ ਵਰਗ ਵਿਚ ਉਤਰਾਖੰਡ ਦੇ 31 ਸਾਲਾ ਅਰਜੁਨ ਐਵਾਰਡੀ ਅਤੇ ਵਿਸ਼ਵ ਦੇ ਮੌਜੂਦਾ ਨੰਬਰ ਇਕ ਖਿਡਾਰੀ ਮਨੋਜ ਸਰਕਾਰ ਨੇ ਜਪਾਨੀ ਖਿਡਾਰੀ ਨੂੰ 2-0 ਨਾਲ ਹਰਾ ਕੇ ਕਾਂਸੀ ਦਾ ਤਗਮਾ ਹਾਸਿਲ ਕੀਤਾ। ਪ੍ਰਮੋਦ ਨੂੰ ਬਚਪਨ ਵਿਚ ਹੀ ਗਲਤ ਦਵਾਈ ਕਾਰਨ ਲੱਤ ਵਿਚ ਅਧਰੰਗ ਦੀ ਸ਼ਿਕਾਇਤ ਹੋ ਗਈ ਸੀ।

ਭਾਰਤ ਨੂੰ ਇਨ੍ਹਾਂ ਪੈਰਾਲੰਪਿਕਸ ਦਾ ਪੰਜਵਾਂ ਸੋਨ ਤਗਮਾ ਵੀ ਬੈਡਮਿੰਟਨ ਵਿਚ ਪੁਰਸ਼ਾਂ ਦੇ ਵਰਗ (ਐਸ. ਐਚ. 6) ਵਿਚ ਪ੍ਰਾਪਤ ਹੋਇਆ। ਰਾਜਸਥਾਨ ਦੇ 22 ਸਾਲਾ ਸਾਬਕਾ ਵਿਸ਼ਵ ਨੰਬਰ ਦੋ ਖਿਡਾਰੀ ਕ੍ਰਿਸ਼ਨਾ ਨਾਗਰ ਨੇ ਹਾਂਗ ਕਾਂਗ ਦੇ ਖਿਡਾਰੀ ਨੂੰ 2-1 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਕ੍ਰਿਸ਼ਨਾ ਨਾਗਰ ਦਾ ਸਰੀਰਕ ਵਾਧਾ ਦੋ ਸਾਲ ਦੀ ਉਮਰ ਵਿਚ ਹੀ ਬਹੁਤ ਘੱਟ ਗਿਆ ਸੀ, ਜਿਸ ਕਾਰਨ ਉਸ ਦਾ ਕੱਦ ਕੇਵਲ 4 ਫੁੱਟ 6 ਇੰਚ ਹੀ ਵੱਧ ਸਕਿਆ। ਬੈਡਮਿੰਟਨ ਦੇ ਵਰਗ (ਐਸ. ਐਲ. 4) ਵਿਚ ਵਿਸ਼ਵ ਦੇ ਮੌਜੂਦਾ ਨੰਬਰ ਦੋ ਖਿਡਾਰੀ 38 ਸਾਲਾਂ ਸੁਹਾਸ ਯਥਰਾਜ ਫਰਾਂਸ ਦੇ ਖਿਡਾਰੀ ਤੋਂ ਫਾਈਨਲ ਵਿਚ 1-2 ਨਾਲ ਹਾਰ ਗਿਆ ਅਤੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਆਪਣੇ ਸੱਜੇ ਪੈਰ ਵਿਚ ਨੁਕਸ ਵਾਲਾ ਇਹ ਪੈਰਾਲੰਪਿਕਸ ਖਿਡਾਰੀ ਇਕ ਭਾਰਤੀ ਆਈ. ਏ. ਐਸ. ਅਧਿਕਾਰੀ ਵੀ ਹੈ। ਭਾਰਤ ਨੂੰ ਬੈਡਮਿੰਟਨ ਵਿਚ ਦੋ ਸੋਨੇ, ਇਕ ਚਾਂਦੀ ਅਤੇ ਇਕ ਕਾਂਸੀ ਦੇ ਤਗਮੇ ਸਮੇਤ ਕੁੱਲ ਚਾਰ ਤਗਮੇ ਪ੍ਰਾਪਤ ਹੋਏ।

ਭਾਰਤ ਦੇ ਕਈ ਖਿਡਾਰੀ ਤਗਮਾ ਜਿੱਤਣ ਤੋਂ ਖੁੰਝ ਗਏ ਜਿਵੇਂ ਸੁਮਨ ਰਾਣਾ ਮਰਦਾਂ ਦੇ ਐਫ-57 ਵਰਗ ਦੇ ਸ਼ਾਟ ਪੁੱਟ, ਸੰਦੀਪ ਚੌਧਰੀ ਮਰਦਾਂ ਦੇ ਐਫ-64 ਦੇ ਜੈਵਲਿਨ ਥਰੋਅ ਅਤੇ ਨਵਦੀਪ ਮਰਦਾਂ ਦੇ ਐਫ-41 ਵਰਗ ਦੇ ਜੈਵਲਿਨ ਥਰੋਅ ਵਿਚ ਚੌਥੇ ਸਥਾਨ 'ਤੇ ਰਹੇ। ਵਿਨੋਦ ਕੁਮਾਰ ਨੇ ਮਰਦਾਂ ਦੇ ਐਫ-52 ਵਰਗ ਦੇ ਡਿਸਕਸ ਥਰੋਅ ਵਿਚ ਕਾਂਸੇ ਦਾ ਤਗਮਾ ਜਿੱਤਿਆ ਸੀ, ਪਰ ਜਾਂਚ ਕਮੇਟੀ ਨੇ ਮੁਕਾਬਲੇ ਤੋਂ ਬਾਅਦ ਵਿਨੋਦ ਦੀ ਸਰੀਰਕ ਅਯੋਗਤਾ ਨੂੰ ਐਫ-52 ਦੇ ਕਾਬਲ ਨਾ ਮੰਨਦਿਆਂ ਉਸ ਨੂੰ ਅਯੋਗ ਕਰਾਰ ਦੇ ਦਿੱਤਾ। ਨਿਸ਼ਾਨੇਬਾਜ਼ੀ ਵਿਚ ਸਵਰੂਪ ਮਹਾਂਵੀਰ ਮਰਦਾਂ ਦੇ 10 ਮੀਟਰ ਏਅਰ ਰਾਈਫਲ ਵਿਚ 203.9 ਅੰਕਾਂ ਨਾਲ ਚੌਥੇ ਸਥਾਨ 'ਤੇ ਰਿਹਾ। ਬੈਡਮਿੰਟਨ ਵਿਚ ਤਰੁਣ ਢਿੱਲੋਂ ਪੁਰਸ਼ਾਂ ਦੇ ਵਰਗ (ਐਸ. ਐਲ. 4) ਵਿਚ ਇੰਡੋਨੇਸ਼ੀਆਈ ਖਿਡਾਰੀ ਤੋਂ ਹਾਰ ਕੇ ਚੌਥੇ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਬੈਡਮਿੰਟਨ ਵਿਚ ਪ੍ਰਮੋਦ ਤੇ ਪਲਕ ਦੀ ਮਿਸ਼ਰਤ ਜੋੜੀ ਵੀ ਜਪਾਨੀ ਜੋੜੀ ਤੋਂ ਹਾਰ ਕੇ ਚੌਥੇ ਸਥਾਨ 'ਤੇ ਰਹੀ।

ਭਾਰਤ ਇਸ ਤੋਂ ਪਹਿਲਾਂ 1984 ਅਤੇ 2016 ਵਿਚ ਇਕ ਹੀ ਪੈਰਾਲੰਪਿਕਸ ਵਿਚ ਵੱਧ ਤੋਂ ਵੱਧ ਚਾਰ ਤਗਮੇ ਹੀ ਪ੍ਰਾਪਤ ਕਰ ਸਕਿਆ ਸੀ। ਇਸ ਵਾਰ ਇਕ ਹੀ ਪੈਰਾਲੰਪਿਕਸ ਵਿਚ ਭਾਰਤ ਦੀ ਝੋਲੀ 19 ਤਗਮੇ ਆਏ ਹਨ। ਭਾਰਤੀ ਖਿਡਾਰੀਆਂ ਨੂੰ ਖਾਸ ਕਰਕੇ ਪੈਰਾ ਐਥਲੀਟਸ ਨੂੰ ਜੋ ਸਹੂਲਤਾਂ ਮਿਲਦੀਆਂ ਹਨ, ਉਸ ਅਨੁਸਾਰ ਇਹ ਬਹੁਤ ਵਧੀਆ ਕਾਰਗੁਜ਼ਾਰੀ ਮੰਨੀ ਜਾ ਸਕਦੀ ਹੈ। ਇਸ ਵਾਰ ਭਾਰਤ ਦਾ ਪੈਰਾਲੰਪਿਕਸ ਤਗਮਾ ਸੂਚੀ ਵਿਚ ਹੁਣ ਤੱਕ ਦਾ ਸਭ ਤੋਂ ਬਿਹਤਰ 24ਵਾਂ ਦਰਜਾ ਰਿਹਾ ਹੈ। ਹਰਿਆਣਾ ਸਰਕਾਰ ਨੇ ਆਪਣੇ ਜੇਤੂ ਪੈਰਾਐਥਲੀਟਸ ਨੂੰ ਭਾਰੀ ਇਨਾਮੀ ਰਾਸ਼ੀ ਨਾਲ ਨਿਵਾਜਿਆ ਹੈ, ਇਸੇ ਤਰ੍ਹਾਂ ਭਾਰਤ ਸਰਕਾਰ ਅਤੇ ਹੋਰਨਾਂ ਰਾਜਾਂ ਨੂੰ ਵੀ ਆਪਣੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਸਾਰੇ ਜੇਤੂ ਖਿਡਾਰੀਆਂ ਨੂੰ ਮੁਬਾਰਕਾਂ ਅਤੇ ਅਗਲੇ ਮੁਕਾਬਲਿਆਂ ਲਈ ਸ਼ੁਭ ਕਾਮਨਾਵਾਂ।



ਟੋਕੀਓ ਪੈਰਾਲੰਪਿਕਸ ਵਿਚ ਤਗਮੇ ਜਿੱਤਣ ਵਾਲੇ ਭਾਰਤੀ ਖਿਡਾਰੀ

## ਸੋਧ

***'ਪੰਜਾਬ ਟਾਈਮਜ਼' ਦੇ 18 ਸਤੰਬਰ 2021 ਦੇ ਅੰਕ ਵਿਚ ਛਪੇ ਲੇਖ 'ਖੇਡ, ਸਮਾਜਿਕ ਤੇ ਧਾਰਮਿਕ ਸੇਵਾ ਨੂੰ ਸਮਰਪਿਤ ਗੁਰਮੁਖ ਸਿੰਘ' ਵਿਚ ਗੁਰਮੁਖ ਸਿੰਘ ਦੇ ਪਿਤਾ ਦਾ ਨਾਂ ਦਿਆਲ ਸਿੰਘ ਦੀ ਥਾਂ ਗੁਰਦਿਆਲ ਸਿੰਘ ਤੇ ਬੇਟੇ ਸਹਿਬਾਜ ਸਿੰਘ ਦਾ ਨਾਂ ਸ਼ਾਹਬੇਗ ਸਿੰਘ ਪੜ੍ਹਿਆ ਜਾਵੇ।***

# ਬੈਚ ਫੁੱਲ ਵਾਲਨਟ: ਤਬਦੀਲੀ ਦਾ ਕਸ਼ਟ

ਫੁੱਲ ਦਵਾਈ ਵਾਲਨਟ (Walnut) ਅਖਰੋਟ ਪੌਦੇ ਦੇ ਫੁੱਲਾਂ ਤੋਂ ਬਣਦੀ ਹੈ, ਜੋ ਬਹੁਤਾ ਕਰਕੇ ਉੱਚੇ ਧਰਾਤਲ ਤੇ ਠੰਡੇ ਪੌਣ ਪਾਣੀ ਵਾਲੀਆਂ ਥਾਂਵਾਂ 'ਤੇ ਪੈਦਾ ਹੁੰਦਾ ਹੈ। ਬਨਾਸਪਤੀ ਸਾਸ਼ਤਰ ਦੀ ਨਾਮਾਵਲੀ ਅਨੁਸਾਰ ਇਸ ਦਾ ਨਾਂ ਜੁਗਲਾਂਸ ਰੇਜੀਆ (Juglans Regia) ਹੈ। ਜੇ ਇਸ ਦਵਾਈ ਨੂੰ ਮਨੁੱਖਤਾ ਲਈ ਅਤਿ ਮਹੱਤਵਪੂਰਨ ਨਾ ਕਿਹਾ ਜਾਵੇ ਤਾਂ ਇਸ ਨਾਲ ਭਾਰੀ ਜ਼ਿਆਦਤੀ ਹੋਵੇਗੀ, ਕਿਉਂਕਿ ਇਹ ਬਹੁ-ਮੁਖੀ ਤੇ ਵੱਡੇ ਦਾਇਰੇ ਵਿਚ ਵਰਤੀ ਜਾ ਸਕਣ ਵਾਲੀ ਦਵਾਈ ਹੈ। ਭਾਵੇਂ ਇਸ ਨੂੰ ਸਾਰੇ ਲੋਕਾਂ ਦੀ ਮੁੱਖ ਦਵਾਈ ਨਾ ਵੀ ਕਹੀਏ ਤਾਂ ਵੀ ਜੀਵਨ ਵਿਚ ਬਹੁਤਿਆਂ ਨੂੰ ਸਮੇਂ ਸਮੇਂ 'ਤੇ ਇਸ ਦੀਆਂ ਤਕਲੀਫਾਂ ਆਉਂਦੀਆਂ ਹੀ ਰਹਿੰਦੀਆਂ ਹਨ। ਜਿਨ੍ਹਾਂ ਤਕਲੀਫਾਂ ਤੋਂ ਵਾਲਨਟ ਛੁਟਕਾਰਾ ਦਿਵਾਉਂਦੀ ਹੈ, ਉਨ੍ਹਾਂ ਦਾ ਇਲਾਜ ਕਿਸੇ ਹੋਰ ਦਵਾਈ ਪ੍ਰਣਾਲੀ ਵਿਚ ਨਹੀਂ ਹੈ। ਮੇਰੀ ਸਮਝ ਵਿਚ ਇਹ ਉਨ੍ਹਾਂ ਦਵਾਈਆਂ ਵਿਚੋਂ ਇਕ ਹੈ, ਜੋ ਘਰ ਵਿਚ ਸਦਾ ਹੋਣੀਆਂ ਚਾਹੀਦੀਆਂ ਹਨ ਅਤੇ ਪਰਸ ਵਿਚ ਹਮੇਸ਼।

ਵਾਲਨਟ ਦਾ ਮੂਲ ਵੇਰਵਾ ਡਾ. ਬੈਚ ਦੀ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਮੌਲਿਕ ਪੁਸਤਕ ਵਿਚ ਮਿਲਦਾ ਹੈ। ਉਸ ਅਨੁਸਾਰ ਇਹ ਦਵਾਈ ਉਨ੍ਹਾਂ ਲਈ ਹੈ, "ਜਿਨ੍ਹਾਂ ਦੇ ਜੀਵਨ ਵਿਚ ਆਪਣੇ ਕੁਝ ਉਦੇਸ਼ ਤੇ ਉਮੀਦਾਂ ਹੁੰਦੀਆਂ ਹਨ, ਜਿਨ੍ਹਾਂ ਦੀ ਪੂਰਤੀ ਲਈ ਉਹ ਕੰਮ ਕਰ ਰਹੇ ਹੁੰਦੇ ਹਨ, ਪਰ ਕੁਝ ਵਿਰਲੇ ਮੌਕਿਆਂ 'ਤੇ ਉਹ ਕਿਸੇ ਹੋਰ ਵਿਆਕਤੀਆਂ ਦੇ ਪ੍ਰਭਾਵ, ਭਾਵਨਾਤਮਿਕ ਜੋਸ਼, ਮਾਨਤਾ, ਵਿਚਾਰ ਜਾਂ ਧਾਰਨਾ ਦੇ ਅਸਰ ਅਧੀਨ ਵਰਗਲਾਏ ਜਾਣ ਕਰਕੇ ਆਪਣੀ ਸੋਚ ਤੇ ਆਸਿਆਂ ਤੋਂ ਪਾਸਾ ਵੱਟਣ ਲਗਦੇ ਹਨ। ਇਹ ਦਵਾਈ ਉਨ੍ਹਾਂ ਨੂੰ ਬਾਹਰਲੇ ਪ੍ਰਭਾਵਾਂ ਤੋਂ ਬਚਾਅ ਕੇ ਜੀਵਨ ਵਿਚ ਸਥਿਰਤਾ ਪ੍ਰਦਾਨ ਕਰਦੀ ਹੈ।

ਫੁੱਲ ਦਵਾਈ ਵਾਲਨਟ ਬਾਰੇ ਡਾ. ਬੈਚ ਦੀ ਇਸ ਟਿੱਪਣੀ ਦੀ ਪਹਿਲੀ ਵਿਸ਼ੇਸ਼ ਗੱਲ ਇਹ ਹੈ ਕਿ ਇਹ ਬੜੀ ਸਿੱਧੀ ਸਾਦੀ ਹੈ। ਜਿੰਨੀ ਕੋਈ ਚੀਜ਼ ਸਿੱਧੀ ਤੇ ਸਪਸ਼ਟ ਹੁੰਦੀ ਹੈ, ਉਨਾ ਹੀ ਉਸ ਦਾ ਘੇਰਾ ਵਿਸ਼ਾਲ ਹੁੰਦਾ ਹੈ, ਭਾਵ ਉਨੀ ਹੀ ਉਹ ਬਹੁਤੇ ਵਿਅਕਤੀਆਂ ਦੇ ਸੁਭਾਵਾਂ 'ਤੇ ਲਾਗੂ ਹੁੰਦੀ ਹੈ ਤੇ ਆਮ ਵਰਤੋਂ ਵਿਚ ਆਉਂਦੀ ਹੈ। ਜੋ ਦਵਾਈ ਬਹੁਤੇ ਵਿਅਕਤੀਆਂ ਨੂੰ ਲਾਭ ਪਹੁੰਚਾਉਂਦੀ ਹੋਵੇ, ਉਹ ਵਧੇਰੇ ਅਹਿਮ ਵੀ ਹੁੰਦੀ ਹੈ। ਸੋ ਵਾਲਨਟ ਇਕ ਅਹਿਮ ਫੁੱਲ ਦਵਾਈ ਹੈ, ਜਿਸ ਦੀਆਂ ਤਕਲੀਫਾਂ ਮਨੁੱਖਤਾ ਨੂੰ ਵੱਡੇ ਪੈਮਾਨੇ 'ਤੇ ਘੇਰਦੀਆਂ ਹਨ। ਤਦੇ ਹੀ ਡਾ. ਬੈਚ ਨੇ ਦੱਸਿਆ ਹੈ ਕਿ ਇਹ ਉਨ੍ਹਾਂ ਲੋਕਾਂ ਲਈ ਹੈ, ਜੋ ਆਪਣੇ ਜੀਵਨ ਦੇ ਉਦੇਸ਼ਾਂ ਤੇ ਉਮੀਦਾਂ ਦੀ ਪੂਰਤੀ ਦੇ ਕਾਰਜਾਂ ਵਿਚ ਰੁੱਝੇ ਹੁੰਦੇ ਹਨ। ਦੇਖਿਆ ਜਾਵੇ ਤਾਂ ਸਾਰੇ ਹੀ ਆਪਣੇ ਆਪਣੇ ਉਦੇਸ਼ਾਂ ਤੇ ਆਸਾਂ ਨੂੰ ਪੂਰਾ ਕਰਨ ਵਿਚ ਲੱਗੇ ਹੁੰਦੇ ਹਨ। ਇਸ ਲਈ ਇਹ ਪ੍ਰਸਥਿਤੀਆਂ ਅਨੁਸਾਰ ਸਭ ਲਈ ਵਰਤੀ ਜਾ ਸਕਦੀ ਹੈ। ਇਸ ਵਿਚ ਦੂਜੀ ਵੱਡੀ ਗੱਲ ਇਨ੍ਹਾਂ ਪ੍ਰਸਥਿਤੀਆਂ ਬਾਰੇ ਹੀ ਹੈ। ਵਿਅਸਤ ਲੋਕ ਕਦੇ ਕਦੇ ਕੁਝ ਕਾਰਨਾਂ ਕਰ ਕੇ ਆਪਣੇ ਆਸੇ ਤੋਂ ਭਟਕ ਜਾਂਦੇ ਹਨ। ਮਿਸਾਲ ਵਜੋਂ ਉਹ ਦੂਜੇ ਲੋਕਾਂ ਦੇ ਸੰਪਰਕ ਵਿਚ ਆਉਂਦੇ ਹਨ ਤੇ ਗੱਲੀਂ ਬਾਤੀਂ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਉਹ ਦੂਜਿਆਂ ਤੋਂ ਸੁਣ ਕੇ ਫਸਲ ਦਾ ਬੀਜ ਬਦਲ ਦਿੰਦੇ ਹਨ, ਬੱਚਿਆਂ ਦਾ ਸਕੂਲ ਤਬਦੀਲ ਕਰ ਦਿੰਦੇ ਹਨ ਤੇ ਖਾਣ-ਪੀਣ ਦੀਆਂ ਵਸਤਾਂ ਬਦਲ ਲੈਂਦੇ ਹਨ। ਮਾੜੀ ਸੰਗਤ ਵਿਚ ਬੈਠ ਕੇ ਸ਼ਰਾਬ ਪੀਣ ਜਾਂ ਭੁੱਕੀ ਖਾਣ ਲਗਦੇ ਹਨ। ਵ੍ਹਹੁਟੀਆਂ ਗਵਾਂਢਣਾਂ ਦੇ ਟੇਟੇ ਚੜ੍ਹ ਜਾਂਦੀਆਂ ਹਨ। ਕਈ ਵਾਰ ਉਹ ਆਪਣੇ ਤੋਂ ਵੱਧ ਤੇਜ਼-ਤਰਾਰ ਜਾਂ ਮਹਾਨ ਵਿਅਕਤੀ ਤੋਂ ਇੰਨੇ ਜ਼ਿਆਦਾ ਪ੍ਰਭਾਵਿਤ ਹੋ ਜਾਂਦੇ ਹਨ ਕਿ ਆਪਣੇ ਜੀਵਨ ਦਾ ਰਸਤਾ ਬਦਲ ਲੈਂਦੇ ਹਨ। ਕਈ ਚੋਰੀਆਂ ਡਾਕੇ ਮਾਰਨੇ ਛੱਡ ਦਿੰਦੇ ਹਨ ਤੇ ਕਈ ਸੰਨਿਆਸ ਧਾਰ ਲੈਂਦੇ ਹਨ। ਕਈ ਕਿਸੇ ਦੀ ਜੋਸ਼ੀਲੀ ਤਕਰੀਰ ਸੁਣ ਕੇ ਉਸ ਨਾਲ ਹੀ ਹੋ ਤੁਰਦੇ ਹਨ ਜਾਂ ਹਿੰਸਾ 'ਤੇ ਉਤਰ ਆਉਂਦੇ ਹਨ। ਫੁੱਲ ਦਵਾਈ ਵਾਲਨਟ ਅਜਿਹੇ ਤਬਦੀਲੀ ਭਰੇ ਮੌਕਿਆਂ 'ਤੇ ਕੰਮ ਆਉਂਦੀ ਹੈ।

ਡਾ. ਬੈਚ ਇਸ ਬਾਰੇ ਤੀਜੀ ਖਾਸ ਗੱਲ ਇਹ ਦੱਸਦੇ ਹਨ ਕਿ ਇਹ ਦਵਾਈ ਮਨੁੱਖ ਦੇ ਵਿਹਾਰ ਤੇ ਕਾਰਜਕਰਮ ਵਿਚ ਬਾਹਰਲੇ ਪ੍ਰਭਾਵਾਂ ਕਾਰਨ ਆਈ ਤਬਦੀਲੀ ਤੋਂ ਪੈਦਾ ਹੋਣ ਵਾਲੀਆਂ ਤਕਲੀਫਾਂ ਨੂੰ ਖਤਮ ਕਰਦੀ ਹੈ। ਇਹ ਬਾਹਰਲੇ ਪ੍ਰਭਾਵ ਉਸ ਦੇ ਪ੍ਰਤੀਕਰਮਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ ਤੇ ਉਸ ਦੇ ਸਰੀਰ ਨੂੰ ਵੀ। ਇਸ ਲਈ ਇਹ ਇਕ ਮਾਨਸਿਕ ਦਵਾਈ ਹੀ ਨਹੀਂ, ਸਗੋਂ ਸਰੀਰਕ ਤਕਲੀਫਾਂ ਦੀ ਵੀ ਉੱਤਮ ਦਵਾਈ ਹੈ। ਮੇਰੇ ਵਿਚਾਰ ਵਿਚ ਤਾਂ ਬੈਚ ਫੁੱਲ ਪੱਧਤੀ ਦੀ ਇਹੋ ਇਕ ਦਵਾਈ ਹੈ, ਜੋ ਸਰੀਰਕ ਸਮੱਸਿਆਵਾਂ ਲਈ ਸਿੱਧੀ ਵਰਤੀ ਜਾਂਦੀ ਹੈ।

ਡਾ. ਬੈਚ ਦੇ ਬਿਆਨ ਦੀ ਉਪਰੋਕਤ ਵਿਆਖਿਆ ਅਨੁਸਾਰ ਫੁੱਲ ਦਵਾਈ ਵਾਲਨਟ ਦੋ ਮਾਨਸਿਕ ਸਥਿਤੀਆਂ ਵਿਚ ਮਦਦਗਾਰ ਸਾਬਤ ਹੁੰਦੀ ਹੈ। ਪਹਿਲੀ ਬਾਹਰਲੇ ਪ੍ਰਭਾਵ ਦੀ ਰੋਕਥਾਮ ਵਜੋਂ ਤੇ ਦੂਜੀ ਬਾਹਰਲੇ ਪ੍ਰਭਾਵ ਦੇ ਇਲਾਜ ਵਜੋਂ। ਜਦੋਂ ਬਾਹਰੀ ਪ੍ਰਭਾਵ ਮਨੁੱਖ ਨੂੰ ਉਸ ਦੇ ਆਸਿਆਂ ਤੇ ਉਮੀਦਾਂ ਤੋਂ ਭਟਕਾਉਣ ਲੱਗੇ ਤਾਂ ਇਸ ਦੀਆਂ




ਕੁਝ ਖੁਰਾਕਾਂ ਉਸ ਨੂੰ ਬਚਾਉਣ ਦਾ ਕੰਮ ਕਰਨਗੀਆਂ। ਜਦੋਂ ਕੋਈ ਬੱਚਿਆਂ ਨੂੰ ਨਸ਼ਿਆਂ 'ਤੇ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਤਾਂ ਬੱਚਿਆਂ ਨੂੰ ਦਿੱਤੀ ਵਾਲਨਟ ਦੀ ਖੁਰਾਕ ਉਨ੍ਹਾਂ ਨੂੰ ਅਖਰੋਟ ਜਿਹਾ ਸਖਤ ਬਣਾ ਦੇਵੇਗੀ ਤੇ ਨਸ਼ਾ ਲਾਉਣ ਵਾਲੇ ਨੂੰ ਅਸਫਲ ਕਰ ਦੇਵੇਗੀ। ਜਿਨ੍ਹਾਂ ਔਰਤਾਂ ਨੂੰ ਡਰ ਹੈ ਕਿ ਉਨ੍ਹਾਂ ਦੇ ਮਰਦ ਗਲਤ ਸੰਗਤ ਵਿਚ ਪੈ ਕੇ ਘਰ ਦੀ ਬਰਬਾਦੀ ਵਲ ਵਧ ਰਹੇ ਹਨ, ਉਨ੍ਹਾਂ ਨੂੰ ਉਨ੍ਹਾਂ ਨਾਲ ਲੜਨਾ ਨਹੀਂ ਚਾਹੀਦਾ, ਸਗੋਂ ਫੁੱਲ ਦਵਾਈ ਵਾਲਨਟ ਦੇਣੀ ਚਾਹੀਦੀ ਹੈ। ਜੇ ਇਹੀ ਬੱਚੇ ਜਾਂ ਮਰਦ ਪਹਿਲਾਂ ਹੀ ਨਸ਼ਿਆਂ ਦਾ ਸ਼ਿਕਾਰ ਹੋਏ ਹੋਣ ਤੇ ਹੁਣ ਛੱਡਣ ਦੀਆਂ ਤਕਲੀਫਾਂ ਕਾਰਨ ਕੋਸ਼ਿਸ਼ ਕਰਦਿਆਂ ਵੀ ਛੱਡ ਨਾ ਸਕਦੇ ਹੋਣ, ਤਾਂ ਫੁੱਲ ਦਵਾਈ ਵਾਲਨਟ ਉਨ੍ਹਾਂ ਦੇ ਕਸ਼ਟ ਨੂੰ ਸਹਿਨਯੋਗ ਬਣਾ ਕੇ ਉਨ੍ਹਾਂ ਨੂੰ ਸਹੀ ਰਾਹ ਪਾ ਦੇਵੇਗੀ।

ਹਰ ਇਕ ਦੇ ਜੀਵਨ ਵਿਚ ਪ੍ਰਭਾਵਸ਼ਾਲੀ ਵਿਅਕਤੀ ਆਉਂਦੇ ਹਨ। ਇਹ ਬਹੁਤਾ ਕਰ ਕੇ ਮਾਂ, ਪਿਓ, ਵੱਡੇ ਭੈਣ-ਭਰਾ, ਜਮਾਤੀ, ਅਧਿਆਪਕ, ਜਨ-ਨਾਇਕ, ਫਿਲਮੀ ਕਲਾਕਾਰ, ਉੱਘੇ ਸਮਾਜਿਕ ਜਾਂ ਇਤਿਹਾਸਕ ਵਿਅਕਤੀ ਹੁੰਦੇ ਹਨ। ਬਹੁਤੇ ਲੋਕ ਆਪਣੇ ਵਿਅਕਤਿਤਵ ਦਾ ਸੁਤੰਤਰ ਵਿਕਾਸ ਕਰਨ ਦੀ ਥਾਂ ਇਨ੍ਹਾਂ ਦੀ ਨਕਲ ਕਰਨ ਲੱਗ ਜਾਂਦੇ ਹਨ। ਕੋਈ ਮੁਕੇਸ਼ ਦੀ ਤਾਨ ਦਾ ਦੀਵਾਨਾ ਬਣ ਜਾਂਦਾ ਹੈ, ਕੋਈ ਰਾਜ ਕੁਮਾਰ ਦੇ ਡਾਇਲਾਗ ਮਾਰਨ ਲਗਦਾ ਹੈ, ਕੋਈ ਸ਼ਾਹਰੁਖ ਖਾਨ ਦੇ ਵਾਲਾਂ ਦੀ ਕਾਪੀ ਕਰਦਾ ਹੈ ਤੇ ਕੋਈ ਧਰਮਿੰਦਰ ਵਾਂਗ ਦੋ ਵਿਆਹ ਕਰਨ ਦੀ ਸੋਚਦਾ ਹੈ। ਕਈ ਪੜ੍ਹਾਈ ਵਿਚੇ ਛੱਡ ਕੇ ਬੰਬਈ ਚਲੇ ਜਾਂਦੇ ਹਨ, ਕਈ ਮਾਸ਼ੂਕ ਪਿੱਛੇ ਪਾਕਿਸਤਾਨ ਚਲੇ ਜਾਂਦੇ ਹਨ ਤੇ ਕਈ ਬੀਬੀਆਂ ਅਜਿਹੇ ਕੰਮਾਂ ਲਈ ਐਸ. ਜੀ. ਪੀ. ਸੀ. ਦੇ ਜਥਿਆਂ ਰਾਹੀਂ ਉੱਥੇ ਪਹੁੰਚ ਜਾਂਦੀਆਂ ਹਨ। ਕਈ ਆਪਣੇ ਹੀ ਧਰਮ ਵਿਚ ਜਾਨੂੰਨੀ ਸ਼ਰਧਾ ਬਣਾ ਕੇ ਆਪਣਾ ਜੀਵਨ ਅਸਾਵਾਂ ਬਣਾ ਕਰ ਲੈਂਦੇ ਹਨ। ਉਨ੍ਹਾਂ ਨੂੰ ਕਾਇਨਾਤ ਵਿਚ ਇਕੋ ਹੀ ਰੰਗ ਪਿਆਰਾ ਲੱਗਣ ਲਗਦਾ ਹੈ ਤੇ ਬਾਕੀ ਰੰਗ ਫਿੱਕੇ ਲਗਦੇ ਹਨ। ਭਾਵੇਂ ਇਨ੍ਹਾਂ ਗੱਲਾਂ ਵਿਚ ਚੰਗਾ-ਮਾੜਾ ਕੁਝ ਵੀ ਨਾ ਹੋਵੇ ਤਾਂ ਵੀ ਜਦੋਂ ਇਹ ਇਕ ਹੱਦ ਤੋਂ ਵਧ ਜਾਣ ਤਾਂ ਇਹ ਉਨ੍ਹਾਂ ਦੀ ਜੀਵਨ ਸ਼ੈਲੀ ਤੇ ਰਿਣੀ ਪ੍ਰਭਾਵ ਪਾਉਂਦੀਆਂ ਹਨ। ਇਸ ਲਈ ਜਦੋਂ ਵੀ ਕਿਸੇ ਦੇ ਮਨ ਵਿਚ ਕਿਸੇ ਦੂਜੇ ਦੀ ਕਾਪੀ ਕਰਨ ਦੀ ਤਰੰਗ ਉੱਠੇ, ਭਾਵ ਨਹਿਰੂ ਨੂੰ ਦੇਖ ਕੇ ਗਾਂਧੀ ਟੋਪੀ ਪਹਿਨਣ ਨੂੰ ਮਨ ਕਰੇ, ਗਾਂਧੀ ਨੂੰ ਦੇਖ ਚਰਖਾ ਕੱਤਣ ਨੂੰ ਚਿੱਤ ਕਰੇ, ਕਿਸੇ ਧਾਰਮਿਕ ਸੰਤ ਦੀ ਸ਼ਾਨੋ ਸ਼ੌਕਤ ਨੂੰ ਦੇਖ ਕੇ ਸੰਤਗਿਰੀ ਵਿਚ ਪੈਰ ਧਰਨ ਦੀ ਇੱਛਾ ਜਾਗੇ, ਤਾਂ ਉਹ ਆਪਣੇ ਪੈਰਾਂ ਨੂੰ ਉਖੜਨ ਤੋਂ ਬਚਾਉਣ ਲਈ ਫੁੱਲ ਦਵਾਈ ਵਾਲਨਟ ਦਾ ਪ੍ਰਯੋਗ ਕਰੇ।

ਇਸ ਫੁੱਲ ਦਵਾਈ ਦੇ ਮਾਨਸਿਕ ਇਲਾਜ ਦਾ ਦੂਜਾ ਪਾਸਾ ਅਤਿ-ਅਧਿਕ ਸੰਵੇਦਨਸ਼ੀਲਤਾ ਨੂੰ ਕਾਬੂ ਕਰਨਾ ਹੈ। ਇਸ ਦੇ ਮਰੀਜ਼ ਭਾਵੁਕ ਤੌਰ 'ਤੇ ਬੜੇ ਮਲੂਕ ਹੁੰਦੇ ਹਨ, ਜੋ ਸਮੇਂ ਦੀ ਪਹਿਲੀ ਚਪੇੜ ਨਾਲ ਹੀ ਰੋਣ ਲੱਗ ਪੈਂਦੇ ਹਨ। ਇਨ੍ਹਾਂ ਦੀ ਤੁਲਨਾ ਪੌਦੇ ਦੀਆਂ ਨਰਮ ਕਰੂੰਬਲਾਂ ਨਾਲ ਕੀਤੀ ਜਾ ਸਕਦੀ ਹੈ, ਜੋ ਗਰਮੀ-ਸਰਦੀ ਤੇ ਸੋਕਾ ਪੈਣ ਨਾਲ ਸਭ ਤੋਂ ਪਹਿਲਾਂ ਮੁਰਝਾ ਜਾਂਦੀਆਂ ਹਨ। ਵਾਲਨਟ ਦੇ ਮਰੀਜ਼ ਦਾ ਦਿਲ ਵੀ ਇਨ੍ਹਾਂ ਵਾਂਗ ਹੀ ਕੋਮਲ ਹੁੰਦਾ ਹੈ। ਇਹ ਜੀਵਨ ਦੀਆਂ ਬਦਲਦੀਆਂ ਪ੍ਰਸਥਿਤੀਆਂ ਵਿਚ ਛੇਤੀ ਘਬਰਾ ਜਾਂਦਾ ਹੈ ਤੇ ਇਨ੍ਹਾਂ ਨੂੰ ਝੇਲਣ ਵਿਚ ਅਤਿਅੰਤ ਦੁੱਖ ਮਹਿਸੂਸ ਕਰਦਾ ਹੈ। ਸਕੂਲੀ ਬੈਂਚਾਂ 'ਤੇ ਵਿਦਿਆਰਥੀ ਹਰ ਰੋਜ਼ ਇਕੋ ਸੀਟ 'ਤੇ ਬੈਠਦੇ ਹਨ। ਜੇ ਮਾਸਟਰ ਉਨ੍ਹਾਂ ਨੂੰ ਉਠਾ ਕੇ ਦੂਜੀ ਥਾਂ ਬਿਠਾ ਦੇਵੇ ਤਾਂ ਉਹ ਔਖਿਆਈ ਮਹਿਸੂਸ ਕਰਦੇ ਹਨ ਤੇ ਉਨ੍ਹਾਂ ਦੀ ਸਮਝ ਵਿਚ ਵੀ ਕੁਝ ਨਹੀਂ ਪੈਂਦਾ। ਜੇ ਕਿਸੇ ਦੀ ਬਦਲੀ ਇਕ ਦਫਤਰ ਵਿਚੋਂ ਦੂਜੇ ਵਿਚ ਕਰ ਦਿੱਤੀ ਜਾਵੇ ਤਾਂ ਉਹ ਨਵੀਂ ਥਾਂ ਵਿਚ ਪ੍ਰਵੇਸ਼ ਕਰਦਾ ਕਠਿਨਾਈ ਮਹਿਸੂਸ ਕਰਦਾ ਹੈ। ਪਾਠਕਾਂ ਨੂੰ ਕੁਝ ਹਫਤੇ ਪਹਿਲਾਂ ਬਿਆਨ ਕੀਤਾ ਉਹ ਕੇਸ ਯਾਦ ਹੋਵੇਗਾ, ਜਿਸ ਵਿਚ ਇਕ ਨਰਸ ਬੀਬੀ ਨੂੰ ਤਰੱਕੀ ਤੋਂ ਬਾਅਦ ਨਵੇਂ ਹਸਪਤਾਲ ਵਿਚ ਜਾਣਾ ਪਿਆ ਸੀ ਤੇ ਨਵੀਂ ਥਾਂ 'ਤੇ ਜਾ ਕੇ ਉਸ ਦਾ ਦਿਲ ਨਹੀਂ ਸੀ ਲੱਗਾ। ਉਹ ਉਦਾਸ ਹੋ ਕੇ ਡਿਪਰੈਸ਼ਨ ਵਿਚ ਚਲੀ ਗਈ ਸੀ ਤੇ ਤਰੱਕੀ ਛੱਡ ਕੇ ਪੁਰਾਣੇ ਹਸਪਤਾਲ ਵਿਚ ਜਾਣ ਨੂੰ ਅਮਾਦਾ ਸੀ। ਸਿਰਫ ਹਫਤਾ ਭਰ ਫੁੱਲ ਦਵਾਈ ਖਾ ਕੇ ਉਸ ਨੂੰ ਨਵਾਂ ਹਸਪਤਾਲ ਰਾਸ ਆ ਗਿਆ ਸੀ। ਹੁਣ ਵੀ ਉਹ ਉੱਥੇ ਹੀ ਹੈ ਤੇ ਬੜੀ ਖੁਸ਼ ਹੈ। ਉਸ ਦਾ ਜ਼ਿਕਰ ਕਰਦਿਆਂ ਮੈਂ ਮੁੱਖ ਦਵਾਈ ਦਾ ਨਾਂ ਨਹੀਂ ਸੀ ਦੱਸਿਆ, ਕਿਉਂਕਿ ਉਸ ਵੇਲੇ ਪਾਠਕਾਂ ਨੂੰ ਉਸ ਦਾ ਪਤਾ ਨਹੀਂ ਸੀ, ਪਰ ਹੁਣ ਦੱਸਦਾ ਹਾਂ ਕਿ ਉਹ ਫੁੱਲ ਦਵਾਈ ਵਾਲਨਟ ਹੀ ਸੀ, ਜਿਸ ਨੇ ਉਸ ਨੂੰ ਪੈਰਾਂ 'ਤੇ ਖੜ੍ਹਾ ਕੀਤਾ।

ਜੀਵਨ ਵਿਚ ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਪ੍ਰਸਥਿਤੀਆਂ ਆਉਂਦੀਆਂ ਹਨ, ਜਿੱਥੇ ਵਿਅਕਤੀ ਆਪਣੇ ਆਪ ਨੂੰ ਬਦਲਦੇ ਹਾਲਾਤ ਅਨੁਸਾਰ ਢਾਲ਼ ਨਹੀਂ ਸਕਦਾ। ਉਹ ਆਪਣੇ ਪੁਰਾਣੇ ਰੌਂਅ ਵਿਚ ਹੀ ਚਲਦਾ ਰਹਿੰਦਾ ਹੈ ਤੇ ਕਸ਼ਟ ਉਠਾਉਂਦਾ ਹੈ। ਛੋਟਾ ਬੱਚਾ ਜਦੋਂ ਘਰ ਦੇ ਮਾਹੌਲ ਵਿਚੋਂ ਕੱਢ ਕੇ ਸਕੂਲ ਵਿਚ ਪਾਇਆ ਜਾਂਦਾ ਹੈ ਤਾਂ ਵਿਲਕਦਾ ਹੈ। ਸਕੂਲ ਦੇ ਨਿਯਮਾਂ ਵਿਚ ਬੰਨ੍ਹੇ ਮਾਹੌਲ ਨੂੰ ਛੱਡ ਕੇ ਜਦੋਂ ਉਹ ਕਾਲਜ ਦੇ ਮੋਕਲੇ ਵਾਤਾਵਰਣ ਵਿਚ ਪ੍ਰਵੇਸ਼ ਕਰਦਾ ਹੈ, ਤਦ ਵੀ ਉਸ ਦਾ ਉਹੀ ਉਦਰੇਵੇਂ ਵਾਲਾ ਹਾਲ ਹੁੰਦਾ ਹੈ। ਨੌਕਰੀ ਵਿਚ ਬਦਲੀ ਕਾਰਨ ਉਹ ਨਵੀਂ ਥਾਂ 'ਤੇ ਮੁੜ ਵਸੇਬੇ ਵਿਚ ਔਖਿਆਈ ਮਹਿਸੂਸ ਕਰਦਾ ਹੈ। ਜਵਾਨ ਲੜਕੀਆਂ ਨੂੰ ਵਿਆਹ ਤੋਂ ਬਾਅਦ ਸਹੁਰੇ ਘਰ ਵਿਚ ਸਥਾਪਤ ਹੋਣਾ ਮੁਹਾਲ ਲਗਦਾ ਹੈ। ਉਨ੍ਹਾਂ ਦਾ ਗਮ ਕਿਸ ਤਰ੍ਹਾਂ ਦਾ ਹੁੰਦਾ ਹੈ, ਇਹ ਤਾਂ ਉਹੀ ਜਾਣਨ, ਪਰ ਇਸ ਕਸ਼ਟ ਦਾ ਇਕ ਕਾਰਨ ਉੱਥੇ ਜਾ ਕੇ ਨਾ ਘੁਲ-ਮਿਲ ਸਕਣਾ ਵੀ ਹੈ। ਪੇਕਿਆਂ ਵਾਲੇ ਉਨ੍ਹਾਂ ਨੂੰ ਸੌ ਤਰ੍ਹਾਂ ਦੀਆਂ ਸਿੱਖ-ਸਲਾਹਾਂ ਦੇ ਕੇ ਭੇਜਦੇ ਹਨ। ਕਈ ਔਖੇ ਵੇਲੇ ਦੀ ਅਗਵਾਈ ਲਈ ਪ੍ਰੋਫੈਸਰ ਨਰਿੰਦਰ ਕਪੂਰ ਦੀ ਪੁਸਤਕ 'ਮਾਲਾ ਮਣਕੇ' ਵੀ ਦਹੇਜ ਵਿਚ ਦਿੰਦੇ ਹਨ, ਪਰ ਸਮੱਸਿਆ ਦਾ ਹੱਲ ਨਹੀਂ ਨਿਕਲਦਾ। ਕਿੰਨਾ ਚੰਗਾ ਹੋਵੇ ਜੇ ਇਸ ਸਭ ਦੇ ਨਾਲ ਨਾਲ ਮਾਪੇ ਉਨ੍ਹਾਂ ਨੂੰ ਫੁੱਲ ਦਵਾਈ ਵਾਲਨਟ ਦੀ ਇਕ ਸ਼ੀਸ਼ੀ ਵੀ ਦੇ ਕੇ ਤੋਰਨ ਤਾਂ ਜੋ ਉਹ ਸਹੁਰੇ ਘਰ ਜਾਂਦਿਆਂ ਹੀ ਘਿਓ-ਖਿਚੜੀ ਹੋ ਜਾਣ! ਪਰ ਜੇ ਇਸ ਤੋਂ ਬਾਅਦ ਵੀ ਉਨ੍ਹਾਂ ਨੂੰ ਪੇਕਿਆਂ ਦੀ ਯਾਦ ਸਤਾਉਂਦੀ ਰਹੇ ਤੇ ਉਹ ਅਤੀਤ ਨੂੰ ਯਾਦ ਕਰ ਕੇ ਰੋਂਦੀਆਂ ਰਹਿਣ ਤਾਂ ਫੁੱਲ ਦਵਾਈ ਹਨੀਸੱਕਲ ਉਨ੍ਹਾਂ ਦੇ ਪੇਕਾ-ਹੇਜ਼ ਦਾ ਪੂਰਾ ਇਲਾਜ ਕਰੇਗੀ।

ਖੈਰ, ਔਰਤਾਂ ਦਾ ਪੇਕਿਆਂ ਨਾਲ ਮੋਹ ਦਾ ਰਿਸ਼ਤਾ ਤਾਂ ਕੁਦਰਤੀ ਤੇ ਵਾਜਬ ਹੈ। ਇਸ ਨੂੰ ਤੋੜਨ ਦੀ ਸਿਫਾਰਸ਼ ਕੋਈ ਨਹੀਂ ਕਰੇਗਾ, ਪਰ ਅਤੀਤ ਦੇ ਪੈਦਾ ਕੀਤੇ ਕਈ ਰਿਸ਼ਤੇ ਅਜਿਹੇ ਹੁੰਦੇ ਹਨ, ਜੋ ਟੁੱਟ ਜਾਣ 'ਤੇ ਵੀ ਮਨ ਨੂੰ ਸਤਾਉਂਦੇ ਰਹਿੰਦੇ ਹਨ। ਉਨ੍ਹਾਂ ਨੂੰ ਰਤਾ ਭਰ ਵੀ ਅੱਗੇ ਘਸੀਟਣਾ ਮਾਨਸਿਕ ਤਸੀਹਿਆਂ ਤੋਂ ਘੱਟ ਨਹੀਂ ਹੁੰਦਾ। ਮਿਸਾਲ ਵਜੋਂ ਜੇ ਤਲਾਕ ਤੋਂ ਬਾਅਦ ਪਹਿਲੀ ਪਤਨੀ ਦੀ ਯਾਦ ਪਿੱਛਾ ਨਾ ਛੱਡੇ ਤੇ ਵਾਰ ਵਾਰ ਉਸ ਨੂੰ ਮਿਲਣ ਨੂੰ ਦਿਲ ਚਾਹੇ ਤਾਂ ਅਜਿਹੇ ਰਿਸ਼ਤੇ ਦਾ ਕੋਈ ਲਾਭ ਨਹੀਂ। ਇਸ ਨਾਂਹਵਾਦੀ ਸਬੰਧ ਦਾ ਕਟਣਾ ਹੀ ਅੱਛਾ ਹੈ। ਇਹੀ ਹਾਲ ਮਨਚਾਹੀ ਮੰਗੇਤਰ ਜਾਂ ਮਹਿਬੂਬ ਨਾਲ ਵਿਆਹ ਨਾ ਹੋਣ ਮਗਰੋਂ ਪੁਰਾਣੇ ਸਬੰਧ ਲਮਕਾਈ ਰੱਖਣ ਦਾ ਹੈ। ਮਰ ਗਏ ਮਿੱਤਰ ਦੀ ਯਾਦ ਸਤਾਵੇ, ਕਿਰਾਏ 'ਤੇ ਰਹੇ ਘਰਾਂ ਵਿਚ ਮੁੜ ਫੇਰਾ ਪਾਉਣ ਨੂੰ ਮਨ ਕਰੇ, ਜਾਂ ਕਿਸੇ ਦੇਖੀ ਹੋਈ ਥਾਂ ਨੂੰ ਫਿਰ ਜਾ ਕੇ ਦੇਖਣ ਨੂੰ ਦਿਲ ਕਰੇ ਤਾਂ ਵਾਲਨਟ ਦੀਆਂ ਕੁਝ ਖੁਰਾਕਾਂ ਨਾਲ ਮਨ ਸੰਭਲ ਜਾਵੇਗਾ।

ਜਰਮਨੀ ਦੀ ਵੰਡ ਨੇ ਉੱਥੋਂ ਦੇ ਲੋਕਾਂ ਨੂੰ ਬਹੁਤ ਵਿਰਾਗਿਆ। ਅੱਧੀ ਸਦੀ ਤੋਂ ਵੀ ਵੱਧ ਸਮੇਂ ਤੀਕ ਉਹ ਜਰਮਨ ਦੀਵਾਰ ਨੂੰ ਜਾ ਜਾ ਚੁੰਮਦੇ ਰਹੇ ਤੇ ਦਹਾੜਾਂ ਮਾਰਦੇ ਰਹੇ। ਜਿਹੜੇ 1947 ਵਿਚ ਆਪਣੇ ਘਰਾਂ ਨੂੰ ਪਾਕਿਸਤਾਨ ਵਿਚ ਛੱਡ ਆਏ ਸਨ, ਉਨ੍ਹਾਂ ਦੇ ਅਥਰੂ ਹਾਲੇ ਤੀਕ ਨਹੀਂ ਰੁਕਦੇ। ਜਿਹੜੀਆਂ ਔਰਤਾਂ ਤਲਾਕ-ਸ਼ੁਦਾ ਹੁੰਦੀਆਂ ਹਨ ਜਾਂ ਵਿਧਵਾ ਹੋ ਕੇ ਪੇਕੇ ਘਰ ਆ ਜਾਂਦੀਆਂ ਹਨ, ਉਹ ਛੇਤੀ ਛੇਤੀ ਆਪਣੀ ਹੋਣੀ ਅਨੁਸਾਰ ਨਹੀਂ ਢਲ ਸਕਦੀਆਂ। ਜਿਨ੍ਹਾਂ ਦੇ ਜਵਾਨ ਬੱਚੇ ਅਣਆਈ ਮੌਤ ਮਰ ਜਾਂਦੇ ਗਏ, ਉਹ ਦੁਖਾਂਤ ਕਾਰਨ ਕਦੇ ਆਪਣੀ ਜ਼ਿੰਦਗੀ ਦੇ ਨਵੇਂ ਮਾਇਨੇ ਨਹੀਂ ਲੱਭ ਸਕਦੇ। ਕੋਈ ਭਾਣਾ-ਮੰਨ ਫਿਲਾਸਫੀ ਵੀ ਉਨ੍ਹਾਂ ਨੂੰ ਇਨ੍ਹਾਂ ਤਬਦੀਲੀਆਂ ਅਨੁਸਾਰ ਰਵਾਂ ਹੋਣਾ ਨਹੀਂ ਸਿਖਾ ਸਕਦੀ। ਅਜਿਹੇ ਹਾਲਾਤ ਵਿਚ ਫੁੱਲ ਦਵਾਈ ਵਾਲਨਟ ਹੀ ਇਕ ਮਾਤਰ ਸਹਾਰਾ ਹੈ, ਜੋ ਉਨ੍ਹਾਂ ਨੂੰ ਜ਼ਿੰਦਗੀ ਦੇ ਮੋੜਾਂ ਨਾਲ ਮੁੜਨਾ ਸਿਖਾ ਦਿੰਦੀ ਹੈ।

ਕਿਹਾ ਜਾਂਦਾ ਹੈ ਕਿ ਜੇ ਕਿਸੇ ਦੰਪਤੀ ਵਿਚੋਂ ਪਤਨੀ ਪਹਿਲਾਂ ਸਵਰਗਵਾਸ ਹੋ ਜਾਵੇ ਤਾਂ ਉਸ ਦਾ ਪਤੀ ਬਹੁਤੀ ਦੇਰ ਨਹੀਂ ਕੱਢਦਾ। ਇੱਥੇ ਹੋਰ ਕਾਰਨਾਂ ਤੋਂ ਇਲਾਵਾ ਇਕ ਵੱਡਾ ਕਾਰਨ ਇਹ ਹੁੰਦਾ ਹੈ ਕਿ ਪਤੀ ਭਾਵਨਾਤਮਿਕ ਤੌਰ 'ਤੇ ਆਪਣੀ ਪਤਨੀ ਨਾਲ ਇਕ-ਮਿੱਕ ਹੋਇਆ ਹੁੰਦਾ ਹੈ। ਉਸ ਦੇ ਵਿਛੜਨ ਤੋਂ ਬਾਅਦ ਉਹ ਖਲਾਅ ਨਾਲ ਨਹੀਂ ਨਿਭ ਸਕਦਾ। ਜਿਵੇਂ ਪਾਣੀ 'ਚੋਂ ਨਿਕਲ ਕੇ ਮੱਛੀ ਰੇਤੇ ਵਿਚ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਪਤਨੀ ਰੂਪੀ ਪਾਣੀ ਤੋਂ ਬਿਨਾ ਪਤੀ ਦਾ ਰਹਿਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਅਜਿਹੀਆਂ ਤੜਪਦੀਆਂ ਰੂਹਾਂ ਨੂੰ ਜੇ ਸਮੇਂ ਸਮੇਂ ਫੁੱਲ ਦਵਾਈ ਵਾਲਨਟ ਮਿਲਦੀ ਰਹੇ ਤਾਂ ਉਨ੍ਹਾਂ ਦੇ ਵਿਛੋੜੇ ਦੇ ਦਿਨ ਆਸਾਨ ਹੋ ਸਕਦੇ ਹਨ ਤੇ ਉਨ੍ਹਾਂ ਦੀ ਉਮਰ ਕਈ ਸਾਲ ਲੰਮੀ ਹੋ ਸਕਦੀ ਹੈ।

ਜਿਥੋਂ ਤੀਕ ਸਰੀਰਕ ਤਕਲੀਫਾਂ ਦਾ ਤਾਅਲੁਕ ਹੈ, ਪੈਦਾ ਹੋਣ ਤੋਂ ਬਾਅਦ ਹੀ ਮਨੁੱਖੀ ਸਰੀਰ ਵਿਚ ਵਿਕਾਸ ਦੇ ਕਈ ਕੁਦਰਤੀ ਪੜਾਓ ਆਉਣੇ ਸ਼ੁਰੂ ਹੋ ਜਾਂਦੇ ਹਨ। ਬੱਚਾ ਪਹਿਲਾਂ ਦੰਦ ਕੱਢਦਾ ਹੈ, ਫਿਰ ਉਹ ਬਾਲਕਪਣ ਤੋਂ ਗਭਰੈਲ ਅਵਸਥਾ ਵਿਚ ਦਾਖਲ ਹੁੰਦਾ ਹੈ। ਲੜਕਿਆਂ ਦੇ ਚਿਹਰੇ 'ਤੇ ਵਾਲ ਉਗਦੇ ਹਨ ਤੇ ਲੜਕੀਆਂ ਨੂੰ ਮਹਾਵਾਰੀ ਆਉਣੀ ਸ਼ੁਰੂ ਹੁੰਦੀ ਹੈ। ਫਿਰ ਔਰਤਾਂ ਵਿਚ ਬਹਾ-ਬੰਦੀ (Menopause) ਦਾ ਦੌਰ ਆਉਂਦਾ ਹੈ, ਜਿਸ ਨਾਲ ਉਨ੍ਹਾਂ ਦੇ ਸਰੀਰ ਵਿਚ ਭਾਰੀ ਤਬਦੀਲੀ ਆਉਂਦੀ ਹੈ। ਸੱਤਰ-ਬਹੱਤਰ ਸਾਲ ਦੀ ਉਮਰ ਵਿਚ ਮਨੁੱਖ ਦੀ ਸੋਚ ਤੇ ਸੁਭਾਅ ਵਿਚ ਫਰਕ ਪੈਣੇ ਸ਼ੁਰੂ ਹੋ ਜਾਂਦੇ ਹਨ ਤੇ ਅੱਸੀ ਤੋਂ ਬਾਅਦ ਉਸ ਵਿਚ ਮੁੜ ਬਚਪਨ ਦੀਆਂ ਨਿਸ਼ਾਨੀਆਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਸ ਦੇ ਦੰਦ ਨਿਕਲ ਜਾਂਦੇ ਹਨ, ਪੱਠੇ ਢਿੱਲੇ ਹੋ ਜਾਂਦੇ ਹਨ, ਵਾਲ ਝੜ ਜਾਂਦੇ ਹਨ ਤੇ ਨਜ਼ਰ ਕਮਜ਼ੋਰ ਹੋ ਜਾਂਦੀ ਹੈ। ਕਈ ਵਿਅਕਤੀ ਇਨ੍ਹਾਂ ਸਰੀਰਕ ਤਬਦੀਲੀਆਂ ਨੂੰ ਕੁਦਰਤੀ ਢੰਗ ਨਾਲ ਜਰ ਜਾਂਦੇ ਹਨ, ਪਰ ਬਹੁਤੇ ਕਸ਼ਟਾਂ ਵਿਚ ਫਸ ਜਾਂਦੇ ਹਨ। ਵਿਕਾਸ ਨਾਲ ਜੁੜੀਆਂ ਇਹ ਸਭ ਤਕਲੀਫਾਂ ਦਰਸਾਉਂਦੀਆਂ ਹਨ ਕਿ ਮਨੁੱਖੀ ਸਰੀਰ ਤਬਦੀਲੀਆਂ ਨੂੰ ਆਸਾਨੀ ਨਾਲ ਗ੍ਰਹਿਣ ਨਹੀਂ ਕਰਦਾ, ਭਾਵ ਕੁਦਰਤ ਦਾ ਭਾਣਾ ਖੁਸ਼ੀ ਖੁਸ਼ੀ ਨਹੀਂ ਮੰਨਦਾ। ਹਰ ਸਟੇਜ 'ਤੇ ਫੁੱਲ ਦਵਾਈ ਵਾਲਨਟ ਦੀਆਂ ਦਿੱਤੀਆਂ ਕੁਝ ਖੁਰਾਕਾਂ ਵਿਅਕਤੀ ਨੂੰ ਇਹ ਤਬਦੀਲੀਆਂ ਆਸਾਨੀ ਨਾਲ ਪਾਰ ਕਰਵਾ ਸਕਦੀਆਂ ਹਨ। ਜਿਨ੍ਹਾਂ ਬੱਚਿਆਂ ਨੂੰ ਦੰਦ ਕੱਢਣ ਵੇਲੇ ਦਰਦ ਤੇ ਦਸਤ ਲੱਗ ਜਾਂਦੇ ਹਨ, ਜਿਨ੍ਹਾਂ ਬੀਬੀਆਂ ਨੂੰ ਮਹਾਵਾਰੀ ਵੇਲੇ ਨਕਸੀਰ, ਸਿਰਦਰਦ, ਗਲੇਡੂ, ਉਲਟੀਆਂ-ਚੱਕਰ ਤੇ ਕਮਜੋਰੀ ਆ ਘੇਰਦੇ ਹਨ ਤੇ ਜਿਹੜੀਆਂ ਔਰਤਾਂ ਨੂੰ ਬਹਾ-ਬੰਦੀ ਵੇਲੇ ਗੁੱਸਾ, ਤ੍ਰੇਲੀਆਂ, ਸਿਰਦਰਦ ਤੇ ਤਾਲੂ-ਸਾੜਾ ਤੰਗ ਕਰਦੇ ਹਨ, ਉਨ੍ਹਾਂ ਲਈ ਤਾਂ ਇਹ ਇਕ ਵਰਦਾਨ ਹੈ। ਇਸ ਦੇ ਲੈਣ ਨਾਲ ਪੀੜਤ ਭੈਣਾਂ ਨੂੰ ਤਾਂ ਪਤਾ ਹੀ ਨਹੀਂ ਚਲੇਗਾ ਕਿ ਉਹ ਇਨ੍ਹਾਂ ਅਵਸਥਾਵਾਂ ਦੇ ਭਵਸਾਗਰ ਨੂੰ ਕਦੋਂ ਪਾਰ ਕਰ ਗਈਆਂ।

ਕੁਦਰਤੀ ਵਿਕਾਸ ਦੀਆਂ ਅਵਸਥਾਵਾਂ ਤੋਂ ਬਿਨਾ ਵੀ ਮਨੁੱਖ ਨੂੰ ਜ਼ਿੰਦਗੀ ਵਿਚ ਕਈ ਤੌਖਲੇ ਭਰਪੂਰ ਘੜੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਉਸ ਦੇ ਦਿਲੋ-ਦਿਮਾਗ 'ਤੇ ਭਾਰ ਪਾਉਂਦੀਆਂ ਹਨ। ਕੋਈ ਅਹਿਮ ਫੈਸਲਾ ਲੈਣਾ ਹੋਵੇ, ਘਰ ਵੇਚਣਾ ਜਾਂ ਖਰੀਦਣਾ ਹੋਵੇ, ਰਿਸ਼ਤਾ ਜੋੜਨਾ ਜਾਂ ਤੋੜਨਾ ਹੋਵੇ, ਧਰਮ ਬਦਲਣਾ ਹੋਵੇ, ਪੁਰਾਣੇ ਸੰਸਕਾਰ ਜਾਂ ਆਦਤਾਂ ਤੋੜਨੀਆਂ ਪੈਣ, ਦੂਜੇ ਥਾਂ ਜਾ ਕੇ ਰਹਿਣਾ ਹੋਵੇ, ਤਲਾਕ ਜਾਂ ਵਿਛੋੜੇ ਵਿਚੋਂ ਗੁਜਰਨਾ ਪਵੇ ਤੇ ਕਿਸੇ ਵਿਅਕਤੀ ਜਾਂ ਫਿਲਾਸਫੀ ਦੇ ਪ੍ਰਭਾਵ ਤੋਂ ਆਜ਼ਾਦ ਹੋਣਾ ਹੋਵੇ ਤਾਂ ਮਨੁੱਖ ਦੇ ਮਨ ਵਿਚ ਕਈ ਢਾਹੂ ਵਿਚਾਰ ਆ ਕੇ ਪ੍ਰੇਸ਼ਾਨ ਕਰਦੇ ਰਹਿੰਦੇ ਹਨ। ਕਈ ਵਾਰ ਆਪਣੀ ਹੀ ਜ਼ਮੀਰ ਵਿਚ ਫਸੀਆਂ ਗਲਤ ਧਾਰਨਾਵਾਂ, ਵਹਿਮ-ਭਰਮ, ਰੂੜ੍ਹੀਆਂ, ਮਾਨਤਾਵਾਂ ਤੇ ਸਭਿਆਚਾਰਕ ਰੋਕਾਂ ਮਨੁੱਖ ਦਾ ਰਾਹ ਰੋਕ ਕੇ ਖੜ੍ਹ ਜਾਂਦੀਆਂ ਹਨ। ਜਦੋਂ ਇਨ੍ਹਾਂ ਅੜਚਨਾਂ ਨੂੰ ਪਾਰ ਕਰਨ ਵਿਚ ਔਖਿਆਈ ਆਉਂਦੀ ਹੋਵੇ ਤੇ ਇਨ੍ਹਾਂ ਦੇ ਮਨੋਵਿਗਿਆਨਕ ਦਬਾਓ ਤੋਂ ਮੁਕਤੀ ਪਾ ਕੇ ਆਪਣੀ ਮੰਜ਼ਿਲ ਵਲ ਵਧਣਾ ਹੋਵੇ ਤਾਂ ਫੁੱਲ ਦਵਾਈ ਵਾਲਨਟ ਜਿਹੀ ਸਹਾਇਤਾ ਹੋਰ ਕੋਈ ਦਵਾਈ ਨਹੀਂ ਕਰ ਸਕਦੀ।

ਜਿਵੇਂ ਉਪਰ ਵਰਨਣ ਕੀਤਾ ਗਿਆ ਹੈ, ਸਰੀਰਕ ਪੱਖ ਤੋਂ ਇਹ ਦਵਾਈ ਬਹੁਤ ਸਾਰੀਆਂ ਤਕਲੀਫਾਂ ਜਾਂ ਬਿਮਾਰੀਆਂ ਵਿਚ ਅਲਾਮਤਾਂ ਅਨੁਸਾਰ ਸਿੱਧੀ ਹੀ ਦਿੱਤੀ ਜਾ ਸਕਦੀ ਹੈ, ਪਰ ਸਿਧਾਂਤ ਇੱਥੇ ਵੀ ਉਹੀ ਤਬਦੀਲੀ ਪ੍ਰਤੀ ਅਸਹਿਨਸ਼ੀਲਤਾ ਤੇ ਬਾਹਰੀ ਪ੍ਰਭਾਵਾਂ ਤੋਂ ਮੁਕਤੀ ਪਾਉਣ ਵਾਲਾ ਲਾਗੂ ਹੁੰਦਾ ਹੈ। ਮਿਸਾਲ ਵਜੋਂ ਅੱਜ ਕੱਲ੍ਹ ਰੇਲ ਗੱਡੀਆਂ, ਕਾਰਾਂ, ਬੱਸਾਂ, ਹਵਾਈ ਜਹਾਜ਼ਾਂ ਆਦਿ ਵਿਚ ਸਫਰ ਆਮ ਕੀਤਾ ਜਾਂਦਾ ਹੈ। ਇਹ ਸਭ ਸਫਰੀ ਸਾਧਨ ਮਸ਼ੀਨੀ ਸ਼ਕਤੀ ਨਾਲ ਚਲਦੇ ਹਨ, ਜੋ ਮਨੁੱਖ ਦੀ ਆਪਣੀ ਜਿਸਮਾਨੀ ਤਾਕਤ ਨਾਲੋਂ ਕਿਤੇ ਵੱਧ ਸ਼ਕਤੀਸ਼ਾਲੀ ਹੁੰਦੀ ਹੈ। ਇਹ ਮਸ਼ੀਨੀ ਵਾਹਨ ਮਨੁੱਖ ਨੂੰ ਇੰਨੀ ਤੇਜ ਗਤੀ ਨਾਲ ਭਜਾ ਕੇ ਲੈ ਜਾਂਦੇ ਹਨ, ਜਿਸ ਨਾਲ ਉਹ ਆਪਣੇ ਆਪ ਕਦੇ ਨਹੀਂ ਦੌੜਿਆ ਹੁੰਦਾ। ਇਸ ਤਾਕਤਵਰ ਗਤੀ ਦੇ ਪ੍ਰਭਾਵ ਅਧੀਨ ਉਸ ਦੇ ਸਰੀਰ ਵਿਚ ਕਈ ਪ੍ਰਕਾਰ ਦੇ ਤਣਾਓ ਪੈਦਾ ਹੋ ਜਾਂਦੇ ਹਨ, ਜੋ ਸਾਧਾਰਨ ਗਤੀ 'ਤੇ ਚਲਦਿਆਂ ਨਹੀਂ ਹੁੰਦੇ। ਕਾਰ ਵਿਚ ਬੈਠਦਿਆਂ ਹੀ ਦਿਲ ਘਬਰਾਉਣਾ ਤੇ ਉਲਟੀ-ਚੱਕਰਾਂ ਦਾ ਆਉਣਾ ਕਈਆਂ ਦੀ ਪੁਰਾਣੀ ਤਕਲੀਫ ਹੈ। ਕਈਆਂ ਨੂੰ ਰੇਲ ਗੱਡੀ ਵਿਚ ਸਫਰ ਕਰਨ ਨਾਲ ਕਬਜੀ ਹੋ ਜਾਂਦੀ ਹੈ। ਲੰਮੇ ਹਵਾਈ ਸਫਰ ਤੋਂ ਬਾਅਦ ਜੈੱਟ-ਲੈਗ ਤਾਂ ਲਗਭਗ ਸਭ ਨੂੰ ਹੋ ਜਾਂਦਾ ਹੈ। ਕਈਆਂ ਦੇ ਬੈਠਣ ਕਾਰਨ ਪੈਰ ਵੀ ਸੁੱਜ ਜਾਂਦੇ ਹਨ, ਜੋ ਕਈ ਕਈ ਦਿਨ ਠੀਕ ਨਹੀਂ ਹੁੰਦੇ। ਇਨ੍ਹਾਂ ਸਭ ਸਰੀਰਕ ਤਕਲੀਫਾਂ ਦੀ ਸਫਲ ਦਵਾਈ ਵਾਲਨਟ ਹੈ।

ਮੇਰੀ ਇਕ 17 ਸਾਲਾਂ ਦੀ ਮਰੀਜ਼ ਲੜਕੀ ਨੂੰ ਉਸ ਦਾ ਪਿਤਾ ਸੌ ਮੀਲ ਦੂਰ ਯੂਬਾ ਸਿਟੀ ਤੋਂ ਲੈ ਕੇ ਆ ਰਿਹਾ ਸੀ। ਚੱਲਣ ਵੇਲੇ ਉਸ ਨੇ ਮੈਨੂੰ ਦੱਸਿਆ ਕਿ ਉਹ ਡੇਢ ਘੰਟੇ ਵਿਚ ਪਹੁੰਚ ਜਾਵੇਗਾ। ਜਦੋਂ ਉਹ ਢਾਈ ਘੰਟੇ ਬਾਅਦ ਆਇਆ ਤਾਂ ਮੈਂ ਉਸ ਦੇ ਲੇਟ ਆਉਣ ਦਾ ਸਬੱਬ ਪੁੱਛਿਆ। ਉਹ ਬੋਲਿਆ, "ਸਰ, ਚੱਲਿਆ ਤਾਂ ਮੈਂ ਸਹੀ ਸਮੇਂ 'ਤੇ ਸੀ ਤੇ ਵਕਤ ਸਿਰ ਹੀ ਪਹੁੰਚ ਜਾਣਾ ਸੀ, ਪਰ ਜਦੋਂ ਵੀ ਚਲਦਾ ਬੇਟੀ ਨੂੰ ਉਲਟੀ ਆ ਜਾਂਦੀ ਤੇ ਰੁਕਣਾ ਪੈਂਦਾ।" ਉਸ ਦੇ ਇਸ ਖੁਲਾਸੇ ਨੇ ਮੇਰਾ ਕੰਮ ਆਸਾਨ ਕਰ ਦਿੱਤਾ। ਲੜਕੀ ਦਾ ਕੇਸ ਮਹਾਵਾਰੀ ਵੇਲੇ ਅਸਹਿ ਪੀੜਾ ਨਾਲ ਲੱਤਾਂ ਵਿਚ ਕੜੱਲ ਪੈਣ ਦਾ ਸੀ। ਦੋਹਾਂ ਮਰਜਾਂ ਦੀ ਇਕੋ ਦਵਾਈ ਹੋਣ ਕਰਕੇ ਮੈਂ ਉਸ ਨੂੰ ਫੁੱਲ ਦਵਾਈ ਵਾਲਨਟ ਦੀਆਂ ਦੋ ਖੁਰਾਕਾਂ ਰੋਜ਼ਾਨਾ ਮਹੀਨਾ ਭਰ ਖਾਣ ਲਈ ਦੱਸੀਆਂ। ਲੜਕੀ ਦੀਆਂ ਦਰਦਾਂ, ਕੜੱਲਾਂ ਤੇ ਕਾਰ ਵਿਚ ਬੈਠਣ ਨਾਲ ਦਿਲ ਮਤਲਾਉਣ ਦੀਆਂ ਸਾਰੀਆ ਤਕਲੀਫਾਂ ਉਡ ਗਈਆਂ।

*(ਬਾਕੀ ਸਫਾ 29 'ਤੇ)*

ਕਹਾਣੀ

# ਤਿੰਨ ਪੀੜ੍ਹੀਆਂ

***ਹਥਲੀ ਕਹਾਣੀ ਵਿਚ ਬੇਸ਼ੱਕ ਅਤਿਵਾਦ ਦੇ ਦੌਰ ਦੀ ਦਰਦ-ਬਿਆਨੀ ਹੈ, ਪਰ ਇਸ ਦੀ ਤੰਦ ਪੰਜਾਬ ਦੇ ਅਜੋਕੇ ਹਾਲਾਤ ਨਾਲ ਵੀ ਜੁੜੀ ਹੋਈ ਹੈ। ਇਹ ਪੰਜਾਬ ਦਾ ਦੁਖਾਂਤ ਹੀ ਹੈ ਕਿ ਇਕ ਪੀੜ੍ਹੀ ਅਤਿਵਾਦ ਨੇ ਖਾ ਲਈ, ਦੂਸਰੀ ਨਸ਼ਿਆਂ ਨੇ ਅਤੇ ਤੀਸਰੀ ਬਾਹਰਲੇ ਮੁਲਕਾਂ ਨੂੰ ਜਾਣ ਦੇ ਰੁਝਾਨ ਨੇ। ਸ਼ਾਇਦ ਤਦੇ ਹੀ ਦੁੱਖਾਂ ਦੀ ਝੰਬੀ ਕਹਾਣੀ ਦੀ ਮੁੱਖ ਪਾਤਰ ਗਿਆਨ ਕੌਰ ਨੇ ਡਿਪੋਰਟ ਹੋ ਕੇ ਪਰਤੇ ਆਪਣੇ ਪੁੱਤ ਨੂੰ ਧਰਵਾਸ ਦਿੰਦਿਆਂ ਹਉਕਾ ਭਰਿਆ ਹੈ, "ਸੱਚੀਂ ਪੁੱਤ! ਪੰਜਾਬ ਦੀਆਂ ਤਿੰਨ ਪੀੜ੍ਹੀਆਂ ਖਾ ਲਈਆਂ ਇਨ੍ਹਾਂ ਅਲਾਮਤਾਂ ਨੇ।" ਇਹ ਵੀ ਕੌੜੀ ਹਕੀਕਤ ਹੈ ਕਿ ਇਨ੍ਹਾਂ ਅਲਾਮਤਾਂ ਦੀ ਚੀਸ ਪੰਜਾਬ, ਹਰਿਆਣਾ ਅਤੇ ਹੋਰਨਾਂ ਸੂਬਿਆਂ ਦੇ ਲੋਕਾਂ ਦੇ ਘਰਾਂ ਵਿਚ ਵੀ ਉਠਦੀ ਹੈ, ਜੋ ਇਨ੍ਹਾਂ ਦਾ ਸ਼ਿਕਾਰ ਹੋਏ ਹਨ।***



**ਸੁਰਿੰਦਰ ਗੀਤ, ਕੈਨੇਡਾ**
**ਫੋਨ: 403 605 3734**

ਹਾੜ੍ਹ ਦਾ ਮਹੀਨਾ। ਲੋਹੜੇ ਦੀ ਗਰਮੀ। ਤਾਰਿਆਂ ਭਰੀ ਰਾਤ। ਗਿਆਨ ਕੌਰ ਨੇ ਅਸਮਾਨ ਵੱਲ ਵੇਖਿਆ-ਅਜੇ ਤਾਂ ਰਾਤ ਪੂਰੀ ਪਈ ਹੈ, ਮੁੱਕਣ 'ਤੇ ਹੀ ਨਹੀਂ ਆਉਂਦੀ। ਉਸ ਨੇ ਆਪਣੀ ਚੁੰਨੀ ਦੇ ਲੜ ਨਾਲ ਮੁੜ੍ਹਕੋ ਮੁੜ੍ਹਕੀ ਹੋਇਆ ਮੂੰਹ ਪੂੰਝਿਆ। ਫਿਰ ਸੁਖਵਿੰਦਰ ਦੇ ਮੰਜੇ ਵੱਲ ਝਾਤੀ ਮਾਰੀ। ਸੁਖਵਿੰਦਰ ਵੀ ਜਾਗਦਾ ਪਿਆ ਸੀ, ਪਰ ਉਸ ਨੇ ਆਪਣੀ ਮਾਂ ਨੂੰ ਦੇਖ ਅੱਖਾਂ ਮੀਚ ਲਈਆਂ। ਸੋਚਿਆ ਮਾਂ ਪਹਿਲਾਂ ਹੀ ਬੇਚੈਨ ਹੈ। ਉਸ ਨੂੰ ਜਾਗਦਾ ਵੇਖ ਹੋਰ ਬੇਚੈਨ ਹੋਵੇਗੀ। ਗਿਆਨ ਕੌਰ ਨੇ ਕੂਲਰ ਨੂੰ ਖਿੱਚ ਕੇ ਸੁਖਵਿੰਦਰ ਦੇ ਮੰਜੇ ਵੱਲ ਨੂੰ ਕਰ ਦਿੱਤਾ। ਉਸ ਨੇ ਮਨ ਹੀ ਮਨ ਸੋਚਿਆ, "ਮੇਰਾ ਕੀ ਹੈ! ਜਵਾਕ ਥੱਕਿਆ ਟੁੱਟਿਆ ਪਿਆ ਹੈ। ਪਤਾ ਨਹੀਂ ਕਿੰਨੇ ਦਿਨ ਹੋ ਗਏ ਹੋਣਗੇ ਜਾਗਦੇ ਨੂੰ। ਉਹ ਜਾਣੇ ਠੀਕ-ਠਾਕ ਆ ਗਿਆ। ਜੀਹਨੇ ਢਿੱਡ ਦਿੱਤੈ, ਆਪੇ ਰੋਟੀ ਦੇਊ!"

ਰਾਣੋ ਨੇ ਪਾਸਾ ਪਰਤਿਆ। ਗਿਆਨ ਕੌਰ ਨੂੰ ਪਤਾ ਸੀ ਬਈ ਰਾਣੋ ਨੂੰ ਵੀ ਨੀਂਦ ਨਹੀਂ ਆ ਰਹੀ।

"ਕਿੰਨੇ ਦਿਨਾਂ ਤੋਂ ਸੁਖਵਿੰਦਰ ਦਾ ਫਿਕਰ ਕਰਦੀ ਹੈ। ਦਿਨਾਂ 'ਚ ਹੀ ਸੁੱਕ ਕੇ ਤੀਲਾ ਹੋ ਗਈ। ਪਿੱਤਾ ਨਾਲ ਹੀ ਜੁੜ ਗਿਆ। ਭੈਣ-ਭਰਾ ਇਕ ਦੂਸਰੇ ਦੇ ਸਾਹੀਂ ਜਿਊਂਦੇ ਆ। ਵਾਹਿਗੁਰੂ ਆਪੇ ਬਣੀਆਂ ਨਿਬੇੜੂ!" ਗਿਆਨ ਕੌਰ ਨੇ 'ਵਾਹਿਗੁਰੂ' ਕਿਹਾ ਤੇ ਪਾਣੀ ਦੀਆਂ ਦੋ ਘੁੱਟਾਂ ਭਰ ਕੇ ਮੁੜ ਮੰਜੇ 'ਤੇ ਪੈ ਗਈ।

ਉਹ ਬਿੱਟ ਬਿੱਟ ਤਾਰਿਆਂ ਵੱਲ ਝਾਕ ਰਹੀ ਸੀ। ਤਾਰਿਆਂ ਨਾਲ ਮਨ ਹੀ ਮਨ ਗੱਲਾਂ ਕਰਨ ਲੱਗ ਪਈ। ਉਸ ਨੂੰ ਜਾਪਿਆ ਜਿਵੇਂ ਤਾਰੇ ਉਸ ਦੀ ਸਾਰੀ ਪੀੜਾ ਚੂਸ ਲੈਣਗੇ। ਉਸ ਨੇ ਆਪਣਾ ਆਪ ਤਾਰਿਆਂ ਮੂਹਰੇ ਖੋਲ੍ਹ ਕੇ ਰੱਖ ਦਿੱਤਾ।

ਚੌਰਾਸੀ ਵਿਚ ਅਤਿਵਾਦ ਦੇ ਦਿਨਾਂ ਵਿਚ ਮੈਂ ਪੰਦਰਾਂ ਸਾਲਾਂ ਦੀ ਸਾਂ। ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਭਾਰਤੀ ਫੌਜ ਹਮਲਾ ਕਰ ਚੁੱਕੀ ਸੀ। ਬਹੁਤ ਮਾੜੇ ਦਿਨ ਸਨ। ਏਨੇ ਮਾੜੇ ਕਿ ਲੋਕੀਂ ਦਿਨ ਛਿਪਣ ਤੋਂ ਪਹਿਲਾਂ ਹੀ ਬੂਹੇ ਬੰਦ ਕਰ ਲੈਂਦੇ। ਆਪੋ ਆਪਣੇ ਘਰਾਂ ਵਿਚ ਜਾਗਦੇ ਹੀ ਸੁੱਸਰੀ ਵਾਂਗ ਸੌਂ ਜਾਂਦੇ ਸਨ। ਮੇਰੇ ਬਾਪੂ ਨੇ ਮੈਨੂੰ ਸਕੂਲੋਂ ਪੜ੍ਹਨ ਤੋਂ ਹਟਾ ਲਿਆ। ਮੈਂ ਦਸ ਜਮਾਤਾਂ ਪੂਰੀਆਂ ਵੀ ਨਾ ਕੀਤੀਆਂ। ਪੜ੍ਹਨਾ ਚਾਹੁੰਦੀ ਸਾਂ, ਪਰ ਬਾਪੂ ਮੂਹਰੇ ਪੇਸ਼ ਨਾ ਗਈ। ਉਹ ਵੀ ਆਪਣੀ ਥਾਂ 'ਤੇ ਸੱਚਾ ਸੀ। ਰਾਹ ਖਹਿੜੇ ਕੋਈ ਜਵਾਨ ਧੀ ਨਾਲ ਭਾਣਾ ਵਰਤ ਜਾਂਦਾ ਤਾਂ ਕੀਹਨੂੰ ਮੂੰਹ ਦਿਖਾਉਂਦਾ। ਬਾਪੂ ਤਾਂ ਮੇਰੇ ਵੀਰੇ ਮੱਖਣ ਨੂੰ ਵੀ ਘਰੋਂ ਨਾ ਨਿਕਲਣ ਦਿੰਦਾ। ਅਣਸਰਦੇ ਹੀ ਘਰੋਂ ਬਾਹਰ ਜਾਂਦਾ। ਮੈਂ ਤਾਂ ਫਿਰ ਵੀ ਔਰਤ ਜ਼ਾਤ ਸਾਂ।

ਸਾਡਾ ਘਰ ਖੇਤ ਵਿਚ ਸੀ। ਪਿੰਡ ਤੋਂ ਬਹੁਤੀ ਦੂਰੀ 'ਤੇ ਨਹੀਂ ਸੀ। ਪਿੰਡ ਦੇ ਘਰਾਂ ਤੋਂ ਥੋੜ੍ਹਾ ਨਿਖੜਵਾਂ ਜਿਹਾ। ਗੁਰੂ ਘਰ ਨੇੜੇ ਹੋਣ ਕਰਕੇ ਸਵੇਰੇ-ਸ਼ਾਮ ਬਾਬੇ ਦੀ ਆਵਾਜ਼ ਸੁਣਦੀ ਰਹਿੰਦੀ ਸੀ। ਰਾਤ ਬਰਾਤੇ ਮਾੜਾ ਜਿਹਾ ਖੜਕਾ ਹੁੰਦਾ ਤਾਂ ਸਾਰੇ ਚੁੱਪ ਹੋ ਜਾਂਦੇ। ਵੈਸੇ ਬੋਲਦਾ ਵੀ ਕੌਣ ਸੀ ਉਨ੍ਹਾਂ ਦਿਨਾਂ ਵਿਚ! ਜੇ ਕਿਸੇ ਦਾ ਕੁੱਤਾ ਭੌਂਕ ਪੈਂਦਾ ਤਾ ਜਾਨ ਹੱਥਾਂ 'ਚ ਆ ਜਾਂਦੀ। ਉਨ੍ਹੀਂ ਦਿਨੀਂ ਅਸੀਂ ਵੀ ਆਪਣੇ ਟੋਨੀ ਨੂੰ ਅੰਦਰਲੇ ਕਮਰੇ ਵਿਚ ਬੰਨ੍ਹ ਕੇ ਰੱਖਦੇ ਸਾਂ। ਉਹ ਵੀ ਸਾਡੇ ਨਾਲ ਹੀ ਇਨ੍ਹਾਂ ਮਾੜੇ ਦਿਨਾਂ ਦਾ ਸਰਾਪ ਝੱਲ ਰਿਹਾ ਸੀ।

ਮੇਰਾ ਬਾਪੂ, ਬੇਬੇ ਤੇ ਵੀਰਾ ਮੱਖਣ ਤਿੰਨੇ ਅੰਮ੍ਰਿਤਧਾਰੀ ਸਨ। ਮੈਨੂੰ ਵੀਰੇ ਦੇ ਚਿੱਟੇ ਕੁੜਤੇ-ਪਜਾਮੇ ਨਾਲ ਬਾਹਰ ਦੀ ਨੀਲੇ ਰੰਗ ਦਾ ਗਾਤਰਾ ਪਾਇਆ ਬਹੁਤ ਚੰਗਾ ਲਗਦਾ ਸੀ। ਵੀਰਾ ਸੀ ਵੀ ਪੂਰਾ ਛੇ ਫੁੱਟਾ ਜਵਾਨ। ਵੀਰੇ ਦੀ ਦਾੜ੍ਹੀ ਅਜੇ ਫੁੱਟਦੀ ਹੀ ਸੀ। ਉਸ ਦਾ ਵੱਡਾ ਸਾਰਾ ਜੂੜਾ ਤਾਂ ਬਾਹਲਾ ਹੀ ਸੋਹਣਾ ਸੀ। ਵੀਰਾ ਜਦੋਂ ਲੱਕੜ ਦੇ ਕੰਘੇ ਨਾਲ ਵਾਲ ਵਾਹੁਦਾ ਤਾਂ ਮੈਂ ਟਿਕਟਿਕੀ ਲਾ ਦੇ ਵੇਖਦੀ। ਮੂਹਰ ਨੂੰ ਸੁੱਟੇ ਵਾਲ ਜ਼ਮੀਨ 'ਤੇ ਲੱਗਦੇ। ਮੈਂ ਭੱਜ ਕੇ ਜਾਂਦੀ ਕਿ ਵੀਰੇ ਦੇ ਵਾਲ ਮੈਲੇ ਨਾ ਹੋ ਜਾਣ। ਮੈਂ ਭੱਜ ਭੱਜ ਕੇ ਵੀਰੇ ਦਾ ਕੰਮ ਕਰਦੀ। ਕਦੇ ਉਸ ਦੇ ਨਹਾਉਣ ਵਾਸਤੇ ਪਾਣੀ ਦੀ ਬਾਲਟੀ ਭਰਦੀ, ਕਦੇ ਬਾਹਲਾ ਸਾਰਾ ਮੱਖਣ ਉਹਦੀ ਦਾਲ 'ਚ ਪਾ ਕੇ ਰੋਟੀ ਉਸ ਦੇ ਸਾਹਮਣੇ ਲਿਆ ਧਰਦੀ। ਕਈ ਵਾਰ ਵੀਰੇ ਵੱਲ ਦੇਖ ਕੇ ਆਪਣੇ ਆਪ ਨੂੰ ਆਖਦੀ, "ਐਵੇਂ ਨਾ ਗਿਆਨ ਕੁਰੇ ਮੁੰਡੇ ਵੱਲ ਏਦਾਂ ਦੇਖਿਆ ਕਰ। ਨਜ਼ਰ ਨਾ ਲਾ ਦੇਵੀਂ ਕਿਤੇ।"

ਮੈਂ ਇਕ ਵਾਰੀ ਆਪਣੀ ਬੇਬੇ ਨੂੰ ਕਹਿ ਦਿੱਤਾ, "ਬੇਬੇ, ਵੀਰਾ ਕਿੰਨਾ ਸੋਹਣਾ ਲਗਦੈ!"

ਬੇਬੇ ਨੇ ਮੈਨੂੰ ਝਿੜਕ ਕੇ ਕਿਹਾ ਸੀ, "ਨੀ ਬੱਸ ਕਰ। ਐਵੇਂ ਨਾ ਬੋਲਿਆ ਕਰ। ਕਿਤੇ ਨਜ਼ਰ ਨਾ ਲਾ ਦੇਵੀਂ।"

ਤੇ ਉਸੇ ਦਿਨ ਹੀ ਵੀਰੇ ਨੂੰ ਮਾੜੀ ਜਿਹੀ ਕਣਸ ਜਿਹੀ ਹੋ ਗਈ। ਬੇਬੇ ਨੇ ਮੇਰੇ ਪੈਰਾਂ ਦੀ ਮਿੱਟੀ ਚੁੱਕ ਕੇ ਚੁੱਲ੍ਹੇ ਵਿਚ ਪਾਈ ਸੀ। ਵੀਰਾ ਬਹੁਤ ਹੱਸਿਆ ਸੀ ਬੇਬੇ ਦੀ ਇਸ ਗੱਲ 'ਤੇ। ਉਸ ਰਾਤ ਵੀਰੇ ਨੇ ਬੇਬੇ ਦੀ ਇਹ ਗੱਲ ਬਾਪੂ ਨੂੰ ਵੀ ਦੱਸੀ। ਬਾਪੂ ਹੱਸ ਕੇ ਕਹਿਣ ਲੱਗਾ, "ਮੱਖਣ ਪੁੱਤ, ਤੇਰੀ ਬੇਬੇ ਤਾਂ ਕਮਲੀ ਆ। ਨਾਲੇ ਅੰਮ੍ਰਿਤ ਛਕੀ ਫਿਰਦੀ ਆ, ਨਾਲੇ ਇਹੋ ਜਿਹੀਆਂ ਵਿਚਾਰਾਂ ਕਰਦੀ ਆ।"

ਵੀਰਾ ਮੈਥੋਂ ਦੋ ਕੁ ਸਾਲ ਵੱਡਾ ਸੀ।

ਦਸ ਕੁ ਕਿਲ੍ਹੇ ਸਨ ਘਰ ਦੇ। ਕਿਸੇ ਦਾ ਕੁਝ ਦੇਣਾ ਨਹੀਂ ਸੀ। ਬਾਪੂ ਬਹੁਤ ਮਿਹਨਤੀ ਸੀ। ਖੇਤ 'ਚ ਘਰ ਹੋਣ ਕਰਕੇ ਬੇਬੇ ਵੀ ਬਾਪੂ ਨਾਲ ਬਹੁਤ ਕੰਮ ਕਰਵਾ ਦਿੰਦੀ। ਜਦੋਂ ਮੋਟਰ ਚਲਦੀ ਹੁੰਦੀ ਤਾਂ ਨੱਕਾ ਵੀ ਮੋੜ ਦਿੰਦੀ। ਵੀਰਾ ਕਾਲਜ ਤੋਂ ਆ ਕੇ ਬਾਪੂ ਨਾਲ ਕੰਮ ਕਰਵਾਉਂਦਾ। ਦੁੱਧ ਘਿਉ ਦੀ ਕਦੇ ਘਾਟ ਨਹੀਂ ਸੀ ਆਈ। ਇਕ ਮੱਝ ਦੁੱਧੋਂ ਭੱਜਦੀ ਤਾਂ ਦੂਸਰੀ ਸੂ ਪੈਂਦੀ। ਬੇਬੇ ਜਿੱਥੇ ਵੀਰੇ ਨੂੰ ਰੀਝਾਂ ਨਾਲ ਪਾਲਦੀ ਸੀ, ਉਥੇ ਮੇਰੇ ਨਾਲ ਵੀ ਵਿਤਕਰਾ ਨਹੀਂ ਸੀ ਕਰਦੀ।

ਹਾਂ ਸੱਚ, ਬਾਪੂ ਨੇ ਮੇਰਾ ਮੰਗਣਾ ਵੀ ਕਰ ਦਿੱਤਾ। ਇਸ ਪਿੰਡ 'ਚ। ਇਸ ਘਰ 'ਚ ਹੀ ਮੈਂ ਵਿਆਹੀ ਆਈ। ਵਾਹਿਗੁਰੂ ਦੀ ਕਿਰਪਾ ਨਾਲ ਇਨ੍ਹਾਂ ਦਾ ਟੱਬਰ ਵੀ ਅੰਮ੍ਰਿਤਧਾਰੀ ਸੀ। ਇਹ ਵੀ ਚੰਗੇ ਵਸਦੇ-ਰਸਦੇ ਸਨ। ਕਿਸੇ ਕਿਸਮ ਦੇ ਨਸ਼ੇ ਦਾ ਤਾਂ ਸਵਾਲ ਵੀ ਪੈਦਾ ਨਹੀਂ ਸੀ ਹੁੰਦਾ। ਦੋਹਾਂ ਘਰਾਂ ਵਿਚ ਕਦੇ ਸ਼ਰਾਬ ਨੇ ਪੈਰ ਨਹੀਂ ਸਨ ਪਾਏ। ਜਿਸ ਘਰ ਵਿਚ ਮਿਹਨਤ ਨੱਚਦੀ ਹੋਵੇ, ਘਰ ਦੇ ਜੀਆਂ ਵਿਚ ਇਤਫਾਕ ਹੋਵੇ ਤੇ ਰੋਟੀ ਤੋਂ ਬਿਨਾ ਹੋਰ ਕਾਸੇ ਦਾ ਅਮਲ ਨਾ ਹੋਵੇ, ਉਥੇ ਬਰਕਤ ਤਾਂ ਹੁੰਦੀ ਹੀ ਹੁੰਦੀ ਹੈ। ਆਪਣੀ ਮਾਂ ਦਾ ਲਾਡਲਾ ਪੁੱਤ ਤੇ ਮੇਰਾ ਮੰਗੇਤਰ ਗੁਰਦੇਵ ਸਿੰਘ ਮੇਰੇ ਵੀਰੇ ਵਾਂਗ ਹੀ ਸੋਹਣਾ ਸੁਨੱਖਾ ਸੀ। ਮੈਂ ਵੇਖਿਆ ਤਾਂ ਨਹੀਂ ਸੀ, ਪਰ ਕਦੇ ਕਦੇ ਮਾਂ ਤੋਂ ਚੋਰੀ ਉਸ ਦੀ ਫੋਟੋ ਦੇਖ ਲੈਂਦੀ ਸਾਂ। ਮੈਨੂੰ ਗੁਰਦੇਵ ਨਾਮ ਸੋਹਣਾ ਵੀ ਬਹੁਤ ਲੱਗਦੈ। ਗੁਰਦੇਵ ਸਿਉਂ ਮੇਰੇ ਤੋਂ ਚਾਰ ਕੁ ਸਾਲ ਵੱਡਾ ਸੀ ਤੇ ਮੇਰੇ ਵੀਰੇ ਤੋਂ ਦੋ ਕੁ ਸਾਲ ਵੱਡਾ। ਉਸ ਦੀ ਇਕੋ ਇਕ ਭੈਣ ਹਰਦੇਵ ਵਿਆਹੀ ਹੋਈ ਸੀ, ਪਰ ਸਾਰੇ ਉਸ ਨੂੰ ਦੇਬੋ ਹੀ ਆਖਦੇ ਸਨ।

ਮੇਰੇ ਬਾਪੂ ਨੇ ਗੁਰਦੇਵ ਦੇ ਬਾਪੂ ਯਾਨਿ ਮੇਰੇ ਹੋਣ ਵਾਲੇ ਸਹੁਰਾ ਸਾਹਿਬ ਨੂੰ ਆਖ ਦਿੱਤਾ ਸੀ ਕਿ ਅਜੇ ਕੁੜੀ ਨਿਆਣੀ ਹੈ ਤੇ ਨਾਲੇ ਸ਼ਾਂਤੀ ਹੋ ਜਾਣ ਦੇ, ਆਪਾਂ ਫਿਰ ਵਿਆਹ ਧਰਾਂਗੇ। ਉਨ੍ਹਾਂ ਦੇ ਘਰ ਬੇਸ਼ੱਕ ਰੋਟੀ ਟੁੱਕ ਦਾ ਮੁਸ਼ਕਿਲ ਸੀ, ਪਰ ਉਨ੍ਹਾਂ ਗੱਲ ਮੰਨ ਲਈ। ਮੇਰੀ ਹੋਣ ਵਾਲੀ ਸੱਸ ਨੇ ਰੋਟੀ ਟੁੱਕ ਦਾ ਕੰਮ ਕਰਵਾਉਣ ਵਾਸਤੇ ਪਿੰਡੋਂ ਹੀ ਝਿਊਰਾਂ ਦੀ ਕੁੜੀ ਨੂੰ ਰੱਖਿਆ ਹੋਇਆ ਸੀ। ਸਰਦੇ-ਵਰਦੇ ਘਰ ਅਕਸਰ ਹੀ ਰੋਟੀ ਟੁੱਕ ਦਾ ਕੰਮ ਕਰਵਾਉਣ ਵਾਸਤੇ ਪਿੰਡ 'ਚੋਂ ਕੋਈ ਕੁੜੀ-ਬੁੜ੍ਹੀ ਰੱਖ ਹੀ ਲੈਂਦੇ ਨੇ।

ਗਿਆਨ ਕੌਰ ਨੂੰ ਜਾਪਿਆ ਜਿਵੇਂ ਤਾਰੇ ਉਸ ਦੀ ਗੱਲ ਧਿਆਨ ਨਾਲ ਸੁਣ ਰਹੇ ਹਨ। ਉਹ ਆਪਣਾ ਸਾਰਾ ਦਰਦ ਇਨ੍ਹਾਂ ਤਾਰਿਆਂ ਮੂਹਰੇ ਢੇਰੀ ਕਰ ਰਹੀ ਸੀ। ਗਿਆਨ ਕੌਰ ਨੇ ਸਿਰ੍ਹਾਣੇ ਪਏ ਪਾਣੀ ਦੇ ਗਲਾਸ 'ਚੋਂ ਪਾਣੀ ਦੀ ਇਕ ਵਾਰ ਫੇਰ ਘੁੱਟ ਭਰੀ ਤੇ ਚੁੰਨੀ ਦੇ ਲੜ ਨਾਲ ਫਿਰ ਮੁੜ੍ਹਕਾ ਪੂੰਝਿਆ ਅਤੇ ਗੱਲ ਅਗਾਂਹ ਤੋਰਨ ਲੱਗੀ।

ਬੋਲਣ ਤੋਂ ਪਹਿਲਾਂ ਉਸ ਨੇ ਏਡਾ ਵੱਡਾ ਹਉਕਾ ਲਿਆ ਕਿ ਤਾਰੇ ਵੀ ਕੰਬ ਉੱਠੇ।

ਉਨ੍ਹੀਂ ਦਿਨੀਂ ਆਂਢ-ਗਵਾਂਢ ਰੋਜ਼ ਗੱਲਾਂ ਹੁੰਦੀਆਂ ਕਿ ਫਲਾਣੇ ਥਾਂ 'ਤੇ ਫਲਾਣਾ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ। ਇਥੇ ਆਹ ਹੋ ਗਿਅ, ਓਥੇ ਅਹੁ ਹੋ ਗਿਆ। ਗੱਲ ਮਾਰਨ ਜਾਂ ਮਰਨ ਦੀ ਹੀ ਹੁੰਦੀ ਸੀ। ਜੰਮਣ ਦੀ ਗੱਲ ਤਾਂ ਕੋਈ ਕਰਦਾ ਹੀ ਨਹੀਂ ਸੀ। ਅਖਬਾਰਾਂ ਤਾਂ ਜਿਵੇਂ ਲਹੂ ਵਿਚ ਨਹਾ ਕੇ ਹੀ ਆਉਂਦੀਆਂ। ਲਹੂ ਵਿਚ ਨੁੱਚੜਦੀਆਂ ਨੁੱਚੜਦੀਆਂ। ਮਾਂਵਾਂ ਦੇ ਗੱਭਰੂ ਪੁੱਤ ਮਰਦੇ। ਝੂਠੇ ਪੁਲਿਸ ਮੁਕਾਬਲੇ ਬਣਦੇ। ਪੁਲਿਸ ਤਾਂ ਜਿਵੇਂ ਕਸਾਈ ਹੀ ਬਣ ਗਈ ਹੋਵੇ। ਮੁੰਡੇ ਤਾਂ ਮੂਲੀਆਂ ਗਾਜਰਾਂ ਹੀ ਬਣ ਗਏ। ਜਿੱਥੇ ਮਰਜ਼ੀ ਜਦੋਂ ਮਰਜ਼ੀ ਪੁਲਿਸ ਮੁੰਡਿਆਂ ਨੂੰ ਚੁੱਕ ਕੇ ਲੈ ਜਾਂਦੀ, ਖਾਸ ਕਰਕੇ ਅੰਮ੍ਰਿਤਧਾਰੀ ਮੁੰਡਿਆਂ ਨੂੰ। ਕੋਈ ਕਹਿੰਦਾ ਇਹ ਧਰਮ ਯੁੱਧ ਮੋਰਚਾ ਹੈ, ਕੋਈ ਕਹਿੰਦਾ ਇਹ ਤਾਂ ਸਿਰਫ ਲੁੱਟਾਂ-ਖੋਹਾਂ ਦਾ ਮੰਜ਼ਰ ਹੈ। ਮੈਨੂੰ ਤਾਂ ਕੁਝ ਵੀ ਸਮਝ ਨਾ ਆਉਂਦੀ ਕਿ ਕੀ ਹੋਈ ਜਾਂਦੈ। ਮੇਰਾ ਚਿੱਤ ਕਰਦਾ ਕਿ ਮੈਂ ਆਪਣੇ ਬਾਪੂ ਤੇ ਵੀਰੇ-ਦੋਹਾਂ ਨੂੰ ਘਰੋਂ ਬਾਹਰ ਹੀ ਨਾ ਜਾਣ ਦੇਵਾਂ।




ਗਿਆਨ ਕੌਰ ਦਾ ਗਲਾ ਭਰ ਆਇਆ। ਉਸ ਨੇ ਆਪਣੇ ਆਪ ਨੂੰ ਸੰਭਾਲਿਆ। ਸੌਂ ਰਹੇ ਸੁਖਵਿੰਦਰ ਵੱਲ ਨਜ਼ਰ ਮਾਰੀ। ਇਕ ਹੋਰ ਹਾਉਕਾ ਲਿਆ ਤੇ ਕੂਲਰ ਦੀ ਠੰਡੀ ਹਵਾ ਵਿਚ ਰਲ ਗਿਆ। ਕਹਾਣੀ ਤੁਰਦੀ ਗਈ।

ਇਕ ਦਿਨ ਤਾਂ ਹੱਦ ਹੀ ਹੋ ਗਈ। ਪਿੰਡ 'ਚ ਗੁਰਦੁਆਰੇ ਦੇ ਸਪੀਕਰ 'ਚੋਂ ਹੋਕਾ ਆਇਆ ਕਿ ਸਾਰੇ ਆਦਮੀ ਤੇ ਜਵਾਨ ਮੁੰਡੇ ਪਿੰਡ ਦੀ ਧਰਮਸ਼ਾਲਾ ਵਿਚ ਇਕੱਠੇ ਹੋ ਜਾਣ। ਪਿੰਡ 'ਚ ਸਨਾਟਾ ਛਾ ਗਿਆ। ਓਦਣ ਐਤਵਾਰ ਸੀ। ਵੀਰਾ ਬੈਠਕ 'ਚ ਬੈਠਾ ਪੜ੍ਹ ਰਿਹਾ ਸੀ ਤੇ ਬਾਪੂ ਬਾਹਰ ਬਰਾਂਡੇ 'ਚ ਮੰਜੀ 'ਤੇ ਪਿਆ ਸੀ। ਬਾਪੂ ਨੇ ਬੇਬੇ ਤੋਂ ਪੁਛਿਆ ਬਈ ਮੱਖਣ ਕਿੱਥੇ ਹੈ! ਬੇਬੇ ਦੀ ਤਾਂ ਜਿਵੇਂ ਜਾਨ ਹੀ ਨਿਕਲ ਗਈ ਕਿ ਹੁਣ ਇਹਦੇ ਨਾਲ ਮੱਖਣ ਨੂੰ ਵੀ ਜਾਣਾ ਪਊ।

ਬੇਬੇ ਬੋਲੀ, "ਸਰਦਾਰਾ, ਮੱਖਣ ਤਾਂ ਪੜ੍ਹ ਰਿਹਾ ਹੈ। ਤੂੰ ਉਹਨੂੰ ਘਰੇ ਹੀ ਰਹਿਣ ਦੇ। ਮੇਰੀ ਮੰਨੇ ਤਾਂ ਇਕੱਲਾ ਹੀ ਜਾ ਆ।"

ਬਾਪੂ ਨੇ ਸਿਰ ਉਤਲਾ ਪਰਨਾ ਠੀਕ ਕਰਕੇ ਵਲੇਟਿਆਂ ਕਿਹਾ, "ਕਿਵੇਂ ਜਾ ਆਵਾਂ। ਜੇ ਪੁਲਸ ਘਰੇ ਆ ਗਈ ਤਾਂ ਹੋਰ ਵੀ ਮਾੜਾ ਹੋਊ। ਨਾਲੇ ਇਹਨੇ ਕਿਹੜਾ ਕੁਝ ਕੀਤਾ ਹੈ! ਏਹਨੂੰ ਕੀ ਕਹਿਣਾ ਪੁਲਸ ਨੇ!"

ਬਾਪੂ ਨੇ ਵੀਰੇ ਨੂੰ ਆਵਾਜ਼ ਮਾਰੀ। ਹੋਕਾ ਤਾਂ ਵੀਰੇ ਨੇ ਵੀ ਸੁਣ ਲਿਆ ਸੀ। ਉਹ ਕਿਤਾਬ ਰੱਖਣ ਹੀ ਵਾਲਾ ਸੀ ਕਿ ਬਾਪੂ ਨੇ ਹਾਕ ਮਾਰ ਲਈ। ਬਾਪੂ ਕਹਿ ਰਿਹਾ ਸੀ, "ਮੱਖਣ ਸ਼ੇਰਾ, ਆ ਕੇ ਪੜ੍ਹ ਲਵੀਂ। ਧਰਮਸ਼ਾਲਾ ਵਿਚ ਇਕੱਠੇ ਹੋਣ ਲਈ ਕਿਹਾ ਹੈ। ਛੇਤੀ ਮੁੜ ਆਵਾਂਗੇ।"

ਵੀਰੇ ਨੇ ਵੀ ਸਿਰ 'ਤੇ ਆਪਣਾ ਡੱਬੀਆਂ ਵਾਲਾ ਪਰਨਾ ਵਲ੍ਹੇਟ ਲਿਆ। ਬਿਨਾ ਕੁਝ ਬੋਲੇ ਪੈਰੀਂ ਚੱਪਲਾਂ ਪਾ ਕੇ ਬਾਪੂ ਦੇ ਨਾਲ ਹੋ ਤੁਰਿਆ।

ਧਰਮਸ਼ਾਲਾ ਵਿਚ ਸਾਰਾ ਪਿੰਡ ਇਕੱਠਾ ਹੋ ਗਿਆ। ਘਰਾਂ 'ਚ ਔਰਤਾਂ ਸਹਿਮੀਆਂ ਬੈਠੀਆਂ ਸਨ। ਮਾਂਵਾਂ ਦਾ ਸਹਿਮ ਦੇਖ ਨਿਆਣੇ ਵੀ ਕੌਲਿਆਂ 'ਚ ਲੁਕ ਗਏ।

ਪਿੰਡ 'ਚ ਰੌਲਾ ਪੈ ਗਿਆ ਕਿ ਪੁਲਿਸ ਪਿੰਡ ਦੇ ਦੋ ਮੁੰਡੇ ਚੁੱਕ ਕੇ ਲੈ ਗਈ। ਧਰਮਸ਼ਾਲਾ ਵਿਚ ਹੀ ਕਈਆਂ 'ਤੇ ਪੁਲਿਸ ਨੇ ਕੁਟਾਪਾ ਚਾੜ੍ਹਿਆ। ਮੇਰੇ ਵੀਰੇ ਤੇ ਭੋਲੂ ਚਾਚੇ ਦੇ ਮੁੰਡੇ ਬਿੰਦਰ ਨੂੰ ਪੁਲਿਸ ਨੇ ਵਾਲੋਂ ਫੜ ਕੇ ਘੜੀਸ ਕੇ ਜਿਪਸੀ ਵਿਚ ਸੁੱਟ ਲਿਆ। ਸਾਰਾ ਪਿੰਡ ਸਹਿਮ ਗਿਆ। ਨਾ ਕਿਸੇ ਪਕਾਈ, ਨਾ ਕਿਸੇ ਖਾਧੀ। ਪਾਣੀ ਦੀ ਘੁੱਟ ਅੰਦਰ ਨਹੀਂ ਸੀ ਲੰਘਦੀ। ਪਿੰਡ ਤ੍ਰਾਹ ਤ੍ਰਾਹ ਕਰਨ ਲੱਗ ਪਿਆ। ਪਿੰਡ 'ਚੋਂ ਦੋ ਜਵਾਨ ਮੁੰਡਿਆਂ ਦਾ ਫੜੇ ਜਾਣਾ ਅਤੇ ਉਹ ਵੀ ਬੇਕਸੂਰ ਮੁੰਡਿਆਂ ਦਾ! ਕਿਹੋ ਜਿਹੇ ਵੇਲੇ ਆ ਗਏ। ਲੋਕਾਂ ਦੇ ਮੂੰਹਾਂ 'ਚ ਬੋਲ ਸੁੱਕ ਗਏ। ਕੋਈ ਬੋਲੇ ਤਾਂ ਕੀ ਬੋਲੇ!

ਮੇਰੀ ਤਾਂ ਜਾਨ ਹੀ ਨਿਕਲ ਗਈ। ਮੇਰੀਆਂ ਅੱਖਾਂ ਮੂਹਰੇ ਵੀਰੇ ਦੇ ਲੰਬੇ ਲੰਬੇ ਸੋਹਣੇ ਵਾਲ ਘੁੰਮਣ ਲੱਗੇ। ਮੈਂ ਚੀਕਾਂ ਮਾਰੀ ਜਾਵਾਂ। ਮੇਰਾ ਵੀਰਾ... ਮੇਰਾ ਵੀਰਾ। ਨਾਲ ਦੇ ਘਰੋਂ ਚਾਚੀ ਨੇ ਆ ਕੇ ਮੈਨੂੰ ਬੁੱਕਲ 'ਚ ਲਿਆ ਤੇ ਦਿਲਾਸਾ ਦਿੱਤਾ ਕਿ ਅੱਜ-ਭਲਕ ਦੋਨੋਂ ਮੁੰਡੇ ਛੁੱਟ ਕੇ ਆ ਜਾਣਗੇ; ਪਰ ਮੇਰਾ ਦਿਲ ਨਾ ਠਹਿਰਦਾ।

ਪਿੰਡ 'ਚੋਂ ਬੰਦੇ ਇਕੱਠੇ ਹੋ ਕੇ ਥਾਣੇ ਗਏ, ਪਰ ਕਿਸੇ ਨੇ ਨਾ ਸੁਣੀ। ਭੇਬੇ-ਬਾਪੂ ਨੂੰ ਕਹੇ, ਜਾ ਕੇ ਮੇਰੇ ਪੁੱਤ ਨੂੰ ਛੁਡਾ ਕੇ ਲਿਆ। ਭਾਵੇਂ ਸਾਰੀ ਜ਼ਮੀਨ ਪੁਲਸ ਦੇ ਨਾਮ ਕਰਵਾ ਦੇ, ਮੈਨੂੰ ਮੇਰਾ ਪੁੱਤ ਚਾਹੀਦੈ!

ਮੇਰੇ ਸਹੁਰਿਆਂ ਨੇ ਵੀ ਅਹੁੜ-ਪਹੁੜ ਕੀਤਾ। ਬਾਪੂ ਨਾਲ ਥਾਣੇ ਗਏ। ਵੀਰੇ ਦੀ ਕੋਈ ਉੱਘ-ਸੁੱਘ ਨਾ ਮਿਲੇ। ਕਿੱਥੇ ਲੈ ਗਈ ਪੁਲਿਸ?

ਬਾਪੂ ਖੇਤ ਵੀ ਨਹੀਂ ਸੀ ਜਾਂਦਾ। ਦਿਨ-ਰਾਤ ਥਾਣਿਆਂ ਦੇ ਗੇੜੇ ਕੱਢਦਾ ਰਹਿੰਦਾ। ਆਥਣ ਨੂੰ ਥੱਕ-ਟੁੱਟ ਘਰ ਆ ਜਾਂਦਾ। ਭੁੱਬਾਂ ਮਾਰ ਮਾਰ ਰੋਂਦਾ। ਬੇਬੇ ਸਾਰਾ ਸਾਰਾ ਦਿਨ ਅੱਖਾਂ ਪੂੰਝਦੀ ਰਹਿੰਦੀ। ਮੈਂ ਬੇਬੇ ਤੋਂ ਚੋਰੀ, ਵੀਰੇ ਦੀ ਫੋਟੋ ਚੁੱਕ ਕੇ ਵੀਰੇ ਨਾਲ ਗੱਲਾਂ ਕਰਦੀ ਰਹਿੰਦੀ। ਰੱਬ ਅੱਗੇ ਅਰਦਾਸਾਂ ਕਰਦੀ ਕਿ ਰੱਬਾ ਮੇਰੇ ਵੀਰੇ ਨੂੰ ਤੱਤੀ ਵਾਅ ਨਾ ਲੱਗਣ ਦੇਵੀਂ। ਮੈਂ ਆਪ ਰੋਂਦੀ, ਪਰ ਬਾਪੂ 'ਤੇ ਬੇਬੇ ਨੂੰ ਧਰਵਾਸ ਦਿੰਦੀ। ਹੋਰ ਕਰ ਵੀ ਕੀ ਸਕਦੀ ਸੀ।

ਬਹੁਤ ਖੱਜਲ ਖੁਆਰੀ ਤੋਂ ਬਾਅਦ ਏਨਾ ਹੀ ਪਤਾ ਲੱਗਿਆ ਕਿ ਮੇਰੇ ਵੀਰੇ ਤੇ ਭੋਲੂ ਚਾਚੇ ਦੇ ਮੁੰਡੇ 'ਤੇ ਅਤਿਵਾਦੀ ਹੋਣ, ਲੁੱਟਾਂ-ਖੋਹਾਂ ਕਰਨ ਤੇ ਕਤਲ ਦੇ ਕਈ ਕੇਸ ਪਾ ਦਿੱਤੇ ਹਨ। ਸਾਡਾ ਘਰ ਖੇਤ 'ਚ ਹੋਣ ਕਰਕੇ, ਪੁਲਿਸ ਨੇ ਇਹ ਵੀ ਇਲਜ਼ਾਮ ਲਾਇਆ ਕਿ ਤੁਹਾਡੇ ਮੁੰਡੇ ਕੋਲ ਰਾਤ ਬਰਾਤੇ ਅਤਿਵਾਦੀ ਆਉਂਦੇ ਨੇ। ਤੁਹਾਡਾ ਮੁੰਡਾ ਉਨ੍ਹਾਂ ਨੂੰ ਵੇਲੇ-ਕੁਵੇਲੇ ਪਨਾਹ ਦਿੰਦਾ ਹੈ। ਇਨ੍ਹਾਂ ਦੋਨਾਂ ਮੁੰਡਿਆਂ ਨੂੰ ਇਕ ਦਿਨ ਅਤਿਵਾਦੀਆਂ ਦੀ ਕਾਰ 'ਚੋਂ ਨਿਕਲਦੇ ਵੇਖਿਆ ਗਿਆ ਹੈ, ਬਿਲਕੁਲ ਤੁਹਾਡੇ ਘਰ ਦੇ ਮੂਹਰੇ। ਬਾਪੂ ਨੇ ਬਥੇਰਾ ਕਿਹਾ ਪਈ ਜੇ ਸਾਡੇ ਕਦੇ ਕੋਈ ਆਇਆ ਹੁੰਦਾ ਤਾਂ ਕੀ ਸਾਨੂੰ ਪਤਾ ਨਾ ਲੱਗਦਾ। ਪਿੰਡ ਦੇ ਲੋਕਾਂ ਨੇ ਵੀ ਬਥੇਰੇ ਹੱਥ ਜੋੜੇ। ਬਥੇਰੇ ਤਰਲੇ ਪਾਏ, ਪਰ ਡਾਹਢਿਆਂ ਮੂਹਰੇ ਕੋਈ ਪੇਸ਼ ਨਾ ਗਈ।

ਹੋਇਆ ਇਉਂ ਕਿ ਇਕ ਦਿਨ ਭੋਲੂ ਚਾਚੇ ਦਾ ਮੁੰਡਾ ਬਿੰਦਰ ਸਾਡੇ ਘਰ ਆਇਆ। ਬਿੰਦਰ, ਵੀਰੇ ਤੋਂ ਕੋਈ ਕਿਤਾਬ ਲੈਣ ਆਇਆ ਸੀ। ਉਹ ਦੋਨੋਂ ਗੱਲਾਂ ਕਰਦੇ ਕਰਦੇ ਸਾਡੇ ਖੇਤ ਨੂੰ ਆਉਂਦੀ ਪਹੀ ਦੇ ਸਾਹਮਣੇ ਵਾਲੀ ਪੁਲੀ 'ਤੇ ਜਾ ਬੈਠੇ। ਸੜਕ 'ਤੇ ਜਾਂਦੀ ਇਕ ਕਾਰ ਦਾ ਟਾਇਰ ਫਟ ਗਿਆ। ਕਾਰ ਵਿਚ ਦੋ ਸਵਾਰ ਸਨ। ਬਿੰਦਰ ਤੇ ਵੀਰਾ-ਦੋਵੇਂ ਭੱਜ ਕੇ ਉਨ੍ਹਾਂ ਦੀ ਮਦਦ ਕਰਨ ਚਲੇ ਗਏ। ਉਹ ਕੌਣ ਸਨ, ਕਿੱਥੋਂ ਆਏ ਸਨ, ਕਿੱਧਰ ਨੂੰ ਜਾਣਾ ਸੀ, ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ। ਉਹ ਤਾਂ ਸਿਰਫ ਇਹੀ ਜਾਣਦੇ ਸਨ ਕਿ ਮੁਸ਼ਕਿਲ ਵੇਲੇ ਬੰਦੇ ਨੂੰ ਬੰਦੇ ਦਾ ਸਾਥ ਦੇਣਾ ਚਾਹੀਦਾ ਹੈ।

ਲੋਕੀਂ ਗੱਲਾਂ ਕਰਦੇ ਬਈ ਮਾੜਾ ਹੋਇਆ। ਇਹ ਦੋਨੋਂ ਤਾਂ ਪਿੰਡ ਦੇ ਸਾਊ ਪੁੱਤ ਸਨ। ਦੋਨਾਂ ਦੀ ਆਪਸ ਵਿਚ ਬਣਦੀ ਵੀ ਬਹੁਤ ਸੀ। ਇਕੱਠੇ ਕਾਲਜ ਜਾਂਦੇ ਤੇ ਇਕੱਠੇ ਹੀ ਵਾਪਿਸ ਆਉਂਦੇ। ਬਿੰਦਰ ਨੇ ਵੀ ਮੇਰੇ ਵੀਰੇ ਦੀ ਰੀਸੇ ਅੰਮ੍ਰਿਤ ਛਕ ਲਿਆ ਸੀ। ਪਹਿਲਾਂ ਉਹ ਕਦੇ ਕਦੇ ਸ਼ਰਾਬ ਪੀ ਲਿਆ ਕਰਦਾ ਸੀ। ਹੁਣ ਤਾਂ ਬਿੰਦਰ ਵੀ ਰਹਿਤ ਮਰਿਆਦਾ ਦਾ ਪੱਕਾ ਧਾਰਨੀ ਸੀ।

ਮੈਂ ਸੋਚਾਂ, ਮੇਰਾ ਵੀਰ ਕਿਵੇਂ ਲੁੱਟ-ਖੋਹ ਕਰ ਸਕਦਾ ਹੈ! ਉਹ ਤਾਂ ਪੰਜ-ਦਸ ਰੁਪਈਏ ਵੀ ਬਾਪੂ ਤੋਂ ਲੈ ਕੇ ਜਾਂਦਾ ਸੀ ਕਾਲਜ ਜਾਣ ਵੇਲੇ!

ਤੇ ਫਿਰ ਇਕ ਦਿਨ ਖਬਰ ਆ ਗਈ ਕਿ ਮੇਰਾ ਵੀਰਾ ਮੱਖਣ ਤੇ ਭੋਲੂ ਚਾਚੇ ਦਾ ਮੁੰਡਾ ਬਿੰਦਰ ਦੋਵੇਂ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਫਿਰ ਕੀ ਹੋਣਾ ਸੀ! ਦੋਨਾਂ ਦੀ ਫੋਟੋ ਅਖਬਾਰ ਵਿਚ ਸੀ। ਵੀਰੇ ਦੇ ਲੰਬੇ ਖੁੱਲ੍ਹੇ ਵਾਲ ਲਹੂ 'ਚ ਗੜੁੱਚ ਸਨ। ਖਿਲਰੇ ਹੋਏ ਵਾਲ ਦੇਖ ਮੇਰਾ ਕਾਲਜਾ ਬਾਹਰ ਆ ਗਿਆ। ਬੇਬੇ ਬਾਪੂ ਮਰਨ ਵਾਲੇ ਹੋ ਗਏ। ਬੇਬੇ ਤਾਂ ਪਾਗਲ ਹੀ ਹੋ ਗਈ। ਸਾਰਾ ਦਿਨ ਅਵਾ-ਤਵਾ ਬੋਲਦੀ ਰਹਿੰਦੀ। ਨਾ ਖਾਂਦੀ, ਨਾ ਪੀਂਦੀ। ਜਿਹੜਾ ਵੀ ਮੂਹਰੇ ਆਉਂਦਾ, ਉਸ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੀ। ਇਸੇ ਪਾਗਲਪਣ 'ਚ ਉਸ ਨੇ ਕੋਠੇ ਤੋਂ ਛਾਲ ਮਾਰ ਦਿੱਤੀ ਤੇ ਜਹਾਨੋਂ ਤੁਰ ਗਈ।

ਮੈਨੂੰ ਵਾਰ ਵਾਰ ਵੀਰੇ ਦੇ ਲੰਬੇ ਲੰਬੇ ਵਾਲ ਯਾਦ ਆਉਂਦੇ। ਉਹ ਜਦੋਂ ਘਰੋਂ ਗਿਆ ਸੀ, ਉਸ ਨੇ ਚਿੱਟਾ ਕੁੜਤਾ-ਪਜਾਮਾ ਤੇ ਬਾਹਰ ਦੀ ਨੀਲੇ ਰੰਗ ਦਾ ਗਾਤਰਾ ਪਾਇਆ ਸੀ। ਡੱਬੀਆਂ ਵਾਲਾ ਪਰਨਾ ਤਾਂ ਵੀਰੇ ਦੇ ਬਾਹਲਾ ਹੀ ਫੱਬਦਾ ਸੀ। ਅੱਜ ਤੱਕ ਓਹੀ ਤਸਵੀਰ ਮੇਰੀਆਂ ਅੱਖਾਂ ਮੂਹਰੇ ਘੁੰਮਦੀ ਹੈ।

ਇਕ ਦਿਨ ਮੈਂ ਦੇਖਿਆ, ਬਾਪੂ ਤੇ ਬੇਬੇ ਬਰਾਂਡੇ 'ਚ ਬੈਠੇ ਘੁਸਰ-ਮੁਸਰ ਕਰ ਰਹੇ ਹਨ। ਮੈਂ ਬਾਪੂ ਦੇ ਮੂੰਹੋਂ ਗੁਰਦੇਵ ਸਿਉਂ ਨਾਂ ਸੁਣ ਕੇ ਠਠੰਬਰ ਗਈ।

ਬਾਪੂ ਬੇਬੇ ਨੂੰ ਕਹਿ ਰਿਹਾ ਸੀ, "ਕੱਲ੍ਹ ਹਰਨੇਕ ਸਿਉਂ ਨੂੰ ਫੜ ਕੇ ਲੈ ਗਏ ਆ। ਉਹ ਗੁਰਦੇਵ ਬਾਰੇ ਪੁੱਛਦੇ ਹਨ, ਬਈ ਉਹ ਕਿੱਥੇ ਹੈ? ਗੁਰਦੇਵ ਦੇ ਮੱਖਣ ਨਾਲ ਕੀ ਸਬੰਧ ਸਨ? ਦੋਨਾਂ ਨੂੰ ਸ਼ਹਿਰ 'ਚ ਕਈ ਵਾਰ ਇਕੱਠੇ ਦੇਖਿਆ ਗਿਆ ਹੈ।"

ਮੈਂ ਸਮਝ ਗਈ ਕਿ ਹੁਣ ਗੁਰਦੇਵ ਨਾਲ ਵੀ ਉਹ ਹੀ ਹੋਊ, ਜੋ ਵੀਰੇ ਨਾਲ ਹੋਈ ਹੈ। ਪਰ ਮੇਰੇ ਸਹੁਰੇ ਯਾਨਿ ਗੁਰਦੇਵ ਦੇ ਬਾਪ ਨੇ ਮੇਰੇ ਬਾਪੂ ਨਾਲ ਸਲਾਹ ਕਰਕੇ ਗੁਰਦੇਵ ਨੂੰ ਪਹਿਲਾਂ ਹੀ ਕਲਕੱਤੇ ਕਿਸੇ ਰਿਸ਼ਤੇਦਾਰ ਕੋਲ ਭੇਜ ਦਿੱਤਾ ਸੀ।

ਮੇਰੇ ਸਹੁਰੇ ਦੀ ਅੱਜ ਤੱਕ ਉੱਘ-ਸੁੱਘ ਨਹੀਂ ਮਿਲੀ। ਕਹਿੰਦੇ ਨੇ ਪੁਲਿਸ ਨੇ ਉਸ ਨੂੰ ਬਹੁਤ ਕੁੱਟਿਆ ਤੇ ਕੁੱਟ-ਕੁੱਟ ਕੇ ਹੀ ਮਾਰ ਦਿੱਤਾ। ਉਹ ਗੁਰਦੇਵ ਬਾਰੇ ਪੁੱਛਦੇ ਸਨ ਕਿ ਉਹਨੂੰ ਕਿੱਥੇ ਲਕੋਇਆ ਹੈ।

ਮੇਰੀ ਸੱਸ ਨੇ ਮੈਨੂੰ ਦੱਸਿਆ ਕਿ ਉਹ ਸਾਰਾ ਮਾਲ ਢਾਂਡਾ ਵੇਚ ਕੇ ਆਪਣੇ ਪੇਕੀਂ ਚਲੀ ਗਈ। ਘਰ ਬਰਬਾਦ ਹੋ ਗਿਆ। ਜ਼ਮੀਨ ਵਿੱਕ ਗਈ। ਉਹਦੇ ਪੇਕਿਆਂ ਨੇ ਪੁਲਿਸ ਦੇ ਢਿੱਡ 'ਚ ਪੂਰੇ ਚਾਰ ਕਿੱਲੇ ਪਾਏ ਤਾਂ ਜਾ ਕੇ ਗੁਰਦੇਵ ਦਾ ਖਹਿੜਾ ਛੱਡਿਆ। ਸਾਰਾ ਕੇਸ ਰਫਾ-ਦਫਾ ਕਰਵਾਇਆ। ਦੋ-ਤਿੰਨ ਸਾਲਾਂ ਬਾਅਦ ਗੁਰਦੇਵ ਕਲਕੱਤੇ ਤੋਂ ਘਰੇ ਆ ਗਿਆ, ਪਰ ਦਿਲ ਵਿਚ ਧੁੜਕੂ ਬਣਿਆ ਰਿਹਾ।

ਗੁਰਦੇਵ ਦੀ ਮਾਂ ਵੀ ਆਪਣੇ ਪੇਕਿਓਂ ਆਪਣੇ

***(ਬਾਕੀ ਅਗਲੇ ਸਫੇ 'ਤੇ)***

# ਤਿੰਨ ਪੀੜ੍ਹੀਆਂ

*(ਪਿਛਲੇ ਸਫੇ ਦੀ ਬਾਕੀ)*

ਘਰ ਮੁੜ ਆਈ। ਉਹ ਵੀ ਜਿਊਂਦੀ ਲਾਸ਼ ਬਣ ਚੁਕੀ ਸੀ। ਘਰ ਬਰਬਾਦ ਹੋ ਗਿਆ ਸੀ। ਜਿਸ ਔਰਤ ਨੂੰ ਪਤਾ ਨਾ ਹੋਵੇ ਕਿ ਉਸ ਦੇ ਸਿਰ ਦਾ ਸਾਂਈਂ ਜਿਊਂਦਾ ਜਾਂ ਮਰ ਗਿਆ ਤਾਂ ਉਸ ਦੀ ਦੀ ਹਾਲਤ ਦਾ ਉਸ ਨੂੰ ਹੀ ਪਤਾ ਹੁੰਦਾ ਹੈ। ਬਾਕੀ ਲੋਕ ਅੰਦਾਜ਼ੇ ਹੀ ਲਾ ਸਕਦੇ ਹਨ।

ਹੁਣ ਘਰ ਵਿਚ ਗੁਰਦੇਵ ਤੇ ਉਸ ਦੀ ਮਾਂ ਹੀ ਰਹਿ ਗਏ ਸਨ। ਰਿਸ਼ਤੇਦਾਰਾਂ ਨੇ ਸਲਾਹ ਮਸ਼ਵਰਾ ਕਰਕੇ ਸਾਡਾ ਵਿਆਹ ਕਰ ਦਿੱਤਾ। ਗੁਰਦੇਵ ਨੇ ਰਹਿੰਦੀ ਖੂੰਹਦੀ ਜ਼ਮੀਨ ਤੇ ਖੇਤੀਬਾੜੀ ਦਾ ਕੰਮ ਕਰਨਾ ਸ਼ੁਰੂ ਕੀਤਾ। ਨਵੇਂ ਸਿਰੇ ਤੋਂ ਪੁਰਾਣੇ-ਸਰਾਣੇ ਸੰਦ ਖਰੀਦੇ। ਔਖੇ-ਸੌਖੇ ਹੋ ਕੇ ਇਕ ਤੋਕੜ ਗਾਂ ਰੱਖ ਲਈ। ਗੱਲ ਕੀ, ਅਸੀਂ ਰੁੱਖੀ-ਮਿਸੀ ਖਾਣ ਜੋਗੇ ਹੋ ਗਏ।

ਬਹੁਤਾ ਸਮਾਂ ਨਹੀਂ ਸੀ ਬੀਤਿਆ। ਮਾੜੀ ਕਿਸਮਤ ਜੋ ਲਗਾਤਾਰ ਸਾਡਾ ਪਿੱਛਾ ਕਰ ਰਹੀ ਸੀ, ਫਿਰ ਸਾਡੇ ਤੱਕ ਪਹੁੰਚ ਗਈ। ਹੋਇਆ ਕੀ ਕਿ ਇਕ ਦਿਨ ਪੁਲਿਸ ਦੀ ਗੱਡੀ ਸਾਡੇ ਵਿਹੜੇ 'ਚ ਆ ਖੜ੍ਹੀ ਹੋਈ। ਮੈਂ ਤੇ ਬੇਬੇ ਜੀ ਯਾਨਿ ਮੇਰੀ ਸੱਸ ਘਰ ਸਾਂ। ਪੁਲਿਸ 'ਚੋਂ ਇਕ ਨੇ ਗੁਰਦੇਵ ਬਾਰੇ ਪੁਛਿਆ।

ਮੈਂ ਤਾਂ ਪਿਛਾਂਹ ਹੋ ਗਈ, ਬੇਬੇ ਜੀ ਨੇ ਕੰਬਦੀ ਆਵਾਜ਼ ਵਿਚ ਜਵਾਬ ਦਿੱਤਾ, "ਗੁਰਦੇਵ ਤਾਂ ਭਾਈ ਘਰੇ ਨ੍ਹੀਂ। ਬਾਜ਼ਾਰੋਂ ਸੌਦਾ ਪੱਤਾ ਲੈਣ ਗਿਆ ਹੈ। ਤੁਸੀਂ ਬੈਠੋ, ਚਾਹ ਪਾਣੀ ਪੀਵੋ।"

ਉਹ ਸਾਡੇ ਕਮਰਿਆਂ ਵੱਲ ਨੂੰ ਹੋ ਤੁਰੇ ਜਿਵੇਂ ਕਿਸੇ ਨੂੰ ਲੱਭ ਰਹੇ ਹੋਣ। ਤੂੜੀ ਵਾਲੇ ਅੰਦਰ ਵੀ ਵੇਖਿਆ, ਜਿੱਥੇ ਗਾਂ ਬੰਨ੍ਹਦੇ ਸਾਂ, ਉਥੇ ਵੀ ਗਏ। ਇਕੱਠੇ ਕਰਕੇ ਰੱਖੇ ਬਿਸਤਰੇ ਵੀ ਫਰੋਲੇ। ਇਕ ਜਾਣੇ ਨੇ ਦੂਸਰੇ ਵੱਲ ਇਸ਼ਾਰਾ ਕੀਤਾ। ਉਸ ਨੇ ਮੁੱਛਾਂ ਨੂੰ ਵੱਟ ਦਿੰਦਿਆਂ ਤੇ ਨਵੀ ਰਜਾਈ ਵੱਲ ਡੰਡੇ ਨਾਲ ਇਸ਼ਾਰਾ ਕਰਕੇ ਪੁੱਛਿਆ, "ਕਲ੍ਹ ਰਾਤ ਕੌਣ ਆਇਆ ਸੀ।"

ਬੇਬੇ ਜੀ ਨੇ ਕੰਬਦੀ ਆਵਾਜ਼ 'ਚ ਕਿਹਾ, "ਕਲ੍ਹ ਸਾਡੀ ਬਹੂ ਦਾ ਪਿਉ ਆਇਆ ਸੀ। ਦੁਪਹਿਰੇ ਜਿਹੇ ਆਇਆ ਸੀ ਆਪਣੀ ਧੀ ਨੂੰ ਮਿਲਣ ਤੇ ਅੱਜ ਸਵੇਰੇ ਚਾਹ ਪੀ ਕੇ ਹੀ ਤੁਰ ਗਿਆ। ਇਹ ਨਵਾਂ ਬਿਸਤਰਾ ਉਹਦੇ ਲਈ ਕੱਢਿਆ ਸੀ।"

ਪੁਲਿਸ ਅਫਸਰ ਜਿਹਦੀ ਤੋਂਦ ਦੋ ਫੁੱਟ ਬਾਹਰ ਨਿਕਲੀ ਹੋਈ ਸੀ, ਬੇਬੇ ਜੀ ਵੱਲ ਘੂਰ ਕੇ ਝਾਕਿਆ ਤੇ ਕਹਿਣ ਲੱਗਾ, "ਸਾਨੂੰ ਇਤਲਾਹ ਮਿਲੀ ਹੈ ਕਿ ਕਲ੍ਹ ਰਾਤ ਤੁਹਾਡੇ ਘਰ ਕਿਸੇ ਅਤਿਵਾਦੀ ਨੇ ਰਾਤ ਕੱਟੀ ਸੀ।"

"ਨਾ, ਭਾਈ ਨਾ! ਇਹਦੇ ਬਾਪੂ ਤੋਂ ਬਿਨਾ ਤਾਂ ਚਿੜੀ ਨੀ ਫਰਕੀ।" ਬੇਬੇ ਜੀ ਨੇ ਰੋਣੀ ਆਵਾਜ਼ 'ਚ ਜਵਾਬ ਦਿੱਤਾ।

ਏਨੇ ਨੂੰ ਗੁਰਦੇਵ ਆ ਗਿਆ। ਉਸ ਨੇ ਸਾਈਕਲ ਖੜ੍ਹਾ ਕੀਤਾ ਤੇ ਬੜੇ ਅਦਬ ਨਾਲ ਸਤਿ ਸ੍ਰੀ ਅਕਾਲ ਬੁਲਾਈ। ਚਾਹ ਪਾਣੀ ਪੀਣ ਲਈ ਕਿਹਾ।

"ਇਤਲਾਹ ਮਿਲੀ ਹੈ ਰਾਤ ਕੋਈ ਓਪਰਾ ਬੰਦਾ ਤੁਹਾਡੇ ਘਰ ਠਹਿਰਿਆ। ਨਹੀਂ ਆਉਂਦੇ ਬਾਜ ਆਪਣੀਆਂ ਕਰਤੂਤਾਂ ਤੋਂ।" ਇਕ ਜਾਣਾ ਇਉਂ ਬੋਲਿਆ ਜਿਵੇਂ ਅਸੀਂ ਬਹੁਤ ਵੱਡੇ ਅਪਰਾਧੀ ਹੋਈਏ।

ਵੇਂਹਦੇ ਵੇਂਹਦੇ ਗੁਰਦੇਵ ਨੂੰ ਹੱਥਕੜੀ ਲਾ ਕੇ ਥਾਣੇ ਲੈ ਗਏ। ਮੈਨੂੰ ਵਾਰ ਵਾਰ ਇਹੀ ਖਿਆਲ ਆਈ ਜਾਵੇ ਕਿ ਕਿਤੇ ਵੀਰੇ ਵਾਂਗ ਏਹਨੂੰ ਵੀ...।

ਬੇਬੇ ਜੀ ਨੇ ਪਿੰਡ 'ਚ ਦੁਹਾਈ ਪਾਈ। ਆਪਣੇ ਪੇਕੀਂ ਤੇ ਮੇਰੇ ਬਾਪੂ ਨੂੰ ਸੁਨੇਹਾ ਭੇਜਿਆ।

ਜਿਵੇਂ ਜਿਵੇਂ ਪਤਾ ਲੱਗਿਆ, ਸਾਰੇ ਰਿਸ਼ਤੇਦਾਰ ਇਕੱਠੇ ਹੋ ਗਏ। ਮੇਰਾ ਬਾਪੂ ਪਤਾ ਨ੍ਹੀਂ ਕਿੱਥੋਂ ਚਾਲੀ ਕੁ ਹਜ਼ਾਰ ਫੜ ਕੇ ਲਿਆਇਆ। ਮੇਰੀ ਸੱਸ ਦੇ ਭਤੀਜੇ ਦੀ ਕਿਸੇ ਵੱਡੇ ਅਫਸਰ ਨਾਲ ਜਾਣ-ਪਛਾਣ ਸੀ। ਉਹ ਓਧਰ ਨੂੰ ਭੱਜਿਆ। ਗੱਲ ਕੀ, ਪੂਰੇ ਪੰਜਾਹ ਹਜ਼ਾਰ ਦੇ ਕੇ ਤੇ ਕਹਿ ਕੁਹਾ ਕੇ ਅਗਲੇ ਦਿਨ ਗੁਰਦੇਵ ਸਿਉਂ ਨੂੰ ਘਰੇ ਲਿਆਂਦਾ।

ਗੁਰਦੇਵ ਜਦੋਂ ਘਰੇ ਆਇਆ, ਉਸ ਦਾ ਬੁਰਾ ਹਾਲ ਸੀ। ਉਸ ਤੋਂ ਤੁਰਿਆ ਨਹੀਂ ਸੀ ਜਾਂਦਾ। ਉਸ ਦੇ ਵਾਲ ਪੱਟੇ ਪਏ ਸਨ। ਥਾਂ ਥਾਂ 'ਤੇ ਜ਼ਖਮ ਸਨ। ਪੈਰ ਸੁੱਜੇ ਪਏ ਸਨ। ਉਸ ਦੀ ਹਾਲਤ ਦੇਖ ਕੇ ਮੇਰੀ ਤੇ ਬੇਬੇ ਜੀ ਦੀ ਭੁੱਬ ਨਿਕਲ ਗਈ।

ਮੇਰੇ ਬਾਪੂ ਨੇ ਮੇਰੇ ਸਿਰ 'ਤੇ ਹੱਥ ਧਰਿਆ, ਹੌਸਲਾ ਦਿੱਤਾ ਤੇ ਗੁਰਦੇਵ ਵਾਸਤੇ ਦੁੱਧ ਘਿਉ ਦਾ ਪ੍ਰਬੰਧ ਕਰਨ ਲਈ ਕਿਹਾ।

ਹੌਲੀ ਹੌਲੀ ਗੁਰਦੇਵ ਤੁਰਨ ਫਿਰਨ ਲੱਗ ਪਿਆ। ਅਸੀਂ ਲੋਹੜਿਆਂ ਦੀ ਸੇਵਾ ਕੀਤੀ ਉਸ ਦੀ। ਸਰੀਰ ਦਾ ਤਕੜਾ ਹੋਣ ਕਰਕੇ ਛੇਤੀ ਹੀ ਜ਼ੋਰ ਫੜ ਗਿਆ।

ਉਦੋਂ ਸੁਖਵਿੰਦਰ ਹੋਣ ਵਾਲਾ ਸੀ। ਚੌਥਾ ਪੰਜਵਾਂ ਮਹੀਨਾ ਸੀ। ਗਿਆਨ ਕੁਰ ਨੇ ਸੁਖਵਿੰਦਰ ਵੱਲ ਤੱਕਿਆ। ਸੁਖਵਿੰਦਰ ਤਾਂ ਜਮਾਂ ਹੀ ਮੇਰੇ ਵੀਰੇ ਮੱਖਣ ਵਰਗਾ ਹੈ।

ਸੁਖਵਿੰਦਰ ਦੇ ਬਾਪੂ ਯਾਨਿ ਗੁਰਦੇਵ ਸਿਉਂ ਤੋਂ ਕੰਮ ਨਾ ਹੁੰਦਾ। ਪੁਲਿਸ ਨੇ ਕੁੱਟ ਕੁੱਟ ਕੇ ਹੱਡ ਪੋਲੇ ਕਰ ਦਿੱਤੇ। ਕੰਮ ਕਾਰ ਕਰਨ ਲਈ ਉਹ ਅਫੀਮ ਖਾਣ ਲੱਗ ਪਿਆ। ਉਸ ਦਾ ਅੰਮ੍ਰਿਤ ਵੀ ਭੰਗ ਹੋ ਗਿਆ। ਕਦੇ ਕਦੇ ਪੀ ਵੀ ਲੈਂਦਾ ਸੀ।

ਦੋ ਸਾਲਾਂ ਬਾਅਦ ਰਾਣੋ ਆ ਗਈ। ਹੁਣ ਅਤਿਵਾਦ ਨੂੰ ਵੀ ਠੱਲ੍ਹ ਪੈ ਗਈ ਸੀ। ਅਸੀਂ ਇਕ ਵਾਰ ਫਿਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ। ਬੇਬੇ ਜੀ ਬੀਮਾਰ ਰਹਿਣ ਲੱਗ ਪਈ। ਕੁਝ ਸਾਲਾਂ ਬਾਅਦ ਰੱਬ ਨੂੰ ਪਿਆਰੀ ਹੋ ਗਈ। ਮੇਰਾ ਬਾਪੂ ਵੀ ਚੱਲ ਵਸਿਆ। ਉਹ ਤਾਂ ਪਹਿਲਾਂ ਵੀ ਜਿਊਂਦੀ ਲਾਸ਼ ਸੀ। ਬੇਬੇ ਤਾਂ ਪਹਿਲਾਂ ਹੀ ਸਾਨੂੰ ਛੱਡ ਗਈ ਸੀ। ਜਦੋਂ ਬਾਪੂ ਇਕੱਲਾ ਸੀ ਤਾਂ ਬਹੁਤਾ ਭੂਆ ਕੋਲ ਹੀ ਰਹਿੰਦਾ ਸੀ। ਬਾਪੂ ਤੇ ਫੁੱਫੜ ਦੀ ਵਾਹਵਾ ਬਣਦੀ ਸੀ।

ਬਾਪੂ ਨੂੰ ਇਕੱਲਾ ਦੇਖ ਕੇ ਫੁੱਫੜ ਨੇ ਇਕ ਦਿਨ ਆਖ ਹੀ ਦਿੱਤਾ, "ਗੁਰਦਿਆਲ ਸਿਆਂ, ਸਾਡੇ ਤੋਂ ਨਹੀਂ ਦੇਖਿਆ ਜਾਂਦਾ ਆਪ ਹੱਥ ਸਾੜਦੇ ਨੂੰ। ਤੂੰ ਸਾਡੇ ਕੋਲ ਆ ਜਾ। ਅਸੀਂ ਕਿਹੜਾ ਓਪਰੇ ਹਾਂ।"

ਬਾਪੂ ਦੇ ਜਾਣ ਮਗਰੋਂ ਮੇਰੇ ਪੇਕਿਆਂ ਦਾ ਘਰ ਖੋਲਾ ਬਣ ਗਿਆ।

ਚੱਲ ਉਹ ਜਾਣੇ, ਜੋ ਆਇਆ ਹੈ ਉਸ ਨੇ ਚਲੇ ਜਾਣਾ ਹੈ, ਆਪੋ ਆਪਣੀ ਉਮਰ ਭੋਗ ਕੇ।

ਦਿਨ ਲੰਘਦੇ ਗਏ। ਸੁਖਵਿੰਦਰ ਤੇ ਰਾਣੋ ਜਵਾਨ ਹੋਣ ਲੱਗੇ। ਸੁਖਵਿੰਦਰ ਦਾ ਬਾਪੂ ਗੁਰਦੇਵ ਸਿਉਂ ਨੂੰ ਥੋੜ੍ਹੇ ਥੋੜ੍ਹੇ ਤੋਂ ਬਹੁਤਾ ਨਸ਼ਾ ਕਰਨ ਲੱਗ ਪਿਆ। ਪਤਾ ਨ੍ਹੀਂ ਭੈੜੇ ਭੈੜੇ ਨਸ਼ੇ ਕਿਧਰੋਂ ਆ ਗਏ। ਪਹਿਲਾਂ ਪਹਿਲਾਂ ਤਾਂ ਸ਼ਰਾਬ ਤੇ ਅਫੀਮ ਦਾ ਹੀ ਨਸ਼ਾ ਹੁੰਦਾ ਸੀ। ਹੁਣ ਤਾਂ ਕਾਲੇ, ਪੀਲੇ ਤੇ ਚਿੱਟੇ ਕਿੰਨੇ ਹੀ ਨਸ਼ੇ ਚੱਲ ਪਏ ਹਨ।

ਮੈਨੂੰ ਤਾਂ ਪਤਾ ਹੀ ਨਾ ਲੱਗਿਆ ਕਦੋਂ ਮੇਰੇ ਜਵਾਕਾਂ ਦਾ ਪਿਉ ਚਿੱਟੇ ਦਾ ਆਦੀ ਹੋ ਗਿਆ। ਜੇ ਚਿੱਟਾ ਨਾ ਮਿਲਦਾ ਤਾਂ ਨਸ਼ੇ ਵਾਲੀਆਂ ਗੋਲੀਆਂ ਖਾ ਲੈਂਦਾ। ਜਿਉਂ ਜਿਉਂ ਦਿਨ ਟੱਪਦੇ ਗਏ, ਇਹਦੀ ਲਲਕ ਵੱਧਦੀ ਗਈ। ਕਿੱਲਾ ਗਹਿਣੇ ਧਰ ਦਿੱਤਾ ਤਾਂ ਜਾ ਕੇ ਸੁਖਵਿੰਦਰ ਤੇ ਰਾਣੋ ਦੀ ਪੜ੍ਹਾਈ ਤੁਰੀ। ਰਹਿੰਦੀ ਖੂੰਹਦੀ ਜ਼ਮੀਨ ਮਾਮਲੇ 'ਤੇ ਦੇਣ ਲੱਗ ਪਿਆ। ਆਪ ਤੋਂ ਤਾਂ ਕੰਮ ਹੁੰਦਾ ਨਹੀਂ ਸੀ।

ਘਰ ਵਿਚ ਰੋਜ਼ ਲੜਾਈ ਝਗੜਾ ਹੁੰਦਾ। ਮੈਂ ਪੈਸੇ ਉਸ ਕੋਲੋਂ ਲਕੋ ਕੇ ਰੱਖਣ ਲੱਗ ਪਈ। ਪੈਸੇ ਵੀ ਕਿੱਥੋਂ ਆਉਣੇ ਸਨ! ਚਹੁੰ ਕਿੱਲਿਆਂ ਦਾ ਕਿੰਨਾ ਕੁ ਮਾਮਲਾ ਆਉਂਦਾ। ਸੁਖਵਿੰਦਰ ਦੀ ਸਕੂਲ ਦੀ ਫੀਸ, ਰਾਣੋ ਦੀ ਪੜ੍ਹਾਈ ਤੇ ਘਰ ਦਾ ਰੋਟੀ ਟੁੱਕ। ਜਦੋਂ ਮੱਝ ਸੂਈ ਹੁੰਦੀ, ਮੈਂ ਜਵਾਕਾਂ ਦੇ ਮੂੰਹੋਂ ਖੋਹ ਕੇ ਦੁੱਧ ਡੇਅਰੀ ਵਿਚ ਪਾ ਆਉਂਦੀ। ਗੁਜ਼ਾਰਾ ਤਾਂ ਕਰਨਾ ਸੀ। ਕਦੇ ਗੋਹਾ ਇਕੱਠਾ ਕਰਕੇ ਪਾਥੀਆਂ ਬਣਾ ਕੇ ਵੇਚ ਦਿੰਦੀ। ਜੇ ਕਦੇ ਸਿਲਾਈ ਦਾ ਕੰਮ ਆ ਜਾਂਦਾ ਤਾਂ ਉਹ ਕਰ ਲੈਂਦੀ। ਕੀ ਦੱਸਾਂ? ਕਿਹੜੇ ਕਿਹੜੇ ਪਾਪੜ ਵੇਲੇ ਮੈਂ ਜਵਾਕਾਂ ਦੀ ਜ਼ਿੰਦਗੀ ਵਾਸਤੇ।

ਤੇ ਫਿਰ ਇਕ ਦਿਨ... ਸੁਖਵਿੰਦਰ ਦਾ ਬਾਪੂ ਮੰਜੇ 'ਚ ਹੀ ਰਹਿ ਗਿਆ। ਅਸੀਂ ਤਾਂ ਸਵੇਰੇ ਦੇਖਿਆ ਜਦੋਂ ਮੈਂ ਚਾਹ ਬਣਾ ਕੇ ਉਸ ਨੂੰ ਦੇਣ ਗਈ।

ਹੁਣ ਰਹਿ ਗਈ ਮੈਂ, ਜਵਾਕਾਂ ਦੇ ਸਿਰ 'ਤੇ। ਉਧਰੋਂ ਜਵਾਕਾਂ ਦੀ ਪੜ੍ਹਾਈ ਦਾ ਖਰਚਾ ਵਧ ਰਿਹਾ ਸੀ, ਇੱਧਰੋਂ ਮੇਰੀ ਹਿੰਮਤ ਮੇਰਾ ਸਾਥ ਛੱਡ ਰਹੀ ਸੀ। ਰਾਣੋ ਨੂੰ ਤਾਂ ਮੈਂ ਹਟਾ ਲਿਆ ਦਸ ਜਮਾਤਾਂ ਕਰਵਾ ਕੇ। ਸੁਖਵਿੰਦਰ ਨੂੰ ਬਾਰਾਂ ਤੋਂ ਬਾਅਦ ਆਈਲੈਟਸ ਕਰਵਾ ਦਿੱਤੀ। ਚੰਗੇ ਬੈਂਡ ਆ ਗਏ। ਖਰਚਾ ਤਾਂ ਭਾਵੇਂ ਬਥੇਰਾ ਹੋ ਗਿਆ, ਪਰ ਮਨ ਨੂੰ ਤਸੱਲੀ ਸੀ ਕਿ ਸੁਖਵਿੰਦਰ ਕੈਨੇਡਾ ਜਾ ਕੇ ਸਾਰੀ ਉਮਰ ਦੇ ਧੋਣੇ ਧੋ ਦੇਵੇਗਾ। ਮੈਨੂੰ ਆਖ ਵੀ ਦਿੰਦਾ, "ਮਾਂ, ਤੂੰ ਹੁਣ ਫਿਕਰ ਨਾ ਕਰਿਆ ਕਰ। ਆਪਣੇ ਦਿਨ ਬਦਲਣ ਵਾਲੇ ਹਨ। ਮੇਰਾ ਵੀਜ਼ਾ ਲੱਗ ਲੈਣ ਦੇ। ਪੌ ਬਾਰਾਂ ਕਰ ਦੂੰ।"

ਮੈਂ ਖੁਸ਼ ਹੋ ਜਾਂਦੀ। ਸੁਖਵਿੰਦਰ ਨੂੰ ਰੱਜ ਕੇ ਪਿਆਰ ਕਰਦੀ। ਉਹ ਜਿਵੇਂ ਕਹਿੰਦਾ, ਮੈਂ ਕਰੀ ਜਾਂਦੀ। ਇਕ ਕਿੱਲਾ ਹੋਰ ਬੈਅ ਕਰ ਦਿੱਤਾ। ਜਿੰਨੇ ਪੈਸੇ ਮੰਗਦਾ, ਮੈਂ ਦੇ ਦਿੰਦੀ। ਮੈਨੂੰ ਆਸ ਸੀ ਕਿ ਇਕ ਵਾਰ ਇਹਦਾ ਵੀਜ਼ਾ ਲੱਗ ਜਾਵੇ, ਘਰ 'ਚ ਮੁੜ ਬਰਕਤ ਆ ਜਾਣੀ ਹੈ।

ਏਜੰਟ ਨੇ ਸੁਖਵਿੰਦਰ ਦਾ ਕੈਨੇਡਾ ਦਾ ਵੀਜ਼ਾ ਲਵਾ ਦਿੱਤਾ। ਛੇ ਮਹੀਨੇ ਦੀ ਫੀਸ ਤੇ ਹੋਰ ਪੂਰੇ ਦੱਸ ਲੱਖ ਦੇ ਕੇ ਜਹਾਜ਼ ਚੜ੍ਹਾਇਆ। ਪੂਰੇ ਸ਼ਗਨਾਂ ਨਾਲ। ਗੁਰਦੁਆਰੇ ਵਾਲੇ ਬਾਬੇ ਤੋਂ ਅਰਦਾਸ ਕਰਵਾ ਕੇ।

ਰਾਣੋ ਨੇ ਪਾਸਾ ਪਰਤਿਆ। ਗਿਆਨ ਕੁਰ ਨੇ ਸੋਚਿਆ ਰਾਣੋ ਜਾਗ ਪਈ ਹੈ। ਉਸ ਨੇ ਆਵਾਜ਼ ਦਿੱਤੀ, ਪਰ ਰਾਣੋ ਪਾਸਾ ਲੈ ਕੇ ਫਿਰ ਸੌਂ ਗਈ। ਸੁਖਵਿੰਦਰ ਤਾਂ ਹਿੱਲਿਆ ਵੀ ਨਹੀਂ ਸੀ ਸਾਰੀ ਰਾਤ। ਗਿਆਨ ਕੌਰ ਨੇ ਪਿਆਰ ਨਾਲ ਸੁਖਵਿੰਦਰ ਦੇ ਮੂੰਹ 'ਤੇ ਹੱਥ ਫੇਰਿਆ ਤੇ ਆਪਣੀ ਕਹਾਣੀ ਅੱਗੇ ਤੋਰ ਲਈ। ਉਸ ਨੂੰ ਜਾਪਿਆ ਜਿਵੇਂ ਅਸਮਾਨ ਦੇ ਤਾਰੇ ਉਸ ਦਾ ਦੁੱਖ ਵੰਡਾ ਰਹੇ ਹੋਣ।

ਉਸ ਨੂੰ ਲੱਗਦਾ ਸੀ ਕਿ ਤਾਰਿਆਂ ਨੂੰ ਆਪਣਾ ਸਾਰਾ ਦੁੱਖ ਸੁਣਾ ਕੇ ਉਹ ਹੌਲੀ ਫੁੱਲ ਵਰਗੀ ਹੋ ਜਾਵੇਗੀ। ਸੋ ਉਸ ਨੇ ਗੱਲ ਜਾਰੀ ਰੱਖੀ।

ਸੁਖਵਿੰਦਰ ਉਥੇ ਜਾ ਕੇ ਪੂਰੀ ਮਿਹਨਤ ਕਰਨ ਲੱਗਾ। ਜੋ ਪੈਸੇ ਮੈਂ ਘਰੋਂ ਦਿੱਤੇ ਸਨ, ਉਹ ਤਾਂ ਦਿਨਾਂ ਵਿਚ ਹੀ ਮੁੱਕ ਗਏ। ਅਗਲੇ ਛੇ ਮਹੀਨਿਆਂ ਦੀ ਫੀਸ ਉਸ ਨੇ ਕੰਮ ਕਰਕੇ ਪੂਰੀ ਕਰ ਲਈ। ਰੋਟੀ ਪਾਣੀ ਗੁਰਦੁਆਰੇ ਤੋਂ ਖਾ ਆਉਂਦਾ। ਉਹ ਤੇ ਉਸ ਦਾ ਦੋਸਤ ਰਲ ਮਿਲ ਕੇ ਬੇਸਮੈਂਟ ਦਾ ਕਿਰਾਇਆ ਤੋਰੀ ਜਾਂਦੇ। ਮੈਨੂੰ ਮੇਰੀਆਂ ਸਾਰੀਆਂ ਆਸਾਂ 'ਤੇ ਬੂਰ ਪੈਂਦਾ ਨਜ਼ਰ ਆ ਰਿਹਾ ਸੀ। ਮੈਂ ਖੁਸ਼ ਸੀ ਕਿ ਹੁਣ ਦਿਨ ਬਦਲਨ ਵਾਲੇ ਹਨ। ਸੁਖਵਿੰਦਰ ਨੇ ਤਿੰਨ ਸਾਲ ਪੂਰੇ ਕਰ ਲਏ ਸਨ। ਉਸ ਦਾ ਚਾਰ ਸਾਲਾਂ ਦਾ ਕੋਰਸ ਸੀ।

ਤੇ ਫਿਰ ਇਕ ਦਿਨ ਸੁਖਵਿੰਦਰ ਦਾ ਫੋਨ ਆਇਆ ਕਿ ਬੇਬੇ ਮੈਨੂੰ ਕੈਨੇਡਾ ਇਮੀਗਰੇਸ਼ਨ ਵਾਲਿਆਂ ਵੀਹ ਘੰਟਿਆਂ ਤੋਂ ਵੱਧ ਕੰਮ ਕਰਦਿਆਂ ਫੜ ਲਿਆ ਹੈ। ਪਤਾ ਨ੍ਹੀਂ ਹੁਣ ਕੀ ਬਣਨਾ ਹੈ। ਮੈਂ ਵਕੀਲ ਕੀਤਾ ਹੈ। ਮੈਨੂੰ ਡਰ ਹੈ, ਕਿਤੇ ਮੈਨੂੰ ਡਿਪੋਰਟ ਹੀ ਨਾ ਕਰ ਦੇਣ।

"ਪੁੱਤ, ਆਹ ਡਿਪੋਰਟ ਕੀ ਹੁੰਦਾ ਹੈ...?" ਮੈਂ ਜਾਣਦੀ ਹੋਈ ਵੀ ਅਣਜਾਣ ਬਣ ਗਈ। ਮੈਨੂੰ ਆਸ ਸੀ ਕਿ ਇਹ ਕੁਝ ਹੋਰ ਹੁੰਦਾ ਹੋਣਾ ਹੈ। ਮੇਰਾ ਪੁੱਤ ਕਿਵੇਂ ਡਿਪੋਰਟ ਹੋ ਸਕਦਾ ਹੈ। ਨਹੀਂ! ਨਹੀਂ! ਉਹ ਡਿਪੋਰਟ ਨਹੀਂ ਹੋ ਸਕਦਾ। ਇਸ ਤਰ੍ਹਾਂ ਸੋਚ ਕੇ ਮੈਂ ਆਪਣੇ ਆਪ ਨੂੰ ਤਸੱਲੀ ਦਿੱਤੀ। ਮੈਂ ਆਂਢ-ਗਵਾਂਢ ਵੀ ਕਿਸੇ ਕੋਲ ਗੱਲ ਨਾ ਕੀਤੀ। ਰਾਣੋ ਤਾਂ ਗੂੰਗੀ ਹੀ ਬਣ ਗਈ। ਉਹਦੀ ਤਾਂ ਜਾਣੋ ਬੋਲਤੀ ਹੀ ਬੰਦ ਹੋ ਗਈ। ਮੈਂ ਤਾਂ ਸੋਚ ਰਹੀ ਸੀ ਕਿ ਸੁਖਵਿੰਦਰ ਦੇ ਪੱਕਾ ਹੋਣ 'ਤੇ ਰਾਣੋ ਦੇ ਰਿਸ਼ਤੇ ਬਾਰੇ ਕਿਤੇ ਗੱਲ ਤੋਰਾਂਗੇ।

"ਮਾਂ! ਜੇ ਸੁਖਵਿੰਦਰ ਵਾਪਿਸ ਆ ਗਿਆ ਤਾਂ ਕੀ ਕਰਾਂਗੇ। ਆਪਾਂ ਤਾਂ ਲੁੱਟੇ ਪੱਟੇ ਜਾਵਾਂਗੇ!" ਰਾਣੋ ਮੈਨੂੰ ਕਹਿ ਬੈਠੀ।

ਮੈਨੂੰ ਤਾਂ ਰਾਣੋ 'ਤੇ ਗੁੱਸਾ ਕੀ ਆਇਆ, ਮੈਂ ਉਸ ਦੇ ਪਿੱਛੇ ਹੀ ਪੈ ਗਈ।

ਮੇਰੇ ਮੂੰਹੋਂ ਨਿਕਲ ਹੀ ਗਿਆ, "ਆਵਦੀ ਜ਼ਬਾਨ ਨੂੰ ਲਗਾਮ ਦੇ ਕੇ ਰੱਖ। ਸੁੱਖ ਭਾਲ। ਵਾਹਿਗੁਰੂ ਵਾਹਿਗੁਰੂ ਕਰ। ਕੜਮੀਂ ਕਿਸੇ ਥਾਂ ਦੀ।"

ਆੜ੍ਹਤੀਆਂ ਤੋਂ ਫੜ ਕੇ ਮੈਂ ਹੋਰ ਪੈਸੇ ਭੇਜ ਦਿੱਤੇ, ਵਕੀਲ ਨੂੰ ਦੇਣੇ ਸਨ; ਪਰ ਸਾਡੀ ਮਾੜੀ ਕਿਸਮਤ ਸਾਡੇ ਨਾਲ ਹੀ ਰਹੀ। ਸੁਖਵਿੰਦਰ ਕੇਸ ਹਾਰ ਗਿਆ। ਇਮੀਗਰੇਸ਼ਨ ਵਾਲਿਆਂ ਉਸ ਨੂੰ ਵਾਪਿਸ ਭੇਜ ਦਿੱਤਾ। ਕੱਲ੍ਹ ਸਵੇਰੇ ਚਾਰ ਵਜੇ ਦਿੱਲੀ ਆ ਗਿਆ ਤੇ ਬੱਸ ਫੜ ਕੇ ਸ਼ਾਮ ਨੂੰ ਘਰੇ।

ਗਿਆਨ ਕੁਰ ਦੀ ਭੁੱਬ ਨਿਕਲ ਗਈ। ਸੁਖਵਿੰਦਰ ਨੇ ਉੱਠ ਕੇ ਮਾਂ ਨੂੰ ਫੜਿਆ। ਪਾਣੀ ਪਿਆਇਆ। ਮਾਂ ਨੂੰ ਬੁੱਕਲ ਵਿਚ ਲੈ ਕੇ ਕਹਿਣ ਲੱਗਾ, "ਮਾਂ ਇਹ ਸਿਰਫ ਸਾਡਾ ਦੁਖਾਂਤ ਨਹੀਂ। ਇਹ ਸਾਰੇ ਪੰਜਾਬ ਦਾ ਦੁਖਾਂਤ ਹੈ। ਇਕ ਪੀੜ੍ਹੀ ਸਾਡੀ ਅਤਿਵਾਦ ਨੇ ਖਾ ਲਈ, ਦੂਸਰੀ ਨਸ਼ਿਆਂ ਨੇ ਤੇ ਤੀਸਰੀ ਬਾਹਰਲੇ ਮੁਲਕਾਂ ਨੂੰ ਜਾਣ ਦੇ ਰੁਝਾਨ ਨੇ।"

ਗਿਆਨ ਕੁਰ ਨੇ ਸੁਖਵਿੰਦਰ ਦਾ ਮੱਥਾ ਚੁੰਮਦਿਆਂ ਆਖਿਆ, "ਪੁੱਤ, ਉਹ ਜਾਣੇ ਪੈਸਾ ਹੀ ਬਰਬਾਦ ਹੋਇਆ ਹੈ। ਤੂੰ ਰਾਜ਼ੀ ਖੁਸ਼ੀ ਆਪਣੇ ਘਰ ਮੁੜ ਆਇਆ। ਵਾਹਿਗੁਰੂ ਦਾ ਸ਼ੁਕਰ ਹੈ। ਇਥੇ ਤਾਂ ਰੋਜ਼ ਹੀ ਅਖਬਾਰਾਂ ਵਿਚ ਖਬਰਾਂ ਛਪਦੀਆਂ ਕਿ ਫਲਾਣੇ ਥਾਂ ਕਿਸ਼ਤੀ ਡੁੱਬ ਗਈ, ਐਨੇ ਮੁੰਡੇ ਨੁਕਸਾਨੇ ਗਏ, ਫਲਾਣੇ ਥਾਂ ਫੜੇ ਗਏ। ਜੇਲ੍ਹਾਂ ਵਿਚ ਬੈਠੇ ਨੇ। ਹੋਰ ਤਾਂ ਹੋਰ ਕੁੜੀਆਂ ਵੀ ਫਸੀਆਂ ਬੈਠੀਆਂ ਮੁਸਲਮਾਨਾਂ ਦੇ ਮੁਲਕਾਂ ਵਿਚ।"

ਸੁਖਵਿੰਦਰ ਨੇ ਬੇਬੇ ਦੁਆਲੇ ਬਾਹਾਂ ਹੋਰ ਚੰਗੀ ਤਰ੍ਹਾਂ ਲਪੇਟ ਲਈਆਂ।

"ਸੱਚੀਂ ਪੁੱਤ! ਪੰਜਾਬ ਦੀਆਂ ਤਿੰਨ ਪੀੜ੍ਹੀਆਂ ਖਾ ਲਈਆਂ ਇਨ੍ਹਾਂ ਅਲਾਮਤਾਂ ਨੇ।" ਗਿਆਨ ਕੁਰ ਨੇ ਹਉਕਾ ਲੈਂਦੇ ਹੋਏ ਕਿਹਾ।

ਦਿਨ ਚੜ੍ਹੇ ਜਿਹੜਾ ਵੀ ਕੋਈ ਅਫਸੋਸ ਕਰਨ ਆਉਂਦਾ, ਗਿਆਨ ਕੁਰ ਇਹੋ ਹੀ ਆਖਦੀ।

ਇਹ ਸਾਡੇ ਪੰਜਾਬ ਦਾ ਦੁਖਾਂਤ ਹੈ। ਇਕ ਪੀੜ੍ਹੀ ਸਾਡੀ ਅਤਿਵਾਦ ਨੇ ਖਾ ਲਈ, ਦੂਸਰੀ ਨਸ਼ਿਆਂ ਨੇ ਤੇ ਤੀਜੀ ਬਾਹਰਲੇ ਮੁਲਕਾਂ ਨੂੰ ਜਾਣ ਦੇ ਰੁਝਾਨ ਨੇ।

ਅਫਸੋਸ ਕਰਨ ਆਈਆਂ 'ਚੋਂ ਦਿਆਲੋ ਬੋਲ ਹੀ ਪਈ, "ਮੈਂ ਤਾਂ ਆਪ ਮੁੰਡੇ ਨੂੰ ਕਹਿੰਦੀ ਆਂ ਏਥੇ ਹੀ ਭਾਈ ਕੰਮ ਕਰ। ਕੰਮ ਕਰਦਾ ਕੋਈ ਨ੍ਹੀਂ ਭੁੱਖਾ ਮਰਦਾ। ਉਹ ਜਾਣੇ ਮੁੰਡਾ ਸਹੀ ਸਲਾਮਤ ਘਰ ਆ ਗਿਆ। ਰੱਬ ਦਾ ਸ਼ੁਕਰ ਕਰੋ।"

###

# ਬੈਚ ਫੁੱਲ ਵਾਲਨਟ: ਤਬਦੀਲੀ ਦਾ ਕਸ਼ਟ

*(ਸਫਾ 27 ਦੀ ਬਾਕੀ)*

ਕਈ ਲੋਕ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਪ੍ਰਾਹੁਣਾਚਾਰੀ ਵਿਚ ਜਾ ਕੇ ਨੀਂਦ ਨਹੀਂ ਆਉਂਦੀ। ਕਈਆਂ ਦਾ ਘਰ ਤੋਂ ਬਾਹਰ ਜੀਅ ਉੱਖੜਦਾ ਹੈ। ਕਈਆਂ ਨੂੰ ਆਪਣੇ ਘਰ ਤੋਂ ਬਾਹਰ ਰਹਿ ਕੇ ਕਬਜ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈਆਂ ਨੂੰ ਅਜਿਹੀ ਕਬਜੀ ਰੇਲ ਗੱਡੀ ਦੇ ਲੰਮੇ ਸਫਰ ਤੋਂ ਬਾਅਦ ਵੀ ਹੋ ਜਾਂਦੀ ਹੈ। ਕਈਆਂ ਨੂੰ ਰੇਲ ਗੱਡੀ ਜਾਂ ਬੱਸ ਵਿਚ ਸਫਰ ਕਰਦਿਆਂ ਠੰਡ ਲੱਗ ਜਾਂਦੀ ਹੈ ਤੇ ਨਜ਼ਲਾ ਬੁਖਾਰ ਹੋ ਜਾਂਦਾ ਹੈ। ਕਈਆਂ ਦੇ ਹੱਡ ਤੇ ਜੋੜ ਖੜਕ ਜਾਂਦੇ ਹਨ ਤੇ ਉਹ ਕਮਜੋਰੀ ਨਾਲ ਕਈ ਕਈ ਦਿਨ ਮੰਜੇ ਨਾਲ ਲੱਗੇ ਰਹਿੰਦੇ ਹਨ। ਸਫਰ ਅਤੇ ਘਰੋਂ ਬਾਹਰ ਰਹਿਣ (Displacement) ਦੀਆਂ ਇਨ੍ਹਾਂ ਸਾਰੀਆਂ ਤਕਲੀਫਾਂ ਦੀ ਰਾਮ ਬਾਣ ਔਸ਼ਧੀ ਫੁੱਲ ਦਵਾਈ ਵਾਲਨਟ ਹੈ।

ਕੋਈ ਇਕ ਨਹੀਂ, ਸਗੋਂ ਬਹੁਤ ਸਾਰੇ ਮਰੀਜ਼ ਡਾਕਟਰ ਕੋਲ ਜਾ ਕੇ ਦੱਸਦੇ ਹਨ ਕਿ ਇਹ ਉਨ੍ਹਾਂ ਦੀ ਬਿਮਾਰੀ ਪਿਤਾ ਪੁਰਖੀ ਹੈ। ਕਈ ਆ ਕੇ ਕਹਿੰਦੇ ਹਨ ਕਿ ਉਨ੍ਹਾਂ ਨੂੰ "ਸੂਗਰ' ਹੈ, ਪਰ ਇਹ ਉਨ੍ਹਾਂ ਦੇ ਪਿਤਾ ਨੂੰ ਵੀ ਸੀ। ਕੀ ਇਸ ਦਾ ਇਲਾਜ ਹੋ ਸਕਦਾ ਹੈ? ਕਈ ਤਾਂ ਸਿਰਦਰਦ, ਮਾਈਗ੍ਰੇਨ, ਬਲੱਡ ਪ੍ਰੈਸ਼ਰ ਨੂੰ ਵੀ ਖਾਨਦਾਨੀ ਬੀਮਾਰੀਆਂ ਦੱਸਦੇ ਹਨ। ਸਥਿਤੀ ਅਜੀਬੋ ਗਰੀਬ ਉਦੋਂ ਬਣੀ ਹੁੰਦੀ ਹੈ, ਜਦੋਂ ਕੋਈ ਆ ਕੇ ਪੁੱਛਦਾ ਹੈ, "ਮੈਨੂੰ ਗੁੱਸਾ ਬਹੁਤ ਆਉਂਦਾ ਹੈ, ਪਰ ਇਹ ਸਾਡੇ ਸਾਰੇ ਪਰਿਵਾਰ ਦੇ ਜੀਨਜ਼ (Genes) ਵਿਚ ਹੈ। ਇਸ ਦਾ ਹੈ ਕੋਈ ਇਲਾਜ ਤੁਹਾਡੇ ਕੋਲ?" ਇਹ ਸਭ ਸ਼ਬਦ ਉਨ੍ਹਾਂ ਕੋਲ ਐਲੋਪੈਥਾਂ ਕੋਲੋਂ ਆਏ ਹੁੰਦੇ ਹਨ, ਜਿਨ੍ਹਾਂ ਨੂੰ ਉਹ ਮਾਡਰਨ ਬਣਨ ਦੀ ਖਾਹਿਸ਼ ਨਾਲ ਵਰਤਦੇ ਰਹਿੰਦੇ ਹਨ। ਮੈਂ ਇਨ੍ਹਾਂ ਮਰੀਜ਼ਾਂ ਨੂੰ ਅਕਸਰ ਪੁੱਛ ਲੈਂਦਾ ਹਾਂ, "ਤੁਸੀਂ ਕਦੇ ਦੇਖਿਆ ਹੈ ਜੀਨ? ਮੈਂ ਤਾਂ ਨਹੀਂ ਦੇਖਿਆ।" ਉਹ ਖਸਿਆਣੇ ਜਿਹੇ ਹੋ ਕੇ ਜਵਾਬ ਦਿੰਦੇ ਹਨ, "ਦੇਖਿਆ ਤਾਂ ਨਹੀਂ, ਪਰ ਡਾਕਟਰ ਕਹਿੰਦੇ ਨੇ।" ਪਰ ਹੋਮਿਓਪੈਥ ਤਾਂ ਇਹ ਜਾਣਦਾ ਹੈ ਕਿ ਜੀਨ ਸਰੀਰ ਵਿਚ ਹੈ, ਸਰੀਰ ਜੀਨ ਵਿਚ ਨਹੀਂ। ਜੇ ਕਿਸੇ ਨੂੰ ਕੋਈ ਪਿਤਾ ਪੁਰਖੀ ਤਕਲੀਫ ਹੋਵੇ, ਭਾਵੇਂ ਐਕਜ਼ੀਮਾ, ਐਲਜ਼ਾਈਮਰ ਜਾਂ ਕੈਂਸਰ ਹੀ ਕਿਉਂ ਨਾ ਹੋਵੇ ਅਤੇ ਉਹ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੋਵੇ ਤਾਂ ਉਸ ਦੀ ਮਦਦ ਫੁੱਲ ਦਵਾਈ ਵਾਲਨਟ ਕਰੇਗੀ। ਕਾਰਨ ਇਹ ਕਿ ਇਹ ਫੁੱਲ ਦਵਾਈ ਆਪਣੇ ਤੋਂ ਵੱਡਿਆਂ ਦੇ ਪ੍ਰਭਾਵ, ਸੰਸਕਾਰੀ ਕੜੀਆਂ ਤੇ ਪਿਤਾ ਪੁਰਖੀ ਸਬੰਧਾਂ ਤੋਂ ਨਿਜ਼ਾਤ ਦੇਣ ਦਾ ਕੰਮ ਕਰਦੀ ਹੈ।

ਮੈਨੂੰ ਇਹ ਦੱਸ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਫੁੱਲ ਦਵਾਈ ਵਾਲਨਟ ਅਲਰਜੀ ਦੀ ਬਹੁਤ ਵਧੀਆਂ ਦਵਾਈ ਹੈ। ਅੱਜ ਕੱਲ ਸਭ ਪਾਸੇ ਜਿਨੈਟੀਕਲੀ ਮੌਡੀਫਾਈਡ ਦਰਖਤ ਲੱਗੇ ਹੋਏ ਹਨ। ਇਹ ਸ਼ਾਮ ਸਵੇਰੇ ਅਜਿਹਾ ਪ੍ਰਦੂਸ਼ਣ ਛੱਡਦੇ ਹਨ ਕਿ ਨੱਕ ਤੇ ਅੱਖਾਂ 'ਚੋਂ ਪਾਣੀ ਵਗਣ ਲਗਦਾ ਹੈ। ਮੌਸਮੀ ਬਦਲਾਓ ਵੇਲੇ ਤੇ ਪੋਲਨ ਦੀ ਰੁੱਤ ਵਿਚ ਤਾਂ ਕੋਈ ਵਿਰਲਾ ਹੀ ਇਸ ਅਲਰਜੀ ਤੋਂ ਬਚਦਾ ਹੋਵੇਗਾ। ਅੱਖਾਂ ਦਾ ਸੁੱਜਣਾ, ਪਲਕਾਂ 'ਤੇ ਖੁਰਕ ਹੋਣੀ, ਡੇਲਿਆਂ ਵਿਚ ਸੂਈਆਂ ਚੁਭਣੀਆਂ, ਛਿੱਕਾਂ ਲੱਗਣੀਆਂ, ਨੱਕ ਵੱਗਣਾ, ਸਿਰ ਦਰਦ ਹੋਣਾ ਆਦਿ ਅਲਾਮਤਾਂ ਪਲ ਭਰ ਵਿਚ ਪੈਦਾ ਹੋ ਜਾਂਦੀਆਂ ਹਨ। ਵਾਲਨਟ ਦੀ ਇਕੋ ਛੋਟੀ ਗੋਲੀ ਇਨ੍ਹਾਂ ਸਭ ਤਕਲੀਫਾਂ ਨੂੰ ਤਿੰਨ ਸਕਿੰਟਾਂ ਵਿਚ ਗਾਇਬ ਕਰ ਦਿੰਦੀ ਹੈ। ਮੇਰਾ ਆਪਣਾ ਬੈੱਡ ਬਾਰੀ ਕੋਲ ਹੈ, ਜਿਸ ਦੇ ਬਾਹਰ ਹੈੱਜ ਤੇ ਫਲਾਂ ਦੇ ਬੂਟੇ ਲੱਗੇ ਹੋਏ ਹਨ। ਸਵੇਰ ਸਾਰ ਪਾਣੀ ਦੇ ਫੁਹਾਰੇ ਚਲਦਿਆਂ ਹੀ ਉਨ੍ਹਾਂ ਦੀ ਹਵਾੜ੍ਹ ਅੰਦਰ ਆਉਂਦੀ ਹੈ, ਜਿਸ ਨਾਲ ਅੱਖਾਂ ਵਿਚ ਚੀਸਾਂ ਵਾਲੀ ਖਾਜ ਤੇ ਗਲੇ ਵਿਚ ਖਾਰਸ਼ ਪੈਦਾ ਹੁੰਦੀ ਹੈ। ਫੁੱਲ ਦਵਾਈਆਂ ਦਾ ਡੱਬਾ ਮੇਰੇ ਕੋਲ ਹੀ ਪਿਆ ਹੁੰਦਾ ਹੈ। ਵਾਲਨਟ ਦੀ ਇੱਕੋ ਗੋਲੀ ਲੈਂਦਾ ਹਾਂ ਤੇ ਸ਼ੀਸ਼ੀ ਵਾਪਸ ਡੱਬੇ ਵਿਚ ਰੱਖਣ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਸਭ ਅਲਾਮਤਾਂ ਤੋਂ ਆਰਾਮ ਆ ਜਾਂਦਾ ਹੈ। ਇਸ ਦਵਾਈ ਦੀ ਇਹ ਅਧਭੁਤ ਕਰਾਮਾਤ ਮੈਂ ਬਹੁਤ ਵਾਰ ਅਜਮਾ ਚੁਕਾ ਹਾਂ।

# ਮਸਲਾ ਧਰਮਾਂ ਦੀ ਹਾਰਸ ਪਾਵਰ ਦਾ

ਘਾਣੀ ਇਵੇਂ ਹੋਈ, ਪਈ ਅਸਾਂ ਚਾਰ ਮਿੱਤਰਾਂ ਨੇ ਆਪੋ-ਆਪਣੇ ਧਰਮ ਦੀ ਹਾਰਸ ਪਾਵਰ ਅਜਮਾਉਣ ਦੀ ਠਾਣ ਲਈ। ਸਾਡੇ ਵਿਚੋਂ ਇੱਕ ਹਿੰਦੂ ਸੀ, ਜੋ ਇਸ ਬਾਰੇ ਬੜਾ ਉਤਾਵਲਾ ਸੀ। ਉਹ ਬੋਲਿਆ, "ਯਾਰੋ ਯਕੀਨ ਕਰ ਲਓ, ਹਿੰਦੂ ਧਰਮ ਜਿੰਨਾ ਸ਼ਕਤੀਸ਼ਾਲੀ ਹੋਰ ਕੋਈ ਧਰਮ ਨਹੀਂ। ਪਿੱਛੇ ਜਿਹੇ ਸਾਡੇ ਇੱਕ ਕੇਂਦਰੀ ਮੰਤਰੀ ਵੀ ਐਲਾਨਿਆ ਹੈ ਕਿ ਸਰਜਰੀ ਵਿਚ ਸਾਡਾ ਕੋਈ ਸਾਨੀ ਨਹੀਂ, ਕਿਉਂਕਿ ਅਸਾਂ ਤਾਂ ਮਨੁੱਖ ਦੇ ਧੜ 'ਤੇ ਹਾਥੀ ਦਾ ਸਿਰ ਫਿਟ ਕਰਨ 'ਚ ਕਾਮਯਾਬ ਹੋਏ ਹਾਂ। ਹਜ਼ਾਰਾਂ ਸਾਲ ਪਹਿਲਾਂ ਰਾਮਾਇਣ ਕਾਲ ਵਿਚ ਸਾਡੇ ਪੁਰਖੇ ਵਿਮਾਨਾਂ ਵਿਚ ਉੱਡੇ ਫਿਰਦੇ ਸਨ। ਵਿਗਿਆਨੀਆਂ ਕਿਤੇ ਬਾਅਦ ਵਿਚ ਵਿਮਾਨ ਬਣਾਏ।"

ਮੈਂ ਸਿੱਖ ਹੋਣ ਨਾਤੇ ਆਪਣੇ ਧਰਮ ਨੂੰ ਭੁੰਜੇ ਕਿਵੇਂ ਡਿੱਗਣ ਦਿੰਦਾ! ਸੋ ਬੋਲਿਆ, "ਭਰਾਵੋ, ਅੱਜ ਸਭ ਤੋਂ ਅਹਿਮ ਖੋਜਾਂ ਬ੍ਰਹਿਮੰਡ ਬਾਰੇ ਹੋ ਰਹੀਆਂ ਹਨ, ਜਿਨ੍ਹਾਂ ਸਦਕਾ ਮਨੁੱਖ ਹੋਰ ਗ੍ਰਹਿਆਂ 'ਤੇ ਜਾ ਵੱਸਣ ਨੂੰ ਫਿਰਦਾ। ...ਤੇ ਜਾਣਦੇ ਹੋ, ਇਨ੍ਹਾਂ ਮਹਾਨ ਖੋਜਾਂ ਦਾ ਸਿਹਰਾ ਜਿਸ ਅਮਰੀਕੀ ਸੰਸਥਾ ਨਾਸਾ ਸਿਰ ਬੱਝਦਾ, ਉਸ ਦੀ ਇਮਾਰਤ ਦੀ 7ਵੀਂ ਮੰਜਲ 'ਤੇ ਸਾਡੇ ਧਰਮ ਗ੍ਰੰਥ ਦਾ ਪ੍ਰਕਾਸ਼ ਹੈ। ਜਿਸ ਤੋਂ ਸੇਧ ਲੈ ਸਭ ਕੁਝ ਹੋ ਰਿਹੈ।"

ਮੇਰੇ ਧਰਮ ਦੀ ਹਾਰਸ ਪਾਵਰ ਸੁਣ ਇੱਕ ਵਾਰ ਤਾਂ ਸਭ ਜਰਕ ਗਏ, ਪਰ ਛੇਤੀ ਕਿਤੇ ਹਾਰ ਕੌਣ ਮੰਨਦਾ! ਹੁਣ ਮੁਸਲਮਾਨ ਮਿੱਤਰ ਦੀ ਵਾਰੀ ਸੀ। ਉਹ ਮੁਸਕਰਾਇਆ ਤੇ ਬੋਲਿਆ, "ਤੁਸੀਂ ਵਾਧੂ ਦੀਆਂ ਡੀਂਗਾਂ ਪਏ ਮਾਰਦੇ ਹੋ, ਸਾਡੇ ਇਸਲਾਮ ਨੇ ਸਾਰੀ ਦੁਨੀਆਂ 'ਤੇ ਰਾਜ ਕਰਨ ਦਾ ਪ੍ਰਬੰਧ ਕਰ ਰੱਖਿਆ। ਜਾਣਦੇ ਹੋ ਇਸਲਾਮ ਦੀ ਬਿਹਤਰੀ ਲਈ ਜਿਹਾਦ ਰਾਹੀਂ ਸ਼ਹੀਦ ਹੋਣ ਵਾਲਿਆਂ ਲਈ ਸਾਡੇ ਵਲ ਜੋ ਡੀਲ ਹੈ, ਸੁਣ ਕੇ ਧਾਡੀਆਂ ਲਾਰਾਂ ਟਪਕਣ ਲੱਗ ਜਾਣੀਆਂ। ਕਾਫਰਾਂ ਦਾ ਸਫਾਇਆ ਕਰਨ ਵਾਲਿਆਂ ਨੂੰ ਬਹਿਸ਼ਤ ਵਿਚ 72 ਹੂਰਾਂ ਉਪਲਬਧ ਹੋਣਗੀਆਂ, ਜੋ ਤਰ੍ਹਾਂ ਤਰ੍ਹਾਂ ਦੀਆ ਸ਼ਰਾਬਾਂ ਦੇ ਪਿਆਲੇ ਲਈਂ ਧਾਡੇ ਆਲੇ-ਦੁਆਲੇ ਫਿਰਨਗੀਆਂ। ਜਰਾ ਸੋਚੋ, ਇੱਕ ਹੱਥੋਂ ਜਾਮ ਪੀਣ ਬਾਅਦ ਦੂਜੀ ਧਾਡੇ ਸਾਹਮਣੇ ਤਸ਼ਤਰੀ ਵਿਚ ਭੁੰਨਿਆ ਚਿਕਨ ਅਤੇ ਨਿੰਬੂ ਨਾਲ ਸਲਾਦ ਪੇਸ਼ ਕਰ ਕਹੇ, 'ਨੋਸ਼ ਫਰਮਾਈਏ।' ਇਸ ਤਰ੍ਹਾਂ ਅਸੀਂ ਸਾਰੇ ਜਿਹਾਦੀ ਬਣ ਸਾਰੀ ਦੁਨੀਆਂ 'ਤੇ ਸ਼ਰੀਅਤ ਰਾਹੀਂ ਰਾਜ ਕਰਾਂਗੇ।"

ਉਸ ਦੀ ਸੁਣ ਕੇ ਤਾਂ ਸਾਡੀ ਖਾਨਿਓਂ ਗਈ। ਉਂਜ ਦਿਲ ਕੀਤਾ ਅਸੀਂ ਵੀ ਮੁਸਲਮਾਨ ਬਣ ਜਿਹਾਦੀ ਬਣ ਜਾਈਏ। ਚੌਥਾ ਸਾਥੀ ਕ੍ਰਿਸ਼ਚੀਅਨ ਸੀ। ਅਖੀਰ ਵਿਚ ਉਸ ਆਪਣਾ ਪੱਖ ਰੱਖਿਆ, "ਸੱਜਣੋ ਧਾਡੇ ਤਾਕਤਵਰ ਧਰਮਾਂ ਦਾ ਕੋਈ ਸਾਨੀ ਨਹੀਂ, ਪਰ ਮੈਂ ਅਰਜ ਕਰਨੀ ਹੈ ਕਿ ਤੁਸੀਂ ਸਾਰੇ ਆਪਣੇ ਮੁਲਕਾਂ ਵਿਚ ਇੰਨੇ ਤਾਕਤਵਰ ਧਰਮਾਂ ਦੇ ਹੁੰਦੇ ਹੋਏ ਵੀ ਕ੍ਰਿਸ਼ਚੀਅਨ ਮੁਲਕਾਂ ਵੱਲ ਭੱਜੇ ਆਉਂਦੇ ਹੋ, ਕਿਉਂ? ਕਿਉਂਕਿ ਸਾਡੇ ਕ੍ਰਿਸ਼ਚੀਅਨ ਧਰਮ ਕੋਲੋਂ ਅਤੀਤ ਵਿਚ ਭਾਵੇਂ ਕੁਝ ਗਲਤੀਆਂ ਕੀਤੀਆ ਹੋਣ, ਪਰ ਅੱਜ ਸੱਭਿਅਕ ਦੁਨੀਆਂ ਦੇ ਅਸੀਂ ਮੋਹਰੀ ਹਾਂ ਅਤੇ ਆਜ਼ਾਦ ਖਿਆਲ ਦੁਨੀਆਂ ਦੇ ਸਿਰਤਾਜ। ਬਸ ਮੇਰਾ ਇੰਨਾ ਹੀ ਕਹਿਣਾ ਹੈ।"

ਜਦ ਨਿਰਪੱਖਤਾ ਨਾਲ ਸੋਚਿਆ ਤਾਂ ਉਸ ਦੀ ਦਲੀਲ ਦੀ ਸਾਡੇ ਕੋਲ ਕੋਈ ਕਾਟ ਨਹੀਂ ਸੀ। ਸਭ ਤੋਂ ਵੱਧ 'ਹਾਰਸ ਪਾਵਰ' ਦੀ ਸਨਦ ਉਸ ਦਾ ਧਰਮ ਲੈ ਗਿਆ।

***-ਹਰਜੀਤ ਦਿਉਲ ਬਰੈਂਪਟਨ***

# 'ਧਰਤੀ ਦੀ ਵਾਰ' ਕੁਦਰਤ ਤੇ ਮਨੁੱਖ ਦਾ ਸਹਿਜ ਸੰਵਾਦ

**ਪੁਸਤਕ ਚਰਚਾ**

ਕੁਦਰਤ ਦੇ ਕਵੀ ਵਜੋਂ ਜਾਣੇ ਜਾਂਦੇ ਸੰਸਾਰ ਪ੍ਰਸਿੱਧ ਲੇਖਕ ਵਿਲੀਅਮ ਵਰਡਜ਼ਵਰਥ ਨੇ ਲਿਖਿਆ ਹੈ ਕਿ 'ਕੁਦਰਤ ਕਦੇ ਵੀ ਉਸ ਦਿਲ ਨਾਲ ਧੋਖਾ ਨਹੀਂ ਕਰਦੀ, ਜੋ ਉਸ ਨੂੰ ਪਿਆਰ ਕਰਦਾ ਹੈ।' ਵਰਡਜ਼ਵਰਥ ਦਾ ਇਹ ਕਥਨ ਕੁਦਰਤ ਦੀ ਮਹਾਨ ਦਾਤ ਸਾਡੀ ਧਰਤੀ ਬਾਰੇ ਵੀ ਉਨਾ ਹੀ ਸਹੀ ਅਤੇ ਸੱਚਾ ਹੈ। ਅਸੀਂ ਆਪਣੀ ਜ਼ਿੰਦਗੀ ਨੂੰ ਸੰਵਾਰਨ, ਸਜਾਉਣ ਅਤੇ ਮਾਣਨ ਦੇ ਮਕਸਦ ਨਾਲ ਧਰਤੀ ਤੋਂ ਹਜ਼ਾਰਾਂ ਲੱਭਤਾਂ ਅਤੇ ਖਜ਼ਾਨੇ

**ਸਰਬਜੀਤ ਸਿੰਘ ਵਿਰਕ, ਐਡਵੋਕੇਟ**
**ਫੋਨ: 91-94170-72314**

ਹਾਸਲ ਕੀਤੇ ਹਨ, ਪਰ ਇਹ ਧਰੋਹਰ ਇੰਨੀ ਮਹਾਨ ਹੈ ਕਿ ਮਨੁੱਖ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਪਾਲਣ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੈ। ਧਰਤੀ ਦੀ ਇਸ ਮਹਾਨਤਾ ਬਾਰੇ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਅਤੇ ਬੋਲੀਆਂ ਵਿਚ ਸਾਹਿਤ ਮਿਲਦਾ ਹੈ। ਇੱਥੇ ਅਸੀਂ ਜਿਸ ਕਿਤਾਬ ਦੀ ਚਰਚਾ ਕਰਨ ਲੱਗੇ ਹਾਂ, ਉਹ ਸਾਡੀ ਪਾਲਣਹਾਰ ਮਾਂ ਧਰਤੀ ਬਾਰੇ ਲਿਖੀ ਗਈ ਅਤੇ ਹਾਲ ਵਿਚ ਹੀ ਛਪੀ ਰੌਚਿਕ ਤੇ ਸਿੱਖਿਆਦਾਇਕ ਰਚਨਾ ਹੈ, ਜਿਸ ਨੂੰ ਇਸ ਦੇ ਰਚਨਾਕਾਰ ਕਵੀ ਸੁਰਿੰਦਰਪਾਲ ਸਿੰਘ ਮੰਡ ਨੇ 'ਧਰਤੀ ਦੀ ਵਾਰ' ਦਾ ਨਾਮ ਦਿੱਤਾ ਹੈ।

ਪ੍ਰੋ. ਸੁਰਿੰਦਰਪਾਲ ਸਿੰਘ ਮੰਡ ਦੀ ਕਲਮ ਨੇ ਬਹੁਤ ਹੀ ਉਮਦਾ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਨ੍ਹਾਂ ਆਪਣੀ ਗੱਲ ਆਖਣ ਲਈ ਮੁੱਖ ਤੌਰ 'ਤੇ ਵਾਰਤਕ, ਆਲੋਚਨਾ ਅਤੇ ਕਵਿਤਾ ਦੀ ਭਾਸ਼ਾ ਤੇ ਵਿਧਾ ਨੂੰ ਅਪਨਾਇਆ ਹੈ। ਮਨੁੱਖ ਨਾਲ ਕਾਵਿਕ ਸੰਵਾਦ ਸਿਰਜਦੀ ਉਨ੍ਹਾਂ ਦੀ ਇਹ ਨਵੀਂ ਰਚਨਾ 'ਧਰਤੀ ਦੀ ਵਾਰ' ਪੰਜਾਬੀ ਪ੍ਰਗੀਤ ਨੂੰ ਨਵੀਂਆਂ ਉਚਾਈਆਂ ਦਿੰਦੀ ਮਹਿਸੂਸ ਹੁੰਦੀ ਹੈ। ਇਹ ਨਾ ਸਿਰਫ ਤੱਤ ਅਤੇ ਨਿਭਾਅ ਨਾਲ ਪਾਠਕਾਂ ਦੇ ਗਿਆਨ ਦਾ ਘੇਰਾ ਵਿਸ਼ਾਲ ਕਰਦੀ ਹੈ, ਸਗੋਂ ਉਨ੍ਹਾਂ ਦੀ ਸਾਹਿਤਕ ਤ੍ਰਿਪਤੀ ਅਤੇ ਆਨੰਦ ਦਾ ਸਬੱਬ ਵੀ ਬਣਦੀ ਹੈ। ਕਿਤਾਬ ਦੇ ਸ਼ੁਰੂ ਵਿਚ ਆਏ ਲੇਖਕ ਦੇ ਇਹ ਸ਼ਬਦ ਪ੍ਰਭਾਵਿਤ ਕਰਦੇ ਹਨ, 'ਆਪਣੇ ਆਪ ਦੀ ਪਛਾਣ ਕਰਨਾ ਸਭ ਤੋਂ ਵੱਡੀ ਸੋਝੀ ਹੈ, ਅਕਲ ਹੈ। ਧਰਤੀ ਅਤੇ ਬ੍ਰਹਿਮੰਡ ਨਾਲ ਆਪਣੇ ਰਿਸ਼ਤੇ ਦੀ ਪਛਾਣ ਹੀ ਅਸਲ ਗਿਆਨ ਹੈ।'


ਇਹ ਰਚਨਾ ਸੂਰਜ ਦੇ ਨੌਂ ਗ੍ਰਹਿਆਂ ਵਿਚੋਂ ਸਭ ਤੋਂ ਸੁੰਦਰ ਗ੍ਰਹਿ ਇਸ ਧਰਤੀ, ਜਿਸ ਨੂੰ ਅਸੀਂ ਮਾਂ ਦਾ ਦਰਜਾ ਦਿੱਤਾ ਹੋਇਆ ਹੈ, ਦੀਆਂ ਉਨ੍ਹਾਂ ਬਰਕਤਾਂ ਦਾ ਜ਼ਿਕਰ ਕਰਦੀ ਹੈ, ਜੋ ਇਸ ਨੇ ਸਾਨੂੰ ਤੋਹਫੇ ਵਜੋਂ ਪ੍ਰਦਾਨ ਕੀਤੀਆਂ ਹਨ ਅਤੇ ਜਿਨ੍ਹਾਂ ਨੂੰ ਪ੍ਰਾਪਤ ਕਰਕੇ ਸਾਡੀਆਂ ਨਸਲਾਂ ਵਧ ਫੁੱਲ ਰਹੀਆਂ ਹਨ। ਕਵੀ ਇਨ੍ਹਾਂ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ,

ਕਿਤੇ ਹਰਿਆਵਲ ਕਿਤੇ ਨੀਰ ਦਿੱਸੇ
ਪੌਣ ਰੁਮਕਦੀ ਕਿੱਕਲੀਆਂ ਪਾਂਵਦੀ ਹੈ।
ਇਨ੍ਹਾਂ ਬੱਦਲਾਂ ਚੰਨ ਤੇ ਤਾਰਿਆਂ ਸੰਗ
ਰਾਤ ਆ ਕੇ ਤੈਨੂੰ ਸਵਾਂਵਦੀ ਹੈ।
ਵੇਖ ਕਿੰਨੀ ਸੋਹਣੀ ਕਾਇਨਾਤ ਵੱਸੇ
ਤੈਥੋਂ ਬਰਕਤਾਂ ਰੋਜ਼ ਲੁਟਾਂਵਦੀ ਹੈ।

ਸੁਰਿੰਦਰਪਾਲ ਮੰਡ ਦੀ ਇਹ ਰਚਨਾ ਧਰਤੀ ਦੀਆਂ ਦਾਤਾਂ-ਬਖਸ਼ਿਸ਼ਾਂ ਨਾਲ ਪਲੀ ਤੇ ਵੱਡੀ ਹੋਈ ਅਤੇ ਜ਼ਿੰਦਗੀ ਦਾ ਸੁੱਖ-ਆਨੰਦ ਮਾਣ ਰਹੀ ਜਾਂ ਮਾਣਨ ਦੀ ਤਾਂਘ ਰੱਖਦੀ ਸਾਡੀ ਮਨੁੱਖੀ ਨਸਲ ਨੂੰ ਆਪਣੀ ਇਸ ਸਦੀਵੀ ਮਾਂ ਪ੍ਰਤੀ ਫਰਜ਼ਾਂ ਬਾਰੇ ਵੀ ਸੁਚੇਤ ਕਰਾਉਂਦੀ ਹੈ। ਕਵੀ ਆਪਣੇ ਆਪ ਨੂੰ ਵੀ ਉਸ ਅਹਿਸਾਨ ਫਰਾਮੋਸ਼ ਮਨੁੱਖ ਜਾਤੀ ਵਿਚ ਸ਼ਾਮਲ ਕਰਦਾ ਹੈ, ਜਿਸ ਨੂੰ ਇਸ ਧਰਤੀ ਦੇ ਵਡੱਪਣ, ਦਰਿਆਦਿਲੀ ਤੇ ਕੁਰਬਾਨੀ ਦੀ ਕੋਈ ਪ੍ਰਵਾਹ ਨਹੀਂ ਅਤੇ ਉਹ ਸਿਰਫ ਆਪਣੇ ਹੰਕਾਰ ਤੇ ਮੁਫਾਦ ਨੂੰ ਦਿਲ ਵਿਚ ਰੱਖ ਕੇ ਜੀਵਨ ਬਿਤਾ ਰਹੀ ਹੈ। ਕਵੀ ਦਾ ਕਥਨ ਹੈ,

ਤੇਰੇ ਜੰਗਲ ਪਹਾੜ ਕਿੰਨੇ ਸੋਹਣੇ ਲੱਗਦੇ
ਨਾਲ ਬਰਫਾਂ ਦੇ ਲੱਦੇ ਕਿੰਨੇ ਪਏ ਫੱਬਦੇ
ਬੰਦਾ ਕਰ ਰਿਹਾ ਹੌਲੀ ਹੌਲੀ ਘਾਣ ਅੰਮੀਏ।
ਤੂੰ ਪਾਣੀ ਢੋ ਕੇ ਰੋਜ਼ ਹੀ ਪਹਾੜੀਂ ਚਾੜ੍ਹਦੀ
ਉਤੋਂ ਨਦੀਆਂ ਵਗਾਵੇਂ ਤੇ ਕਲੇਜੇ ਠਾਰਦੀ।
ਸਾਨੂੰ ਕਦਰ ਨਾ ਕੋਈ ਸੱਚ ਜਾਣ ਅੰਮੀਏ।
ਸਾਨੂੰ ਅਕਲਾਂ ਦਾ ਦੇਹ ਵਰਦਾਨ ਅੰਮੀਏ।

ਕਵੀ ਅਨੁਸਾਰ ਧਰਤੀ ਨੇ ਕਿਸਾਨ ਨੂੰ ਉਸ ਦਾ ਸਮਝਦਾਰ ਪੁੱਤਰ ਮੰਨਿਆ ਸੀ, ਕਿਉਂਕਿ ਸਭ ਤੋਂ ਪਹਿਲਾਂ ਉਸੇ ਨੇ ਇਸ ਦੀ ਤਾਸੀਰ ਅਤੇ ਇਸ ਅੰਦਰ ਛੁਪੀਆਂ ਰਮਜ਼ਾਂ ਦੀ ਪਛਾਣ ਕੀਤੀ ਸੀ। ਕਿਸਾਨ ਨੇ ਹੀ ਦੁਨੀਆਂ ਦੀ ਪੇਟ-ਭੁੱਖ ਮਿਟਾਉਣ ਲਈ ਧਰਤੀ ਮਾਂ ਦੀ ਮਦਦ ਕੀਤੀ ਸੀ। ਇਨ੍ਹਾਂ ਗੱਲਾਂ ਕਰਕੇ ਧਰਤੀ ਅੱਜ ਵੀ ਉਸ ਉਤੇ ਮਿਹਰਬਾਨ ਹੈ। ਕਵੀ ਅਨੁਸਾਰ ਧਰਤੀ ਮਾਂ ਹੀ ਕਿਸਾਨ ਦੇ ਅਸਲ ਦਰਦ ਨੂੰ ਮਹਿਸੂਸ ਕਰਦੀ ਹੈ। ਉਹ ਉਸ ਦਾ ਫਿਕਰ ਕਰਦੀ ਕਹਿੰਦੀ ਹੈ,




ਮੈਂ ਤੈਥੋਂ ਸਦਕੇ ਜਾਂਵਦੀ
ਤੇਰੀ ਸਭ ਤੋਂ ਔਖੀ ਕਾਰ,
ਅੱਜ ਤੇਰੇ ਸਿਰ 'ਤੇ ਚੱਲਦੇ
ਸਭ ਮਿੱਲਾਂ ਕਾਰੋਬਾਰ।
ਵੇ ਤੂੰ ਨੰਗਾ ਫਿਰਦੈਂ ਪੁੱਤਰਾ
ਤੇਰੇ ਉਤੇ ਤੇੜ ਲੰਗਾਰ,
ਦੱਸ ਕੌਣ ਕਮਾਈ ਲੈ ਗਿਆ
ਮੈਨੂੰ ਦਿੱਸਦੇ ਭਰੇ ਬਾਜ਼ਾਰ।

ਕਵੀ ਦਾ ਵਿਚਾਰ ਹੈ ਕਿ ਧਰਤੀ ਦਾ ਹੁਸਨ ਅਤੇ ਇਸ ਦੀਆਂ ਬਖਸ਼ਿਸ਼ਾਂ ਤਾਂ ਹੀ ਬਰਕਰਾਰ ਰਹਿ ਸਕਦੀਆਂ ਹਨ, ਜੇ ਧਰਤੀ ਉਤੇ ਸਾਰੇ ਮਨੁੱਖ ਸ਼ਾਂਤੀ ਅਤੇ ਪਿਆਰ ਭਾਵਨਾ ਨਾਲ ਰਹਿਣਗੇ। ਆਪਸ ਦੀਆਂ ਰੰਜਿਸ਼ਾਂ ਅਤੇ ਨਫਰਤਾਂ ਨੂੰ ਮਿਟਾ ਕੇ ਖੁਸ਼ਗਵਾਰ ਮਾਹੌਲ ਦੀ ਸਿਰਜਣਾ ਕਰਨ ਨਾਲ ਹੀ ਮਨੁੱਖਤਾ ਜੀਵਨ ਦਾ ਭਰਪੂਰ ਆਨੰਦ ਲੈ ਸਕੇਗੀ। ਵਿਚਾਰ ਅਧੀਨ ਰਚਨਾ ਵਿਚ ਧਰਤੀ ਮਨੁੱਖ ਨੂੰ ਉਸ ਦੀਆਂ ਵਧੀਆਂ ਹੋਈਆਂ ਹਵਸਾਂ ਤੋਂ ਆਗਾਹ ਕਰਦੀ ਹੈ, ਜਿਨ੍ਹਾਂ ਨੇ ਜੀਵਨ ਦਾ ਸਾਰਾ ਸੁੱਖ ਆਨੰਦ ਖੋਹ ਲਿਆ ਹੈ,

ਤੈਨੂੰ ਜ਼ਿੰਦਗੀ ਦੀ ਕੋਈ ਕਦਰ ਨਾ
ਤੈਨੂੰ ਮਾਇਆ ਨਾਲ ਪਿਆਰ।
ਵੇ ਤੂੰ ਆਪਣੇ ਲਾਲਚ ਖਾਤਰਾਂ
ਰਿਹਾ ਬੇਕਸੂਰਾਂ ਮਾਰ।
ਕੁਝ ਰਵੇ ਈ ਨਾ ਇਸ ਜੱਗ 'ਤੇ
ਤੂੰ ਇੰਜ ਬਣਾਵੇਂ ਹਥਿਆਰ।
ਕੀਤੇ ਖੁਦ ਹੀ ਆਪ ਖਰਾਬ ਤੂੰ
ਜੋ ਸੀ ਖੇਡਣ ਦੇ ਦਿਨ ਚਾਰ।

ਮਨੁੱਖ ਨੂੰ ਤਜ਼ਰਬੇ ਵਿਚੋਂ ਮਿਸਾਲਾਂ ਦੇ ਕੇ ਸਮਝਾਉਣ ਦੇ ਕੰਮ ਨੂੰ ਧਰਤੀ ਆਪਣਾ ਮਾਂ-ਫਰਜ਼ ਜਾਣ ਕੇ ਅਦਾ ਕਰਦੀ ਹੈ। ਉਹ ਮਨੁੱਖ ਨੂੰ ਆਪਣੀ ਹਵਸ, ਲਾਲਸਾ ਤੇ ਅਹੰਕਾਰ ਉਤੇ ਕਾਬੂ ਪਾਉਣ ਲਈ ਕਹਿੰਦੀ ਹੈ ਅਤੇ ਸਬਰ, ਸੰਤੋਖ ਤੇ ਸਹਿਜ ਵਾਲੀ ਜੀਵਨ ਜਾਚ ਅਪਨਾਉਣ ਦਾ ਸੰਦੇਸ਼ ਦਿੰਦੀ ਹੈ। ਧਰਤੀ ਦੀ ਇਹ ਪ੍ਰੇਰਨਾ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਹੁੰਦੀ ਹੈ,

ਹੱਦੋਂ ਵਧਿਆ ਸਭ ਹੈ ਢਹਿ ਜਾਂਦਾ
ਬੰਦਿਆ ਕੁਦਰਤੀ ਨੇਮ ਨੂੰ ਜਾਣਨਾ ਹੈ,
ਬਹੁਤਾਤ ਤਾਂ ਬਾਹਰ ਹੀ ਪਈ ਰਹਿੰਦੀ
ਅੰਦਰ ਅੰਨ ਤੇ ਪਾਣੀ ਹੀ ਜਾਵਣਾ ਹੈ।
ਜੋ ਕੁਝ ਵੀ ਸਹਿਜ ਨੂੰ ਭੰਗ ਕਰਦਾ
ਉਸ ਨੇ ਹਸਤੀ ਨੂੰ ਅੰਤ ਮਿਟਾਵਣਾ ਹੈ।

ਪੰਜਾਬੀ ਸਾਹਿਤ ਵਿਚ ਵਾਰ ਦੀ ਵਿਧਾ ਆਮ ਤੌਰ ਉਤੇ ਬੀਰ ਰਸੀ ਕਥਾਵਾਂ ਰਾਹੀਂ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਲਈ ਵਰਤੀ ਜਾਂਦੀ ਰਹੀ ਹੈ। ਭਾਵੇਂ ਕਿ 'ਧਰਤੀ ਦੀ ਵਾਰ' ਨੂੰ ਸ਼ੁੱਧ ਰੂਪ ਵਿਚ ਬੀਰ ਰਸੀ ਕਵਿਤਾਵਾਂ ਦੇ ਖੇਮੇ ਵਿਚ ਸ਼ੁਮਾਰ ਨਹੀਂ ਕੀਤਾ ਜਾ ਸਕਦਾ, ਪਰ ਯਕੀਨੀ ਤੌਰ 'ਤੇ ਇਹ ਵਾਰ ਪੜ੍ਹ ਕੇ ਸਾਡੇ ਅੰਦਰ ਧਰਤੀ ਮਾਂ ਨਾਲ ਮੋਹ ਅਤੇ ਹਮਦਰਦੀ ਵਿਚੋਂ ਇਸ ਦੀ ਰਾਖੀ ਕਰਨ ਲਈ ਇਕ ਸੈਨਿਕ ਵਰਗਾ ਜਜ਼ਬਾ ਜਾਗਦਾ ਹੈ। ਇਹ ਵਾਰ ਪੜ੍ਹ ਕੇ ਅਸੀਂ ਮਨੁੱਖ ਵੱਲੋਂ ਧਰਤੀ ਦੀ, ਆਪਣੀ ਬੇਅੰਤ ਲਾਲਸਾ ਅਧੀਨ ਕੀਤੀ ਜਾ ਰਹੀ ਬਰਬਾਦੀ ਖਿਲਾਫ ਜੂਝਣ ਲਈ ਪ੍ਰੇਰਨਾ ਵੀ ਪ੍ਰਾਪਤ ਕਰਦੇ ਹਾਂ।

ਸਾਡੇ ਸਮਿਆਂ ਦੇ ਪ੍ਰਬੁੱਧ ਕਵੀ ਸੁਰਜੀਤ ਪਾਤਰ ਨੇ ਇਸ ਰਚਨਾ ਦਾ ਵਿਸ਼ਲੇਸ਼ਣ ਬੜੇ ਸੁੰਦਰ ਤੇ ਸੰਵੇਦਨਸ਼ੀਲ ਸ਼ਬਦਾਂ ਵਿਚ ਕਰਦਿਆਂ ਇੰਜ ਲਿਖਿਆ ਹੈ, "ਇਸ ਕਿਰਤ ਦੀ ਕੈਨਵਸ ਧਰਤੀ ਦੀ ਉਸ ਖੁਸ਼ੀ ਤੋਂ ਲੈ ਕੇ, ਜਦੋਂ ਧਰਤੀ ਉਤੇ ਜੀਵਨ ਉਗਮਿਆ ਸੀ, ਹੁਣ ਦੀ ਉਦਾਸੀ ਤੱਕ ਫੈਲਿਆ ਹੋਇਆ ਹੈ, ਜਦੋਂ ਇਹ ਆਪਣੇ ਹੀ ਜਾਇਆਂ ਹੱਥੋਂ ਵੀਰਾਨ ਹੋ ਰਹੀ ਹੈ ਤੇ ਕੁਝ ਨੇਕ ਨੀਅਤ ਇਨਸਾਨ ਇਸ ਦੀ ਕਦਰ ਕਰਨ ਦਾ ਅਹਿਦ ਕਰਦੇ ਹਨ।"

ਸੁਰਿੰਦਰਪਾਲ ਸਿੰਘ ਮੰਡ ਦੀ ਧਰਤੀ ਉਤੇ ਲਿਖੀ ਇਹ ਅਨਮੋਲ ਰਚਨਾ ਜਿੱਥੇ ਸਾਨੂੰ ਸਾਡੀ ਪਿਆਰੀ ਅਤੇ ਮਹਾਨ ਧਰਤੀ ਨਾਲ ਮੁੜ ਤੋਂ ਆਪਣੇ ਰਿਸ਼ਤਿਆ ਨੂੰ ਮਜ਼ਬੂਤ ਕਰਨ ਦੀ ਸਿੱਖਿਆ ਦਿੰਦੀ ਹੈ, ਉਥੇ ਇਹ ਅਜਿਹੇ ਰਿਸ਼ਤਿਆਂ ਨੂੰ ਨਿਭਾਉਣ ਦੀ ਜਾਚ ਵੀ ਦੱਸਦੀ ਹੈ। ਕਵੀ ਅਨੁਸਾਰ ਧਰਤੀ ਦਾ ਮਨੁੱਖ ਨਾਲ ਸੁਖਾਵਾਂ ਰਿਸ਼ਤਾ ਹੀ ਧਰਤੀ ਉਪਰਲੇ ਜੀਵਨ ਨੂੰ ਖੁਸ਼ਹਾਲ ਅਤੇ ਆਨੰਦ-ਦਾਇਕ ਬਣਾਉਣ ਵਿਚ ਸਹਾਈ ਹੋ ਸਕਦਾ ਹੈ। ਕਵੀ ਦੀਆਂ ਇਹ ਸਤਰਾਂ ਇਸ ਅਰਥ-ਭਰਪੂਰ ਕਿਰਤ ਦਾ ਨਿਸ਼ਕਰਸ਼ ਹੋ ਨਿਬੜੀਆਂ ਹਨ,

ਵੇਖੋ ਪ੍ਰੇਮ ਨਾਲ ਧਰਤੀ ਵੱਲ ਲੋਕੋ
ਕਿਵੇਂ ਦਾਤਾਂ ਦੇ ਪਏ ਅੰਬਾਰ ਲੱਗੇ।
ਤੱਕੋ ਸੋਹਣਿਆਂ ਜੀਵਾਂ ਪੌਦਿਆਂ ਨੂੰ
ਸਭੇ ਵਿਚ ਵਰਤਦਾ ਪਿਆਰ ਲੱਗੇ।
ਵੇਖੋ ਮਿੱਟੀਆਂ ਪੌਣ ਤੇ ਪਾਣੀਆਂ ਨੂੰ
ਸਾਨੂੰ ਰੱਬ ਦਾ ਦਰਸ ਦੀਦਾਰ ਲੱਗੇ।

ਆਸ ਹੈ, ਸੂਝਵਾਨ ਪਾਠਕ ਵਾਰਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ ਵੱਲੋਂ ਸੁਹਣੀ ਦਿੱਖ ਨਾਲ ਛਾਪੀ 'ਧਰਤੀ ਦੀ ਵਾਰ' (ਕੀਮਤ 200 ਰੁਪਏ) ਰਾਹੀਂ ਆਪਣੇ ਗਿਆਨ ਨੂੰ ਪ੍ਰਫੁੱਲਤ ਕਰਨਗੇ ਅਤੇ ਕਵੀ ਦੀ ਮਿਹਨਤ ਦਾ ਮੁੱਲ ਪਾਉਣਗੇ।

---

# ਤੇਰਾ ਸਿੰਘ ਚੰਨ ਜਨਮ ਸ਼ਤਾਬਦੀ ਸਮਾਗਮ

ਚੰਡੀਗੜ੍ਹ ਲੇਖਕ ਸਭਾ ਦੇ ਸੰਸਥਾਪਕ ਤੇ ਪੰਜਾਬ ਇਪਟਾ ਦੇ ਕਰਤਾ-ਧਰਤਾ ਰਹੇ ਤੇਰਾ ਸਿੰਘ ਚੰਨ ਦੀ ਜਨਮ ਸ਼ਤਾਬਦੀ ਦੇ ਪ੍ਰਸੰਗ ਵਿਚ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ 11 ਸਤੰਬਰ ਨੂੰ ਇਕ ਯਾਦਗਾਰੀ ਸਮਾਗਮ ਰਚਾਇਆ ਗਿਆ। ਇਸ ਵਿਚ ਤੇਰਾ ਸਿੰਘ ਚੰਨ ਦੀਆਂ ਸਾਹਿਤਕ ਰਚਨਾਵਾਂ ਤੇ ਉਨ੍ਹਾਂ ਵਲੋਂ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਸਾਂਭ-ਸੰਭਾਲ ਲਈ ਕੀਤੇ ਅਣਥੱਕ ਯਤਨਾਂ ਦੀ ਚਰਚਾ ਹੋਈ, ਜਿਸ ਵਿਚ ਦਰਸ਼ਨ ਬੁੱਟਰ, ਸੁਖਦੇਵ ਸਿੰਘ ਸਰਸਾ, ਬਲਕਾਰ ਸਿੱਧੂ, ਸਰਬਜੀਤ ਕੌਰ ਸੋਹਲ, ਸਾਹਬ ਸਿੰਘ (ਨਾਟਕਕਾਰ), ਕਾਮਰੇਡ ਬੰਤ ਬਰਾੜ ਤੇ ਪੰਜਾਬੀ ਸਾਹਿਤ ਨੂੰ ਅੰਗਰੇਜ਼ੀ ਮੀਡੀਆ ਵਿਚ ਪ੍ਰਚਾਰਨ

**ਗੁਲਜ਼ਾਰ ਸਿੰਘ ਸੰਧੂ**

ਵਾਲੇ ਜਸਪਾਲ ਸਿੰਘ ਤੋਂ ਬਿਨਾ ਚੰਡੀਗੜ੍ਹ ਦੇ ਸਭਿਆਚਾਰਕ ਜਗਤ ਨਾਲ ਸਬੰਧਤ ਅਨੇਕਾਂ ਕਾਰਕੁਨਾਂ ਨੇ ਹਿੱਸਾ ਲਿਆ, ਮੋਹਾਲੀ ਵਾਲੇ ਦਵਿੰਦਰ ਦਮਨ ਸਮੇਤ। ਢਾ. ਕੁਲਦੀਪ ਸਿੰਘ ਦੀਪ ਨੇ ਆਪਣੇ ਭਾਸ਼ਨ ਵਿਚ ਚੰਨ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪਹੁੰਚ ਨੂੰ ਸਿਕੰਦਰ ਤੇ ਪੋਰਸ ਦੇ ਸੰਦਰਭ ਵਿਚ ਪਰੋ ਕੇ ਉਨ੍ਹਾਂ ਦੀ ਜੰਗ ਵਿਰੋਧੀ ਧਾਰਨਾ ਨੂੰ 'ਲੱਕੜ ਦੀ ਲੱਤ' ਤੇ 'ਨੀਲ ਦੀ ਸ਼ਹਿਜ਼ਾਦੀ' ਉਪੇਰਿਆਂ ਤੇ ਕਾਵਿਕ ਰਚਨਾਵਾਂ ਦੇ ਹਵਾਲੇ ਨਾਲ ਉਜਾਗਰ ਕੀਤਾ।

ਪਾਕਿਸਤਾਨ ਦੇ ਕੈਂਬਲਪੁਰ ਜਿਲੇ ਦਾ ਜੰਮਪਲ, ਨਵੀਂ ਦਿੱਲੀ ਦੀ ਤਾਸ ਨਿਊਜ ਏਜੰਸੀ ਦਾ ਜਾਣਿਆ-ਪਛਾਣਿਆ ਕਾਰਕੁਨ ਤੇ ਅੰਤਲੀ ਉਮਰ ਚੰਡੀਗੜ੍ਹ ਵਿਚ ਗੁਜਾਰਨ ਵਾਲਾ ਤੇਰਾ ਸਿੰਘ ਚੰਨ ਦੂਜੇ ਵਿਸ਼ਵ ਯੁੱਧ ਦੀ ਤਬਾਹੀ ਤੋਂ ਜਾਣੂ ਸੀ। 'ਲੱਕੜ ਦੀ ਲੱਤ' ਓਪੇਰੇ ਵਿਚ ਉਸ ਫੌਜੀ ਦਾ ਜੀਵਨ ਚਿਤਰਿਆ ਹੈ, ਜਿਹੜਾ ਗਰੀਬ ਪਰਿਵਾਰ ਦੀਆਂ ਤੰਗੀਆਂ ਦੂਰ ਕਰਨ ਹਿੱਤ ਫੌਜ ਵਿਚ ਭਰਤੀ ਹੁੰਦਾ ਹੈ ਤੇ ਉਥੇ ਉਸ ਦੀ ਲੱਤ ਕੱਟੀ ਜਾਂਦੀ ਹੈ; ਤੇ ਉਹ ਬਾਕੀ ਦੀ ਉਮਰ ਲੱਕੜ ਦੀ ਲੱਤ ਦੇ ਸਹਾਰੇ ਬਤੀਤ ਕਰਦਾ ਹੈ। ਉਸ ਦੇ ਤੁਰ ਜਾਣ ਤੋਂ ਬਹੁਤ ਪਿੱਛੋਂ ਤੱਕ ਲੱਕੜ ਦੀ ਉਸ ਲੱਤ ਨੂੰ ਉਸ ਦੇ ਘਰ ਵਾਲਿਆਂ ਨੇ ਇਕ ਨਿਸ਼ਾਨੀ ਵਜੋਂ ਸੰਭਾਲ ਰੱਖਿਆ ਹੈ। ਉਪੇਰੇ ਦਾ ਅੰਤ ਉਸ ਮਾਰਮਿਕ ਦ੍ਰਿਸ਼ ਨਾਲ ਹੁੰਦਾ ਹੈ, ਜਦ ਮਰਹੂਮ ਫੌਜੀ ਦਾ ਪੁੱਤ-ਪੋਤਰਾ ਉਸ ਲੱਤ ਨੂੰ ਦੇਖ ਕੇ ਆਪਣੀ ਮਾਂ ਤੋਂ ਪੁੱਛਦਾ ਹੈ ਕਿ ਇਹ ਕੀ ਚੀਜ਼ ਹੈ ਤੇ ਘਰ ਵਿਚ ਕਿਉਂ ਸੰਭਾਲੀ ਹੋਈ ਹੈ? ਮਾਤਾ ਆਪਣੇ ਬੱਚੇ ਨੂੰ ਸਾਰੀ ਕਹਾਣੀ ਦੱਸਣ ਤੋਂ ਪਿਛੋਂ ਉਸ ਲੱਕੜ ਨੂੰ ਅਪਣੇ ਪੱਟ ਉਤੇ ਮਾਰ ਕੇ ਤੋੜ ਦਿੰਦੀ ਹੈ ਤੇ ਚੁਤਰਫੇ ਸੰਤੁਸ਼ਟੀ ਦਾ ਮਾਹੌਲ ਪਸਰ ਜਾਂਦਾ ਹੈ। ਜੰਗ ਦੇ ਪ੍ਰਤੀਕਰਮ ਵਜੋਂ ਉਨ੍ਹੀਂ ਦਿਨੀਂ ਅਮਨ ਦੀ ਘੁੱਗੀ ਵੀ ਮੀਡੀਆ ਦਾ ਵਿਸ਼ਾ ਬਣੀ, ਜਿਸ ਨਾਲ ਜੁੜੀਆਂ ਦਰਜਨਾਂ ਕਵਿਤਾਵਾਂ ਕਵੀ ਦਰਬਾਰਾਂ ਦਾ ਸ਼ਿੰਗਾਰ ਰਹੀਆਂ। ਤੇਰਾ ਸਿੰਘ ਚੰਨ ਦੀ ਆਪਣੀ ਰਚਨਾ 'ਕਾਗ ਸਮੇਂ ਦਾ ਬੋਲਿਆ ਅਮਨ ਦੀ ਬੋਲੀ' ਉਸ ਸਮੇਂ ਦੇ ਬੱਚੇ ਬੱਚੇ ਦੀ ਜ਼ੁਬਾਨ 'ਤੇ ਸੀ। ਇੱਕ ਹੋਰ ਕਵਿਤਾ ਦੇ ਬੋਲ ਇਹਦੇ ਨਾਲੋਂ ਵੀ ਸਰਲ ਤੇ ਪ੍ਰਭਾਵੀ ਹਨ:


ਕੀ ਬਹਾਰ ਆਈ ਕੀ ਬਸੰਤ ਆਈ
ਜੇ ਨਾ ਲੈ ਗੁਲਾਮੀ ਦਾ ਅੰਤ ਆਈ।
ਚੂੜੇ ਵਾਲੀਆਂ ਸੱਜ ਵਿਆਹੀਆਂ ਦੇ
ਵਾਪਸ ਜੰਗ 'ਚੋਂ ਲੈ ਕੇ ਨਾ ਕੰਤ ਆਈ।

ਜਦੋਂ 'ਲੱਕੜ ਦੀ ਲੱਤ' ਬਠਿੰਡੇ ਵਾਲੀ ਕਾਨਫਰੰਸ ਵਿਚ ਖੇਡਿਆ ਗਿਆ ਤਾਂ ਫੌਜੀ ਦਾ ਕਿਰਦਾਰ ਤਾਂ ਜਗਦੀਸ਼ ਫਰਿਆਦੀ ਨੇ ਕੀਤਾ, ਪਰ ਫੌਜਣ ਦੇ ਰੂਪ ਵਿਚ ਰੰਗ ਮੰਚ ਦੀ ਸ਼ੋਭਾ ਬਣੀ ਪੰਜਾਬ ਦੀ ਕੋਇਲ ਸੁਰਿੰਦਰ ਕੌਰ।

ਇਸੇ ਤਰ੍ਹਾਂ 'ਨੀਲ ਦੀ ਸ਼ਹਿਜ਼ਾਦੀ' ਦੇ ਓਪੇਰੇ ਵਿਚ ਚੰਨ ਦਾ ਹੇਠ ਲਿਖਿਆ ਗੀਤ ਸਰੋਤਿਆਂ ਦੀ ਜ਼ੁਬਾਨ ਉੱਤੇ ਚੜ੍ਹਿਆ:

ਸਵੇਜ ਮਿਸਰ ਦੀ ਨਹੀਂ ਹੈ, ਏਸ਼ੀਆ ਦੀ ਧੀ
ਭਾਰਤ ਦੀ ਇਹ ਗੰਗਾ, ਚੀਨ ਦੀ ਯਾਗਸੀ
ਇਹ ਬਣ ਗਈ ਹੈ ਏਸ਼ੀਆ ਦਾ ਧਰਮ ਤੇ ਈਮਾਨ
ਇੰਜ ਇੱਕ-ਜੁੱਟ ਹੋਇਆ ਏਸੀਆ ਮਹਾਨ।

ਇਸ ਗੀਤ ਦਾ ਪ੍ਰਭਾਵ ਭਾਵੇਂ ਉਨਾ ਨਹੀਂ ਸੀ, ਜਿੰਨਾ 'ਲੱਕੜ ਦੀ ਲੱਤ' ਵਿਚਲੇ ਗੀਤਾਂ ਦਾ, ਪਰ ਇਹ ਵਾਲਾ ਉਪੇਰਾ ਸਿੱਧਰ ਦਿਖਾਈ ਦਿੰਦੇ ਤੇਰਾ ਸਿੰਘ ਚੰਨ ਦੀ ਦੂਰ-ਦੁਰਾਡੇ ਦੇਸ਼ਾਂ ਪ੍ਰਤੀ ਜਾਣਕਾਰੀ ਤੇ ਪਹੁੰਚ ਉੱਤੇ ਮੋਹਰ ਲਾਉਂਦਾ ਹੈ।


ਤੇਰਾ ਸਿੰਘ ਚੰਨ

'ਅਮਰ ਪੰਜਾਬ' ਚੰਨ ਜੀ ਦਾ ਸਭ ਤੋਂ ਪ੍ਰਭਾਵੀ ਓਪੇਰਾ ਹੈ, ਜਿਸ ਵਿਚ ਲਾਲਾ ਲਾਜਪਤ ਰਾਏ ਉੱਤੇ ਡਾਂਗਾਂ ਦੀ ਵਰਖਾ ਵੀ ਦਿਖਾਈ ਗਈ ਹੈ ਤੇ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਦੀ ਸਤਲੁਜ ਦੇ ਕੰਢੇ ਵਾਪਰੀ ਸ਼ਹੀਦੀ ਵੀ। ਇਸ ਉਪੇਰੇ ਵਿਚ ਜਦੋਂ ਪਰਦੇ ਉੱਤੇ ਸਤਲੁਜ ਦੀਆਂ ਲਹਿਰਾਂ ਦਿਖਾਈਆਂ ਜਾਂਦੀਆਂ ਹਨ ਤਾਂ ਪੰਜਾਬੀ ਮਰਦ ਅਤੇ ਔਰਤਾਂ ਲਹਿਰਾਂ ਨੂੰ ਸਵਾਲ ਪੁੱਛਦੇ ਹਨ:

ਸਤਲੁਜ ਦੀਓ ਲਹਿਰੋ ਬੋਲੋ ਨੀ
ਕੁਝ ਭੇਤ ਦਿਲਾਂ ਦਾ ਖੋਲੋ ਨੀ
ਬੇਚੈਨ ਹਵਾਵਾਂ ਪੁੱਛਦੀਆਂ ਨੇ
ਭੈਣਾਂ ਦੀਆਂ ਆਹਵਾਂ ਪੁੱਛਦੀਆਂ ਨੇ
ਪੁੱਤਰਾਂ ਦੀਆਂ ਮਾਂਵਾਂ ਪੁੱਛਦੀਆਂ ਨੇ
ਚੁੱਪ ਸਾਧੀ ਜੇ, ਮੂੰਹ ਖੋਲ੍ਹੋ ਨੀ।

ਲਹਿਰਾਂ ਦਾ ਜਵਾਬ ਨੋਟ ਕਰਨ ਵਾਲਾ ਹੈ, ਤੇ ਗਹਿਰ ਗੰਭੀਰ ਵੀ:

ਏਥੇ ਬੱਸ ਨਹੀਂ, ਜ਼ੁਲਮ ਦੀ ਹੱਦ ਹੋਈ
ਇੱਕ ਇੱਕ ਲਾਸ਼ ਨੂੰ ਗੋਰਿਆਂ ਟੁੱਕਿਆ ਸੀ
ਅਸਾਂ ਉਨ੍ਹਾਂ ਦੀ ਏਸ ਕਰਤੂਤ ਉੱਤੇ
ਕੰਢਿਓਂ ਉੱਛਲ ਕੇ ਮੂੰਹਾਂ 'ਤੇ ਥੁੱਕਿਆ ਸੀ।

ਸਮਾਗਮ ਦੇ ਸਾਰੇ ਬੁਲਾਰਿਆਂ ਨੇ ਤੇਰਾ ਸਿੰਘ ਚੰਨ ਦੀ ਅਣਥੱਕ ਸਮਾਜ ਸੇਵਾ ਤੇ ਅਗਾਂਹਵਧੂ ਪਹੁੰਚ ਨੂੰ ਉਘਾੜਿਆ ਅਤੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਕਥਨੀ ਤੇ ਕਰਨੀ ਅੱਜ ਵੀ ਉਨੀ ਹੀ ਪ੍ਰਸੰਗਕ ਹੈ, ਜਿੰਨੀ ਸੱਤ-ਅੱਠ ਦਹਾਕੇ ਪਹਿਲਾਂ ਸੀ। ਚੰਨ ਦੇ ਸਾਦ ਮੁਰਾਦੇ, ਪਰ ਖੁੱਲ੍ਹੇ-ਡੁੱਲ੍ਹੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਇਸ ਸੱਚ ਤੋਂ ਮਿਲਦੀ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਉਹ ਖੁੱਲ੍ਹਾਂ ਦਿੱਤੀਆਂ, ਜਿਨ੍ਹਾਂ ਸਦਕਾ ਉਨ੍ਹਾਂ ਨੇ ਆਪਣੇ ਜੀਵਨ ਸਾਥੀ ਹਿੰਦੂ, ਮੁਸਲਿਮ, ਜੱਟ, ਛੀਂਬੇ ਤੇ ਪੰਡਿਤ ਪਰਿਵਾਰਾਂ ਵਿਚੋਂ ਚੁਣੇ ਤੇ ਸਾਰੇ ਸਫਲ ਜੀਵਨ ਬਤੀਤ ਕਰ ਰਹੇ ਹਨ। ਕੁਲਦੀਪ ਸਿੰਘ ਦੀਪ ਨੇ ਚੰਨ ਜੀ ਦੀਆਂ ਰਚਨਾਵਾਂ ਵਿਚੋਂ ਉਹ ਟੂਕਾਂ ਵੀ ਪੇਸ਼ ਕੀਤੀਆਂ, ਜਿਹੜੀਆਂ ਸੁਤੰਤਰਤਾ ਸੰਗਰਾਮ ਦੇ ਦਿਨਾਂ ਵਿਚ ਦੇਸ਼ ਦੀ ਕਿਰਸਾਨੀ ਲਈ ਰਾਹ-ਦਸੇਰਾ ਸਨ ਤੇ ਅੱਜ ਦੇ ਦਿਨ ਦਿੱਲੀ ਬਾਰਡਰ ਉੱਤੇ ਬੈਠੇ ਅੰਦੋਲਨਕਾਰੀਆਂ ਲਈ।

ਡਿੱਗੇ ਹੋਏ ਇਰਾਦਿਆਂ ਨੇ ਝੰਡੇ ਚੁੱਕ ਲਏ
ਪੰਜ ਦਰਿਆਵਾਂ ਦੇ ਵੀ ਹੰਝੂ ਸੁੱਕ ਗਏ
ਲਹਿਰਾਂ ਵਿਚੋਂ ਸੁੱਤੇ ਹੋਏ ਤੂਫਾਨ ਜਾਗ ਪਏ
ਜਾਗਿਆ ਪੰਜਾਬ ਤੇ ਕਿਸਾਨ ਜਾਗ ਪਏ।

ਤੇਰਾ ਸਿੰਘ ਚੰਨ ਦੀ ਇੱਕ ਹੋਰ ਕਵਿਤਾ ਦੇ ਬੋਲ ਇਨ੍ਹਾਂ ਨਾਲੋਂ ਜ਼ਿਆਦਾ ਪ੍ਰਭਾਵੀ ਤੇ ਨੋਟ ਕਰਨ ਵਾਲੇ ਹਨ:

ਵੱਜਿਆ ਹੈ ਢੋਲ ਛਿੰਜ ਦਾ, ਹੋਈ ਚਲੋ ਚਲੀ
ਪਿੰਡਾਂ ਦੇ ਪਿੰਡ ਜਾਗ ਪਏ, ਜਾਗੀ ਗਲੀ ਗਲੀ
ਵਿਥਾਂ 'ਚ ਨੂਰ ਪਹੁੰਚਿਆ, ਜਦ ਦੀ ਸ਼ਮਾਂ ਬਲੀ
ਤੱਕ ਕੇ ਇਹ ਨੂਹ ਹਾਕਮਾਂ ਦਾ ਪੀਲਾ ਹੋਇਆ ਰੰਗ
ਛਿੜ ਪਈ ਹੈ ਫੇਰ ਪਾਂਡਵਾਂ ਤੇ ਕੌਰਵਾਂ ਦੀ ਜੰਗ
ਧਰਤੀ ਨੂੰ ਚੁੰਮ ਕੇ ਝੂਮ ਕੇ ਕਿਰਸਾਨ ਤੁਰ ਪਏ
ਬੱਚੇ ਤੇ ਬੁੱਢੇ, ਤੀਵੀਆਂ, ਜਵਾਨ ਤੁਰ ਪਏ।
ਇੱਕ ਇੱਕ ਜਵਾਨ ਨਾਲ ਕਈ ਜਹਾਨ ਤੁਰ ਪਏ
ਕੜਕੀ ਹੈ ਬਿਜਲੀ ਵਾਂਗਰਾਂ, ਸੀਨੇ ਦੀ ਹਰ ਉਮੰਗ
ਛਿੜ ਪਈ ਹੈ ਫੇਰ ਪਾਂਡਵਾਂ ਤੇ ਕੌਰਵਾਂ ਦੀ ਜੰਗ।

ਤੇਰਾ ਸਿੰਘ ਚੰਨ ਨੂੰ ਇਸ ਧਰਤੀ ਤੋਂ ਵਿਦਾ ਹੋਇਆਂ ਅਰਸਾ ਹੋ ਚੁਕਾ ਹੈ, ਪਰ ਏਦਾਂ ਜਾਪਦਾ ਹੈ ਜਿਵੇਂ ਉਹ ਅੱਜ ਦੇ ਕਿਰਸਾਨ ਅੰਦੋਲਨ ਵਿਚ ਸ਼ਿਰਕਤ ਕਰਕੇ ਉਨ੍ਹਾਂ ਬਾਰੇ ਹੀ ਲਿਖ ਰਿਹਾ ਹੋਵੇ।

ਐਵੇਂ ਤਾਂ ਨਹੀਂ ਤੇਰਾ ਸਿੰਘ ਚੰਨ ਦੇ ਸੀਨੀਅਰ ਮਹਾਰਥੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਚੰਨ ਹੁਰਾਂ ਬਾਰੇ ਇਹ ਸ਼ਬਦ ਲਿਖੇ: 'ਚੰਨ ਦੀ ਆਸ ਹੈ, ਸਭ ਉਹਲੇ ਚੁੱਕੇ ਜਾਣਗੇ, ਹਨੇਰੇ ਜੰਗਲਾਂ 'ਚੋਂ ਚਾਨਣ ਦਾ ਮਾਰਗ ਦਿੱਸੇਗਾ। ਜੀਵਨ-ਰੌ ਅੱਗੇ ਚੱਟਾਨਾਂ ਸਾਫ ਕੀਤੀਆਂ ਜਾਣਗੀਆਂ ਤੇ ਭਵਿੱਖ ਦੀ ਕਵਿਤਾ, ਜਿਹੜੀ ਜ਼ਿੰਦਗੀ ਦੇ ਵਕਤੀ ਘੋਲ ਨੂੰ ਅਭੁੱਲ ਚਿੱਤਰਾਂ ਵਿਚ ਚਿਤਰਦੀ ਹੈ, ਭਵਿਖ ਦੀਆਂ ਜਿੱਤਾਂ ਦਾ ਇਤਿਹਾਸ ਮੰਨੀ ਜਾਏਗੀ।' ਇਹ ਗੱਲ ਤਾਂ ਜੱਗ ਜਾਹਰ ਹੈ ਕਿ ਚੰਨ ਵਲੋਂ ਭਾਰਤ ਮਾਤਾ ਦੀ ਉਸਤਤ ਵਿਚ ਲਿਖਿਆ ਗੀਤ ਸਕੂਲੀ ਬੱਚਿਆਂ ਦੇ ਪਾਠ-ਕ੍ਰਮ ਦਾ ਹਿੱਸਾ ਰਿਹਾ ਹੈ, ਤੇ ਸਵੇਰ ਦੀ ਪ੍ਰਾਰਥਨਾ ਵਜੋਂ ਗਾਇਆ ਜਾਂਦਾ ਸੀ।

**ਅੰਤਿਕਾ: (ਮਿਰਜ਼ਾ ਗਾਲਿਬ)**

ਚਾਹੀਏ ਅੱਚੋਂ ਕੋ ਜਿਤਨਾ ਚਾਹੀਏ
ਯੇ ਅਗਰ ਚਾਹੇਂ ਤੋ ਫਿਰ ਕਯਾ ਚਾਹੀਏ।

# ਕੱਟੜਪੰਥੀਆਂ ਦੇ ਖਿਲਾਫ ਹਾਂ: ਜਾਵੇਦ ਅਖਤਰ



ਪ੍ਰਸਿੱਧ ਫਿਲਮੀ ਸ਼ਖਸੀਅਤ ਜਾਵੇਦ ਅਖਤਰ ਦਾ ਕਹਿਣਾ ਹੈ ਕਿ ਉਹ ਮੁਸਲਿਮ ਕੱਟੜਪੰਥੀਆਂ ਦੇ ਵੀ ਓਨਾ ਹੀ ਖਿਲਾਫ ਹਨ ਜਿੰਨਾ ਹਿੰਦੂ ਕੱਟੜਵਾਦ ਦੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਬੇਬਾਕੀ ਕਾਰਨ ਮੁਸਲਮਾਨਾਂ ਤੋਂ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ ਹਨ। ਹਾਲ ਹੀ ਵਿਚ ਉਨ੍ਹਾਂ ਇੱਕ ਇੰਟਰਵਿਊ ਵਿਚ ਤਾਲਿਬਾਨ ਅਤੇ ਹਿੰਦੂ ਕੱਟੜਵਾਦੀਆਂ 'ਚ ਸਮਾਨਤਾ ਦੱਸੀ ਸੀ। ਇਸ ਇੰਟਰਵਿਊ ਦੇ ਪੱਖ 'ਚ ਉਨ੍ਹਾਂ ਕਿਹਾ ਕਿ ਹਿੰਦੂ ਵਿਸ਼ਵ ਵਿਚ ਸਭ ਤੋਂ ਵੱਧ ਸਭਿਅਕ ਅਤੇ ਸਹਿਣਸ਼ੀਲ ਸੁਭਾਅ ਦੇ ਮਾਲਕ ਹਨ। ਅਫਗਾਨਿਸਤਾਨ ਵਿਚ ਤਾਲਿਬਾਨ ਆਪਣੀ ਮਰਜ਼ੀ ਕਰ ਰਿਹਾ ਹੈ ਜਦਕਿ ਭਾਰਤ ਵਿਚ ਸੰਵਿਧਾਨ ਅਤੇ ਅਦਾਲਤਾਂ ਧਾਰਮਿਕ ਨਿਰਪੱਖਤਾ ਦੀ ਰਾਖੀ ਕਰ ਰਹੀਆਂ ਹਨ। ਅਖਤਰ ਨੇ ਕਿਹਾ, "ਭਾਰਤ ਕਦੇ ਵੀ ਅਫਗਾਨਿਸਤਾਨ ਵਰਗਾ ਨਹੀਂ ਬਣ ਸਕਦਾ ਕਿਉਂਕਿ ਭਾਰਤੀ ਆਪਣੇ ਸੁਭਾਅ ਤੋਂ ਅਤਿਵਾਦੀ ਨਹੀਂ ਹਨ; ਸ਼ਾਂਤ ਰਹਿਣਾ ਤੇ ਸਹਿਜਤਾ ਨਾਲ ਚੱਲਣਾ ਉਨ੍ਹਾਂ ਦੇ ਖੂਨ 'ਚ ਹੈ।" ਦਰਅਸਲ, ਕੁਝ ਦਿਨ ਪਹਿਲਾਂ ਇਕ ਟੀ.ਵੀ. ਚੈਨਲ 'ਤੇ ਜਾਵੇਦ ਅਖਤਰ ਨੇ ਕਿਹਾ ਸੀ ਕਿ ਜਿਥੇ ਤਾਲਿਬਾਨ "ਅਸਭਿਅਕ' ਹੈ, ਉਥੇ ਭਾਰਤ ਵਿਚ ਸੱਜੇ ਪੱਖੀ ਹਿੰਦੂ ਸੰਗਠਨਾਂ ਦਾ ਸਮਰਥਨ ਕਰਨ ਵਾਲੇ ਵੀ 'ਅਜਿਹੇ ਹੀ ਹਨ'।

ਇਸੇ ਦੌਰਾਨ ਜਾਵੇਦ ਅਖਤਰ ਦੀ ਮੁੰਬਈ ਸਥਿਤ ਰਿਹਾਇਸ਼ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ। ਭਾਜਪਾ ਦੇ ਇਕ ਵਿਧਾਇਕ ਨੇ ਅਖਤਰ ਤੋਂ ਉਨ੍ਹਾਂ ਦੀ ਉਸ ਟਿੱਪਣੀ ਲਈ ਮੁਆਫੀ ਦੀ ਮੰਗ ਕੀਤੀ ਹੈ ਜਿਸ ਵਿਚ ਉਨ੍ਹਾਂ ਆਰ.ਐਸ.ਐਸ. ਦੀ ਤੁਲਨਾ ਤਾਲਿਬਾਨ ਨਾਲ ਕੀਤੀ ਸੀ। ਜਾਵੇਦ ਨੇ ਹਾਲ ਹੀ ਵਿਚ ਇਕ ਖਬਰ ਚੈਨਲ ਨਾਲ ਗੱਲਬਾਤ ਵਿਚ ਕਿਹਾ ਸੀ ਕਿ ਪੂਰੀ ਦੁਨੀਆ ਵਿਚ ਸੱਜੇ ਪੱਖੀਆਂ ਵਿਚ ਇਕ ਅਨੋਖੀ ਚੀਜ਼ ਮਿਲਦੀ-ਜੁਲਦੀ ਹੈ। ਆਰ.ਐਸ.ਐਸ. (ਰਾਸ਼ਟਰੀ ਸਵੈਮਸੇਵਕ ਸੰਘ) ਦਾ ਨਾਂ ਲਏ ਬਿਨਾ ਉਨ੍ਹਾਂ ਕਿਹਾ ਸੀ, "ਤਾਲਿਬਾਨ ਇਸਲਾਮਿਕ ਦੇਸ਼ ਚਾਹੁੰਦਾ ਹੈ। ਇਹ ਲੋਕ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ।" **-ਗੁਰਜੰਟ ਸਿੰਘ**



# ਯਾਮੀ ਦੀ ਸਾਦਗੀ

ਅਦਾਕਾਰਾ ਯਾਮੀ ਗੌਤਮ ਨੇ ਫਿਲਮਸਾਜ਼ ਆਦਿੱਤਿਆ ਧਾਰ ਨਾਲ ਜੂਨ ਵਿਚ ਵਿਆਹ ਕਰਵਾ ਲਿਆ ਸੀ। ਅਦਾਕਾਰਾ ਨੇ ਕਿਹਾ ਕਿ ਜੇ ਕਰੋਨਾ ਮਹਾਮਾਰੀ ਕਾਰਨ ਪਾਬੰਦੀਆਂ ਨਾ ਵੀ ਹੁੰਦੀਆਂ ਤਾਂ ਵੀ ਉਨ੍ਹਾਂ ਦੇ ਵਿਆਹ ਦਾ ਸਮਾਗਮ ਸਾਦਾ ਹੀ ਹੋਣਾ ਸੀ। ਗੌਤਮ (32) ਅਤੇ ਧਾਰ (38) ਦਾ ਵਿਆਹ ਹਿਮਾਚਲ ਪ੍ਰਦੇਸ਼ ਦੇ ਮੰਡੀ ਵਿੱਚ ਹੋਇਆ ਸੀ। ਇਸ ਵਿਆਹ ਸਮਾਗਮ ਵਿਚ ਸਿਰਫ 20 ਜਣੇ ਹੀ ਸ਼ਾਮਲ ਹੋਏ ਸਨ। ਧਾਰ ਨੇ ਗੌਤਮ ਦੀ ਫਿਲਮ 'ਉੜੀ' ਦਾ ਨਿਰਦੇਸ਼ਨ ਕੀਤਾ ਸੀ। ਇਸ ਜੋੜੇ ਨੇ ਆਪਣੇ ਵਿਆਹ ਦਾ ਐਲਾਨ ਇੰਸਟਾਗ੍ਰਾਮ 'ਤੇ ਪੋਸਟ ਪਾ ਕੇ ਕੀਤਾ ਜਿਸ ਨੇ ਕਈਆਂ ਨੂੰ ਹੈਰਾਨ ਕਰ ਦਿੱਤਾ। ਯਾਮੀ ਨੇ ਕਿਹਾ, "ਇਹ ਸਮਾਗਮ ਸਾਦਾ ਸੀ। ਮੈਂ ਤੇ ਆਦਿੱਤਿਆ ਸਾਦਗੀ ਪਸੰਦ ਹਾਂ ਇਸ ਲਈ ਅਸੀਂ ਵਿਆਹ ਸਮਾਗਮ ਨੂੰ ਵੀ ਸਾਦਾ ਹੀ ਰੱਖਿਆ।" **-ਆਮਨਾ ਕੌਰ**

# ਚਰਿੱਤਰ ਅਦਾਕਾਰ ਤੇ ਖਲਨਾਇਕ ਡਾਰ ਕਸ਼ਮੀਰੀ

ਡਾਰ ਕਸ਼ਮੀਰੀ ਉਰਫ ਜੀ.ਐਨ. ਡਾਰ ਉਰਫ ਗੁਲਾਮ ਨਬੀ ਡਾਰ ਕਸ਼ਮੀਰੀ ਦੀ ਪੈਦਾਇਸ਼ 1907 ਵਿਚ ਕਸ਼ਮੀਰ ਦੇ ਰਸੂਖਦਾਰ ਪੰਜਾਬੀ ਪੰਡਤ ਪਰਿਵਾਰ ਵਿਚ ਹੋਈ। ਫਿਲਮਾਂ ਵਿਚ ਇਹ ਡਾਰ ਕਸ਼ਮੀਰੀ ਦੇ ਨਾਮ ਨਾਲ ਜਾਣੇ ਜਾਂਦੇ ਸਨ। ਇਹ ਪੰਜਾਬੀ ਤੇ ਹਿੰਦੀ ਫਿਲਮਾਂ ਦੇ ਮਸ਼ਹੂਰ ਚਰਿੱਤਰ, ਮਜ਼ਾਹੀਆ ਅਦਾਕਾਰ ਓ.ਕੇ. ਡਾਰ ਉਰਫ ਓਮਕਾਰ ਨਾਥ ਡਾਰ ਉਰਫ ਜੀਵਨ ਦੇ ਵੱਡੇ ਭਰਾ ਸਨ। ਇਨ੍ਹਾਂ ਦੇ ਪਿਤਾ ਪੰਡਤ ਦੁਰਗਾ ਪ੍ਰਸ਼ਾਦ ਮਹਾਰਾਜਾ ਅਮਰ ਸਿੰਘ ਦੇ ਰਾਜ ਵਿਚ ਵਜ਼ੀਰ ਸਨ ਅਤੇ ਗਿਲਗਤ ਦੇ ਗਵਰਨਰ ਸਨ।

ਫਿਲਮਾਂ ਨਾਲ ਦਿਲਚਸਪੀ ਕਾਰਨ ਡਾਰ ਕਸ਼ਮੀਰੀ 30ਵੇਂ ਦੇ ਦਹਾਕੇ ਵਿਚ ਇੰਦਰਾ ਮੂਵੀਟੋਨ (ਕਲਕੱਤਾ) ਵਿਚ ਸ਼ਰੀਕ ਹੋ ਗਏ। ਇਸ ਤੋਂ ਬਾਅਦ ਉਹ ਮਨੋਹਰ ਮੂਵੀਟੋਨ (ਬੰਬੇ), ਨਿਊ ਥੀਏਟਰ (ਕਲਕੱਤਾ), ਨਵਯੁੱਗ ਚਿੱਤਰਪਟ (ਪੂਨਾ) ਤੇ ਕਈ ਹੋਰ ਕੰਪਨੀਆਂ ਵਿਚ ਕੰਮ ਕਰਦੇ ਰਹੇ। ਉਹ ਪਹਿਲਾਂ ਖਲਨਾਇਕ ਤੇ ਫਿਰ ਚਰਿੱਤਰ ਅਦਾਕਾਰ ਦੀ ਹੈਸੀਅਤ ਨਾਲ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਰਹੇ।

ਡਾਰ ਕਸ਼ਮੀਰੀ ਦੀ ਪਹਿਲੀ ਪੰਜਾਬੀ ਫਿਲਮ ਫਿਲਮਸਾਜ਼ ਤੇ ਹਿਦਾਇਤਕਾਰ ਕੇ.ਡੀ. ਮਹਿਰਾ ਦੀ 'ਹੀਰ ਸਿਆਲ' (1938) ਸੀ। ਫਿਲਮ ਵਿਚ ਉਸ ਨੇ ਚੂਚਕ ਦਾ ਕਿਰਦਾਰ ਅਦਾ ਕੀਤਾ ਜਦੋਂਕਿ ਸਿਆਲਾਂ ਦੀ ਹੀਰ ਦਾ ਟਾਈਟਲ ਕਿਰਦਾਰ ਬਾਲੋ ਉਰਫ ਇਕਬਾਲ ਬੇਗਮ ਨੇ ਅਦਾ ਕੀਤਾ ਸੀ। ਰਾਂਝੇ ਦੇ ਕਿਰਦਾਰ ਵਿਚ ਅਦਾਕਾਰ ਪੀ.ਐਨ. ਬਾਲੀ ਤੇ 'ਕੈਦੋਂ' ਦਾ ਕਿਰਦਾਰ ਐਮ. ਇਸਮਾਇਲ ਨੇ ਅਦਾ ਕੀਤਾ। ਸੰਵਾਦ ਤੇ ਗੀਤ ਐਫ.ਡੀ. ਸ਼ਰਫ (ਕਵੀ ਫੀਰੋਜ਼ਦੀਨ ਸ਼ਰਫ) ਤੇ ਸੰਗੀਤ ਮਾਸਟਰ ਧੂਮੀ ਖਾਨ ਰਾਮਪੁਰੀ ਨੇ ਤਿਆਰ ਕੀਤਾ। ਵਾਰਿਸ ਸ਼ਾਹ ਦੇ ਮੁਹੱਬਤੀ ਕਿੱਸੇ 'ਤੇ ਬਣੀ ਇਹ ਫਿਲਮ 2 ਦਸੰਬਰ 1938 ਨੂੰ ਪ੍ਰਭਾਤ ਸਿਨਮਾ, ਲਾਹੌਰ ਵਿਖੇ ਪਰਦਾਪੇਸ਼ ਹੋਈ।

ਆਰ. ਐਲ ਸ਼ੋਰੀ ਉਰਫ ਰੌਸ਼ਨ ਲਾਲ ਸ਼ੋਰੀ ਨਿਰਦੇਸ਼ਤ ਕਿੱਸਾ ਆਧਾਰਿਤ ਪੰਜਾਬੀ ਫਿਲਮ 'ਪੂਰਨ ਭਗਤ' (1939) ਵਿਚ ਉਸ ਨੇ ਮਹਾਰਾਜ ਸਲਵਾਨ ਦਾ ਚਰਿੱਤਰ ਕਿਰਦਾਰ ਅਦਾ ਕੀਤਾ। ਪੂਰਨ ਭਗਤ ਦਾ ਟਾਈਟਲ ਰੋਲ ਗੁੱਜਰਾਂਵਾਲਾ ਦੇ ਸੁਨੱਖੇ ਗੱਭਰੂ ਕਰਨ ਦੀਵਾਨ ਨੇ ਅਦਾ ਕੀਤਾ। ਰਾਣੀ ਲੂਣਾ ਦੇ ਕਿਰਦਾਰ 'ਚ ਹੈਦਰ ਬਾਂਦੀ, ਮਹਾਰਾਣੀ ਸੁੰਦਰਾ (ਮੇਨਕਾ), ਮਹਾਰਾਣੀ ਇੱਛਰਾਂ (ਅਨਵਰੀ) ਅਤੇ ਗੁਰੂ ਗੋਰਖ ਨਾਥ ਦਾ ਪਾਤਰ ਐਚ.ਐਸ. ਰਵੇਲ (ਪਿਤਾ ਰਾਹੁਲ ਰਵੇਲ) ਨੇ ਨਿਭਾਇਆ। ਗੀਤ ਐਮ.ਆਰ. ਸਰਵਰ ਨੇ ਲਿਖੇ ਅਤੇ ਸੰਗੀਤ ਮਾਸਟਰ ਧੂਮੀ ਖਾਨ 'ਰਾਮਪੁਰੀ' ਦਾ ਸੀ। ਇਹ ਫਿਲਮ 26 ਜਨਵਰੀ 1940 ਨੂੰ ਮੁਲਤਾਨ ਵਿਚ ਨੁਮਾਇਸ਼ ਹੋਈ।

ਦਾਊਦ ਚਾਂਦ ਨਿਰਦੇਸ਼ਤ ਲੋਕ ਦਾਸਤਾਨ 'ਤੇ ਆਧਾਰਿਤ ਪੰਜਾਬੀ ਫਿਲਮ 'ਸੱਸੀ ਪੁੰਨੂੰ' (1939) ਵਿਚ ਡਾਰ ਕਸ਼ਮੀਰੀ ਨੇ ਆਦਮ ਜਾਮ ਬਾਦਸ਼ਾਹ ਦਾ ਸੋਹਣਾ ਪਾਰਟ ਅਦਾ ਕੀਤਾ। ਅਦਾਕਾਰਾ ਬਾਲੋ ਨੇ ਸੱਸੀ ਅਤੇ ਗ੍ਰਾਮੋਫੋਨ ਸਿੰਗਰ ਮੁਹੰਮਦ ਅਸਲਮ ਨੇ ਪੁੰਨੂੰ ਦਾ ਟਾਈਟਲ ਕਿਰਦਾਰ ਨਿਭਾਇਆ। ਇਹ ਫਿਲਮ 23 ਜੂਨ 1939 ਨੂੰ ਲਾਹੌਰ ਵਿਚ ਰਿਲੀਜ਼ ਹੋਈ। ਬੀ.ਐਸ. ਰਾਜਹੰਸ ਨਿਰਦੇਸ਼ਤ ਕਿੱਸਾ ਆਧਾਰਿਤ ਪੰਜਾਬੀ ਫਿਲਮ 'ਜੱਗਾ ਡਾਕੂ' (1940) 'ਚ ਉਸ ਨੇ ਨੰਬਰਦਾਰ ਦਾ ਕਿਰਦਾਰ ਨਿਭਾਇਆ ਜਦੋਂਕਿ ਜੱਗੇ ਡਾਕੂ ਦਾ ਟਾਈਟਲ ਕਿਰਦਾਰ ਗੁਲ ਜ਼ਮਾਨ ਨਿਭਾ ਰਿਹਾ ਸੀ। 27 ਸਤੰਬਰ 1940 ਨੂੰ ਲਾਹੌਰ ਵਿਚ ਨੁਮਾਇਸ਼ ਹੋਈ ਇਹ ਕਾਮਯਾਬਤਰੀਨ ਪੰਜਾਬੀ ਫਿਲਮ ਹਿੰਦੀ ਵਿਚ 'ਮਰਦ-ਏ-ਪੰਜਾਬ' (1940) ਦੇ ਸਿਰਲੇਖ ਹੇਠ ਡੱਬ ਹੋਈ।

ਕੇ.ਡੀ. ਮਹਿਰਾ ਉਰਫ ਕ੍ਰਿਸ਼ਨ ਦੇਵ ਮਹਿਰਾ ਨਿਰਦੇਸ਼ਤ ਪੰਜਾਬੀ ਫਿਲਮ 'ਮੇਰਾ ਪੰਜਾਬ' (1940) 'ਚ ਉਸ ਨੇ ਚਾਚਾ ਦਾ ਕਿਰਦਾਰ ਨਿਭਾਇਆ ਜਿਸ ਦੇ ਸਨਮੁੱਖ ਹੈਦਰ ਬਾਂਦੀ ਨੇ ਚਾਚੀ ਦਾ ਚਰਿੱਤਰ ਪਾਰਟ ਅਦਾ ਕੀਤਾ। ਇਹ ਫਿਲਮ 27 ਦਸੰਬਰ 1940 ਨੂੰ ਲਾਹੌਰ ਵਿਚ ਨੁਮਾਇਸ਼ ਹੋਈ। ਵੰਡ ਤੋਂ ਬਾਅਦ ਡਾਰ ਕਸ਼ਮੀਰੀ ਨੇ ਪੰਜਾਬੀ ਫਿਲਮ 'ਮੁਕਲਾਵਾ' (1957) 'ਚ ਵੀ ਚਰਿੱਤਰ ਕਿਰਦਾਰ ਨਿਭਾਇਆ।

ਮੋਤੀ ਬੀ. ਗਿਡਵਾਨੀ ਨਿਰਦੇਸ਼ਤ ਫਿਲਮ 'ਨੂਰ ਮਹਲ' ਉਰਫ 'ਕਮਰੂਲ ਜ਼ਮਾਂ' (1935)



'ਚ ਡਾਰ ਨੇ ਚਰਿੱਤਰ ਕਿਰਦਾਰ ਨਿਭਾਇਆ। ਚੁੰਨੀ ਲਾਲ ਪਾਰਿਖ ਨਿਰਦੇਸ਼ਿਤ ਫਿਲਮ 'ਚੀਨ ਕਾ ਸ਼ਾਹੂਕਾਰ' ਉਰਫ 'ਬਲੈਕ ਥੀਫ' (1935) 'ਚ ਵੀ ਉਸ ਨੇ ਸ਼ਾਨਦਾਰ ਚਰਿੱਤਰ ਕਿਰਦਾਰ ਅਦਾ ਕੀਤਾ। ਇਹ ਫਿਲਮ 15 ਅਗਸਤ 1935 ਨੂੰ ਲਾਹੌਰ ਵਿਚ ਨੁਮਾਇਸ਼ ਹੋਈ। ਦੇਬਕੀ ਬੋਸ ਨਿਰਦੇਸ਼ਤ ਫਿਲਮ 'ਜੀਵਨ ਨਾਟਕ' ਉਰਫ 'ਲਾਈਫ ਇਜ਼ ਏ ਸਟੇਜ' (1935) ਵਿਚ ਉਸ ਨੇ ਸੋਹਣਾ ਪਾਰਟ ਨਿਭਾਇਆ ਜਦੋਂਕਿ ਫਿਲਮ ਦੇ ਮਰਕਜ਼ੀ ਕਿਰਦਾਰ ਵਿਚ ਦੁਰਗਾ ਖੋਟੇ ਤੇ ਮਾਰੂਤੀ ਰਾਓ ਪਹਿਲਵਾਨ ਸਨ। ਇਹ ਫਿਲਮ 28 ਜਨਵਰੀ 1935 ਨੂੰ ਲਾਹੌਰ ਵਿਖੇ ਰਿਲੀਜ਼ ਹੋਈ। ਅਖਤਰ ਨਵਾਜ਼ ਨਿਰਦੇਸ਼ਤ ਫਿਲਮ 'ਕਿਸਕੀ ਪਿਆਰੀ' ਉਰਫ 'ਹੁਜ਼ ਡਾਰਲਿੰਗ' (1937) 'ਚ ਮਿਸ ਜ਼ੁਬੈਦਾ ਬਾਨੋ ਨਾਲ ਡਾਰ ਕਸ਼ਮੀਰੀ ਨੇ ਚਰਿੱਤਰ ਕਿਰਦਾਰ ਨਿਭਾਇਆ। ਦਾਊਦ ਚਾਂਦ ਨਿਰਦੇਸ਼ਤ ਫਿਲਮ 'ਵੀਰ ਕੇਸਰੀ' (1938) 'ਚ ਵੀ ਡਾਰ ਕਸ਼ਮੀਰੀ ਨੇ ਪੁਸ਼ਪਾ ਰਾਣੀ, ਬਾਬੂਰਾਓ ਪਹਿਲਵਾਨ, ਸੁੰਦਰ ਸਿੰਘ ਨਾਲ ਅਦਾਕਾਰੀ ਕੀਤੀ। ਇਹ ਫਿਲਮ 31 ਜੁਲਾਈ 1938 ਨੂੰ ਲਾਹੌਰ ਵਿਚ ਨੁਮਾਇਸ਼ ਹੋਈ। ਵਿੱਠਲਦਾਸ ਪੰਚੋਟੀਆ ਨਿਰਦੇਸ਼ਤ ਫਿਲਮ 'ਕਰਮਵੀਰ' (1938) 'ਚ ਜੀ.ਐਨ. ਡਾਰ ਕਸ਼ਮੀਰੀ ਨੇ ਵਿਠਲਦਾਸ ਪੰਚੋਟੀਆ ਤੇ ਰਾਧਾ ਰਾਣੀ ਨਾਲ ਚਰਿਤਰ ਕਿਰਦਾਰ ਅਦਾ ਕੀਤਾ। ਸਫਦਰ ਮਿਰਜ਼ਾ ਨਿਰਦੇਸ਼ਿਤ ਫਿਲਮ 'ਇੰਪੀਰੀਅਲ ਮੇਲ' (1939) 'ਚ ਉਸ ਨੇ ਸ਼ਾਮ ਲਾਲ ਦਾ ਚਰਿੱਤਰ ਪਾਰਟ ਅਦਾ ਕੀਤਾ ਜਦੋਂਕਿ ਮੁੱਖ ਭੂਮਿਕਾ ਵਿਚ ਮਿਸ ਗੁਲਜ਼ਾਰ ਤੇ ਬਾਬੂਰਾਓ ਪਹਿਲਵਾਨ ਮੌਜੂਦ ਸਨ। ਦਾਊਦ ਚਾਂਦ ਨਿਰਦੇਸ਼ਤ ਫਿਲਮ 'ਜੋਸ਼-ਏ-ਇਸਲਾਮ' (1939) ਵਿਚ ਉਸ ਨੇ ਮੁਸਲਿਮ ਵਜ਼ੀਰ ਦਾ ਰੋਲ ਨਿਭਾਇਆ।

ਐਚ.ਐਸ. ਰਵੇਲ ਨਿਰਦੇਸ਼ਤ ਸਟੰਟ ਫਿਲਮ 'ਦੋਰੰਗੀਆ ਡਾਕੂ' ਉਰਫ 'ਗੈਂਗਸਟਰ' (1940) 'ਚ ਡਾਰ ਕਸ਼ਮੀਰੀ ਨੇ ਗੰਗਾਦਾਸ ਦਾ ਕਿਰਦਾਰ ਅਦਾ ਕੀਤਾ। ਐਨ. ਬੁਲਚੰਦਾਨੀ ਬੀ.ਏ. ਨਿਰਦੇਸ਼ਤ ਫਿਲਮ 'ਯਾਦ ਰਹੇ' ਉਰਫ 'ਯੰਗ ਇੰਡੀਆ' (1940) 'ਚ ਉਸ ਨੇ ਸਹਾਇਕ ਕਿਰਦਾਰ ਨਿਭਾਉਣ ਦੇ ਨਾਲ-ਨਾਲ ਇਕ ਗੀਤ ਵੀ ਲਿਖਿਆ। ਆਰ.ਐਨ. ਵੈਦ ਨਿਰਦੇਸ਼ਤ ਫਿਲਮ 'ਅਬਲਾ' (1941) ਅਤੇ ਹੇਮਚੰਦਰ ਨਿਰਦੇਸ਼ਤ ਫਿਲਮ 'ਸੌਗੰਧ' ਉਰਫ 'ਦਿ ਪਲੈਜ' (1942) 'ਚ ਉਸ ਨੇ ਪਹਾੜੀ ਸਾਨਿਆਲ ਤੇ ਅਸਿਤ ਬਰਨ ਨਾਲ ਸ਼ਾਨਦਾਰ ਅਦਾਕਾਰੀ ਕੀਤੀ। ਇਹ ਫਿਲਮ ਪਹਿਲੀ ਅਪਰੈਲ 1942 ਨੂੰ ਕਲਕੱਤਾ ਅਤੇ ਇਸੇ ਸਿਰਲੇਖ ਨਾਲ ਇਸ ਦਾ ਬੰਗਾਲੀ ਭਾਸ਼ਾ 'ਚ ਡੱਬ 28 ਮਾਰਚ 1942 ਨੂੰ ਦਿਖਾਈ ਗਈ। ਕੇ. ਅਮਰਨਾਥ ਨਿਰਦੇਸ਼ਤ ਫਿਲਮ 'ਛੇੜ ਛਾੜ' ਉਰਫ 'ਸਵੀਟ ਲਾਈ' (1943) 'ਚ ਉਸ ਨੇ ਸਿਤਾਰਾ, ਨਜ਼ੀਰ, ਗੋਪ, ਮਿਸ ਗੁਲਾਬ ਨਾਲ ਕੰਮ ਕੀਤਾ। ਇਹ ਫਿਲਮ ਲਾਹੌਰ ਵਿਚ 16 ਅਗਸਤ 1943 ਨੂੰ ਰਿਲੀਜ਼ ਹੋਈ। ਮਹੇਸ਼ ਕੌਲ ਨਿਰਦੇਸ਼ਤ ਫਿਲਮ 'ਅੰਗੂਰੀ' (1943), ਸੀ.ਐਸ. ਬੋਸ ਨਿਰਦੇਸ਼ਤ ਫਿਲਮ 'ਦੇਵਦਾਸੀ' (1945), ਸ਼ੌਰੀ ਦੌਲਤਲਵੀ ਨਿਰਦੇਸ਼ਤ ਫਿਲਮ 'ਦਿਨ ਰਾਤ' (1945) ਤੇ 'ਪਾਰੋ' (1947) ਅਤੇ ਵੇਦੀ ਨਿਰਦੇਸ਼ਿਤ ਫਿਲਮ 'ਰੂਮ ਨੰਬਰ 9' (1946) 'ਚ ਡਾਰ ਕਸ਼ਮੀਰੀ ਆਪਣੀ ਸ਼ਾਨਦਾਰ ਚਰਿੱਤਰ ਕਿਰਦਾਰਨਿਗਾਰੀ ਜ਼ਰੀਏ ਛਾਏ ਰਹੇ। ਕੁਲਭੂਸ਼ਨ ਅਗਰਵਾਲ ਨਿਰਦੇਸ਼ਤ ਫਿਲਮ 'ਹੂਆ ਸਵੇਰਾ' (1948), ਨਜ਼ੀਰ ਅਜਮੇਰੀ ਨਿਰਦੇਸ਼ਤ ਫਿਲਮ 'ਮਜਬੂਰ' (1948) ਵਿਚ ਉਹ ਆਪਣੀ ਉਮਦਾ ਚਰਿੱਤਰ ਅਦਾਕਾਰੀ ਰਾਹੀਂ ਦਰਸ਼ਕਾਂ ਦੀ ਪਹਿਲੀ ਪਸੰਦ ਬਣੇ ਰਹੇ।

1950ਵਿਆਂ ਦੇ ਦਹਾਕੇ ਵਿਚ ਆਈਆਂ ਉਸ ਦੀਆਂ ਚਰਿੱਤਰ ਅਦਾਕਾਰ ਵਜੋਂ ਕੁਝ ਹੋਰ ਕਾਮਯਾਬ ਫਿਲਮਾਂ ਵਿਚ 'ਝਾਂਸੀ ਕੀ ਰਾਨੀ' (1953), 'ਘਰ ਘਰ ਮੇਂ ਦੀਵਾਲੀ' (1955), 'ਕੁੰਦਨ' (1955), 'ਲਾਡਲਾ' (1954), 'ਚੱਕਰਧਾਰੀ' (1954), 'ਪਤਿਤ ਪਾਵਨ' (1955) ਸ਼ਾਮਿਲ ਹਨ।

ਇਨ੍ਹਾਂ ਫਿਲਮਾਂ ਵਿਚ ਕੰਮ ਕਰਨ ਤੋਂ ਬਾਅਦ ਉਹ ਫਿਲਮਾਂ ਵਿਚੋਂ ਗਾਇਬ ਹੀ ਹੋ ਗਏ। ਉਸ ਤੋਂ ਬਾਅਦ ਉਹ ਕਿੱਥੇ ਚਲੇ ਗਏ, ਉਨ੍ਹਾਂ ਦੇ ਪਰਿਵਾਰ ਜਾਂ ਬੱਚਿਆਂ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਜਿਉਂਦੇ ਜੀ ਅਦਾਕਾਰ ਜੀਵਨ ਅਤੇ ਬਾਅਦ ਵਿਚ ਉਨ੍ਹਾਂ ਦੇ ਅਦਾਕਾਰ ਪੁੱਤਰ ਕਿਰਨ ਕੁਮਾਰ ਨੇ ਕਿਸੇ ਇੰਟਰਵਿਊ ਵਿਚ ਆਪਣੇ ਤਾਏ ਡਾਰ ਕਸ਼ਮੀਰੀ ਦਾ ਕਦੇ ਕੋਈ ਜ਼ਿਕਰ ਨਹੀਂ ਕੀਤਾ। ਕਸ਼ਮੀਰੀ ਪੰਡਤਾਂ ਦਾ 'ਡਾਰ' ਗੋਤ ਬਾਅਦ ਵਿਚ 'ਦਰ' ਅਤੇ 'ਧਰ' ਵਿਚ ਬਦਲ ਗਿਆ। **-ਮਨਦੀਪ ਸਿੰਘ ਸਿੱਧੂ**

# ਵਧਾਈਆਂ ! ਵਧਾਈਆਂ ! ਵਧਾਈਆਂ !

ਸਮਰਪਣ ਦੀ ਤਸਦੀਕ



ਪਾਰਦਰਸ਼ਤਾ ਦਾ ਵਾਅਦਾ

*ਸ. ਚਰਨਜੀਤ ਸਿੰਘ ਚੰਨੀ (ਮੁੱਖ ਮੰਤਰੀ, ਪੰਜਾਬ)*

ਸਾਡੇ ਸਤਿਕਾਰਯੋਗ ਮਿੱਤਰ, ਸੰਜੀਦਾ ਤੇ ਸੁਘੜ ਆਗੂ ਅਤੇ ਪੰਜਾਬ ਦੇ ਲੋਕਾਂ ਦੀ ਆਸ

## ਸ. ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ (ਪੰਜਾਬ) ਬਣਨ ’ਤੇ

# ਲੱਖ-ਲੱਖ ਵਧਾਈਆਂ

ਤਿੰਨ ਵਾਰ ਐੱਮ. ਸੀ. ਤੇ ਤਿੰਨ ਵਾਰ ਵਿਧਾਇਕ ਰਹੇ ਸ. ਚੰਨੀ, ਜਿਨ੍ਹਾਂ ਦੀ ਅਗਵਾਈ ਵਿਚ ਨਵੇਂ ਪੰਜਾਬ ਦਾ ਆਗਾਜ਼ ਹੋ ਰਿਹਾ ਹੈ, ਤੋਂ ਸਾਨੂੰ ਆਸ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪੰਜਾਬ ਦੀ ਬਿਹਤਰੀ ਲਈ ਕੰਮ ਕਰਦਿਆਂ ਇਸ ਨੂੰ ਹੋਰ ਬੁਲੰਦੀਆਂ ‘ਤੇ ਲੈ ਕੇ ਜਾਣਗੇ।



ਦਰਸ਼ਨ ਸਿੰਘ ਦਰੜ



ਮਨਜੀਤ ਸਿੰਘ ਨਾਗਰਾ



ਲਖਵੀਰ ਸਿੰਘ ਜੌਹਲ



ਅਜੈਬ ਸਿੰਘ ਲਾਖਨ



ਸੰਤੋਖ ਸਿੰਘ ਡੀ. ਸੀ.